# ੧ਓ ਤੋਂ ਗੁਰਪ੍ਰਸਾਦਿ ਤਕ

(ਮੂਲ ਮੰਤਰ ਦੀ ਵਿਗਿਆਨਕ ਵਿਆਖਿਆ)

ਜੋਗਿੰਦਰ ਸਿੰਘ ਸੇਠੀ

ਗੁਰੂ ਤੇਗ ਬਹਾਦੁਰ ਨਾਮ-ਸਿਮਰਨ ਫਾਉਂਡਸ਼ਨ
੧੫, ਲਵਡੇਲ, ਕੁਲਾਬਾ ਮਾਰਕਿਟ, ਬੰਬਈ ੪੦੦੦੦੫

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ੴ ਤੋਂ ਗੁਰਪ੍ਰਸਾਦਿ ਤਕ

(ਮੂਲ ਮੰਤਰ ਦੀ ਵਿਗਿਆਨਕ ਵਿਆਖਿਆ)

ਜੋਗਿੰਦਰ ਸਿੰਘ ਸੇਠੀ

GURU TEG BAHADUR NAM-SIMRAN FOUNDATION,
303/1, IVORY TOWER, JUHU KOLIWADA ROAD,
BOMBAY-400 049.

ਗੁਰੂ ਤੇਗ ਬਹਾਦੁਰ ਨਾਮ-ਸਿਮਰਨ ਫਾਉਂਡੇਸ਼ਨ

~~੫੫, ਲਵਡੇਲ, ਕੁਲਾਬਾ ਮਾਰਕਿਟ, ਬੰਬਈ ੪੦੦੦੦੫~~

Digitized by Panjab Digital Library | www.panjabdigilib.org

Ek Onkar Ton Gurparsad Tak
by
Joginder Singh Sethi

ਪਹਿਲੀ ਵਾਰ : ੧੯੯੦

ਭੇਟਾ : ੨੦ ਰੁਪਏ

ਪ੍ਰਕਾਸ਼ਕ : ਗੁਰੂ ਤੇਗ ਬਹਾਦੁਰ ਨਾਮ-ਸਿਮਰਨ ਫਾਉਂਡੇਸ਼ਨ
੧੫, ਲਵਡੇਲ, ਕਲਾਬਾ ਮਾਰਕਿਟ, ਬੰਬਈ ੪੦੦੦੦੫

ਪ੍ਰਿੰਟਰ : ਲਾਹੌਰ ਆਰਟ ਪ੍ਰੈਸ, ਕਾਲਜ ਰੋਡ,
ਲੁਧਿਆਣਾ।

Digitized by Panjab Digital Library | www.panjabdigilib.org

# ਵਿਸ਼ੇ ਸੂਚੀ


| | |
|---|---|
| ਕੁਝ ਪ੍ਰਕਾਸ਼ਕ ਵਲੋਂ | ੫ |
| ਕੁਝ ਧਨਵਾਦ ਵਜੋਂ | ੧੩ |
| ਗੁਰ ਉਪਦੇਸ਼ | ੧੫ |
| ਮੂਲ ਮੰਤਰ | ੧੭ |
| ੧ ੳ | ੨੭ |
| ਸਤਿਨਾਮ | ੩੯ |
| ਕਰਤਾ ਪੁਰਖ | ੭੨ |
| ਨਿਰਭਉ | ੯੯ |
| ਨਿਰਵੈਰ | ੧੧੭ |
| ਅਕਾਲ ਮੂਰਤਿ | ੧੩੫ |
| ਅਜੂਨੀ | ੧੫੫ |
| ਸੈਭੰ | ੧੭੯ |
| ਗੁਰ ਪ੍ਰਸਾਦਿ | ੧੯੩ |
| ਮੂਲ ਮੰਤਰ ਜਾਪ ਵਿਧੀ | ੨੧੪ |


Digitized by Panjab Digital Library | www.panjabdigilib.org

ਇਸੇ ਕਲਮ ਤੋਂ—

ਸਿਮਰਨ ਕਿਦਾਂ ਕਰੀਏ ?
ਸਿਮਰਨ ਸਹਾਈ ਸੁਝਾਉ
ਰਬ ਕਿਦਾਂ ਮਿਲਦਾ ਹੈ ? (ਸਿਮਰਨ ਵਿਚਾਰ)
ਸਾਸਿ ਸਾਸਿ ਸਿਮਰਨ ਕਿਦਾਂ ਕਰੀਏ ? (ਸਿਮਰਨ ਗਿਆਨ)

Digitized by Panjab Digital Library | www.panjabdigilib.org

# ਕੁਝ ਪ੍ਰਕਾਸ਼ਕ ਵਲੋਂ

ਗੁਰੂ ਤੇਗ ਬਹਾਦੁਰ ਨਾਮ-ਸਿਮਰਨ ਫਾਉਂਡੇਸ਼ਨ, ਬੰਬਈ ਦੀ ਸਥਾਪਨਾ ਨਵੰਬਰ ੧੯੮੪ ਵਿਚ ਹੋਈ। ਇਸ ਦਾ ਉਦੇਸ਼ ਨਾਮ-ਸਿਮਰਨ ਨੂੰ ਪ੍ਰਚਾਰਨਾ ਤੇ ਗੁਰਬਾਣੀ ਨੂੰ ਵਿਗਿਆਨਕ ਤੇ ਮਨੋਵਿਗਿਆਨਕ ਪਹਿਲੂਆਂ ਤੋਂ ਸਮਝਣਾ ਤੇ ਸਮਝਾਣਾ ਹੈ। ਇਸ ਉਦੇਸ਼ ਦੀ ਪੂਰਤੀ ਲਈ ਨਾਮ-ਸਿਮਰਨ ਸੈਂਟਰ ਖੋਲੇ ਜਾਂਦੇ ਹਨ ਤੇ ਲੋੜ ਅਨੁਸਾਰ ਹੋਰ ਸੈਂਟਰ ਖੋਲੇ ਜਾਣਗੇ। ਇਥੇ ਨਾਮ-ਸਿਮਰਨ ਨੂੰ 'ਅਨਹਦ-ਨਾਦ' ਵਿਧੀ ਰਾਹੀਂ ਸਮਝਾਇਆ ਜਾਂਦਾ ਹੈ ਤੇ ਸਿਮਰਨ ਦੇ ਵੱਖ-ਵੱਖ ਅੰਗਾਂ ਤੇ ਚਾਨਣ ਪਾਇਆ ਜਾਂਦਾ ਹੈ। ਸਿਮਰਨ ਸਬੰਧੀ ਕਿਤਾਬਾਂ ਵੀ ਛਾਪੀਆਂ ਜਾਂਦੀਆਂ ਹਨ। ਹਾਲੀਂ ਤਕ ਅਸੀਂ ਚਾਰ ਕਿਤਾਬਾਂ ਛਾਪ ਚੁਕੇ ਹਾਂ—੧) ਸਿਮਰਨ ਕਿਦਾਂ ਕਰੀਏ (੨) ਸਿਮਰਨ ਸਹਾਈ ਸੁਝਾਉ (੩) ਰਬ ਕਿਦਾਂ ਮਿਲਦਾ ਹੈ ਤੇ (੪) ਸਾਸਿ ਸਾਸਿ ਸਿਮਰਨ ਕਿਦਾਂ ਕਰੀਏ। ਸਾਡੀ ਪੰਜਵੀਂ ਕਿਤਾਬ '੧ੴ ਤੋਂ ਗੁਰਪ੍ਰਸਾਦਿ ਤਕ' ਆਪ ਜੀ ਦੀ ਸੇਵਾ ਵਿਚ ਹਾਜ਼ਰ ਹੈ। ਉਮੀਦ ਹੈ ਕਿ ਦੂਸਰੀਆਂ ਪੁਸਤਕਾਂ ਵਾਂਗੂ ਸਾਡੀ ਇਹ ਪੁਸਤਕ ਵੀ ਆਪ ਜੀ ਨੂੰ ਬਹੁਤ ਪਸੰਦ ਆਏਗੀ।

ਇਸ ਵਿਚ ਪਹਿਲਾਂ 'ਮੂਲ-ਮੰਤਰ' ਸ਼ਬਦ ਦਾ ਅਰਥ ਸਮਝਾਇਆ ਗਿਆ ਹੈ। ਦਸਿਆ ਗਿਆ ਹੈ ਕਿ ਮੂਲ ਕੀ ਹੈ ਤੇ ਮੰਤਰ ਕੀ ਹੈ। ਇਹ ਵੀ ਦਸਿਆ ਗਿਆ ਹੈ ਕਿ ਸਿਖੀ ਦਾ ਮੂਲ ਮੰਤਰ ਕੀ ਹੈ। ਮੂਲ ਮੰਤਰ ਨਾਲ 'ਜਪੁ ਆਦਿ ਸਚੁ ਜੁਗਾਦਿ ਸਚੁ। ਹੈ ਭੀ ਸਚੁ ਨਾਨਕ ਹੋਸੀ ਭੀ ਸਚੁ' ਨਹੀਂ ਜੋੜਨਾ ਚਾਹੀਦਾ ਕਿਉਂ-ਕਿ ਇਹ 'ਜਪੁ' ਬਾਣੀ ਦਾ ਸਿਰਲੇਖ ਹੈ ਮੂਲ ਮੰਤਰ ਦਾ ਹਿੱਸਾ ਨਹੀਂ। ਇਦਾਂ ਹੀ ਮੂਲ ਮੰਤਰ ਨੂੰ '੧ੴ ਸਤਿਨਾਮ ਕਰਤਾ ਪੁਰਖ' ਤਕ ਸੀਮਤ ਨਹੀਂ ਰਖਣਾ ਚਾਹੀਦਾ



Digitized by Panjab Digital Library | www.panjabdigilib.org

ਇਸ ਬਾਰੇ ਸਿਖ ਇਤਹਾਸ ਤੇ ਮਨੋਵਿਗਿਆਨਕ ਦ੍ਰਿਸ਼ਟੀਕੋਣ ਤੋਂ ਗਲ ਕੀਤੀ ਗਈ ਹੈ। ਮੂਲ ਮੰਤਰ ਵਿਚ ੧ਓ (ਵਾਹਿਗੁਰੂ) ਦੇ ਸਤ ਗੁਣ (ਸਤਿਨਾਮ, ਕਰਤਾ ਪੁਰਖ, ਨਿਰਭਉ, ਨਿਰਵੈਰ, ਅਕਾਲ ਮੂਰਤਿ, ਅਜੂਨੀ, ਸੈਭੰ) ਦਰਸਾਏ ਗਏ ਹਨ। ਉਸ ਦੇ ਬੇ-ਅੰਤ ਗੁਣਾਂ ਵਿਚੋਂ ਇਹੀ ਸਤ ਕਿਉਂ ਚੁਣੇ ਗਏ ? ਫਿਰ ਨਿਰਭਉ ਦੇ ਬਾਦ ਨਿਰਵੈਰ, ਨਿਰਵੈਰ ਦੇ ਬਾਦ ਅਕਾਲ ਮੂਰਤਿ, ਅਕਾਲ ਮੂਰਤਿ ਦੇ ਬਾਦ ਅਜੂਨੀ, ਆਦਿ ਕਿਉਂ ਲਿਖਿਆ ? ਕੀ ਇਸ ਤਰਤੀਬ ਪਿਛੇ ਕੋਈ ਵਿਗਿਆਨਕ ਸੂਝਬੂਝ ਕੰਮ ਕਰਦੀ ਹੈ ? ਇਨ੍ਹਾਂ ਸਵਾਲਾਂ ਦੇ ਜਵਾਬ ਬੜੇ ਸੁਚੱਜੇ ਢੰਗ ਨਾਲ ਦਿਤੇ ਗਏ ਹਨ। ਮੂਲ ਮੰਤਰ ਵਿਚ ਦਰਸਾਏ ਸਤਾਂ ਗੁਣਾਂ ਤੇ ਯੋਗਿਕ ਕੁੰਡਲੀ ਦੇ ਸਤ ਚਕਰਾਂ ਦੀ ਤੁਲਨਾ ਕੀਤੀ ਗਈ ਹੈ ਤੇ ਦਸਿਆ ਗਿਆ ਹੈ ਕਿ ਕਿਦਾਂ ਮੂਲ ਮੰਤਰ ਦੇ ਸਿਮਰਨ ਰਾਹੀਂ ਜੋਗਿਕ ਕੁੰਡਲੀ ਜਗਾਈ ਜਾ ਸਕੀਦੀ ਹੈ ਤੇ ਕਈਆਂ ਤੇ ਜਗਾਈ ਹੈ।

੧ਓ ਦਾ ਜ਼ਿਕਰ ਕਰਦਿਆਂ ਦਸਿਆ ਗਿਆ ਹੈ ਕਿ ਕਿਦਾਂ ਸ਼ਬਦ 'ਓ (ਓ+ਅੰ+ਗ)' ਦੁਨੀਆਂ ਦੇ ਸਾਰੇ ਧਰਮਾਂ ਵਿਚ ਕਿਸੇ ਨ ਕਿਸੇ ਰੂਪ ਵਿਚ ਅਪਨਾਇਆ ਗਿਆ ਹੈ ਜਿਦਾਂ ਹਿੰਦੂਆਂ ਦਾ ਓਅਮ, ਉਦਾਸੀਆਂ ਦਾ 'ਸੋਹੰਗ' ਇਸਾਈਆਂ ਦਾ 'ਆਮੀਨ', ਅੰਗਰੇਜ਼ੀ ਦਾ 'ਓਮਨੀ' ਆਦਿ। ਇਹ ਬ੍ਰਹਮੰਡ ਦੀ ਧੁਨੀ ਹੈ। ਇਹ ਸਾਡੇ ਅੰਦਰ ਬਾਹਰ ਗੂੰਜ ਰਹੀ ਹੈ। ਇਹ ਉਸ ਸ਼ਬਦ ਦੀ ਧੁਨੀ ਹੈ, ਉਸ ਨਾਮ ਦੀ ਧੁਨੀ ਹੈ, ਜਿਸ ਰਾਹੀਂ ਸੰਸਾਰ ਰੂਪਮਾਨ ਹਇਆ। ਇਹ ਵੀ ਦਸਿਆ ਗਿਆ ਹੈ ਕਿ ਕਿਦਾਂ ਓ ਦੇ ਤਿੰਨ ਹਿੱਸੇ (ਓ+ਅ+ਗ) ਭਾਰਤੀ ਧਰਮ ਦੇ ਤਿੰਨ ਦੇਵਤਿਆਂ (ਬ੍ਰਹਮਾ, ਵਿਸ਼ਨੂ ਤੇ ਸ਼ਿਵ), ਬਿਜਲੀ ਦੇ ਤਿੰਨ ਹਿਸਿਆਂ (ਨੈਗੇਟਿਵ, ਪੋਜੇਟਿਵ ਤੇ ਨਿਯੂਟਰਲ), ਮਨੁਖੀ ਸੁਭਾ ਦੇ ਤਿਨ ਅੰਗਾਂ (ਤਾਮਸ, ਰਾਜਸ ਤੇ ਸਾਤਵ), ਐਟਮ ਦੇ ਤਿਨ ਹਿਸਿਆਂ (Electron, Proton and Neutron), ਤਿਨ ਮੂਲ ਧਾਤੂਆਂ (ਅਗਨੀ, ਜਲ ਤੇ ਵਾਯੂ), ਮਨੁਖੀ ਮਨ ਦੀਆਂ ਤਿਨ ਅਵਸਥਾਂਵਾਂ (ਜਾਗਣਾ, ਸੌਣਾ ਤੇ ਗਹਿਰਾ ਸੌਣਾ) ਆਦਿ ਦਾ ਪ੍ਰਤੀਨਿਧਤਵ ਕਰਦਾ ਹੈ। ਇਹ ਵੀ ਦਸਿਆ ਗਿਆ ਹੈ ਕਿ 'ਓ' ਤੋਂ ਪਹਿਲਾਂ'੧' ਤੇ ਮਗਰੋਂ' ' ਲਾਕੇ ਇਸ ਨੂੰ ੧ਓ ਦਾ ਰੂਪ ਕਿਉਂ ਦਿਤਾ ਗਿਆ ਹੈ। ਸੁਨ (ਮਿਫਰ) ਤੇ ਇਕ (੧) ਦੀ ਫਿਲਾਸਫੀ ਬਾਰੇ ਵੀ ਜ਼ਿਕਰ ਕੀਤਾ ਗਿਆ ਹੈ। ਇਹ ਵੀ ਦਸਿਆ ਗਿਆ ਹੈ ਕਿ ਕਿਉਂ ੧ਓ ਮੂਲ ਮੰਤਰ ਦੇ ਪਹਿਲੇ ਤੇ ਹਰ ਬਾਣੀ ਦੇ ਸ਼ੁਰੂ ਵਿਚ ਲਿਖਿਆ ਗਿਆ ਹੈ।



Digitized by Panjab Digital Library | www.panjabdigilib.org

**ਸਤਿਨਾਮ** ਦੇ ਦੋਂਵੇਂ ਅਰਥ ਸਮਝਾਏ ਗਏ ਹਨ—**੧ੳ ਦਾ ਨਾਮ** ਸਤਿ ਹੈ ਤੇ **੧ੳ** ਤੇ **ਉਸ ਦਾ ਨਾਮ** ਦੋਵੇਂ ਸਤਿ ਹਨ। ਇਹ ਵੀ ਦਸਿਆ ਗਿਆ ਹੈ ਕਿ ਸਤਿ ਕਿਉਂ ਅਗਮ (ਪਹੁੰਚ ਤੋਂ ਪਰੇ) ਹੈ, ਅਲਖ (ਸਮਝ ਤੋਂ ਪਰੇ) ਹੈ ਤੇ ਅਗੋਚਰ (ਗਿਆਨ ਇੰਦਰੀਆਂ ਦੀ ਪਕੜ ਤੋਂ ਪਰੇ) ਹੈ। ਇਹ ਬੁਧੀ ਜਾਂ ਗਿਆਨ ਇੰਦਰੀਆਂ ਰਾਹੀਂ ਨਹੀਂ ਬੁਝਿਆ ਜਾ ਸਕਦਾ। ਸਤਿ, ਅਸਤਿ ਤੇ ਅੱਧ-ਸਤਿ ਵਿਚ ਫਰਕ ਸਮਝਾਇਆ ਗਿਆ ਹੈ। ਰਸੀ ਨੂੰ ਸੱਪ ਸਮਝਣ ਵਾਲਾ ਕਿਨਾਂ ਕੁ ਸਤਿ ਸਮਝਦਾ ਹੈ ਇਸ ਬਾਰੇ ਵੀ ਚਰਚਾ ਕੀਤੀ ਗਈ ਹੈ। ਸਤਿ ਕਮਾਣ ਦੇ ਰਾਹ ਵਿਚ ਆਈਆਂ ਮੁਸ਼ਕਲਾਂ ਤੇ ਉਨ੍ਹਾਂ ਦੇ ਹਲ ਦਾ ਵੀ ਜ਼ਿਕਰ ਕੀਤਾ ਗਿਆ ਹੈ।

**ਕਰਤਾ ਪੁਰਖ** ਰਬ ਹੈ ਪਰ ਮਨੁਖ ਆਪਣੇ ਆਪ ਨੂੰ ਕਰਤਾ ਸਮਝਦਾ ਹੈ। ਇਸ ਦਾ ਕੀ ਕਾਰਣ ਹੈ ? ਇਸ ਪਹਿਲੂ ਤੇ ਮਨੋਵਿਗਿਆਨਕ ਦ੍ਰਿਸ਼ਟੀ ਤੋਂ ਚਾਨਣ ਪਾਇਆ ਗਿਆ ਹੈ। ਕਰਤੇ ਦੀ ਰਚਨਾ ਦੇ ਵਿਸਥਾਰ ਵਲ ਵੀ ਇਸ਼ਾਰਾ ਕੀਤਾ ਗਿਆ ਹੈ। ਰਬ ਨੇ ਸੰਸਾਰ ਕਿਦਾਂ ਬਣਾਇਆ ? ਇਸ ਬਾਰੇ ਧਾਰਮਕ ਤੇ ਵਿਗਿ-ਆਨਕ ਪਖੋਂ ਗਲ ਕੀਤੀ ਗਈ ਹੈ। ਪੰਜ ਤਤਾਂ ਤੇ ਐਟਮ (Atom) ਦੀ ਬਣਤਰ ਬਾਰੇ ਜਾਣਕਾਰੀ ਦਿਤੀ ਗਈ ਹੈ। ਦਸਿਆ ਗਿਆ ਹੈ ਕਿ ਕਿਦਾਂ 'ਸ਼ਬਦ' ਦੀ ਸ਼ਕਤੀ (ਜਿਸ ਰਾਹੀਂ ਸੰਸਾਰ ਬਣਿਆ) ਤੇ ਐਟਮ ਦੀ ਸ਼ਕਤੀ (ਜਿਹੜੀ ਵਸਤੂ ਵਿਚ ਮੌਜੂਦ ਹੈ) ਇਕੋ ਕਰਤੇ ਵਲ ਇਸ਼ਾਰਾ ਕਰਦੇ ਹਨ। ਇਹ ਕਰਤਾ ਉਨ੍ਹਾਂ ਤਿਨਾਂ ਦੇਵਤਿਆਂ (ਇਕ ਸੰਸਾਰੀ, ਇਕ ਭੰਡਾਰੀ, ਇਕ ਲਾਇ ਦੀਬਾਣ) ਦਾ ਵੀ ਕਰਤਾ ਹੈ। ਉਹ ਕਰਤਾ, ਪੁਰਖ ਤੇ ਪ੍ਰਕਰਿਤੀ (ਜਿਨ੍ਹਾ ਰਾਹੀਂ ਸੰਸਾਰ ਬਣਿਆ ਮੰਨਿਆ ਜਾਂਦਾ ਹੈ) ਦਾ ਵੀ ਕਰਤਾ ਹੈ। ਉਹੀ ਪੁਰਖ ਹੈ—'ਏਕਾ ਪੁਰਖ ਅਵਰ ਸਭ ਨਾਰੀ।' ਇਸ ਤੇ ਵੀ ਗਲ ਕੀਤੀ ਗਈ ਹੈ ਕਿ ਕਿਦਾਂ ਕਰਤੇ ਨੇ ਇਛਾ ਰਹਿਤ ਹੋ ਕੇ ਕਿਰਤ ਕੀਤੀ ਤੇ ਕਿਦਾਂ ਇਸ ਕਰਮ ਦਾ ਫਲ ਕਰਤੇ ਨੂੰ ਨਹੀਂ ਪਹੁੰਚਿਆ। ਇਹ ਵੀ ਦਸਿਆ ਗਿਆ ਹੈ ਕਿ ਕਰਤੇ ਦੇ ਕਰਮ ਹੀ ਦਿਸਦੇ ਹਨ. ਕਰਤਾ ਨਹੀਂ ਦਿਸਦਾ। ਇਸ ਲਈ ਕਰਤੇ ਨੂੰ ਉਸ ਦੀ ਕਿਰਤ ਰਾਹੀਂ ਹੀ ਸਮਝਿਆ ਜਾ ਸਕਦਾ ਹੈ। ਇਹ ਕਿਰਤ ਉਸ ਦੀ ਲੀਲਾ ਹੈ, ਇਕ ਨਾਟਕ ਹੈ, ਤੇ ਅਸੀਂ ਉਸ ਵਿਚ ਸਿਰਫ ਐਕਟਰ ਹਾਂ, ਕਲਾਕਾਰ ਹਾਂ। ਉਸ ਵਾਹਿਗੁਰੂ ਵਲੋਂ ਦਿਤੇ ਪਾਰਟ ਨੂੰ ਇਕ ਅਛੇ ਕਲਾਕਾਰ ਵਾਂਗ ਨਿਭਾ ਕੇ ਸੰਸਾਰ ਤੋਂ ਟੁਰ ਜਾਣਾ ਹੀ ਅਸਲੀ ਰਾਹ ਹੈ। ਉਹ ਪਾਰਟ ਭਾਵੇਂ ਦੁਖ ਦਾ ਹੋਵੇ ਭਾਵੇਂ ਸੁਖ ਦਾ, ਭਾਵੇਂ ਅਮੀਰੀ ਦਾ ਹੋਵੇ ਭਾਵੇਂ



Digitized by Panjab Digital Library | www.panjabdigilib.org

ਗਰੀਬੀ ਦਾ, ਭਾਵੇਂ ਸਿਹਤ ਦਾ ਹੋਵੇ ਭਾਵੇਂ ਬੀਮਾਰੀ ਦਾ, ਭਾਵੇਂ ਖੁਸ਼ੀ ਦਾ ਹੋਵੇ ਭਾਵੇਂ ਗ਼ਮੀਂ ਦਾ। ਉਸ ਨੂੰ ਪੂਰੀ ਤਰ੍ਹਾਂ ਨਿਭਾਣਾ ਹੈ ਪਰ ਅੰਦਰਲੇ ਅਸਲੀ ਰੂਪ ਨੂੰ, ਜਿਹੜਾ ਨਿਰਲੇਪ ਹੈ, ਪਛਾਣੀ ਰਖਣਾ ਹੈ। ਇਹੀ ਸਿਖੀ ਦਾ ਰਾਹ ਹੈ। ਇਹ ਵੀ ਦਸਿਆ ਗਿਆ ਹੈ ਕਿ ਕਰਤਾ ਕਿਰਤ ਨਾਲੋਂ ਅੱਡ ਨਹੀਂ ਹੈ। ਉਹ ਆਪਣੀ ਕਿਰਤ ਵਿਚ ਵਸਦਾ ਹੈ। ਉਹ ਇਕ ਘੁਮਿਆਰ ਵਾਂਗ ਨਹੀਂ ਜਿਹੜਾ ਘੜਾ ਬਣਾ ਕੇ ਆਪਣੇ ਆਪ ਨੂੰ ਘੜੇ ਵਲੋਂ ਬੇਲਾਗ ਕਰ ਲੈਂਦਾ ਹੈ। ਉਹ ਉਸ ਗਵਈਏ ਵਾਂਗ ਹੈ ਜਿਹੜਾ ਆਪਣੇ ਗੀਤ ਨਾਲ ਸਦਾ ਸਬੰਧ ਬਣਾਈ ਰਖਦਾ ਹੈ। ਜਿਨੀ ਦੇਰ ਗਾਣਾ ਚਲਦਾ ਹੈ ਗਵਈਏ ਦਾ ਵਜੂਦ ਗਾਣ ਵਲ ਜੁੜਿਆ ਰਹਿੰਦਾ ਹੈ। ਇਦਾਂ ਹੀ ਜਿਨੀ ਦੇਰ ਕਰਤੇ ਦੀ ਕਿਰਤ ਹੈ ਕਰਤਾ ਆਪਣੀ ਕਿਰਤ ਨਾਲ ਜੁੜਿਆ ਹੋਇਆ ਹੈ। ਉਸ ਨੇ ਸਾਨੂੰ ਬਣਾ ਕੇ ਭੁਲਾ ਨਹੀਂ ਦਿਤਾ। ਉਹ ਸਾਡੀ ਸਾਰ ਲੈਂਦਾ ਹੀ ਰਹਿੰਦਾ ਹੈ। 'ਕਰਤਾ' ਸ਼ਬਦ ਨਾਲ 'ਪੁਰਖ' ਕਿਉਂ ਜੋੜਿਆ ? ਇਸ ਬਾਰੇ ਵੀ ਗਲ ਕੀਤੀ ਗਈ ਹੈ।

'**ਨਿਰਭਉ**' ਹੋਣਾ ਨਿਡਰ ਹੋਣਾ ਨਹੀਂ ਹੈ। ਦੋਨਾ ਦਾ ਫਰਕ ਸਮਝਾਇਆ ਗਿਆ ਹੈ, ਡਰ ਦੇ ਦਬਾਏ ਜਾਣ (ਨਿਡਰ) ਤੇ ਡਰ ਦੇ ਬੀਜ-ਨਾਸ ਹੋਣ (ਨਿਰਭਉ) ਦਾ ਫਰਕ ਦਸਿਆ ਗਿਆ ਹੈ। ਸਾਡੇ ਡਰ ਦੇ ਧਾਰਮਕ ਤੇ ਮਨੋਵਿਗਿਆਨਕ ਕਾਰਣਾ ਨੂੰ ਦਰਸਾਇਆ ਗਿਆ ਹੈ। ਅਸੀਂ ਡਰਦੇ ਹਾ ਕਿ ਕੋਈ ਦੂਸਰਾ ਸਾਡਾ ਧਨ ਨ ਖੋਹ ਲਏ, ਸਾਡੀ ਪਦਵੀ ਨ ਹਥਿਆ ਲਏ, ਸਾਡੇ ਅਹਿਮ ਨੂੰ ਨ ਲਿਤਾੜ ਦੇਵੇ। ਅਸੀਂ ਡਰਦੇ ਹਾਂ ਕਿ ਪਤਾ ਨਹੀਂ ਕਲ ਕੀ ਹੋ ਜਾਏ। ਅਸੀਂ ਡਰਦੇ ਹਾਂ ਸਾਡੇ ਇਸੇ ਲਈ ਅਸੀਂ ਕਦੀਂ ਵੀ ਸਹੀ ਫੈਸਲਾ ਨਹੀਂ ਕਰ ਸਕਦੇ। ਫੈਸਲਿਆਂ ਵਿਚ ਹਮੇਸ਼ਾ ਦੁਬਿਧਾ ਬਣੀ ਰਹਿੰਦੀ ਹੈ। ਅਸੀਂ ਡਰਦੇ ਹਾਂ ਆਪਣੇ ਅਗਿਆਨ ਕਾਰਣ ਅਸੀਂ ਡਰਦੇ ਹਾਂ ਮੌਤ ਕੋਲੋਂ ਜਿਹੜੀ ਸਾਡੀ ਹਸਤੀ ਹੀ ਮਿਟਾ ਦੇਂਦੀ ਹੈ। ਸਾਡੇ ਇਨ੍ਹਾਂ ਡਰ ਦੇ ਕਾਰਣਾਂ ਪਿਛੇ ਕਿਨ੍ਹਾਂ ਕੁ ਸੱਚ ਹੈ, ਉਸ ਉਪਰ ਚਰਚਾ ਕ਼ੀਤੀ ਗਈ ਹੈ। ਇਹ ਵੀ ਦਸਿਆ ਗਿਆ ਹੈ ਕਿ ਸਿਖ ਦਾ ਟੀਚਾ ਸਰੀਰਕ ਮੌਤ ਤੋਂ ਨਿਰਭਉ ਹੋਣਾ ਹੀ ਨਹੀਂ ਬਲਕਿ ਮਨ ਦੀ ਮੌਤ ਤੋਂ ਵੀ 'ਨਿਰਭਉ' ਹੋਣਾ ਹੈ।

**ਨਿਰਵੈਰ** ਦਾ ਅਰਥ ਵੈਰ ਭਾਵਨਾ ਦਾ ਬੀਜ-ਨਾਸ ਹੋਣਾ ਹੈ ਵੈਰ ਭਾਵਨਾ ਦਾ ਦਬਾਣਾ ਨਹੀਂ। ਅਸੀਂ ਭੈ ਕਰਕੇ ਵੈਰ ਕਮਾਨੇ ਹਾਂ। ਜੇ ਸਾਨੂੰ ਦੂਸਰੇ ਦਾ ਭੈ ਨਹੀਂ ਰਹੇਗਾ ਤਾਂ ਅਸੀਂ ਆਪਣੇ ਆਪ ਹੀ ਦੂਸਰੇ ਨਾਲ ਵੈਰ ਨਹੀਂ ਕਮਾਵਾਂਗੇ।



Digitized by Panjab Digital Library | www.panjabdigilib.org

ਨਿਰਭਉ ਹੋਣਾ ਅੰਦਰਲਾ ਗੁਣ ਹੈ ਤੇ ਨਿਰਵੈਰ ਹੋਣਾ ਬਾਹਰਲਾ। ਜਿਉਂ ਜਿਉਂ ਅਸੀਂ ਅੰਦਰੋਂ ਨਿਰਭਉ ਹੁੰਦੇ ਜਾਵਾਂਗੇ ਅਸੀਂ ਬਾਹਰੋਂ ਨਿਰਵੈਰ ਹੁੰਦੇ ਜਾਵਾਂਗੇ। ਵੈਰ ਨਾ ਰਖਣਾ ਨਿਰਵੈਰ ਹੋਣਾ ਨਹੀਂ ਹੈ ਕਿਉਂਕਿ ਅਜ ਦੇ ਮਿਤਰ ਕਲ ਦੇ ਵੈਰੀ ਹੋ ਸਕਦੇ ਹਨ ਤੇ ਅਜ ਦੇ ਵੈਰੀ ਕਲ ਦੇ ਮੀਤ। ਇਸ ਪ੍ਰਕਾਰ ਦਾ ਨਿਰਵੈਰ ਸਾਡੇ ਸਵਾਰਥ ਤੇ ਅਧਾਰਤ ਹੈ। ਇਸ ਦਾ ਮੂਲ ਸਾਡੇ ਅਸਥਾਈ ਸਬੰਧ ਹਨ। ਗੁਰੂ ਜੀ ਉਸ ਨਿਰਵੈਰ ਭਾਵ ਦੀ ਗਲ ਕਰਦੇ ਹਨ ਜਿਸ ਦਾ ਕਿਸੇ ਦੂਸਰੇ ਨਾਲ ਕੋਈ ਸਬੰਧ ਨਹੀਂ। ਇਹ ਭਾਵ ਸਾਡੇ ਅੰਦਰਲੇ ਗੁਣ ਦੀ ਖੁਸ਼ਬੋ ਹੈ। ਇਹ 'ਵੈਰੀ-ਮੀਤ ਸਮਾਨ' ਦੀ ਨਿਰਵੈਰਤਾ ਹੈ। ਨਿਰਵੈਰ ਬਨਣ ਦੀ ਵਿਧੀ ਬਾਰੇ ਵੀ ਗਲ ਕੀਤੀ ਗਈ ਹੈ।

**ਅਕਾਲ ਮੂਰਤਿ** ਦੀ ਵਿਆਖਿਆ ਕਰਦੇ ਹੋਏ 'ਕਾਲ' ਦੇ ਤਿਨੋਂ ਅਰਥ ਸਮਝਾਏ ਗਏ ਹਨ—ਕਾਲ ਵਾਹਿਗੁਰੂ ਹੈ, ਕਾਲ ਸਮੇਂ ਹੈ ਤੇ ਕਾਲ ਮੌਤ ਹੈ। ਅਕਾਲ ਸਮੇਂ ਤੇ ਮੌਤ ਤੋਂ ਪਰੇ ਹੈ। ਪਰ ਕਿਉਂਕਿ ਮੌਤ ਵੀ ਸਮੇਂ ਅਧੀਨ ਹੀ ਹੈ ਇਸ ਲਈ ਸਭ ਸਮੇਂ ਦਾ ਹੀ ਚੱਕਰ ਹੈ ਤੇ ਸਮਾਂ ਰਬ ਦੇ ਅਧੀਨ ਹੈ। ਇਸ ਬਾਰੇ ਚਰਚਾ ਕੀਤੀ ਗਈ ਹੈ। ਇਹ ਵੀ ਦਸਿਆ ਗਿਆ ਹੈ ਕਿ ਅਕਾਲ ਨੂੰ ਸਮਝਣਾ ਆਸਾਨ ਹੈ ਕਿਉਂਕਿ ਉਹ ਇਕ ਰਸ ਹੈ ਉਹ ਬਦਲਦਾ ਨਹੀਂ। ਸਮੇਂ ਨੂੰ ਸਮਝਣਾ ਮੁਸ਼ਕਿਲ ਹੈ ਕਿਉਂਕਿ ਇਸ ਦੀਆਂ ਧਾਰਨਾਵਾਂ ਬਦਲਦੀਆਂ ਰਹਿੰਦੀਆਂ ਹਨ। ਰਬ ਨੂੰ ਸਮਝਣਾ, ਸਮੇਂ ਤੇ ਸਾਇੰਸ ਦੀ ਉਪੇਕਸ਼ਾ, ਜਿਆਦਾ ਆਸਾਨ ਹੈ ਕਿਉਂਕਿ ਉਹ ਸਤਿ ਹੈ, ਸਥਿਰ ਹੈ। ਇਸ ਬਾਰੇ ਤਫਸੀਲ ਨਾਲ ਚਰਚਾ ਕੀਤੀ ਗਈ ਹੈ।

ਅਕਾਲ ਮੂਰਤਿ ਵਿਚ ਵਰਤੇ ਸ਼ਬਦ 'ਮੂਰਤਿ' ਤੇ ਮੂਰਤੀ ਦੀ ਤੁਲਨਾ ਕੀਤੀ ਗਈ ਹੈ। ਦਸਿਆ ਗਿਆ ਹੈ ਕਿ ਸਿਖ ਲਈ ਪੂਜਣ-ਯੋਗ ਮੂਰਤੀ 'ਅਕਾਲ ਮੂਰਤਿ' ਹੈ। ਉਸ ਦੀ ਮੂਰਤੀ ਅਕਾਲ ਹੈ ਤੇ ਉਹ ਸਮੇਂ ਤੇ ਮੌਤ ਦੋਹਾਂ ਤੋਂ ਪਰੇ ਹੈ। ਦੂਸਰੀਆਂ ਮੂਰਤੀਆਂ ਸਮੇਂ ਅਧੀਨ ਹਨ ਤੇ ਨਾਸਵਾਨ ਹਨ ਕਿਉਂਕਿ ਉਹ ਮਨੁਖ ਕਿਰਤ ਹਨ। ਅਕਾਲ ਦੀ ਮੂਰਤੀ ਅਸਲ ਹੈ ਤੇ ਪੂਰਤੀ ਹਮੇਸ਼ਾ ਅਸਲ ਦੀ ਨਕਲ ਹੁੰਦੀ ਹੈ। ਜਿਦਾਂ ਤੁਹਾਡੀ ਫੋਟੋ ਤੁਹਾਡੀ ਛਾਇਆ ਹੈ ਤੁਸੀਂ ਨਹੀਂ ਹੋ। ਮੂਰਤਿ ਦਾ ਇਕ ਹੋਰ ਅਰਥ 'ਹਸਤੀ' ਵੀ ਕਿਹਾ ਜਾਂਦਾ ਹੈ। ਯਾਨੀ ਅਕਾਲ ਰੂਪੀ ਵਾਹਿਗੁਰੂ ਦੀ ਹਸਤੀ ਹੈ। ਸਿਖ ਦਾ ਅਕਾਲ (ਵਾਹਿਗੁਰੂ) ਕੋਈ ਕਿਆਸ ਆਰਾਈ ਨਹੀਂ, ਕੋਈ ਮਨੋ ਕਲਪਨਾ ਨਹੀਂ। ਉਹ ਸਚ ਮੁਚ ਹੈ। ਉਹ ਕੋਈ ਬਹਿਸ ਦਾ ਵਿਸ਼ਾ

Digitized by Panjab Digital Library | www.panjabdigilib.org

ਨਹੀਂ । .

੧ਓ **ਅਜੂਨੀ** ਹੈ ਕਿਉਂਕਿ ਉਹ ਅਕਾਲ ਹੈ । ਜਿਹੜਾ ਮਰਦਾ ਨਹੀਂ ਪਰ ਜਿਸ ਦੀ ਹਸਤੀ ਹੈ ਉਹ ਜੂਨ ਵਿਚ ਕਿਦਾਂ ਪਏਗਾ । ਉਹ ਅਜੂਨੀ ਹੀ ਹੈ । ਕਿਨੀਆਂ ਜੂਨਾਂ ਹਨ ? ਮਨੁਖ ਮਰ ਕੇ ਫਿਰ ਜਮਦਾ ਹੈ ਕਿ ਨਹੀਂ ? ਮਰ ਕੇ ਹੇਠਲੀ ਪਸ਼ੂ ਜੂਨ ਵਿਚ ਜਾਂਦਾ ਹੈ ਕਿ ਨਹੀਂ ? ਕੌਣ ਮਰਦਾ ਹੈ ? ਕੌਣ ਜੂਨ ਧਾਰਦਾ ਹੈ ? ਸਰੀਰ ਮਰਦਾ ਹੈ ਕਿ ਮਨ ? ਮਨ ਮਰਦਾ ਹੈ ਕਿ ਆਤਮਾ ? ਤਿਨੋਂ ਹੀ ਮਰਦੇ ਹਨ ਕਿ ਤਿਨੋਂ ਹੀ ਨਹੀਂ ਮਰਦੇ ? ਇਨ੍ਹਾਂ ਸਵਾਲਾਂ ਬਾਰੇ ਹੋਰ ਧਰਮਾਂ ਦੇ ਵਿਚਾਰ, ਸਾਇੰਸ ਦਾ ਮਤ ਤੇ ਸਿਖੀ ਦਾ ਨਜ਼ਰੀਆ ਸਮਝਾਇਆ ਗਿਆ ਹੈ । ਜੂਨ ਦਾ ਇਕ ਹੋਰ ਅਰਥ 'ਕਾਰਣ' ਵੀ ਹੁੰਦਾ ਹੈ । ਵਾਹਿਗੁਰੂ ਅਜੂਨੀ ਹੈ ਯਾਨੀ ਉਹ ਅਕਾਰਣ ਹੈ । ਉਸ ਦੇ ਹੋਣ ਦਾ ਕੋਈ ਕਾਰਣ ਨਹੀਂ । ਅਸੀਂ ਨਹੀਂ ਕਹਿ ਸਕਦੇ ਕਿ ਵਾਹਿਗੁਰੂ ਕਿਉਂ ਹੈ । ਉਹ ਸਿਰਫ ਹੈ ਇਸ ਲਈ ਅਜੂਨੀ ਹੈ । ਅਸੀਂ ਵੀ ਅਜੂਨੀ ਹੀ ਹਾਂ ਪਰ ਸਾਨੂੰ ਆਪਣੇ ਅਸਲੇ ਦਾ ਪਤਾ ਨਹੀਂ । ਅਸੀਂ ਸ਼ੇਰ ਦੇ ਉਸ ਬੱਚੇ ਵਾਂਗ ਹਾਂ ਜਿਹੜਾ ਭੇਡਾਂ ਵਿਚ ਪਲ ਕੇ ਆਪਣੇ ਆਪ ਨੂੰ ਭੇਡ ਹੀ ਸਮਝਣ ਲਗ ਪਿਆ ਸੀ । ਇਸ ਭਰਮ ਦੇ ਪਰਦੇ ਦੇ ਹਟਦਿਆਂ ਹੀ ਸਾਨੂੰ ਆਪਣਾ ਅਸਲੀ ਅਜੂਨੀ ਰੂਪ ਨਜ਼ਰ ਆ ਜਾਂਦਾ ਹੈ । ਇਹ ਭਰਮ ਦਾ ਪਰਦਾ ਕਿਦਾਂ ਹਟੇ ? ਇਸ ਬਾਰੇ ਚਰਚਾ ਕੀਤੀ ਗਈ ਹੈ ।

**'ਸੈਭੰ'** ਸਬਦ ਜੋੜ ਹੈ ਸੈ+ਭੰ ਦਾ । 'ਸੈ' ਦਾ ਅਰਥ ਹੈ 'ਸਵੈ', ਆਪਣੇ ਆਪ । 'ਭੈ' ਦਾ ਅਰਥ ਹੈ 'ਪ੍ਰਕਾਸ਼, ਚਾਨਣ ਜਾਂ ਹੋਣਾ ।' ਉਹ ੧ਓ ਆਪਣੇ ਆਪ ਤੋਂ ਹੀ ਹੈ । ਉਹ ਦਾ ਕੋਈ ਕਰਤਾ ਨਹੀਂ । ਇਸ ਦਾ ਨਾਂ ਆਦਿ ਹੈ ਤੇ ਨ ਅੰਤ । ਉਹ ਨ ਜਮਦਾ ਹੈ ਨ ਮਰਦਾ ਹੈ । ਉਸ ਵਿਚਾਰ ਨੂੰ ਸਪਸ਼ਟ ਕੀਤਾ ਗਿਆ ਹੈ ਕਿ ਜਿਹੜੀ ਹਸਤੀ ਜੰਮਦੀ-ਮਰਦੀ ਨਹੀਂ, ਉਹ ਹੈ ਕਿਸ ਤਰ੍ਹਾਂ । ਇਸ ਨਾਲ ਸਬੰਧਤ ਪ੍ਰਸ਼ਨ ਹੈ ਕਿ 'ਅੰਡਾ ਮੁਰਗੀ ਤੋਂ ਹੈ ਜਾਂ ਮੁਰਗੀ ਅੰਡੇ ਤੋਂ' । ਇਸ ਪ੍ਰਸ਼ਨ ਦਾ ਉਤਰ ਵੀ ਦਿਤਾ ਗਿਆ ਹੈ । ਕਿਦਾਂ ਹਥ ਹਿਲਾਏ ਬਿਨਾ ਕੰਮ ਹੋ ਸੰਕਦਾ ਹੈ ਤੇ ਕਿਦਾਂ ਰਬ ਨੇ ਕੁਝ ਕਰਮ ਕੀਤੇ ਬਿਨਾਂ ਸੰਸਾਰ ਬਣਾਇਆ, ਇਸ ਬਾਰੇ ਮਨੋਵਿਗਿਆਨਕ ਪੱਖ ਤੋਂ ਗਲ ਸਪਸ਼ਟ ਕੀਤੀ ਗਈ ਹੈ । 'ਸੈਭੰ' ਦਾ ਅਰਥ ਪ੍ਰਕਾਸ ਕਰਦਿਆਂ ਹੋਇਆਂ ਪ੍ਰਕਾਸ਼ ਬਾਰੇ ਵਿਗਿਆਨਕ ਸਿਧਾਂਤ ਦਰਸਾਏ ਗਏ ਹਨ ਤੇ ਦਸਿਆ ਗਿਆ ਹੈ ਕਿ ਕਿਦਾਂ ਪ੍ਰਕਾਸ਼ ਆਪਣੇ ਆਪ ਤੋਂ ਹੋ ਸਕਦਾ ਹੈ. । ਦਸਿਆ ਗਿਆ ਹੈ ਕਿ



Digitized by Panjab Digital Library | www.panjabdigilib.org

ਜਿਦਾਂ ਸੰਸਾਰ ਦਾ ਵਜੂਦ ਸੂਰਜ ਦੇ ਪ੍ਰਕਾਸ਼ ਕਰਕੇ ਹੈ, ਇਦਾਂ ਹੀ ਸਾਡਾ ਵਜੂਦ ਵੀ ਉਸ ਵਾਹਿਗੁਰੂ ਦੇ ਪ੍ਰਕਾਸ਼ ਕਰਕੇ ਹੈ।

'**ਗੁਰ ਪ੍ਰਸਾਦਿ**' ਦੇ ਅਰਥ ਕਈ ਤਰ੍ਹਾਂ ਕੀਤੇ ਗਏ ਹਨ। ਇਕ ਵਿਚਾਰ ਹੈ ਕਿ ੧ੳ **ਗੁਰੂ ਹੈ ਅਰਥਾਤ ਵਡਾ** ਹੈ ਤੇ **ਪ੍ਰਸਾਦਿ ਹੈ ਅਰਥਾਤ ਅਨੰਦ-ਮਈ** ਹੈ। ਯਾਨੀ ਹੋਰ ਗੁਣਾਂ ਵਾਂਗ ਗੁਰ ਪ੍ਰਸਾਦਿ ਰਬ ਦੇ ਗੁਣ ਦਰਸਾਂਦਾ ਹੈ। ਇਹ ੧ੳ ਨਾ ਸਿਰਫ ਨਿਰਭਉ ਨਿਰਵੈਰ, ਆਦਿ ਹੈ ਬਲਕਿ **ਵਡਾ ਹੈ ਤੇ ਆਨੰਦ-ਮਈ** ਹੈ। ਇਸ ਅਰਥ ਦੀ ਤੁਲਨਾ 'ਸਤਿਮ, ਸ਼ਿਵਮ, ਸੰਦਰਮ' ਨਾਲ ਵੀ ਕੀਤੀ ਗਈ ਹੈ। ਵਾਹਿਗੁਰੂ ਸਤਿਨਾਮ (ਸਤਿਮ), ਗੁਰੂ (ਸ਼ਿਵਮ) ਤੇ ਪ੍ਰਸਾਦਿ (ਸੁੰਦਰਮ) ਹੈ। ੧ੳ ਸਤਿਗੁਰੂ ਪ੍ਰਸਾਦਿ=ਸਤਿਮ, ਸ਼ਿਵਮ, ਸੁੰਦਰਮ। ਦੂਸਰਾ ਅਰਥ ਹੈ ਕਿ ੧ੳ ਗੁਰੂ ਦੇ ਪ੍ਰਸਾਦਿ (ਕਿਰਪਾ) ਰਾਹੀਂ ਪ੍ਰਾਪਤ ਹੁੰਦਾ ਹੈ। ਦੋਵੇਂ ਅਰਥਾਂ ਨੂੰ ਪ੍ਰਮਪਰਾ ਤੇ ਗੁਰਮਤਿ ਵਿਆਕਰਣ ਅਨੁਸਾਰ ਖੋਲ੍ਹਣ ਦਾ ਜਤਨ ਕੀਤਾ ਗਿਆ ਹੈ।

ਮੂਲ ਮੰਤਰ ਦਾ ਸਿਮਰਨ ਕਿਦਾਂ ਕਰੀਏ ? ਉਹ ਕਿਹੜੀ ਵਿਧੀ ਹੈ ਜਿਸ ਰਾਹੀਂ ਇਸ ਮੰਤਰ ਵਿਚ ਦਰਸਾਏ ਗੁਣ ਸਾਡੇ ਜੀਵਨ ਦਾ ਅੰਗ ਬਣ ਜਾਣ ? ਮਨੋਵਿਗਿਆਨਿਕ ਦ੍ਰਿਸ਼ਟੀ ਤੋਂ ਗੱਲ ਕਰਦੇ ਹੋਇਆਂ ਸਮਝਾਇਆ ਗਿਆ ਹੈ ਕਿ ਸਿਮਰਨ ਦੀ ਠੀਕ ਵਿਧੀ ਕੀ ਹੈ।

ਸਾਡੀਆਂ ਹੋਰ ਪੁਸਤਕਾਂ ਵਾਂਗ ਇਹ ਪੁਸਤਕ ਵੀ ਸਾਧ ਜੀ ਦੇ ਲੈਕਚਰਾਂ ਤੇ ਹੀ ਅਧਾਰਤ ਹੈ। ਸਾਧ ਜੀ ਬੰਬਈ ਤੇ ਹੋਰ ਸ਼ਹਿਰਾਂ ਵਿਚ ਛੋਟੀਆਂ ਛੋਟੀਆਂ ਸਵਾਲ-ਜਵਾਬ ਬੈਠਕਾਂ ਕਰਦੇ ਹਨ ਤੇ ਆਈਆਂ ਸੰਗਤਾਂ ਦੇ ਸਵਾਲਾਂ ਦੇ ਜਵਾਬ ਦੇਂਦੇ ਹਨ ਤੇ ਉਨ੍ਹਾਂ ਦੇ ਸ਼ੰਕਿਆਂ ਦਾ ਸਮਾਧਾਨ ਕਰਦੇ ਹਨ। ਸਾਧ ਜੀ ਹਮੇਸ਼ਾ ਕਹਿੰਦੇ ਹਨ ਪਹਿਲਾਂ ਸੁਣੋ, ਸੁਣੀ ਗੱਲ ਨੂੰ ਵਿਚਾਰੋ, ਉਸ ਵਿਚਾਰੀ ਗੱਲ ਨੂੰ ਮਨ ਕੇ ਪ੍ਰਯੋਗ ਕਰੋ ਤੇ ਆਪਣੇ ਅਨੁਭਵ ਅਨੁਸਾਰ ਨਿਰਣੈ ਲਉ। ਇਸੇ ਲਈ ਗੁਰੂ ਜੀ ਕਹਿੰਦੇ ਹਨ, 'ਸੁਣਿਆ ਮੰਨਿਆਂ ਮਨਿ ਕੀਤਾ ਭਾਉ। ਅੰਤਰਿਗਤਿ ਤੀਰਥਿ ਮਲਿ ਨਾਉ।' ਬਿਨਾਂ ਆਪਣੇ ਅੰਦਰ ਝਾਤੀ ਮਾਰਿਆਂ ਤੇ ਸਤਿ ਨੂੰ ਪਛਾਣਿਆਂ ਇਹ ਕਹਿਣਾ ਕਿ ਰਬ ਹੈ ਗਲਤ-ਬਿਆਨੀ ਹੈ। ਬਿਨਾਂ ਅਨੁਭਵ ਲਿਆਂ ਅਜ ਦਾ ਨਾਸਤਕ ਕਲ ਦਾ ਆਸਤਕ ਹੋ ਜਾਏਗਾ ਤੇ ਕਲ ਦਾ ਆਸਤਕ ਅਜ ਦਾ ਨਾਸਤਕ। ਤੁਹਾਡੀ ਕੋਈ ਅਰਦਾਸ ਪੂਰੀ ਹੋ ਗਈ, ਤੁਸੀਂ ਆਸਤਕ ਬਣ ਗਏ, ਰਬ ਦੇ ਗੁਣ ਗਾਣ ਲਗ ਪਏ। ਕਲ ਨੂੰ ਕੋਈ ਸਵਾਲ ਪੂਰਾ ਨਹੀਂ ਹੋਇਆ ਤੁਸੀ ਰਬ ਨੂੰ ਉਲਾਹਣਾ



Digitized by Panjab Digital Library | www.panjabdigilib.org

ਦੇਣ ਲਗੇ ਜਾਂ ਉਸ ਦੀ ਹਸਦੀ ਤੋਂ ਮੁਨਕਰ ਹੋ ਗਏ। ਗੱਲ ਨੂੰ ਸਮਝਣ ਦਾ ਇਹ ਵਿਗਿਆਨਿਕ ਢੰਗ ਨਹੀਂ ਹੈ। ਇਕ ਵਿਗਿਆਨਿਕ ਵਾਂਗ ਤੁਸੀਂ ਕਿਸੇ ਹਾਈ ਪੋਥਿਸਸ (Hy pothesis) ਨੂੰ ਮੰਨੋ ਤੇ ਉਸ ਨੂੰ ਆਪਣੇ ਅਨੁਭਵ ਵਿਚ ਪਰਖੋ। ਇਸੇ ਲਈ ਸਾਧ ਜੀ ਜ਼ੋਰ ਦਿੰਦੇ ਹਨ ਕਿ ਅਜ ਕਲ ਦੇ ਯੁਗ ਲਈ, ਖਾਸ ਕਰਕੇ ਨਵੀਂ ਪੜ੍ਹੀ-ਲਿਖੀ ਜੁਆਨ ਪੀੜ੍ਹੀ ਲਈ, ਸਾਡੀ ਧਰਮ ਚਰਚਾ, ਗਿਆਨ, ਵਿਗਿਆਨ, ਮਨੋਵਿਗਿਆਨ ਤੇ ਦਲੀਲ ਤੇ ਆਧਾਰਤ ਹੋਣੀ ਚਾਹੀਦੀ ਹੈ। ਨਵੀਂ ਪੀੜ੍ਹੀ ਹਰ ਗੱਲ, ਵਾਹਿਗੁਰੂ ਬਾਰੇ ਵੀ, ਗਿਆਨ ਤੇ ਤਰਕ ਦੀ ਕਸੌਟੀ ਤੇ ਪ੍ਰਖਣਾ ਚਾਹੁੰਦੀ ਹੈ। ਸਾਨੂੰ ਪੂਰਨ ਭਰੋਸਾ ਹੈ ਕਿ ਇਹ ਕਿਤਾਬ ਇਸ ਪਰਖ ਵਿਚ ਪੂਰੀ ਉਤਰੇਗੀ। ਇਸ ਪੁਸਤਕ ਦੇ ਸਿਰਫ ਪੜ੍ਹਣ ਨਾਲ ਵੀ ਤੁਹਾਡੀ ਜਾਣਕਾਰੀ ਵਧੇਗੀ, ਤੁਹਾਨੂੰ ਗੁਰਮਤਿ ਫਿਲਾਸਫੀ ਦੇ ਨਵੀਨ ਪਹਿਲੂ ਦੀ ਵਾਕਫੀ ਮਿਲੇਗੀ ਤੇ ਹਰ ਲੈਕਚਰ ਵਿਚ ਵਿਗਿਆਨ ਦੀਆਂ ਨਵੀਆਂ ਖੋਜਾਂ ਤੇ ਧਰਮ ਦੀ ਸੂਝ ਆਮਣੇ-ਸਾਮ੍ਹਣੇ ਦਿਸੇਗੀ। ਤੁਹਾਨੂੰ ਆਪਣੇ ਅਕੀਦੇ ਨੂੰ ਦਲੀਲ ਤੇ ਘੋਖਣ ਦਾ ਰਾਹ ਮਿਲੇਗਾ। ਇਜੇਹੀ ਅਦੁਤੀ ਪੁਸਤਕ ਸਾਡੀ ਨਜ਼ਰੋਂ ਨਹੀਂ ਨਿਕਲੀ। ਇਹ ਆਪਣੀ ਕਿਸਮ ਦੀ ਆਪ ਹੀ ਹੈ। ਸਾਨੂੰ ਭਰੋਸਾ ਹੈ ਕਿ ਇਸ ਨੂੰ ਪੜ੍ਹਣ ਬਾਅਦ ਤੁਸੀਂ ਸਾਡੇ ਨਾਲ ਸਹਿਮਤ ਹੋਵੋਗੇ।

ਅਜ ਅਹਿੰਸਾ ਦੇ ਅਵਤਾਰ, ਸ਼ਹੀਦ-ਸ਼ਰੋਮਣੀ, ਮਹਾਨ ਕਵੀ ਤੇ ਸੰਪਾਦਕ, ਰਬੀ ਨੂਰ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਸ਼ਹੀਦੀ-ਦਿਵਸ਼ ਹੈ। ਆਓ ਰਲ ਕੇ ਅਰਦਾਸ ਕਰੀਏ ਕਿ ਵਾਹਿਗੁਰੂ ਸਾਨੂੰ ਸਹੀ ਰਾਹੇ ਪਾਏ ਤੇ ਸਿਮਰਨ ਨਾਲ ਜੋੜੇ। ਅਸੀਂ ਸਿਮਰਨ ਕਰੀਏ ਤੇ ਮਨ-ਤਨ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ—

ਬਾਰੰਬਾਰ ਬਾਰ ਪ੍ਰਭ ਜਪੀਏ। ਪੀ ਅੰਮ੍ਰਿਤ ਮਨ ਤਨ ਅਰਪੀਏ।

ਬੰਬਈ
੭ ਜੂਨ ੧੯੮੯

ਸੁਰਜੀਤ ਕੌਰ
ਜਨਰਲ ਸਕਤਰ
ਗੁਰੂ ਤੇਗ ਬਹਾਦੁਰ ਨਾਮ-ਸਿਮਰਨ ਫਾਉਂਡੇਸ਼ਨ



Digitized by Panjab Digital Library | www.panjabdigilib.org

# ਕੁਝ ਧਨਵਾਦ ਵਜੋਂ

ਅਸੀਂ ਸ: ਮੋਹਨ ਸਿੰਘ ਜੀ ਸਾਹਨੀ ਦੇ ਹਾਰਦਿਕ ਧਨਵਾਦੀ ਹਾਂ ਜਿਨ੍ਹਾਂ ਨੇ ਆਪਣਾ ਬਹੁ-ਮੁੱਲਾ ਸਮਾਂ ਕਢ ਕੇ ਇਨ੍ਹਾਂ ਲੈਕਚਰਾਂ ਨੂੰ ਸੰਪਾਦਿਤ ਕੀਤਾ ਤੇ ਬੜੀ ਸੂਝ-ਬੂਝ ਨਾਲ ਐਡਿਟ ਕੀਤਾ। ਸਰਦਾਰ ਸਾਹਿਬ ਗੁਰੂ ਘਰ ਦੇ ਪੂਰਨ ਸੇਵਕ, ਬੰਬਈ ਦੇ ਉਘੇ ਇੰਡਸਟਰੀਲਿਸਟ ਤੇ ਸਿਖ ਜਗਤ ਦੇ ਹਰ-ਮਨ ਪਿਆਰੇ ਆਗੂ ਹਨ। ਆਪ ਜੀ ਦੇ ਮਿਠ-ਬੋਲੇ ਤੇ ਟੁਟੀ-ਗੰਢਣ ਸੁਭਾ ਕਰਕੇ ਲੋਕੀਂ ਆਪ ਜੀ ਨੂੰ ਸਨਮਾਨ ਨਾਲ 'ਜਸਟਿਸ ਸਾਹਨੀ' ਕਰਕੇ ਬੁਲਾਂਦੇ ਹਨ। ਅਸੀਂ ਸ: ਹਰਬੰਸ ਸਿੰਘ ਕੋਹਲੀ, ਪ੍ਰਾਪਰਟੀ ਡਿਵੈਲਪਰ ਤੇ ਬਿਲਡਰ, ਜੂਹੂ ਬੀਚ, ਬੰਬਈ ਦੇ ਵੀ ਅਤੀ ਸ਼ੁਕਰਗੁਜ਼ਾਰ ਹਾਂ ਜਿਨ੍ਹਾਂ ਨੇ ਬੜੀ ਲਗਨ ਤੇ ਮਿਹਨਤ ਨਾਲ ਗੁਰਬਾਣੀ ਦੀਆਂ ਤੁਕਾਂ ਚੈਕ ਕੀਤੀਆਂ ਤੇ ਪੰਨਾ ਨੰਬਰ ਦਿਤਾ। ਆਪਜੀ ਕੀਰਤਨ-ਰਸੀਏ ਤੇ ਗੁਰਬਾਣੀ ਦੇ ਹਾਫਜ ਹਨ।

ਅੰਤ ਵਿਚ ਅਸੀਂ ਸ: ਨਰਿੰਦਰ ਸਿੰਘ ਸੇਠੀ (ਨਰਿੰਦਰ ਮੋਟਰ ਸਟੋਰ, ਖੰਨਾ, ਪੰਜਾਬ) ਦੇ ਵਿਸ਼ੇਸ਼ ਰੂਪ ਵਿਚ ਰਿਣੀ ਹਾਂ ਜਿਨ੍ਹਾਂ ਨੇ ਛਪੇ ਖਰੜੇ ਦੀ ਪ੍ਰੂਫ-ਰੀਡਿੰਗ ਕੀਤੀ ਤੇ ਛਾਪਕ ਨਾਲ ਲਗਾਤਾਰ ਸੰਪਰਕ ਬਣਾ ਕੇ ਇਸ ਕਿਤਾਬ ਦੀ ਛਪਾਈ ਵਿਚ ਸਹਾਇਤਾ ਕੀਤੀ।

ਬੰਬਈ
੭ ਜੂਨ ੧੯੮੯

ਸੁਰਜੀਤ ਕੌਰ
ਜਨਰਲ ਸਕਤਰ
ਗੁਰੂ ਤੇਗ ਬਹਾਦੁਰ ਨਾਮ-ਸਿਮਰਨ ਫਾਊਂਡੇਸ਼ਨ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਗੁਰ ਉਪਦੇਸ਼

ਓਅੰ ਸਾਧ ਸਤਿਗੁਰ ਨਮਸਕਾਰੰ

ਬਾਵਨ ਅਖਰੀ ਮਹਲਾ ੫

ਓਅੰ ਸਾਧ ਸਤਿਗੁਰ ਨਮਸਕਾਰੰ ।
ਆਦਿ ਮਧਿ ਅੰਤਿ ਨਿਰੰਕਾਰੰ ।
ਆਪਹਿ ਸੁੰਨ ਆਪਹਿ ਸੁਖ ਆਸਨ ।
ਆਪਹਿ ਸੁਨਤ ਆਪ ਹੀ ਜਾਸਨ ।
ਆਪਨ ਆਪੁ ਆਪਹਿ ਉਪਾਇਓ ।
ਆਪਹਿ ਬਾਪ ਆਪ ਹੀ ਮਾਇਓ ।
ਆਪਹਿ ਸੂਖਮ ਆਪਹਿ ਅਸਥੂਲਾ ।
ਲਖੀ ਨ ਜਾਈ ਨਾਨਕ ਲੀਲਾ । ੧ ।
ਕਰ ਕਿਰਪਾ ਪ੍ਰਭ ਦੀਨ ਦਇਆਲਾ ।
ਤੇਰੇ ਸੰਤਨ ਕੀ ਮਨੁ ਹੋਇ ਰਵਾਲਾ । ਰਹਾਉ ।

(ਪੰਨਾ ੨੫੦)

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ੴ ਸਤਿਗੁਰ ਪ੍ਰਸਾਦਿ

# ੴ ਤੋਂ ਗੁਰਪ੍ਰਸਾਦਿ ਤਕ

[ ੧ ]

## ਮੂਲ ਮੰਤ੍ਰ

'ਮੂਲ ਨ ਬੂਝੈ ਆਪਣਾ ਵਸਤੁ ਰਹੀ ਘਰਬਾਰਿ'

### ੧. ਮੂਲ ਮੰਤ੍ਰ ਵਿਆਖਿਆ :

ਮੂਲ ਮੰਤ੍ਰ ਕਿਸ ਨੂੰ ਕਹਿੰਦੇ ਹਨ ? ਮੂਲ ਕੀ ਹੈ ? ਮੰਤ੍ਰ ਕੀ ਹੈ ? ਮੂਲ ਦਾ ਅਰਥ ਹੁੰਦਾ ਹੈ ਅਸਲਾ, ਜੜ੍ਹ, ਮੁੱਢ, ਉਦਗਮ, ਬੁਨਿਆਦ, ਨੀਂਹ । ਬੂਟੇ ਦਾ ਮੂਲ ਉਸ ਦੀਆਂ ਜੜ੍ਹਾਂ ਹੁੰਦੀਆਂ ਹਨ । ਗੰਗਾ ਦਾ ਮੂਲ ਗੰਗੋਤ੍ਰੀ (ਪਹਾੜ ਵਿਚ ਛੋਟੀ ਜਿਹੀ ਥਾਂ) ਹੈ, ਜਮਨਾ ਦਾ ਮੂਲ ਜਨਮੋਤ੍ਰੀ ਹੈ, ਬੱਚੇ ਦ ਸਰੀਰ ਦਾ ਮੂਲ ਉਸ ਦੇ ਮਾਤਾ-ਪਿਤਾ ਹਨ, ਬੱਚੇ ਦੀ ਆਤਮਾ ਦਾ ਮੂਲ ਪ੍ਰਮਾਤਮਾ ਹੈ । ਇਸੇ ਲਈ ਗੁਰਬਾਣੀ ਵਿਚ ਮਨੁਖ ਨੂੰ ਆਪਣਾ ਮੂਲ ਪਛਾਨਣ ਤੇ ਹਰ [illegible] ਤੇ ਰਖਣ ਲਈ ਕਿਹਾ ਗਿਆ ਹੈ ਕਿਉਂਕਿ ਮੂਲ ਪਛਾਣੇ ਬਿਨਾ ਮਨੁਖ ਸੱਚ (ਵਾਹਿਗੁਰੂ) ਤਕ ਨਹੀਂ ਪਹੁੰਚ ਸਕਦਾ । ਗੁਰਵਾਕ ਹੈ—



Digitized by Panjab Digital Library | www.panjabdigilib.org

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥

(ਪੰਨਾ ੪੪੧)

ਨਿਤ ਨਿਤ ਦਯੁ ਸਮਾਲੀਐ ॥ ਮੂਲ ਨ ਮਨਹੁ ਵਿਸਾਰੀਐ ॥

(ਪੰਨਾ ੧੩੨)

ਮੂਲੁ ਨ ਬੂਝਹਿ ਸਾਚਿ ਨ ਰੀਝਹਿ ।

(ਪੰਨ' ੧੦੨੪)

ਮੂਲੁ ਨ ਬੁਝੈ ਆਪਣਾ ਵਸਤੁ ਰਹੀ ਘਰਬਾਰਿ ।

(ਪੰਨਾ ੫੬)

ਜਿਸ ਵਪਾਰੀ ਨੂੰ ਮਾਲ ਵੇਚਣ ਦਾ ਢੰਗ ਨਹੀਂ ਆਂਦਾ ਉਸ ਦਾ ਮਾਲ ਐਵੇਂ ਵੀ ਅੰਦਰ-ਬਾਹਰ ਰੁਲਦਾ ਰਹਿੰਦਾ ਹੈ। ਉਸ ਦੀ ਕੋਈ ਵਟਤ ਨਹੀਂ ਹੁੰਦੀ ਕਿਉਂਕਿ ਉਸ ਨੂੰ ਆਪਣੇ ਕੰਮ ਦੀ ਵਿਧੀ ਨਹੀਂ ਆਂਦੀ। ਇਦਾਂ ਹੀ ਜੇ ਮਨੁਖ ਨੂੰ ਆਪਣੇ ਵਾਹਿਗੁਰੂ ਤਕ, ਆਪਣੇ ਮੂਲ ਤਕ, ਜਾਣ ਦਾ ਢੰਗ ਨਹੀਂ ਆਂਦਾ ਜਾਂ ਉਹ ਜਾਣੇ ਹੋਏ ਢੰਗ ਨੂੰ ਨਹੀਂ ਅਪਣਾਂਦਾ ਤਾਂ ਉਹ ਕਦੀਂ ਵੀ ਆਪਣੀ ਮੰਜ਼ਲ ਤਕ ਨਹੀਂ ਪਹੁੰਚ ਸਕਦਾ। ਮੂਲ ਤਕ ਪਹੁੰਚਣ ਦੀ ਵਿਧੀ ਨੂੰ ਮੰਤ੍ਰ ਕਹਿੰਦੇ ਹਨ।

ਮੰਤ੍ਰ ਜੋੜ ਹੈ ਮਨ+ਤਰ ਦਾ। ਤਰ ਦਾ ਅਰਥ ਹੈ ਕਾਬੂ ਪਾਣਾ, ਉਪਰ ਉਭਰਨਾ, ਮੁਕਤੀ ਪਾਣਾ। ਸੋ ਮੰਤ੍ਰ ਦਾ ਅਰਥ ਉਹ ਵਿਧੀ ਹੈ ਜਿਸ ਰਾਹੀਂ ਅਸੀਂ ਮਨ ਤੇ ਕਾਬੂ ਪਾਂਦੇ ਹਾਂ ਜਾਂ ਮਨ ਤੇ ਮੁਕਤੀ ਪਾਂਦੇ ਹਾਂ। ਗੁਰਬਾਣੀ ਵਿਚ ਆਂਦਾ ਹੈ ਕਿ ਮਨ ਤੋਂ ਮੁਕਤੀ ਦੁਆਣ ਤੇ ਵਾਹਿਗੁਰੂ ਨੂੰ ਮਿਲਾਣ ਵਾਲਾ ਮੰਤ੍ਰ ਹੈ ਉਸ ਸ਼ਕਤੀ ਦਾ ਧਿਆਨ ਜਿਹੜੀ ਸਭ ਥਾਂ ਹੈ—

ਮੰਤ੍ਰੰ ਰਾਮ ਰਾਮ ਨਾਮੰ ਧ੍ਯਾਨੰ ਸਰਬਤ੍ਰ ਪੂਰਨਹ ।

(ਪੰਨਾ ੧੩੫੭)

ਮੰਤ੍ਰ ਦ੍ਰਿੜਾਇ ਹਰਿ ਅਉਖਧੁ ਗੁਰਿ ਦੀਓ ਤਉ ਮਿਲਿਓ ਸਗਲ ਪ੍ਰਬੀਨਾ ।

(ਪੰਨਾ ੧੨੧੧)

ਗੁਰੂ ਨੇ ਉਹ ਮੰਤ੍ਰ ਦੇ ਦਿਤਾ ਹੈ ਜਿਸ ਰਾਹੀਂ ਸਰਬ ਸਿਆਣੇ ਵਾਹਿਗੁਰੂ ਦੇ



Digitized by Panjab Digital Library | www.panjabdigilib.org

ਮੇਲ ਹੋ ਗਏ ਹਨ । ਉਹ ਕਿਹੜਾ ਮੰਤ੍ਰ ਹੈ ਜਿਸ ਰਾਹੀਂ ਮੂਲ (ਵਾਹਿਗੁਰੂ) ਮਿਲ ਜਾਂਦਾ ਹੈ ?

ਪੁਰਾਣੇ ਸਮਿਆਂ ਵਿਚ ਗੁਰੂ ਆਪਣੇ ਸਾਧਕ ਦੀ ਮਨੋਦਸ਼ਾ, ਉਸ ਦੇ ਪੂਰਬਲੇ ਕਰਮ, ਉਸ ਦੀ ਪ੍ਰਭੂ ਮਿਲਣ ਦੀ ਪਿਆਸ ਨੂੰ ਧਿਆਨ ਵਿਚ ਰਖਕੇ ਹਰ ਇਕ ਨੂੰ ਵਖੋ ਵਖਰਾ ਮੰਤ੍ਰ ਦੇਂਦੇ ਸਨ । ਸਾਰਿਆਂ ਨੂੰ ਇਕੋ ਗੁਰੂ ਮੰਤ੍ਰ ਨਹੀਂ ਦਿਤਾ ਜਾਂਦਾ ਸੀ । ਗੁਰੂ ਹਰ ਇਕ ਸਾਧਕ ਦੀ ਨਿਜੀ ਲੋੜਾ ਨੂੰ ਸਮਝ ਕੇ ਕੋਈ ਨਾਮ, ਕਿਸੀ ਬਾਣੀ ਦਾ ਅੰਸ਼, ਆਦਿ ਜਪਣ ਲਈ ਦੇਂਦਾ ਸੀ । ਉਹ ਮੰਤ੍ਰ ਕੰਨ ਵਿਚ ਦਿਤਾ ਜਾਂਦਾ ਸੀ ਤੇ ਸਾਧਕ ਨੂੰ ਦੂਸਰੇ ਨਾਲ ਇਸ ਬਾਰੇ ਗੱਲ ਕਰਨ ਦੀ ਮਨਾਹੀ ਹੁੰਦੀ ਸੀ । ਕਾਰਣ ਸਿਰਫ ਇਨਾ ਹੀ ਸੀ ਕਿ ਜੇ ਕੋਈ ਦੇਖਾ-ਦੇਖੀ ਇਸ ਮੰਤ੍ਰ ਦਾ ਜਾਪ ਸ਼ੁਰੂ ਕਰ ਦੇਏਗਾ ਤਾਂ ਉਸ ਨੂੰ ਲਾਭ ਕੋਈ ਨਹੀਂ ਹੋਵੇਗਾ, ਪਰ ਹਾਨੀ ਹੋ ਸਕਣ ਦੀ ਸੰਭਾਵਨਾ ਹੋਵੇਗੀ ਕਿਉਂਕਿ ਇਹ ਮੰਤ੍ਰ ਉਸ ਦੇ ਸੁਭਾ ਨਾਲ ਮੇਲ ਨਹੀਂ ਖਾਏਗਾ ।

ਸਮੇਂ ਨਾਲ ਅਸਲੀ ਗੁਰੂ ਅਲੋਪ ਹੋ ਗਏ ਤੇ ਉਨ੍ਹਾਂ ਦੀ ਥਾ ਬਹੁਤੇ ਕਰਕੇ ਨਕਲੀ ਗੁਰੂਆਂ ਨੇ ਲੈ ਲਈ । ਇਦਾਂ ਹੀ ਸੱਚੇ ਸਾਧਕ ਵੀ ਘਟ ਗਏ ਤੇ ਦਖਾਵੇ ਵਾਲੇ ਸਾਧਕ ਵਧ ਗਏ । ਗੁਰੂ ਨਾਨਕ ਦੇਵ ਜੀ ਦੇ ਸਮੇਂ ਤਕ ਕੋਈ ਸਚਾ ਰਿਹਾ ਨ । ਜਿਨ੍ਹਾਂ ਨੂੰ ਸਚਾ ਗਿਆਨ ਸੀ ਉਹ ਜੰਗਲ ਵਿਚ ਚਲੇ ਗਏ ਤੇ ਜਿਨ੍ਹਾਂ ਕੋਲ ਅਗਿਆਨ ਸੀ ਉਹ ਸੰਸਾਰ ਦੇ ਆਗੂ ਬਣ ਗਏ । ਫੋਕੇ ਮੰਤ੍ਰ, ਝੂਠਾ ਦਿਖਾਵਾ, ਕੱਚੇ ਜੋਗੀ ਰਹਿ ਗਏ ਅਗਵਾਈ ਕਰਨ ਲਈ । ਇਸ ਤਰਸ-ਮਈ ਹਾਲਤ ਨੂੰ ਆਸਾ ਦੀ ਵਾਰ ਵਿਚ ਕਿਹਾ ਹੈ, "ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ" । ਸਚ ਦਾ ਕਾਲ ਪੈ ਗਿਆ, ਝੂਠ ਦਾ ਰਾਜ ਹੋ ਗਿਆ ਤੇ ਮੰਦੇ ਰਸਤੇ ਪਾਣ ਵਾਲੇ ਭੂਤਨੇ ਰੂਪੀ ਗੁਰੂ/ਸਾਧ ਲਗੇ ਫਿਰਦੇ ਹਨ ।

ਇਨ੍ਹਾਂ ਹਾਲਤਾਂ ਵਿਚ ਕੀ ਮੰਤ੍ਰ ਤੇ ਕੀ ਗੁਰੂ ਮੰਤ੍ਰ । ਇਹ ਦੇਖਦੇ ਹੋਏ ਗੁਰੂ ਨਾਨਕ ਦੇਵ ਜੀ ਨੇ ਐਸਾ ਮੰਤ੍ਰ ਭਾਲਿਆ ਜਿਹੜਾ ਹਰ ਮਨੋਦਸ਼ਾ ਵਾਲੇ ਸਿਮਰ ਸਕਦੇ ਸਨ, ਜਿਸ ਤੋਂ ਸਭ ਲਾਭ ਲੈ ਸਕਦੇ ਸਨ । ਇਸ ਸਭ ਕਲਿਆਣਕਾਰੀ ਮੰਤ੍ਰ ਨੂੰ ਲੈਣ ਲਈ ਕਿਸੇ ਦੇਹ-ਧਾਰੀ ਗੁਰੂ ਨੂੰ ਭਾਲਣ ਦੀ ਲੋੜ ਨਹੀਂ ਸੀ । ਗੁਰੂ ਜੀ ਨੇ ਉਹ ਮੰਤ੍ਰ ਲਭਿਆ, ਦਸਿਆ ਤੇ ਪ੍ਰਚਾਰਿਆ ਜਿਸ ਤੋਂ ਹਰ ਸ਼ਰਧਾਲੂ ਮਾਰਗ-ਦਰਸ਼ਨ ਲੈ ਸਕੇ, ਜਿਹੜਾ ਹਰ ਪਿਆਸੀ ਆਤਮਾ ਨੂੰ ਪ੍ਰਮਾਤਮਾ ਤਕ ਲੈ ਜਾਏ । ਉਹ ਕਿਹੜਾ ਮੰਤ੍ਰ ਸੀ ਜਿਹੜਾ ਸਰਬ-ਸਾਂਝਾ ਸੀ, ਜਿਸ ਵਿਚ ਸਭ ਰਸ



Digitized by Panjab Digital Library | www.panjabdigilib.org

ਸਨ ਤੇ ਜਿਹੜਾ ਪੂਰੇ ਨੂੰ ਪਾਣ ਵਿਚ ਸਹਾਈ ਹੁੰਦਾ ਸੀ ?

ਮੂਲ ਮੰਤ੍ਰੁ ਹਰਿ ਨਾਮੁ ਰਸਾਇਣੁ ਕਹੁ ਨਾਨਕ ਪੂਰਾ ਪਾਇਆ ।

(ਪੰਨਾ ੧੦ ੦)

ਇਹ ਸਰਬ ਗੁਣ ਮੂਲ ਮੰਤ੍ਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪੰਨੇ ਤੇ ਦਰਸਾਇਆ ਹੈ । ਹੋਰ ਸਾਰੀਆਂ ਬਾਣੀਆਂ ਸ਼ੁਰੂ ਕਰਨ ਤੋਂ ਪਹਿਲਾਂ ਵੀ ਇਹ ਪੂਰਾ ਮੰਤ੍ਰ ਜਾਂ ਇਸ ਦਾ ਅੰਸ਼ ਲਿਖਿਆ ਮਿਲਦਾ ਹੈ । ਇਹ ਮੂਲ ਮੰਤ੍ਰ ਹੈ—

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ।

ਕਈ ਵੀਰ ਇਸ ਨਾਲ 'ਜਪੁ । ਆਦਿ ਸਚੁ ਜੁਗਾਦਿ ਸਚੁ । ਹੈ ਭੀ ਸਚੁ ਨਾਨਕ ਹੋਸੀ ਭੀ ਸਚੁ' ਜੋੜ , ਦਿੰਦੇ ਹਨ ਪਰ ਇਹ ਜਪ ਬਾਣੀ (ਜਪਜੀ ਸਾਹਿਬ) ਦਾ ਸਿਰਲੇਖ ਹੈ ਤੇ ਮੂਲ ਮੰਤ੍ਰ ਦਾ ਅੰਸ਼ ਨਹੀਂ ।

ਇਸੇ ਤਰ੍ਹਾਂ ਕਈ ਵੀਰ ਮੂਲ ਮੰਤ੍ਰ ਸਿਰਫ 'ੴ ਸਤਿਨਾਮੁ ਕਰਤਾ ਪੁਰਖੁ' ਤਕ ਹੀ ਸੀਮਤ ਰਖਦੇ ਹਨ । ਬਾਣੀ ਦੇ ਅੰਸ਼ 'ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ' ਨੂੰ ਮੂਲ ਮੰਤ੍ਰ ਦਾ ਹਿੱਸਾ ਨਹੀਂ ਮੰਨਦੇ । ਉਨ੍ਹਾਂ ਦਾ ਵਿਚਾਰ ਹੈ ਕਿ ਉਹ ਵਾਹਿਗੁਰੂ ਦੇ ਨਕਾਰ (Negative) ਗੁਣ ਦਰਸਾਂਦੇ ਹਨ । ਪਰ ਇਹ ਦਲੀਲ ਠੀਕ ਨਹੀ ਲਗਦੀ । ਇਹ ਗੁਣ ਵਾਹਿਗੁਰੂ ਨਾਲ ਇਸ ਲਈ ਜੋੜੇ ਗਏ ਹਨ ਕਿਉਂਕਿ ਮਨੁਖ ਨੇ ਇਨ੍ਹਾਂ ਨੂੰ ਅਪਨਾਣਾ ਹੈ । ਮਨੁਖ ਦਾ ਮਨ ਡਰ ਨਾਲ ਭਰਿਆ ਹੋਇਆ ਹੈ, ਵੈਰ ਵਿਰੋਧ ਨਾਲ ਘਿਰਿਆ ਹੋਇਆ ਹੈ, ਮੌਤ ਤੋਂ ਡਰਿਆ ਹੋਇਆ ਹੈ, ਆਵਾ-ਗਉਣ (ਜੂਨਾਂ) ਦੇ ਚਕਰ ਵਿਚ ਫਾਧਾ ਹੋਇਆ ਹੈ । ਇਜੇਹੇ ਮਨੁਖ ਨੂੰ ਸਿਧਾ ਚੰਗੇ ਗੁਣ (Positive) ਪਾਲਣ ਲਈ ਕਹਿਣਾ ਠੀਕ ਨਹੀਂ ਕਿਉਂਕਿ ਉਸ ਦਾ ਮਨ ਇਸ ਤਰ੍ਹਾਂ ਦੀ ਸਲਾਹ ਨੂੰ ਨਹੀਂ ਕਬੂਲੇਗਾ । ਉਹ ਭਉ ਗ੍ਰਸਤ ਹੈ ਇਸ ਲਈ ਉਸ ਨੂੰ ਨਿਰਭਉ ਹੋਣਾ ਹੀ ਸਮਝਇਆ ਜਾ ਸਕੀਦਾ ਹੈ । ਦਲੇਰੀ, ਬਹਾਦੁਰੀ, ਆਦਿ ਸ਼ਬਦ ਉਸ ਨੂੰ ਪ੍ਰਭਾਵਤ ਨਹੀਂ ਕਰ ਸਕਦੇ । ਜਦੋਂ ਉਹ ਨਿਰਭਉ ਹੋ ਜਾਏਗਾ ਤਾਂ ਉਹ ਆਪੇ ਹੀ ਦਲੇਰੀ ਦੇ ਅਰਥ ਵੀ ਸਮਝ ਜਾਏਗਾ । ਜਿਨਾ ਚਿਰ ਮਨ ਵੈਰ ਨਾਲ ਭਰਿਆ ਹੋਇਆ ਹੈ, ਉਹ ਪਿਆਰ ਨਹੀਂ ਕਰ ਸਕਦਾ ਤੇ ਉਸ ਨੂੰ ਪਿਆਰ ਕਰਨ ਲਈ ਕਹਿਣਾ, ਦਯਾ



Digitized by Panjab Digital Library | www.panjabdigilib.org

ਲਈ ਕਹਿਣਾ, ਭਲਾ ਕਰਨ ਲਈ ਕਹਿਣਾ, ਬੇ ਅਰਥ ਹੈ। ਵਿਰੋਧ ਦੀ ਸਿਲ ਹਟਦਿਆਂ ਉਸ ਦੇ ਅੰਦਰੋਂ ਪਿਆਰ ਦਾ ਸੋਮਾ ਆਪੇ ਹੀ ਫੁਟ ਨਿਕਲੇਗਾ। ਉਸ ਦਾ ਨਿਰਵੈਰ ਹੋ ਜਾਣਾ ਹੀ ਕਾਫੀ ਹੈ। ਮਨੋਵਿਗਿਆਨ ਦਾ ਮਤ ਵੀ ਇਹੀ ਹੈ ਕਿ ਤੁਸੀਂ ਸਿਧੇ ਕਿਸੇ ਬੁਰੇ ਨੂੰ ਭਲਾਈ ਦੇ ਰਸਤੇ ਨਹੀਂ ਲਾ ਸਕਦੇ। ਉਸ ਦੀ ਬੁਰਾਈ ਹਟਾਓ ਤੇ ਉਸ ਰਾਹੀਂ ਖਾਲੀ ਕੀਤੀ ਜਗ੍ਹਾ ਤੇ ਭਲਾਈ ਆਪਣੇ ਆਪ ਆ ਜਾਏਗੀ। ਗੁਰੂ ਨਾਨਕ ਜੀ ਨੇ ਮਨੁਖ ਦੀ ਇਸ ਮਨੋਦਸ਼ਾ ਨੂੰ ਵੇਖ ਕੇ ਹੀ ਇਨ੍ਹਾਂ ਗੁਣਾਂ ਨੂੰ ਨੈਗੇਟਿਵ ਢੰਗ ਨਾਲ ਦਰਸਾਇਆ ਹੈ। ਇਸ ਲਈ ਇਨ੍ਹਾਂ ਸ਼ਬਦਾਂ ਨੂੰ ਮੂਲ ਮੰਤ੍ਰ ਨਾਲ ਨ ਜੋੜਨਾ ਇਕ ਮਨੋ-ਵਿਗਿਆਨਕ ਤੱਤ ਤੋਂ ਅੱਖਾਂ ਮੀਟਣੀਆਂ ਹਨ। ਇਹ ਸਭ ਮੂਲ ਮੰਤ੍ਰ ਦਾ ਹੀ ਅੰਗ ਹਨ।

ਇਸ ਖਿਆਲ ਦੀ ਪੁਸ਼ਟੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦੀ ਇਕ ਘਟਨਾ ਤੋਂ ਵੀ ਮਿਲਦੀ ਹੈ। ਗੁਰੂ ਜੀ ਨੇ ਸਿਖਾਂ ਨੂੰ ਕਿਹਾ ਸੀ ਕਿ ਕੋਈ ਪੂਰੇ ਗੁਰੂ ਗ੍ਰੰਥ ਸਾਹਿਬ ਦਾ ਭਾਵ ਉਨ੍ਹਾਂ ਦੇ ਘੋੜੇ ਦੀ ਰਕਾਬ ਉਤੇ ਪੈਰ ਰਖਣ ਤਕ ਦੇ ਸਮੇਂ ਵਿਚ ਸਮਝਾਏ। ਇਕ ਸਿਖ ਨੇ ਕਿਹਾ "ਏਕੰਕਾਰ ਸਤਿਗੁਰ ਪ੍ਰਸਾਦਿ"। ਸਮੇਂ ਦੀ ਘਾਟ ਕਰਕੇ ਉਸ ਨੇ ਪੂਰਾ ਮੂਲ ਮੰਤ੍ਰ ਨਹੀਂ ਪੜ੍ਹਿਆ। ਉਸ ਨੇ ਇਸ ਦੇ ਪਹਿਲੇ ਤੇ ਅਖੀਰਲੇ ਸ਼ਬਦ ਪੜ੍ਹ ਦਿਤੇ। ਗੁਰੂ ਜੀ ਨੇ ਇਸ ਦੀ ਪ੍ਰਵਾਨਗੀ ਦੇਂਦੇ ਹੋਏ ਕਿਹਾ "ਗ੍ਰੰਥ ਸਾਹਿਬ ਏਤਾ ਹੀ ਮਾਤ੍ਰ ਹੈ। ਆਗੈ ਇਸ ਦਾ ਪਰਮਾਰਥ ਹੈ। ਅਰਥ ਯਹ ਕਿ ਟੀਕਾ ਹੈ।" ਇਸ ਲਈ ੧ਓ ਤੋਂ ਲੈ ਕੇ ਗੁਰਪ੍ਰਸਾਦਿ ਤਕ ਦੀ ਸਾਰੀ ਬਾਣੀ ਪੂਰਨ ਗੁਰੂ ਗ੍ਰੰਥ ਸਾਹਿਬ ਜੀ ਦਾ ਮੂਲ ਹੈ ਤੇ ਇਸੇ ਵਿਚ ਹੀ ਗੂੜ੍ਹੇ ਭੇਦ ਖੋਲ੍ਹਣ ਦਾ ਮੰਤ੍ਰ ਹੈ। ਇਸ ਦੇ ਸਿਮਰਨ ਨਾਲ ਹੀ ਸਿੱਖ ਗੁਰਸਿਖ ਬਣਦਾ ਹੈ ਤੇ ਵਾਹਿਗੁਰੂ ਦੀ ਨੇੜਤਾ ਲੈਂਦਾ ਹੈ।



Digitized by Panjab Digital Library | www.panjabdigilib.org

## ੨. ਮੂਲ ਮੰਤ੍ਰ ਵਿਚ ਦਰਸਾਏ ਗੁਣ ਤੇ ਚੋਣ ਦਾ ਆਧਾਰ

ਰਬ ਦੇ ਬੇਅੰਤ ਗੁਣ ਹਨ। ਉਨ੍ਹਾਂ ਦੀ ਗਿਣਤੀ ਨਹੀਂ ਹੋ ਸਕਦੀ। ਮਨੁਖ ਰਬ ਦੇ ਕੁਝ ਕੁ ਗੁਣਾਂ ਦਾ ਹੀ ਜ਼ਿਕਰ ਕਰ ਸਕਦਾ ਹੈ। ਗੁਰੂ ਨਾਨਕ ਦੇਵ ਜੀ ਨੇ ਰਬ ਦੇ ਸਤ ਗੁਣਾ ਦੀ ਚੋਣ ਕੀਤੀ ਤੇ ਉਨ੍ਹਾਂ ਨੂੰ ਮੂਲ ਮੰਤ੍ਰ ਵਿਚ ਦਰਸਾਇਆ। ਸਤ ਗੁਣ ਹਨ। (੧) ਉਹ ੧ਓ ਸਤਿ ਹੈ (੨) ਉਹ ਕਰਤਾ ਹੈ (੩) ਉਹ ਨਿਰਭਉ ਹੈ (੪) ਉਹ ਨਿਰਵੈਰ ਹੈ (੫) ਉਹ ਅਕਾਲ ਹੈ (੬) ਉਹ ਅਜੂਨੀ ਹੈ ਤੇ (੭) ਉਹ ਸੈ ਭੰ (ਆਪਣੇ ਆਪ ਤੋਂ ਜੋਤੀ ਮਈ) ਹੈ। ਇਸ ਚੋਣ ਦਾ ਆਧਾਰ ਕੀ ਸੀ ? ਕਿਉਂ ਇਹੀ ਗੁਣ ਲਏ ਗਏ ? ਜਾਹਰ ਹੈ ਕਿ ਇਨ੍ਹਾਂ ਗੁਣਾਂ ਦੀ ਚੋਣ ਕਿਸੀ ਸੂਝ-ਬੂਝ ਦਾ ਨਤੀਜਾ ਹੈ। ਪਰ ਉਹ ਸੂਝ ਬੂਝ ਕੀ ਹੈ ? ਫਿਰ ਉਨ੍ਹਾਂ ਗੁਣਾ ਦੀ ਤਰਤੀਬ (ਨਿਰਭਉ ਦੇ ਬਾਦ ਨਿਰਵੈਰ ਦਾ ਆਣਾ ਤੇ ਨਿਰਵੈਰ ਦੇ ਬਾਦ ਅਕਾਲ ਮੂਰਤ ਆਣਾ) ਕਿਸ ਤਰ੍ਹਾਂ ਕੀਤੀ ਗਈ ? ਕੀ ਇਹ ਤਰਤੀਬ ਕਿਸੇ ਅਸੂਲ ਦੇ ਤਹਿਤ ਹੈ ? ਜੇ ਹੈ, ਤਾਂ ਉਹ ਅਸੂਲ ਕੀ ਹਨ ?

ਜਦੋਂ ਮੈਂ ਇਸ ਤਰ੍ਹਾਂ ਦੇ ਵਿਚਾਰ ਕਰ ਰਿਹਾ ਸਾਂ ਤਾਂ ਮੇਰੇ ਹਥ ਕੁੰਡਲੀ (ਸੁੱਤੀ ਸ਼ਕਤੀ) ਜਗਾਣ ਦੀ ਇਕ ਕਿਤਾਬ ਲਗੀ। ਮੈਂ ਇਹ ਪੜ੍ਹ ਕੇ ਹੈਰਾਨ ਹੋ ਗਿਆ ਕਿ ਕੁੰਡਲੀ ਦੇ ਸਤ ਚੱਕਰ ਹਨ ਤੇ ਮੂਲ ਮੰਤ੍ਰ ਵਿਚ ਵੀ ਰਬ ਦੇ ਸੱਤ ਹੀ ਗੁਣ ਹਨ। ਕੁੰਡਲੀ ਦੇ ਵਖੋ ਵਖ ਚਕਰਾਂ ਤੇ ਧਿਆਨ ਕਰਨ ਨਾਲ ਜਿਹੜੇ ਗੁਣ ਹਾਸਲ ਹੁੰਦੇ ਹਨ ਉਹੀ ਗੁਣ ਮੂਲ ਮੰਤ੍ਰ ਵਿਚ ਦਰਸਾਏ ਗਏ ਹਨ। ਜਿਸ ਤਰਤੀਬ ਅਨੁਸਾਰ ਇਹ ਗੁਣ ਕੁੰਡਲੀ ਚਕਰਾਂ ਵਿਚ ਦਸੇ ਗਏ ਸਨ ਉਸੀ ਤਰਤੀਬ ਅਨੁਸਾਰ ਹੀ ਇਹ ਗੁਣ ਮੂਲ ਮੰਤ੍ਰ ਵਿਚ ਆਏ ਸਨ। ਮੈਨੂੰ ਖਿਆਲ ਆਇਆ ਕਿ ਕਿਤੇ ਇਹ ਮੂਲਮੰਤ੍ਰ ਕੁੰਡਲੀ ਜਗਾਣ ਦੀ ਵਿਧੀ ਹੀ ਤਾਂ ਨਹੀਂ। ਮੈਂ ੧ਓ ਦਾ



Digitized by Panjab Digital Library | www.panjabdigilib.org

ਸਿਮਰਨ ਤਾਂ ਕਰਦਾ ਹੀ ਸਾਂ। ਮੈਂ ਮੂਲ ਮੰਤ੍ਰ ਰਾਹੀਂ ਕੁੰਡਲੀ ਜਗਾਣ ਦੀ ਕੋਸ਼ਿਸ਼ ਕੀਤੀ ਤੇ ੧੨ ਦਿਨਾਂ ਵਿਚ ਪ੍ਰਾਣ ਸ਼ਕਤੀ ਨੂੰ ਪਹਿਲੇ ਚਕਰ ਤੋਂ ਚੁਕ ਕੇ ਸਤਵੇਂ ਚਕਰ ਤਕ ਲੈ ਜਾਣ ਤੇ ਟਿਕਾਈ ਰਖਣ ਵਿਚ ਸਫਲ ਹੋ ਗਿਆ। ਮੈਂ ਇਹ ਵਿਧੀ ਹੋਰ ਵੀ ਕਈਆਂ ਨੂੰ ਦਸੀ ਤੇ ਉਹ ਵੀ, ਜਿਹੜੇ ਮਿਹਨਤ ਕਰਦੇ ਰਹੇ, ਸਫਲ ਹੋਏ। ਉਨ੍ਹਾਂ ਨੂੰ ਸਮਾ ਬਹੁਤ ਲਗਾ ਪਰ ਉਹ ਸਫਲ ਹੋ ਗਏ। ਮੇਰੇ ਕਹਿਣ ਦਾ ਭਾਵ ਸਿਰਫ ਇਨਾ ਹੀ ਹੈ ਕਿ ਮੂਲ ਮੰਤ੍ਰ ਰਾਹੀਂ ਕੁੰਡਲੀ ਸ਼ਕਤੀ (ਜਿਹੜੀ ਰੀੜ ਦੀ ਹਡੀ ਦੇ ਨਾਲ ਚਲਦੀ ਹੈ) ਜਗਾਈ ਜਾ ਸਕਦੀ ਹੈ। ਗੁਰੂ ਜੀ ਦੀ ਕੀ ਮਨਸ਼ਾ ਸੀ ਮੈਂ ਨਹੀਂ ਕਹਿ ਸਕਦਾ। ਵੈਸੇ ਕੁੰਡਲੀ ਜਗਾਣ ਦਾ ਵਿਸ਼ੇਸ਼ ਲਾਭ ਕੋਈ ਨਹੀਂ ਕਿਉਂਕਿ ਉਹ ਸ਼ਕਤੀ ਤੁਸੀਂ ਸਾਰੇ ਸਰੀਰ ਵਿਚ ਵੀ ਜਗਾ ਸਕਦੇ ਹੋ। ਇਸ ਲਈ ਰੀੜ ਦੀ ਹੱਡੀ ਤੇ ਧਿਆਨ ਰਾਹੀ ਕੁੰਡਲੀ ਜਗਾਣਾ ਸਿਖੀ ਸਿਮਰਨ ਵਿਚ ਮਹਤਵ ਨਹੀਂ ਰਖਦਾ। ਸਿਰਫ ਤੁਹਾਡੀ ਜਾਣਕਾਰੀ ਲਈ ਮੈਂ ਕੁੰਡਲੀ ਦੇ ਸਤ ਚਕਰਾਂ ਤੇ ਮੂਲ ਮੰਤ੍ਰ ਦੇ ਸਤ ਗੁਣਾਂ ਦਾ ਟਾਕਰਾ ਅਗਲੇ ਪੇਜ ਤੇ ਕਰਦਾ ਹਾਂ।


Digitized by Panjab Digital Library | www.panjabdigilib.org

| ਚਕਰ ਨ: | ਚਕਰ ਦਾ ਨਾਂ | ਟਿਕਾਣਾ | ਚਕਰ ਦਾ ਵਿਸ਼ੇਸ ਗੁਣ | ਮੂਲ ਮੰਤ੍ਰ ਦੇ ਗੁਣ |
|---|---|---|---|---|
| ੧ | ਮੂਲਧਾਰਾ | ਜਿੱਥੋਂ ਰੀੜ ਹੀ ਹੱਡੀ ਸ਼ੁਰੂ ਹੁੰਦੀ ਹੈ | ਸਤਿਦੀ ਜੋਤ ਦੀ ਝਲਕ | ਸਤਿਨਾਮ |
| ੨ | ਸਵਾਧਿਸਥਨਾ | ਸੈਕਸ ਸੈਂਟਰ ਦੇ ਪਿਛੇ | ਕੰਮ ਵਿਚ ਸਫਲਤਾ | ਕਰਤਾ ਪੁਰਖ |
| ੩ | ਮਨੀਪੁਰ | ਨਾਭ੍ਹੀ ਦੇ ਪਿਛੇ | ਨਿਡਰਤਾ | ਨਿਰਭਉ |
| ੪ | ਅਨਾ | ਦਿਲ ਦੇ ਪਿਛੇ | ਨਿਰਵੈਰਤਾ | ਨਿਰਵੈਰ |
| ੫ | ਵਿਸ਼ੁਧੀ | ਧੌਣ ਦੇ ਮਣਕੇ ਕੋਲ | ਮੌਤ ਤੋਂ ਬਚਾਉ | ਅਕਾਲ ਮੂਰਤਿ |
| ੬ | ਅਜਨਾ | ਪੁਰਾਣੇ ਦਿਮਾਗ ਕੋਲ | ਜਨਮ-ਮਰਣ ਤੋਂ ਛੁੱਟੀ | ਅਜੂਨੀ |
| ੭ | ਸਹਸਰਾਰ | ਤਾਲੂ ਕੋਲ | ਸਤਿ ਦੀ ਜੋਤ ਦਾ ਵਿਰਾਟ ਰੂਪ ਮਿਲਣਾ | ਸੈਭੰ |

Digitized by Panjab Digital Library | www.panjabdigilib.org

ਇਨ੍ਹਾਂ ਸਤਾਂ ਗੁਣਾਂ ਦੀ ਚੋਣ ਮਨੁਖ ਦੇ ਮਨ ਨੂੰ ਧਿਆਨ ਵਿਚ ਰਖਕੇ ਕੀਤੀ ਗਈ ਲਗਦੀ ਹੈ। ਆਤਮਾ ਦੇ ਪ੍ਰਮਾਤਮਾ ਤਕ ਅਪੜਣ ਦੇ ਇਹ ਸੱਤ ਗੁਣ ਇਕ ਪਉੜੀ ਦੇ ਸਤ ਡੰਡੇ ਲਗਦੇ ਹਨ। ਤਰਤੀਬਵਾਰ ਡੰਡਿਆਂ ਤੇ ਪੈਰ ਰਖ ਕੇ ਉਪਰ ਚੜ੍ਹੀ ਜਾਣਾ ਹੈ। ਇਕ ਡੰਡਾ ਦੂਸਰੇ ਤੇ ਪੈਰ ਰਖਣ ਵਿਚ ਸਹਾਈ ਹੁੰਦਾ ਹੈ। ਸਾਨੂੰ ਪਹਿਲੇ ਡੰਡੇ ਸ਼ੁਤਿ ਨਾਲ ਧਿਆਨ ਲਾਣਾ ਸਿਖਾਇਆ ਗਿਆ ਹੈ। ਜਿਉਂ ਜਿਉਂ ਸਚ ਦੀ ਸਮਝ ਆਂਦੀ ਹੈ ਇਸ ਦੀ ਝਲਕ ਸਾਡੇ ਕਾਰ-ਵਿਹਾਰ ਵਿਚ ਦਿਸਣ ਲਗਦੀ ਹੈ। ਸਾਡੇ ਕਰਮ ਵਿਚ ਸਚ ਘੁਲ ਮਿਲ ਜਾਂਦਾ ਹੈ। ਜਿਸ ਕਿਰਤ ਦੇ ਅਸੀਂ ਕਰਤਾ ਹੁੰਦੇ ਹਾਂ ਉਸ ਵਿਚ ਸੱਚ ਦੀ ਸੁਗੰਧ ਉਭਰ ਪੈਂਦੀ ਹੈ। ਜਦੋਂ ਅਸੀਂ ਸਤਿ ਨਾਲ ਪਿਆਰ ਪਾ ਲਿਆ ਤੇ ਇਹ ਸਤਿ ਸਾਡੇ ਕਰਤਾ-ਪੁਣੇ ਵਿਚ ਰਲ ਗਿਆ ਤਾਂ ਫਿਰ ਅਸੀਂ ਡਰ ਰਹਿਤ ਹੋ ਜਾਂਦੇ ਹਾਂ। ਸਤਿ ਤੇ ਡਰ ਨਾਲ ਨਾਲ ਨਹੀਂ ਰਹਿ ਸਕਦੇ। ਸਤਿ ਦੇ ਪਕੜਿਆਂ ਭਉ ਆਪੇ ਹੀ ਉਡ ਜਾਂਦਾ ਹੈ। ਅਸੀਂ ਨਿਰਭਉ ਦੀ ਤੀਜੀ ਪਉੜੀ ਤੇ ਚੜ੍ਹ ਜਾਂਦੇ ਹਾਂ। ਜਿਹੜਾ ਨਿਰਭਉ ਹੈ ਉਹ ਵੈਰ ਰਹਿਤ ਆਪੇ ਹੀ ਹੋ ਜਾਂਦਾ ਹੈ। ਮਨੋਵਿਗਿਆਨਕ ਕਹਿੰਦੇ ਹਨ ਕਿ ਅਸੀਂ ਡਰ ਕਰਕੇ ਵੈਰ ਕਰਦੇ ਹਾਂ। ਮਸਲਨ ਅਸੀਂ ਸੱਪ ਨੂੰ ਮਾਰ ਦੇਂਦੇ ਹਾਂ ਹਾਲਾਂਕਿ ੯੦% ਸੱਪ ਜ਼ਹਿਰੀਲੇ ਨਹੀਂ ਹੁੰਦੇ। ਕਈ ਥਾਵਾਂ ਤੇ ਸੱਪ ਬਿਲਕੁਲ ਹੀ ਜ਼ਹਿਰੀਲੇ ਨਹੀਂ ਹੁੰਦੇ। ਫਿਰ ਅਸੀਂ ਸੱਪ ਨੂੰ ਦੇਖਦੇ ਸਾਰ ਕਿਉਂ ਮਾਰਨ ਲਈ ਉਠ ਦੌੜਦੇ ਹਾਂ ? ਇਸ ਲਈ ਕਿ ਅਸੀਂ ਸੱਪ ਕੋਲੋਂ ਡਰਦੇ ਹਾਂ। ਡਰ ਕਰਕੇ ਵੈਰ ਪਾਲਦੇ ਹਾਂ ਤੇ ਸੱਪ ਨੂੰ ਮਾਰ ਦੇਂਦੇ ਹਾਂ। ਜੇ ਸਾਨੂੰ ਭਰੋਸਾ ਆ ਜਾਏ ਕਿ ਸਾਨੂੰ ਸੱਪ ਕੋਲੋਂ ਡਰਨ ਦੀ ਕੋਈ ਲੋੜ ਨਹੀਂ ਤਾਂ ਕੀ ਅਸੀਂ ਵੈਰ ਕਮਾਂਵਾਂਗੇ ? ਪਾਕਿਸਤਾਨ ਤੇ ਭਾਰਤ ਨੂੰ ਇਕ ਦੂਸਰੇ ਨਾਲ ਤਿੰਨ ਲੜਾਈਆਂ ਲੜਣੀਆਂ ਪਈਆਂ। ਕਿਉਂ ਇਹ ਇਕ ਦੂਜੇ ਨੂੰ ਆਪਣਾ ਵੈਰੀ ਸਮਝਦੇ ਹਨ ? ਭਾਰਤੀ ਮੁਸਲਮਾਨ ਬਹੁਤੇ ਕਰਕੇ ਹਿੰਦੂਆਂ ਨੂੰ ਆਪਣਾ ਵੈਰੀ ਸਮਝਦੇ ਹਨ ਹਾਲਾਂਕਿ ਐਸਾ ਸੋਚਣ ਦੀ ਕੋਈ ਵਜ਼ਹ ਨਹੀਂ। ਉਸ ਵੈਰ ਦਾ ਮੂਲ ਕਾਰਣ ਡਰ ਹੈ। ਭਉ ਮਿਟਣ ਨਾਲ ਵੈਰ ਆਪੇ ਹੀ ਮਿਟ ਜਾਂਦੇ ਹਨ। ਨਿਰਭਉ ਹੋਣ ਨਾਲ ਅਸੀਂ **ਨਿਰਵੈਰ** ਹੋ ਜਾਂਦੇ ਹਾਂ। ਨਿਰਭਉ ਹੋਣ ਨਾਲ ਅਸੀਂ ਨਿਰਵੈਰ ਤਾਂ ਹੁੰਦੇ ਹੀ ਹਾਂ, ਪਰ ਅਸੀਂ ਮੌਤ ਤੋਂ ਵੀ ਨਿਰਭਉ ਹੋ ਜਾਂਦੇ ਹਾਂ। ਜਿਨੀ ਨਿਡਰਤਾ ਵਧਦੀ ਹੈ ਨਾਲ ਨਾਲ ਡਰ ਉਨਾ ਹੀ ਘਟਦਾ ਹੈ। ਇਕ ਸਟੇਜ ਆਂਦੀ ਹੈ ਕਿ ਨਿਰਭਉ ਪੂਰਨ ਹੋ ਜਾਂਦਾ ਹੈ ਤੇ ਤੁਸੀਂ ਕਾਲ ਦੇ ਡਰ



Digitized by Panjab Digital Library | www.panjabdigilib.org

ਤੋਂ ਛੌਰਨ ਮੁਕਤ ਹੋ ਜਾਂਦੇ ਹੋ। ਤੁਸੀਂ **ਅਕਾਲ** ਮੂਰਤ ਹੋ ਜਾਂਦੇ ਹੋ। ਹੁਣ ਤੁਸੀਂ ਛੇਵੇਂ ਡੰਡੇ ਤੇ ਹੋ। ਸਿਮਰਨ ਅਭਿਆਸੀਆਂ ਦਾ ਅਨੁਭਵ ਹੈ ਕਿ ਮੌਤ ਦੇ ਡਰ ਨੂੰ ਪਾਰ ਕਰ ਜਾਈਏ ਤਾਂ ਆਪਣੇ ਪਿਛਲੇ ਜਨਮਾਂ ਦੀ ਸੋਝੀ ਪੈਂਦੀ ਹੈ। ਜਿਹੜੇ ਪਿਛਲੇ ਜਨਮਾਂ ਤੋਂ ਵਾਕਫ ਹੋਣਾ ਚਾਹੁੰਦੇ ਹਨ ਉਨ੍ਹਾਂ ਨੂੰ ਪਹਿਲਾਂ ਮੌਤ ਦੇ ਡਰ ਤੋਂ ਬਾਹਰ ਨਿਕਲਣਾ ਪਏਗਾ। ਕਈ ਸੰਤ ਆਪਣੇ ਸਾਧਕਾਂ ਨੂੰ ਪਹਿਲਾਂ ਸ਼ਮਸ਼ਾਨ ਘਾਟ ਤੇ ਜਾ ਕੇ ਧਿਆਨ ਕਰਨ ਲਈ ਕਹਿੰਦੇ ਹਨ ਤਾਂ ਕਿ ਉਹ ਰਾਤ-ਦਿਨ ਸੜਦੀਆਂ ਲਾਸ਼ਾਂ ਦੇਖ ਕੇ ਮੌਤ ਦੇ ਡਰ ਤੋਂ ਪਾਰ ਨਿਕਲ ਜਾਣ। ਜਦੋਂ ਕੋਈ ਸਾਧਕ ਇਹ ਮੌਤ ਦੀ ਖੇਡ ਚੰਗੀ ਤਰ੍ਹਾਂ ਦੇਖ ਲੈਂਦਾ ਸੀ ਤਾਂ ਗੁਰੂ ਉਸ ਨੂੰ ਪਿਛਲੇ ਜਨਮਾਂ (ਜੂਨਾਂ) ਨੂੰ ਦੇਖਣ ਦੀ ਵਿਧੀ ਦਸਦਾ ਸੀ। ਯਾਨੀ ਅਕਾਲ ਦੀ ਪਉੜੀ ਚੜ੍ਹਣ ਦੇ ਬਾਦ ਹੀ **ਅਜੂਨੀ** ਹੋਣ ਦਾ ਪਤਾ ਚਲਦਾ ਹੈ। ਜਦੋਂ ਮਨੁਖ ਆਪਣੀਆਂ ਪਿਛਲੀਆਂ ਜੂਨਾਂ ਤੇ ਉਨ੍ਹਾਂ ਵਿਚ ਕੀਤੇ ਕੁਕਰਮਾਂ ਨੂੰ ਦੇਖਦਾ ਹੈ ਤਾਂ ਉਸਨੂੰ ਸਮਝ ਆਂਦੀ ਹੈ ਕਿ ਉਹ ਜਨਮ ਜਨਮਾਂਤਰਾਂ ਤੋਂ ਉਹੀ ਕਾਮ, ਕਰੋਧ, ਲੋਭ, ਮੋਹ, ਵਾਸਨਾ ਨੂੰ ਘੜੀ-ਮੁੜੀ ਕਰੀ ਜਾ ਰਿਹਾ ਹੈ ਤੇ ਦੁਖ ਪਾ ਰਿਹਾ ਹੈ। ਨਾਲ ਹੀ ਉਹ ਇਹ ਵੀ ਸਮਝਦਾ ਹੈ ਕਿ ਇਨ੍ਹਾਂ ਜੂਨਾਂ ਦੇ ਚਕਰ ਵਿਚ ਕੁਝ ਹੈ ਜਿਹੜਾ ਚਕਰ ਵਿਚ ਨਹੀਂ ਹੈ, ਜਿਹੜਾ ਹਰ ਨਵੀਂ ਜੂਨ ਵਿਚ ਅਣਬਦਲਿਆਂ ਬਣਿਆਂ ਰਹਿੰਦਾ ਹੈ। ਇਹ ਜੂਨਾਂ ਤੋਂ ਬਾਹਰ ਹੈ। ਇਹ ਜਾਨਣ ਨਾਲ ਉਸ ਨੂੰ ਪਤਾ ਲਗਦਾ ਹੈ ਕਿ ਉਹ ਤਾਂ ਸਦਾ ਤੋਂ ਕਾਇਮ ਹੈ, ਉਹ ਆਪਣੇ ਆਪ ਤੋਂ ਹੀ ਹੈ ਕਿਉਂਕਿ ਉਹ ਉਸ ਦਾ ਅੰਸ਼ ਹੈ ਜਿਸ ਦਾ ਕੋਈ ਸ਼ੁਰੂ ਨਹੀਂ, ਜਿਸ ਦਾ ਕੋਈ ਕਰਤਾ ਨਹੀਂ, ਜਿਹੜਾ **ਸੈਭੰ** ਹੈ।

ਸੋ ਜਿਹੜਾ ਮਨੁਖ ਆਪਣਾ ਜੀਵਨ 'ਸਤਿ' ਤੋਂ ਸ਼ੁਰੂ ਕਰਦਾ ਹੈ ਉਸ ਵਿਚ ਦੂਸਰੇ ਗੁਣ ਸਹਿਜੇ ਹੀ ਆਈ ਜਾਂਦੇ ਹਨ ਤੇ ਹੌਲੀਂ ਹੌਲੀਂ ਉਸ ਮਨੁਖ ਦੀ ਆਤਮਾ, ਜਿਹੜੀ ਸੱਤੋਂ ਦਾ ਹਿੱਸਾ ਹੈ, ਸੱਤ ਵਿਚ ਜਾ ਰਲਦੀ ਹੈ। ਇਸ ਮੰਤ੍ਰ ਵਿਚ ਬੜਾ ਡੂੰਘਾ ਮਨੋਵਿਗਿਆਨਿਕ ਰਹਿਸ ਹੈ। ਇਸੇ ਲਈ ਸਿਖੀ ਦਾ ਇਹ ਮੰਤ੍ਰ ਮੰਤ੍ਰਾਂ ਦਾ ਮੰਤ੍ਰ ਹੈ, ਇਹ ਮੂਲ ਮੰਤ੍ਰ ਹੈ।



Digitized by Panjab Digital Library | www.panjabdigilib.org

# ੴ

## ਏਕੰਕਾਰੁ ਸਬਦਿ ਧੁਨਿ ਓਅੰਕਾਰ ਅਕਾਰ ਬਣਾਇਆ

### ੧. ੴ ਸਰਬ-ਧਰਮ ਸਨਮਾਨਤ :

ਦੁਨੀਆਂ ਦੇ ਸਾਰੇ ਧਰਮਾਂ ਦੀ ਫਿਲਾਸਫੀ ਅਲਗ ਹੈ, ਦਰਸ਼ਨ ਅਲਗ ਹੈ, ਧਰਮ ਗ੍ਰੰਥ ਅਲਗ ਹਨ, ਪ੍ਰਮਾਣ ਅਲਗ ਹਨ, ਦ੍ਰਿਸ਼ਟੀਕੋਣ ਅਲਗ ਹੈ, ਭਾਸ਼ਾ ਅਲਗ ਹੈ, ਸ਼ਬਦ ਅਲਗ ਹਨ, ਪਰ ਇਨ੍ਹਾਂ ਦਾ ਮੂਲ-ਮੰਤ੍ਰ ਅਲਗ ਨਹੀਂ। ਇਨ੍ਹਾਂ ਦਾ ੧ਓ ਅਲਗ ਨਹੀਂ।

ਭਾਰਤੀ ਧਰਮਾਂ ਵਿਚ ਹਿੰਦੂ ਆਤਮਾ ਤੇ ਪ੍ਰਮਾਤਮਾ ਨੂੰ ਮੰਨਦੇ ਹਨ, ਜੈਨੀ ਦੋਨਾਂ ਨੂੰ ਨਹੀਂ ਮੰਨਦੇ, ਬੋਧੀ ਆਤਮਾ ਨੂੰ ਮੰਨਦੇ ਹਨ ਪ੍ਰਮਾਤਮਾ ਨੂੰ ਨਹੀਂ। ਇਦਾਂ ਹੀ ਲੋਕੀਂ ਆਪਣੇ ਧਰਮ ਗੁਰੂਆਂ ਦਾ ਰਿਸ਼ਤਾ ਰੱਬ ਨਾਲ ਵਖੋ-ਵਖ ਦਸਦੇ ਹਨ। ਮੁਸਲਮਾਨ ਆਪਣੇ ਗੁਰੂ ਮੁਹੰਮਦ ਨੂੰ ਅੱਲਾ ਦਾ ਪੈਗੰਬਰ ਦਸਦੇ ਹਨ, ਇਸਾਈ ਆਪਣੇ ਗੁਰੂ ਕਰਾਈਸਟ ਨੂੰ ਰਬ ਦਾ ਪੁਤਰ ਦਸਦੇ ਹਨ। ਹਿੰਦੂ ਆਪਣੇ ਇਸ਼ਟ ਰਾਮ ਤੇ ਕ੍ਰਿਸ਼ਨ ਨੂੰ ਰਬ ਦਾ ਅਵਤਾਰ ਦਸਦੇ ਹਨ। ਵਿਚਾਰਾਂ ਵਿਚ, ਰਬ ਨਾਲ ਸੰਬੰਧ ਵਿਚ, ਬਹੁਤ ਅੰਤਰ ਹੈ। ਅੰਤਰ ਹੀ ਨਹੀਂ ਬਲਕਿ ਵਿਚਾਰ ਵਿਪਰੀਤ ਵੀ ਹਨ। ਜਿਦਾਂ ਇਕ ਆਤਮਾ ਨੂੰ ਮੰਨਦੇ ਹਨ ਦੂਸਰੇ ਨਹੀਂ, ਇਕ ਆਤਮਾ-ਪ੍ਰਮਾਤਮਾ ਦੋਹਾਂ ਨੂੰ ਮੰਨਦੇ ਹਨ, ਦੂਸਰੇ ਦੋਹਾਂ ਨੂੰ ਨਹੀਂ। ਪਰ ਸਾਰਿਆਂ ਦਾ ਮੂਲ ਮੰਤ੍ਰ ਓਅੰਕਾਰ ਦੇ ਸਰੂਪ ਵਿਚ ਹੀ ਹੈ।



Digitized by Panjab Digital Library | www.panjabdigilib.org

ਮੈਂ ਹਿੰਦੂ ਗ੍ਰੰਥਾਂ ਤੋਂ ਹੀ ਗੱਲ ਸ਼ੁਰੂ ਕਰਦਾ ਹਾਂ। ਗੀਤਾ ਦੇ ਅਠਵੇਂ ਅਧਿਆਇ ਵਿਚ ਲਿਖਿਆ ਹੈ "ਹੇ ਅਰਜਨ, ਵੇਦ ਨੂੰ ਜਾਨਣ ਵਾਲੇ ਜਿਸ ਪ੍ਰਮ-ਪਦ ਨੂੰ ਉਅੰਕਾਰ ਕਹਿੰਦੇ ਹਨ ਉਹ ਮੈਂ ਹੀ ਹਾਂ।" ਫਿਰ ਗੀਤਾ ਦੇ ਪੰਜਵੇਂ ਅਧਿਆਇ ਵਿਚ ਲਿਖਿਆ ਹੈ "ਹੇ ਅਰਜਨ, ਬਚਨਾਂ ਵਿਚ ਮੈਂ ਪ੍ਰਮ ਓਅੰਕਾਰ ਹਾਂ।" ਫਿਰ ਨੌਵੇਂ ਅਧਿਆਇ ਵਿਚ ਆਂਦਾ ਹੈ, "ਹੇ ਅਰਜਨ, ਜਾਨਣ-ਯੋਗ ਪਵਿਤਰ ਓਅੰਕਾਰ ਹੈ ਤੇ ਰਿਗਵੇਦ, ਸ਼ਾਮ ਵੇਦ ਤੇ ਯਜੁਰ ਵੇਦ ਵੀ ਮੈਂ ਹੀ ਹਾਂ"। ਮੈਤਰੀਆ ਉਪਨਿਸ਼ਦ ਵਿਚ ਲਿਖਿਆ ਹੈ, "ਇਕ ਬ੍ਰਹਮ ਅਸ਼ਬਦ ਹੈ ਤੇ ਦੂਸਰਾ ਸ਼ਬਦ। ਬ੍ਰਹਮ ਤੇ ਇਸ ਸ਼ਬਦ ਨੂੰ 'ਓਮੰ' ਕਹਿੰਦੇ ਹਨ। ਤੇਤ੍ਰੀਆ ਉਪਨਿਸ਼ਦ ਵਿਚ ਲਿਖਿਆ ਹੈ 'ਓਮੰ ਬ੍ਰਹਮ ਕਾ ਉਛਾਣ (cover) ਹੈ।' ਸਾਮਵੇਦ ਵਿਚ ਲਿਖਿਆ ਹੈ, 'ਜਿਵੇਂ ਸੰਸਾਰਕ ਵਸਤੂਆਂ ਦਾ ਸਾਰ ਪ੍ਰਿਥਵੀ ਹੈ, ਪ੍ਰਿਥਵੀ ਦਾ ਸਾਰ ਪਾਣੀ ਹੈ, ਪਾਣੀ ਦਾ ਸਾਰ ਬਨਸਪਤੀ ਹੈ, ਬਨਸਪਤੀ ਦਾ ਸਾਰ ਪੁਰਸ਼ ਹੈ, ਪੁਰਸ਼ ਦਾ ਸਾਰ ਬਾਣੀ ਹੈ, ਬਾਣੀ ਦਾ ਸਾਰ ਰਿਗ ਵੇਦ ਹੈ, ਰਿਗ ਵੇਦ ਦਾ ਸਾਰ ਸਾਮ ਵੇਦ ਹੈ ਤੇ ਸਾਮ ਵੇਦ ਦਾ ਸਾਰ ਓਮੰ (ਉਦਗੀਧ) ਹੈ।" ਜੈਨ ਤੇ ਬੁਧ ਮਤ ਵਾਲੇ, ਜਿਹੜੇ ਆਤਮਾ ਜਾਂ ਪ੍ਰਮਾਤਮਾ ਨੂੰ ਨਹੀਂ ਮੰਨਦੇ, ਆਪਣੇ ਧਰਮ ਗ੍ਰੰਥਾਂ ਵਿਚ ਪੜ੍ਹਦੇ ਹਨ, "ਓਮੰ ਪਦਮਨੇ ਹਮੰ ਸ਼ਿਧਾਯਨਮ"। ਯੌਰਪ ਦੇ ਦੇਸ਼, ਇਟਲੀ ਦੇ ਵਾਸੀ ਓਮ ਨੂੰ 'ਓਮਨੀ ਕਰਕੇ ਪੁਕਾਰਦੇ ਹਨ। ਇਸਾਈ ਤੇ ਮੁਸਲਮਾਨ ਓਮੰ ਨੂੰ 'ਤਿਮਨੀ' ਜਾਂ 'ਆਮੀਨ' ਕਰਕੇ ਲਿਖਦੇ ਜਾਂ ਬੋਲਦੇ ਹਨ। ਗੁਰਬਾਣੀ ਵਿਚ ਵੀ 'ਇਕੰਕਾਰ, ਏਕੰਕਾਰ, ਓਅੰਕਾਰ, ਓਮੰ' ਸ਼ਬਦਾਂ ਦਾ ਜਿਕਰ ਹੈ। ਸੋ ਸਾਰੇ ਧਰਮਾਂ ਵਿਚ ਦਾਰਸ਼ਨਕ ਮਤ-ਭੇਦ ਦੇ ਬਾਵਜੂਦ, ਇਕ ਸਾਂਝਾ ਸ਼ਬਦ ਓਮੰ ਹੈ ਜਿਸ ਨੂੰ ਓਮ, ਓਮਨ, ਓਮੀਨ ਕਰਕੇ ਲਿਖਿਆ-ਪੜ੍ਹਿਆ-ਬੋਲਿਆ ਜਾਂਦਾ ਹੈ। ਇਹ ਓਮੰ ਦੇ ਲਿਖਣ ਜਾਂ ਬੋਲਣ ਵਿਚ ਮਾੜਾ ਜਿਹਾ ਭੇਦ ਕਿਉਂ ਹੈ ?

ਕਈ ਵਾਰੀ ਕਿਸੇ ਧੁਨੀ ਨੂੰ ਸੁਣ ਕੇ ਉਸ ਨੂੰ ਸ਼ਬਦ ਦਾ ਰੂਪ ਦੇਣਾ ਮੁਸ਼ਕਲ ਹੋ ਜਾਂਦਾ ਹੈ। ਮਸਲਨ, ਚਿੜੀ ਸਵੇਰੇ ਕੁਝ ਧੁਨੀ ਕਰਦੀ ਹੈ। ਹੁਣ ਕੋਈ ਇਸ ਧੁਨੀ ਨੂੰ ਚੀਂ-ਚੀਂ, ਕੋਈ ਚੂੰ-ਚੂੰ, ਕੋਈ ਚਿਉਂ-ਚਿਉਂ, ਕੋਈ ਚੀਉਂ-ਚੀਉਂ ਕਰਕੇ ਦਸਦਾ ਹੈ। ਧੁਨੀ ਇਕੋ ਹੀ ਹੈ ਪਰ ਸੁਨਣ ਵਾਲੇ ਦੀ ਸਮਝ ਅਨੁਸਾਰ ਉਸ ਦੇ ਪ੍ਰਗਟਾਵ ਵਿਚ ਥੋੜਾ ਬਹੁਤ ਅੰਤਰ ਹੋ ਜਾਂਦਾ ਹੈ। ਹੋਰ ਸਮਝੋ—ਕਈ ਲੋਕੀਂ 'ੜ' ਨੂੰ 'ਰ' ਕਰਕੇ ਬੋਲਦੇ ਹਨ। ਉਹ ਚਿੜੀ ਸੁਨਣਗੇ ਪਰ ਚਿਰੀ ਬੋਲਣਗੇ,



Digitized by Panjab Digital Library | www.panjabdigilib.org

ਉਹ 'ਕੀੜੀ' ਸੁਨਣਗੇ ਤੇ 'ਕੀਰੀ' ਬੋਲਣਗੇ। ਅੰਗਰੇਜ਼ੀ ਭਾਸ਼ਾ ਦੇ ਸ਼ਬਦਾਂ ਨੂੰ ਸੁਨਣ ਦੇ ਬਾਦ ਵੀ ਕਈ ਪੰਜਾਬੀ ਜਾਂ ਦਖਣ-ਭਾਰਤੀ ਵੀਰ ਉਨ੍ਹਾਂ ਦਾ ਉਚਾਰਣ ਹੋਰ ਹੋਰ ਤਰ੍ਹਾਂ ਕਰਦੇ ਹਨ। ਇਦਾਂ ਹੀ ਓਮੰ ਸ਼ਬਦ ਦਾ ਰੂਪ ਕੌਮ, ਨਸਲ, ਇਲਾਕੇ, ਭਾਸ਼ਾ ਦੇ ਉਚਾਰਣ ਢੰਗ ਨਾਲ ਪ੍ਰਭਾਵਤ ਹੋਂਦਾ ਹੈ ਤੇ ਥੋੜਾ ਜਿਹਾ ਬਦਲ ਜਾਂਦਾ ਹੈ। ਬੀਜ ਮੰਤ੍ਰ ਓਅੰ ਹੀ ਹੈ।

ਸਿਖੀ ਦਾ ਬੀਜ ਮੰਤ੍ਰ ਇਕੰਕਾਰ, ਇਕਓਅੰਕਾਰ (੧ਓ) ਹੈ। ਇਸ ਦਾ ਛੋਟਾ ਰੂਪ ਓਅੰਕਾਰ (ਓ) ਹੈ ਤੇ ਇਸ ਤੋਂ ਹੋਰ ਛੋਟਾ ਓਮੰ (ਓਂ) ਹੈ। ਗੁਰਬਾਣੀ ਵਿਚ ਇਸ ਮੰਤ੍ਰ ਦੇ ਤਿੰਨੋ ਰੂਪ ਮਿਲਦੇ ਹਨ—

੧ਓ -ਏਕਕਾਰੁ ਅਵਰੁ ਨਹੀਂ ਦੂਜਾ ਨਾਨਕ ਏਕੁ ਸਮਾਣੀ।
(ਪੰਨਾ ੬੩੦)

ੴ—ਓਅੰਕਾਰਿ ਸਭ ਸ੍ਰਿਸਟਿ ਉਪਾਈ।
ਸਭੁ ਖੇਲੁ ਤਮਾਸਾ ਤੇਰੀ ਵਡਿਆਈ।
(ਪੰਨਾ ੧੦੬੧)

ਓ—ਓਅੰ ਸਾਧ ਸਤਿਗੁਰ ਨਮਸਕਾਰੰ।
(ਪੰਨਾ ੨੫੦)

ਭਾਈ ਗੁਰਦਾਸ ਜੀ ਲਿਖਦੇ ਹਨ—

ਨਿਰੰਕਾਰ ਆਕਾਰੁ ਹੋਇ ਏਕੰਕਾਰ ਅਪਾਰੁ ਸਦਾਇਆ।
ਏਕੰਕਾਰੁ ਸਬਦਿ ਧੁਨਿ ਓਅੰਕਾਰ ਅਕਾਰ ਬਣਾਇਆ।

ਪਹਿਲਾਂ ਮੈਂ ਓਅੰ (ਓ) ਦੀ ਗੱਲ ਕਰਦਾ ਹਾਂ, ਫਿਰ ਓਅੰਕਾਰ (ੴ) ਦੀ, ਤੇ ਫਿਰ ਉਸਦੇ ਬਾਦ ਇਕੰਕਾਰ (੧ਓ) ਦੀ।

ਮੈਂ ਹੁਣੇ ਕਿਹਾ ਸੀ ਕਿ ਓਅੰ ਦੀ ਧੁਨੀ ਸਭ ਸੰਤਾਂ ਨੇ ਆਪਣੀ ਪ੍ਰਮ ਸਿਮਰਨ ਅਵਸਥਾ ਵਿਚ ਸੁਣੀ। ਇਹ ਕੀ ਹੈ ? ਸਿਮਰਨ ਦੀਆਂ ਸਤ ਅਵਸਥਾਂ ਮਨੀਆਂ ਜਾਂਦੀਆਂ ਹਨ। ਜਿਉਂ ਜਿਉਂ ਸਿਮਰਨ ਵਿਚ ਪਕਦੇ ਜਾਈਦਾ ਹੈ ਬਾਹਰ ਦਾ ਸ਼ੋਰੋਗੁਲ ਬੰਦ ਹੁੰਦਾ ਜਾਂਦਾ ਹੈ। ਇਕ ਅਵਸਥਾ ਆਂਦੀ ਹੈ ਜਦੋਂ ਬਾਹਰ ਦਾ ਸ਼ੋਰ ਸੁਣਦਾ ਨਹੀਂ ਜਾਂ ਕੰਨਾਂ ਰਾਹੀਂ ਸੁਣਦਾ ਰਹਿੰਦਾ ਹੈ ਪਰ ਮਨ ਉਸ ਧੁਨੀ ਨੂੰ ਗ੍ਰਹਿਣ



Digitized by Panjab Digital Library | www.panjabdigilib.org

ਨਹੀਂ ਕਰਦਾ। ਇਦਾਂ ਕਹਿ ਸਕਦੇ ਹਾਂ ਕਿ ਗਿਆਨ ਇੰਦਰੀਆਂ ਤਾ ਆਪਣਾ ਕੰਮ ਕਰੀ ਜਾਂਦੀਆਂ ਹਨ ਪਰ ਉਨ੍ਹਾਂ ਦਾ ਪ੍ਰਭਾਵ ਪੈਣਾ ਬੰਦ ਹੋ ਜਾਂਦਾ ਹੈ। ਪਰ ਬਾਹਰ ਦੇ ਸ਼ੋਰ ਦੇ ਬੰਦ ਹੋਣ ਨਾਲ ਅੰਦਰ ਦਾ ਸ਼ੋਰ ਥੋੜੇ ਹੀ ਬੰਦ ਹੋ ਜਾਂਦਾ ਹੈ। ਇਹ ਸ਼ੋਰ ਚਲਦਾ ਰਹਿੰਦਾ ਹੈ। ਮਨ ਜਿਹੜਾ ਕਿ ਇੰਦਰੀਆਂ ਦਾ ਰਾਜਾ ਕਿਹਾ ਜਾਂਦਾ ਹੈ, ਆਪਣਾ ਸ਼ੋਰ ਜਾਰੀ ਰਖਦਾ ਹੈ। ਮਨ ਆਪਣੇ ਖਿਆਲਾਂ ਦਾ ਤਾਣਾ-ਬਾਣਾ ਉਣਦਾ ਹੀ ਰਹਿੰਦਾ ਹੈ। ਵਿਚਾਰ ਚਲਦੇ ਰਹਿੰਦੇ ਹਨ। ਪਰ ਜੇ ਤੁਸੀਂ ਸਿਮਰਨ ਜਾਰੀ ਰਖੋ (ਮੈਂ ਮਨ ਰਾਹੀਂ ਸਿਮਰਨ ਦੀ ਗਲ ਕਰ ਰਿਹਾਂ ਹਾਂ ਬੋਲਣ ਵਾਲੇ ਸਿਮਰਨ ਦੀ ਨਹੀਂ) ਤਾਂ ਐਸੀ ਸਟੇਜ਼ ਤੇ ਅਪੜ ਜਾਂਦੇ ਹੋ ਜਿਥੇ ਵਿਚਾਰ ਵੀ ਬੰਦ ਹੋ ਜਾਂਦੇ ਹਨ ਜਾਂ ਨਾ ਹੋਣ ਜਿਹੇ ਰਹਿ ਜਾਂਦੇ ਹਨ। ਇਸ ਨਿਰਵਿਚਾਰ ਅਵਸਥਾ ਨੂੰ ਸਿਮਰਨ ਦੀ ਪੰਜਵੀਂ ਸਟੇਜ ਕਹਿੰਦੇ ਹਨ। ਜੇ ਵਿਚਾਰਾਂ ਦਾ ਅਤੀ ਸੂਖਮ ਭਾਵ ਵੀ ਬਾਕੀ ਹੈ ਤਾਂ ਉਹ ਸਿਮਰਨ-ਅਭਿਆਸੀ ਚੌਥੀ ਸਟੇਜ ਤੇ ਹੀ ਹੈ। ਜੇ ਵਿਚਾਰ ਬਿਲਕੁਲ ਨਹੀਂ ਰਹੇ ਤਾਂ ਉਹ ਪੰਜਵੀਂ ਸਟੇਜ ਤੇ ਅਪੜ ਜਾਂਦਾ ਹੈ। ਇਸ ਨਿਰਵਿਚਾਰ ਅਵਸਥਾ ਵਿਚ ਨੌਵੇਂ ਗਿਆਨ ਇੰਦਰੀਆਂ ਕੰਮ ਨਹੀਂ ਕਰਦੀਆਂ। ਉਦੋਂ ਕੁਝ ਸੁਣਦਾ ਹੈ ਜਿਸਨੂੰ ਅਨਹਦ ਨਾਦ (ਧੁਨੀ) ਕਹਿੰਦੇ ਹਨ—

ਨਉ ਸਰ ਸੁਭਰ ਦਸਵੈ ਪੂਰੇ।
ਤਹ ਅਨਹਤ ਸੁੰਨ ਵਜਾਵਹਿ ਤੂਰੇ।

(ਪੰਨਾ ੯੪੩)

ਉਦੋਂ ਜੋ ਸੁਣਦਾ ਹੈ, ਉਸ ਨੂੰ ਸ਼ਬਦਾਂ ਰਾਹੀਂ ਨਹੀਂ ਦਸਿਆ ਜਾ ਸਕਦਾ। ਉਹ ਸਿਰਫ ਮਹਿਸੂਸ ਹੀ ਕੀਤਾ ਜਾ ਸਕਦਾ ਹੈ। ਸੁਣਿਆ ਨਹੀਂ ਜਾ ਸਕਦਾ ਕਿਉਂਕਿ ਸੁਨਣਾ ਗਿਆਨ ਇੰਦਰੀ (ਕੰਨ) ਦਾ ਕੰਮ ਹੈ। ਇਸ ਅਹਿਸਾਸ ਜਾਂ ਸੁਨਣ ਨੂੰ ਅਸੀਂ ਜ਼ਬਾਨ ਰਾਹੀਂ ਦਸਣਾ ਚਾਹੁੰਦੇ ਹਾਂ ਤਾਂ ਉਸ ਦੀ ਧੁਨੀ 'ਓਅੰ' ਵਾਂਗ ਹੀ ਨਿਕਲਦੀ ਹੈ। ਬੋਲਣ ਵਿਚ ਓਮ ਕਹੋ ਓਅੰਗ ਕਹੋ, ਓਮਨ ਕਹੋ। ਇਹ ਧੁਨੀ ਅਸਤਿਵ ਦੀ ਧੁਨੀ ਹੈ। ਇਹ ਧੁਨੀ ਪੂਰਨ ਸਤਿਗੁਰੂ ਵਾਹਿਗੁਰੂ ਦੀ ਪ੍ਰਤੀਕ ਹੈ। ਇਹ ਧੁਨੀ ਉਦੋਂ ਪ੍ਰਗਟ ਹੁੰਦੀ ਹੈ ਜਦੋਂ ਉਹ ਨਿਰਾਕਾਰ ਤੋਂ ਆਕਾਰ ਰੂਪ ਧਾਰਣ ਕਰਦਾ ਹੈ। ਗੁਰਵਾਕ ਹੈ —



Digitized by Panjab Digital Library | www.panjabdigilib.org

ੳਅੰ ਸਾਧ ਸਤਿਗੁਰ ਨਮਸਕਾਰੰ ।
ਆਦਿ ਮਧਿ ਅੰਤਿ ਨਿਰੰਕਾਰੰ ।

(ਪੰਨਾ ੨੫੦)

ੳਅੰ ਗੁਰਮੁਖਿ ਕੀਓ ਅਕਾਰਾ ।
ਏਕਹਿ ਸੂਤਿ ਪਰੋਵਨਹਾਰਾ ।

(ਪੰਨਾ ੨੫੦)

ਜਦੋਂ ਵਾਹਿਗੁਰੂ ਦੀ ਸੁਤੀ ਸ਼ਕਤੀ ਵਿਚਾਰਾਂ ਦਾ ਰੂਪ ਧਾਰਦੀ ਹੈ ਤਾਂ ਇਸ ਰਾਹੀਂ ਤਰੰਗਾਂ ਉਠਦੀਆਂ ਹਨ । ਇਹ ਵਿਚਾਰਾਂ ਦੀਆਂ ਤਰੰਗਾਂ ਇਕ ਧੁਨੀ ਪ੍ਰਗਟ ਕਰਦੀਆਂ ਹਨ ਜਿਸਦਾ ਨਾਂ ਓਅੰਕਾਰ ਹੈ । ਹਰ ਸਿਮਰਨ ਅਭਿਆਸੀ ਦੀ ਚ੍ਹਾਹ ਹੁੰਦੀ ਹੈ ਕਿ ਉਹ ਇਸ ਧੁਨੀ (ਅਨਹਦ ਨਾਦ) ਨੂੰ ਮਹਿਸੂਸ ਕਰੇ ਕਿਉਂਕਿ ਇਸ ਰਾਹੀਂ ਅਨੰਦ ਦੀ ਝਲਕ ਮਿਲਦੀ ਹੈ । ਇਸ ੧ਓ ਦਾ ਸਥੂਲ ਰੂਪ ਥੋੜੇ ਅਭਿਆਸ ਨਾਲ ਪ੍ਰਗਟ ਹੋ ਜਾਂਦਾ ਹੈ । ਪਰ ਪਰਮ ਅਨੰਦ ਦੀ ਅਵਸਥਾ ਉਦੋਂ ਹੀ ਪ੍ਰਾਪਤ ਹੁੰਦੀ ਹੈ ਜਦੋਂ ਇਹ ਧੁਨੀ ਸੂਖਮ ਹੁੰਦੀ ਜਾਂਦੀ ਹੈ ਤੇ ਸਥਿਰ ਹੋ ਜਾਂਦੀ ਹੈ । ਅਭਿਆਸ ਕਰੋ ਤੇ ਅਨੰਦ ਮਾਣੋ ।



Digitized by Panjab Digital Library | www.panjabdigilib.org

## ੨. ੧ਓ ਤੋਂ ਸੰਸਾਰ ਦੀ ਉਤਪਤੀ :

ਸਾਰੇ ਧਰਮਾਂ ਦਾ ਮਤ ਹੈ ਕਿ ਸੰਸਾਰ ਦੀ ਉਤਪਤੀ, ਇਸ ਦੀ ਬਣਤਰ, ਵਾਹਿਗੁਰੂ ਦੇ ਹੁਕਮ, ਉਸ ਦੇ ਸ਼ਬਦ, ਉਸ ਸਬਦ ਰਾਹੀ ਹੋਈ ਧੁਨੀ (ਆਵਾਜ਼) ਤੋਂ ਹੋਈ। ਇਹ ਵੀ ਸਾਰੇ ਮੰਨਦੇ ਹਨ ਕਿ ਉਸ ਧੁਨੀ ਨਾ ਨਾਦ 'ਓਅੰ' ਵਰਗਾ ਹੈ। ਪਰ ਸਾਇੰਸ ਦਾ ਮਤ ਹੈ ਕਿ ਸੰਸਾਰ ਦੀ ਬਣਤਰ ਬਿਜਲੀ ਦੀ ਸ਼ਕਤੀ ਰਾਹੀਂ ਹੋਈ। ਦੋਨਾਂ ਵਿਚ ਕੀ ਫਰਕ ਹੈ ?

ਧਰਮ ਦਾ ਮਤ ਹੈ ਕਿ ਵਾਹਿਗੁਰ ਨੂੰ ਸੰਸਾਰ ਦੇ ਨਿਰਮਾਣ ਕਰਨ ਦਾ ਵਿਚਾਰ ਆਇਆ, ਇਹ ਵਿਚਾਰ ਮਨ ਵਿਚ ਗਿਆ, ਮਨ ਨੇ ਹੁਕਮ ਦਿਤਾ ਤੇ ਹੁਕਮ ਨੇ ਧੁਨੀ ਦਾ ਰੂਪ ਧਾਰਣ ਕੀਤਾ। ਇਸੇ ਲਈ ਧਾਰਮਕ-ਗੁਰੂਆਂ ਨੇ ਆਪਣੇ ਮਨ ਨੂੰ ਤੋੜਣਾ ਸ਼ੁਰੂ ਕੀਤਾ ਤੇ ਤੋੜਦੇ-ਤੋੜਦੇ ਐਸੇ ਮਕਾਮ ਤੇ ਪਹੁੰਚ ਗਏ ਜਿਥੇ ਮਨ ਨਹੀਂ ਬਚਿਆ, ਗਿਆਨ ਨਹੀਂ ਬਚਿਆ, ਸੰਸਾਰ ਦਾ ਭਾਵ ਨਹੀਂ ਬਚਿਆ। ਉਸ ਅਵਸਥਾ ਵਿਚ ਸਿਰਫ ਉਸ ਦੇ ਹੁਕਮ ਦੀ ਧੁਨੀ ਹੀ ਸੁਣਾਈ ਦਿਤੀ। ਉਸ ਦੇ ਉਲਟ, ਸਾਇਸਦਾਨਾਂ ਨੇ ਸੰਸਾਰ ਦੀਆਂ ਵਸਤੂਆਂ ਨੂੰ ਤੋੜਣਾ ਸ਼ੁਰੂ ਕੀਤਾ ਤੇ ਤੋੜਦੇ-ਤੋੜਦੇ ਐਟਮ (Atom) ਤਕ ਪਹੁੰਚ ਗਏ। ਇਨ੍ਹਾਂ ਐਟਮਾਂ ਦੀ ਜੋੜ-ਤੋੜ ਨਾਲ ਸੰਸਾਰ ਦੀ ਹਰ ਚੀਜ਼ ਬਣ ਜਾਂਦੀ ਹੈ ਕਿਉਂਕਿ ਹਰ ਵਸਤੂ ਲਈ ਇਨ੍ਹਾਂ ਐਟਮਾਂ ਦੀ ਗਿਣਤੀ ਤੇ ਇਨ੍ਹਾਂ ਦੀ ਤਰਤੀਬ ਵਖੋ-ਵਖਰੀ ਹੁੰਦੀ ਹੈ। ਐਟਮ ਨੂੰ ਤੋੜਣ ਨਾਲ ਬਿਜਲੀ ਦੀ ਅਪਾਰ ਸ਼ਕਤੀ ਮਿਲੀ ਜਿਸ ਵਿਚ ਆਵਾਜ਼ ਸੀ, ਰੋਸ਼ਨੀ ਸੀ, ਤੇ ਚਾਲ ਸੀ। ਸੋ ਸਾਇੰਸ ਅਨੁਸਾਰ ਬਿਜਲੀ ਤੋਂ ਆਵਾਜ਼ ਪੈਦਾ ਹੁੰਦੀ ਹੈ। ਇਸ ਲਈ ਸੰਸਾਰ ਦਾ ਮੂਲ ਬਿਜਲੀ ਹੈ ਧੁਨੀ ਨਹੀਂ। ਪਰ ਧੁਨੀ ਤੋਂ ਵੀ ਤਾਂ ਬਿਜਲੀ (ਗਰਮੀ) ਪੈਦਾ ਹੋ ਸਕਦੀ ਹੈ। ਪੁਰਾਣੀ ਕਹਾਣੀ ਹੈ ਕਿ ਦੀਪਕ ਰਾਗ ਗਾਣ ਨਾਲ ਕਿਸੇ ਦੇ



Digitized by Panjab Digital Library | www.panjabdigilib.org

ਸਰੀਰ ਵਿਚ ਬੇਅੰਤ ਗਰਮੀ ਪੈਦਾ ਹੋ ਗਈ। ਇਹ ਵੀ ਕਿਹਾ ਜਾਂਦਾ ਹੈ ਕਿ ਉਸ ਗਰਮੀ ਨਾਲ ਗਵਈਏ ਦਾ ਸਰੀਰ ਸੜ ਕੇ ਕੋਲੇ ਵਾਂਗ ਹੋ ਗਿਆ। ਇਹ ਗਰਮੀ (ਬਿਜਲੀ) ਆਵਾਜ਼ ਰਾਹੀਂ ਪੈਦਾ ਹੋਈ। ਸੋ ਧਰਮ ਦਾ ਮਤ ਹੈ ਕਿ ਸੰਸਾਰ ਦਾ ਮੂਲ ਧੁਨੀ ਹੀ ਹੈ ਬਿਜਲੀ ਨਹੀਂ ਕਿਉਂਕਿ ਧੁਨੀ ਰਾਹੀਂ ਬਿਜਲੀ ਪੈਦਾ ਕੀਤੀ ਜਾ ਸਕਦੀ ਹੈ। ਕੌਣ ਸੱਚਾ ਹੈ, ਧਰਮ ਕਿ ਸਾਇੰਸ ?

ਧਰਮ ਨੇ ਤਾਂ ਅਗੇ ਵਿਚਾਰਨਾ ਜ਼ਰੂਰੀ ਨਹੀਂ ਸਮਝਿਆ ਕਿਉਂਕਿ ਇਸ ਨੂੰ ਸਤਿ ਦਾ ਪ੍ਰਤਖ ਗਿਆਨ ਹੈ। ਪਰ ਸਾਇੰਸ ਹਲੀਂ ਅਗੇ ਭਾਲ ਵਿਚ ਲਗੀ ਹੋਈ ਹੈ। ਹੋ ਸਕਦਾ ਹੈ ਕਿ ਅਗੇ ਚਲ ਕੇ ਸਾਇੰਸ ਨੂੰ ਪਤਾ ਚਲੇ ਕਿ ਆਵਾਜ਼ ਰਾਹੀਂ, ਧੁਨੀ ਰਾਹੀਂ, ਬਿਜਲੀ ਪੈਦਾ ਹੋ ਸਕਦੀ ਹੈ। ਜੇ ਇਦਾਂ ਹੋ ਗਿਆ ਤਾਂ ਧਰਮ ਤੇ ਸਾਂਇਸ ਦੇ ਮਤ ਦਾ ਸੰਗਮ ਹੋ ਜਾਏਗਾ। ਦੋਨੋ ਮਨਣਗੇ ਕਿ ਸੰਸਾਰ ਦੀ ਉਤਪਤੀ ਓਅੰ ਤੋਂ ਹੋਈ। ਓਅੰ ਉਸ ਵਿਚਾਰ ਦੀ ਗਤੀ ਦਰਸਾਂਦੀ ਹੈ ਜਿਸ ਰਾਹੀਂ ਵਾਹਿ-ਗੁਰੂ ਨੇ ਸੰਸਾਰ ਬਣਾਇਆ। ਗੁਰਮਤਿ ਹੈ ਕਿ ਇਕ ਕਵਾਉ (ਹੁਕਮ ਸ਼ਬਦ) ਰਾਹੀਂ ਸੰਸਾਰ ਬਣਿਆ —

ਕੀਤਾ ਪਸਾਉ ਏਕੋ ਕਵਾਉ ॥

(ਪੰਨਾ ੩)

ਏਕ ਕਵਾਵੈ ਤੇ ਸਭਿ ਹੋਆ ॥

(ਪੰਨਾ ੧੦੮੩)

ਪਰ ਗੁਰਬਾਣੀ ਉਸ ਤੋਂ ਅਗੇ ਬਹਿਸ ਵਿਚ ਜਾਣਾ ਜ਼ਰੂਰੀ ਨਹੀਂ ਸਮਝਦੀ। ਇਸ ਬਹਿਸ ਦਾ ਫਾਇਦਾ ਕੀ ? ਜਿਸ ਬਣਾਈ ਉਹ ਜਾਣੇ। ਗੁਰਸਿਖ ਲਈ ਐਨਾ ਜਾਣ ਲੈਣਾ ਹੀ ਕਾਫੀ ਹੈ ਕਿ ਸਾਰਾ ਪਸਾਰਾ ਵਾਹਿਗੁਰੂ ਦੇ ਹੁਕਮ (ਕਵਾਉ) ਰਾਹੀਂ ਹੋਇਆ। ਹੁਣ ਇਸ ਹੁਕਮ ਨੇ ਧੁਨੀ ਦਾ ਰੂਪ ਧਾਰਣ ਕੀਤਾ ਜਾਂ ਬਿਜਲੀ ਦਾ, ਜਾਨਣਾ ਸਾਡੇ ਲਈ ਬੇਮਹਿਨੀ ਹੈ। ਇਹ ਜਾਨਣਾ ਸਾਡੀ ਮੰਜ਼ਲ ਨਹੀਂ। ਗੁਰਸਿਖ ਨੇ ਧੁਨੀ ਦੇ ਕਰਤਾ ਤਕ ਪਹੁੰਚਣਾ ਹੈ। ਉਹ ਧੁਨੀ ਭਾਵੇਂ ਕਿਸੇ ਵੀ ਰੂਪ ਵਿਚ ਹੋਏ। ਇਸੇ ਲਈ ਗੁਰਬਾਣੀ ਵਿਚ ਕਰਤਾ ਨੂੰ ੴਕਾਰ ਨਾਲ ਸੰਬੋਧਿਤ ਕੀਤਾ ਹੈ ਤੇ ਹੁਕਮ ਨੂੰ ਓਅੰਕਾਰ ਨਾਲ। ਪਹਿਲਾ ਵਾਹਿਗੁਰੂ ਦੀ ਨਿਰਾਕਾਰ ਅਵਸਥਾ ਦਸਦਾ ਹੈ ਤੇ ਦੂਸਰਾ ਸਾਕਾਰ। ਜਦੋਂ ਵਾਹਿਗੁਰੂ ਨੂੰ ਨਿਰਾਕਾਰ ਦਸਣਾ ਹੈ ਤਾਂ ਗੁਰੂ ਜੀ ਕਹਿੰਦੇ ਹਨ—



Digitized by Panjab Digital Library | www.panjabdigilib.org

ਏਕੰਕਾਰੁ ਅਵਰੁ ਨਹੀ ਦੂਜਾ ਨਾਨਕ ਏਕੁ ਸਮਾਈ ।
(ਪੰਨਾ ੯੩੦)

ਨਿਰੰਕਾਰੁ ਆਕਾਰੁ ਕਰਿ ਏਕੰਕਾਰੁ ਅਪਾਰੁ ਸਦਾਇਆ ।
ਏਕੰਕਾਰਹੁ ਸਬਦਿ ਧੁਨਿ ਓਅੰਕਾਰ ਅਕਾਰ ਬਣਾਇਆ ।
ਨਿਰਾਧਾਰ ਨਿਰੰਕਾਰ ਨ ਅਲਖ ਲਖਾਇਆ ।
ਹੋਆ ਏਕੰਕਾਰ ਆਪ ਉਪਾਇਆ ।
ਓਅੰਕਾਰਿ ਅਕਾਰੁ ਚਲਤੁ ਰਚਾਇਆ ।
(ਭਾਈ ਗੁਰੂਦਾਸ)

ਜਦੋਂ ਵਾਹਿਗੁਰੂ ਦਾ ਸਾਕਾਰ ਸਰਗੁਣ ਰੂਪ ਦਸਣਾ ਹੈ ਤਾਂ ਗੁਰੂ ਜੀ ਕਹਿੰਦੇ ਹਨ—

ਓਅੰਕਾਰਿ ਬ੍ਰਹਮਾ ਉਤਪਤਿ ।
ਓਅੰਕਾਰੁ ਕੀਆ ਜਿਨ ਚਿਤਿ ।
ਓਅੰਕਾਰਿ ਸੈਲ ਜੁਗ ਭਏ ।
ਓਅੰਕਾਰਿ ਬੇਦ ਨਿਰਮਏ ।
ਓਅੰਕਾਰਿ ਸਬਦਿ ਉਧਰੇ । ਓਅੰਕਾਰਿ ਗੁਰਮੁਖਿ ਤਰੇ ।
(ਪੰਨਾ ੯੩੦)

ਓਅੰਕਾਰ ਦਾ ਸ਼ਬਦ ਹੀ ਸਾਰੀ ਕਾਇਨਾਤ ਵਿਚ ਗੂੰਜਦਾ ਹੈ—

ਜੇਤਾ ਸ਼ਬਦੁ ਸੁਰਤਿ ਧੁਨੀ ਤੇਤੀ
ਜੇਤਾ ਰੂਪੁ ਕਾਇਆ ਤੇਰੀ ।
(ਪੰਨਾ ੩੫੦)

ਗੁਰਮਤਿ ਅਨੁਸਾਰ ਸਾਡੀ ਹੋਂਦ ਵਿਚ ਵਾਹਿਗੁਰੂ ਦਾ ਸ਼ਬਦ ਸਮਾਇਆ ਹੋਇਆ ਹੈ । ਇਸ ਵਿਚਾਰ ਨੂੰ ਦੂਸਰੇ ਧਰਮ ਵਾਲੇ ਵੀ ਮੰਨਦੇ ਹਨ । ਵੇਦ ਵਿਚ ਲਿਖਿਆ ਹੈ 'ਸ਼ੁਰੂ ਵਿਚ ਪ੍ਰਜਾਪਤੀ ਬ੍ਰਹਮਾ ਸੀ, ਉਸ ਨਾਲ ਸਬਦ ਸੀ ਤੇ ਸਬਦ ਪ੍ਰਮ ਬ੍ਰਹਮ ਸੀ ।' ਮੈਤਰੀਆਂ ਉਪਨਿਸ਼ਦ ਵਿਚ ਲਿਖਿਆ ਹੈ 'ਇਕ ਬ੍ਰਹਮ ਅਸ਼ਬਦ



Digitized by Panjab Digital Library | www.panjabdigilib.org

ਹੈ ਤੇ ਦੂਸਰਾ ਸ਼ਬਦ-ਬ੍ਰਹਮ ਹੈ।" ਬਾਈਬਲ ਵਿਚ ਆਂਦਾ ਹੈ, 'ਆਦਿ ਵਿਚ ਸਬਦ ਸੀ, ਸਬਦ ਰਬ ਕੋਲ ਸੀ, ਤੇ ਸਬਦ ਰਬ ਸੀ।" ਸੋ ਸਾਰੇ ਧਰਮ ਗਰੰਥ ਗੁਰਮਤਿ ਨਾਲ ਸਹਿਮਤ ਹਨ ਕਿ ਰਬ ਨੇ ਸੰਸਾਰ ਦੀ ਉਤਪਤੀ ਸਬਦ ਰਾਹੀਂ ਕੀਤੀ। ਉਸ ਸ਼ਬਦ ਕੀ ਆਵਾਜ਼ ਕਿਹੋ ਜੇਹੀ ਸੀ ?

ਇਸ ਸ਼ਬਦ ਦੀ ਆਵਾਜ 'ਓਅੰ' ਜਿਹੀ ਹੈ। ਜਿਦਾਂ ਕਿ ਉਸ ਦੇ ਕਰਤੇ ਦੀ ਹੈ। ਗੁਰਵਾਕ ਹੈ—

ਸੁੰਨੋ ਸੁੰਨੁ ਕਹੈ ਸਭੁ ਕੋਈ।
ਅਨਹਤ ਸੁੰਨੁ ਕਹਾ ਤੇ ਹੋਈ।
ਅਨਹਤ ਸੁੰਨਿ ਰਤੇ ਸੇ ਕੈਸੇ।
ਜਿਸ ਤੇ ਉਪਜੇ ਤਿਸ ਹੀ ਜੈਸੇ।

(ਪੰਨਾ ੯੪੩)

ਇਸ ਲਈ ਉਹ ਸ਼ਬਦ ਹਰ ਜੀਵ-ਅਜੀਵ, ਹਰ ਦ੍ਰਿਸ਼ਟ-ਅਦ੍ਰਿਸ਼ਟ, ਹਰ ਪ੍ਰਬਤ-ਪਹਾੜ, ਹਰ ਪੰਖੀ-ਪਸ਼ੂ, ਹਰ ਘਟ ਅੰਦਰ ਵਸ ਰਿਹਾ ਹੈ। ਪਰ ਉਸ ਦੀ ਕੋਈ ਅਵਾਜ਼ ਨਹੀਂ। ਹਰ ਅਵਾਜ਼ ਟਕਰਾਉ (ਹਦ) ਨਾਲ ਪੈਦਾ ਹੁੰਦੀ ਹੈ। ਬਦਲਾਂ ਦੇ ਟਕਰਾਓ ਨਾਲ ਗੜਗੜਾਹਟ ਪੈਦਾ ਹੁੰਦਾ ਹੈ, ਤਬਲੇ ਤੇ ਹਥ ਦੇ ਟਕਰਾਓ ਨਾਲ ਧੁਨ ਪੈਦਾ ਹੁੰਦੀ ਹੈ, ਉਂਗਲਾਂ ਨਾਲ ਸਿਤਾਰ ਛੇੜਣ ਰਾਹੀਂ ਝਨ-ਝਨਾਹਟ ਪੈਦਾ ਹੁੰਦੀ ਹੈ। ਸੰਸਾਰ ਦੀ ਕੋਈ ਅਵਾਜ਼ ਬਿਨਾਂ ਟਕਰਾਉ ਦੇ ਪੈਦਾ ਨਹੀਂ ਕੀਤੀ ਜਾ ਸਕਦੀ। ਤਾਲੀ ਵਜਾਣ ਲਈ ਵੀ ਦੋ ਹਥਾਂ ਦੀਆਂ ਤਲੀਆਂ ਦੀ ਟਕਰ ਜ਼ਰੂਰੀ ਹੈ। ਪਰ ਓਅੰ ਦੀ ਧੁਨੀ ਇਕ ਹਥ ਦੀ ਤਾਲੀ ਵਾਂਗ ਹੈ। ਇਸ ਵਿਚ ਨਾਦ ਹੈ ਪਰ ਹਦ (ਟੱਕਰ) ਨਹੀਂ। ਸਿਆਣਿਆਂ ਨੇ ਇਸ ਨੂੰ ਅਸਤਿਵ ਦਾ ਨਾਦ ਕਿਹਾ ਹੈ। ਪੁਰਾਣੇ ਸਮੇਂ ਵਿਚ ਜਦੋਂ ਕੋਈ ਸਿਮਰਨ ਸਿਖਣ ਜਾਂਦਾ ਸੀ ਤਾਂ ਗੁਰੂ ਉਸ ਨੂੰ ਕਹਿੰਦਾ ਸੀ ਕਿ ਅੱਖਾਂ ਮੀਟ ਲਉ ਤੇ ਇਕ ਹਥ ਦੀ ਤਾਲੀ ਦੀ ਅਵਾਜ਼ ਸੁਨਣ ਦੀ ਕੋਸ਼ਿਸ਼ ਕਰੋ। ਇਸ ਆਵਾਜ਼ ਤੋਂ ਮੁਰਾਦ ਉਹ ਤਾਲ ਸੀ ਜਿਹੜਾ ਬਿਨਾ ਟਕਰਾਉ ਨਿਕਲਦਾ ਹੈ। ਇਹ ਉਸ ਸਾਜ਼ ਦੀ ਅਵਾਜ਼ ਹੈ ਜਿਹੜਾ ਵਜ ਰਿਹਾ ਹੈ ਪਰ ਬੇ-ਅਵਾਜ਼ ਹੈ। ਇਸ ਲਈ ਉਸ ਅਵਾਜ਼ ਨੂੰ ਗੁਰਬਾਣੀ ਵਿਚ ਅਨਹਦ ਨਾਦ ਕਿਹਾ ਹੈ। ਇਹ ਅਵਾਜ਼ ਹੈ ਵੀ ਤੇ ਨਹੀਂ ਵੀ।


Digitized by Panjab Digital Library | www.panjabdigilib.org

ਇਹ ਅਵਾਜ਼ ਸਦਾ ਤੋਂ ਹੈ 'ਅਨਹਦ ਧੁਨੀ ਸਦ ਵਜਦੇ ।' ਇਹ ਧੁਨੀ ਹੀ ੧ਓ ਹੈ, ਇਹ ਧੁਨੀ ਹੀ ਸੰਸਾਰ ਦੀ ਉਤਪਤੀ ਦਾ ਕਾਰਣ ਹੈ । ਇਹੀ ਗੁਰਬਾਣੀ ਵਿਚ ਦਰਸਾਇਆ ਕਵਾਉ ਹੈ, ਇਹੀ ਅਨਹਦ ਨਾਦ ਹੈ, ਇਹੀ ਉਤਪਤੀ ਦਾ ਮੂਲ ਹੈ ।



Digitized by Panjab Digital Library | www.panjabdigilib.org

## ੩. ੧ਓ ਦੇ ਅਰਥ :

੧ਓ ਨੂੰ ਅਰਥਾਤੀਤ ਕਿਹਾ ਗਿਆ ਹੈ ਕਿਉਂਕਿ ਇਸ ਦੇ ਅਰਥ ਤਾਂ ਹਨ ਪਰ ਇਹ ਵਰਨਣ ਨਹੀਂ ਕੀਤੇ ਜਾ ਸਕਦੇ। ਇਹ ਧੁਨੀ ਅਰਥ ਤੋਂ ਪਰੇ ਦੀ ਅਵਸਥਾ ਦਸਦੀ ਹੈ। ਚੇਤੇ ਰਖੋ ਕਿ ਅਰਥ ਮਨੁਖ ਪਾਂਦਾ ਹੈ ਇਸ ਲਈ ਮਨੁਖ ਹਮੇਸ਼ਾ ਅਰਥ ਦੇ ਉੱਪਰ ਹੁੰਦਾ ਹੈ। ਜਿਨੀ ਕਿਸੇ ਦੀ ਬੁਧੀ ਹੋਏਗੀ ਉਨ੍ਹਾਂ ਹੀ ਅਰਥ ਉਹ ਕਰ ਸਕੇਗਾ। ਪਰ ਵਡੀ ਤੋਂ ਵਡੀ ਬੁਧੀ ਵੀ ਸੀਮਤ ਹੈ। ਇਸ ਲਈ ਇਸ ਰਾਹੀਂ ਕੀਤੇ ਅਰਥ ਵੀ ਸੀਮਤ ਹੋਣਗੇ। ਉਅੰਕਾਰ ਅਸੀਮ ਹੈ ਤੇ ਸੀਮਤ ਬੁਧੀ ਰਾਹੀਂ ਅਸੀਮ ਦੇ ਅਰਥ ਨਹੀਂ ਹੋ ਸਕਦੇ ਕਿਉਂਕਿ ਜੋ ਵੀ ਅਰਥ ਹੋਣਗੇ ਅਪੂਰਨ ਹੋਣਗੇ, ਅਧੂਰੇ ਹੋਣਗੇ। ਇਸ ਕਰਕੇ ਕਈ ਸਿਆਣਿਆਂ ਨੇ ਉਅੰਕਾਰ ਦੇ ਸਿਧੇ ਅਰਥ ਹੀ ਨਹੀਂ ਕੀਤੇ। ਉਨ੍ਹਾਂ ਕਿਹਾ ਕਿ ਓਅੰਕਾਰ ਇਹ ਵੀ ਨਹੀਂ, ਇਹ ਵੀ ਨਹੀਂ (ਨੇਤ, ਨੇਤ)। ਇਸੇ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਜਾਪ ਸਾਹਿਬ ਵਿਚ ਕਿਹਾ ਕਿ ਉਸ ਦੇ ਹਥਾਂ ਪੈਰਾਂ ਵਿਚ ਕੋਈ ਚਕ੍ਰ ਨਹੀਂ, ਉਸ ਦੀ ਕੋਈ ਨਿਸ਼ਾਨੀ ਨਹੀਂ, ਉਸ ਦਾ ਕੋਈ ਵਰਣ ਨਹੀਂ, ਉਸ ਦੀ ਕੋਈ ਜਾਤ ਨਹੀਂ ਆਦਿ। ਗੁਰਵਾਕ ਹੈ —

ਚਕ੍ਰ ਚਿਹਨ ਅਰੁ ਬਰਨ ਜਾਤਿ,
ਅਰੁ ਪਾਤਿ ਨਹਿਨ ਜਿਹ।
ਰੂਪ ਰੰਗ ਅਰੁ ਰੇਖ ਭੇਖ,
ਕੋਊ ਕਹਿ ਨ ਸਕਤ ਕਿਹ।

(ਜਾਪ ਸਾਹਿਬ)

ਕੋਈ ਕਹਿ ਹੀ ਨਹੀਂ ਸਕਦਾ ਕਿ ਉਹ ਕਿਹੋ ਜਿਹਾ ਹੈ। ਇਸੇ ਕਠਿਨਾਈ ਦੇ ਕਾਰਣ ਕਈਆਂ ਨੇ ਓਅੰਕਾਰ ਨੂੰ ਇਕ ਚਿਨ੍ਹ, ਇਕ ਨਿਸ਼ਾਨ, ਇਕ ਐਬਸਟਰੈਕਟ



Digitized by Panjab Digital Library | www.panjabdigilib.org

ਪੇਂਟਿੰਗ (Abstract Painting) ਦੀ ਭਾਂਤੀ ਲਿਖਿਆ ਹੈ। ਉਹ ਓਅੰਕਾਰ ਜਾਂ ਓਮ ਨਹੀਂ ਲਿਖਦੇ। ਉਹ ਓ ਜਾਂ ॐ ਕਰਕੇ ਚਿਤਰਾਂਦੇ ਹਨ। ਇਹ ਇਕ ਚਿਤ੍ਰ ਹੈ ਜਿਹੜਾ ਸਮਝ ਵਿਚ ਆਂਦਾ ਵੀ ਹੈ ਤੇ ਨਹੀਂ ਵੀ ਆਂਦਾ। ਜਿਨਾਂ ਸਮਝਦੇ ਜਾਉ, ਉਨਾਂ ਹੀ ਘਟ ਸਮਝਿਆ ਲਗਦਾ ਹੈ। ਚਿੰਨ੍ਹ ਤੋਂ ਓਅੰਕਾਰ ਸਮਝ ਨਹੀਂ ਆਇਆ ਤਾਂ ਸੰਤਾਂ ਤੇ ਇਸ ਨੂੰ ਇਸ ਦੀ ਧੁਨੀ ਰਾਹੀਂ ਸਮਝਣ ਦਾ ਜਤਨ ਕੀਤਾ।

ਧੁਨੀ-ਸ਼ਾਸ਼ਤਰੀਆਂ ਦਾ ਕਹਿਣਾ ਹੈ ਕਿ ਓਅੰਕਾਰ ਉਨ ਸੂਖਮ ਧੁਨੀਆਂ ਦਾ ਮੇਲ ਹੈ। ਇਹ ਧੁਨੀਆਂ ਹਨ—ਓ+ਅ+ ˆ। ਇਹ ਹੀ ਆਦਿ ਧੁਨੀਆਂ ਹਨ। ਬਾਕੀ ਸਾਰੀਆਂ ਧੁਨੀਆਂ ਇਨ੍ਹਾਂ ਧੁਨੀਆਂ ਵਿਚੋਂ ਹੀ ਨਿਕਲੀਆਂ ਹਨ। ਬਾਵਨ ਅਖਰੀ ਜਾਂ ਪੈਂਤੀ ਅਖਰੀ ਇਨ੍ਹਾਂ ਧੁਨੀਆਂ ਦਾ ਜੋੜ ਹੈ। ਤੁਹਾਨੂੰ ਸ਼ਾਇਦ ਪਤਾ ਹੋਏ ਕਿ 'ਅੱਖਰ' ਸ਼ਬਦ ਸੰਸਕ੍ਰਿਤ ਦੇ ਅਕਸ਼ਰ ਤੋਂ ਬਣਿਆ ਹੈ ਤੇ ਇਸ ਦੇ ਅਰਥ ਹਨ 'ਨਾਸ਼ ਰਹਿਤ, ਨਾ ਮਿਟਣ ਵਾਲਾ।' ਸ਼ਬਦ ਓ+ਅ+ ˆ ਨਾਸ਼ ਰਹਿਤ ਹਨ। ਆਦੀ ਹਨ, ਇਸੇ ਲਈ ਅੱਖਰ ਹਨ। ਬਾਕੀ ਦੇ ਲੈਟਰ ਵੀ ਕਿਉਂਕਿ ਇਨ੍ਹਾਂ ਨਾਸ਼ ਰਹਿਤ ਅੱਖਰਾਂ ਤੋਂ ਬਣੇ ਹਨ, ਇਸ ਲਈ ਉਨ੍ਹਾਂ ਨੂੰ ਵੀ ਅੱਖਰ ਕਿਹਾ ਜਾਂਦਾ ਹੈ। ਇਸੇ ਲਈ ਨਾਂ ਪੈਂਤੀ ਅਖਰੀ ਪੈ ਗਿਆ। ਓਅੰਕਾਰ ਦੀ ਧੁਨੀ ਅਜ ਵੀ ਹੈ। ਇਹ ਧੁਨੀ ਉਦੋਂ ਵੀ ਸੀ ਜਦੋਂ ਅਸੀਂ ਨਹੀਂ ਸਾਂ ਤੇ ਉਦੋਂ ਵੀ ਰਹੇਗੀ ਜਦੋਂ ਅਸੀਂ ਨਹੀਂ ਹੋਵਾਂਗੇ।

ਇਸ ਅਨਾਦੀ ਓਅੰਕਾਰ ਤੋਂ ਸਾਰਾ ਗਿਆਨ ਸਾਰਾ ਦਰਸ਼ਨ, ਸਾਰੀ ਫਿਲਾ-ਸਫੀ, ਸਾਰੀ ਸਮਝ ਮਿਲਦੀ ਹੈ। ਇਹ ਸਾਰੇ ਗਿਆਨ ਦੀ ਕੁੰਜੀ ਹੈ। ਜੇ ਓਅੰਕਾਰ ਦੀ ਕੁੰਜੀ ਨਸ਼ਟ ਹੋ ਜਾਏ ਤਾਂ ਸਾਰਾ ਗਿਆਨ ਬੇ-ਅਰਥ ਹੋ ਜਾਂਦਾ ਹੈ। ਪਰ ਜੇ ਓਅੰਕਾਰ ਦੀ ਕੁੰਜੀ ਸਾਂਭੀ ਰਹੇ ਤੇ ਸਾਰੇ ਗਿਆਨ ਦੇ ਨਸ਼ਟ ਹੋਣ ਨਾਲ ਵੀ ਕੋਈ ਹਾਨੀ ਨਹੀਂ ਹੁੰਦੀ। ਨਵਾਂ ਗਿਆਨ ਲਭਿਆ ਜਾ ਸਕਦਾ ਹੈ।

ਮੈਂ ਹੁਣੇ ਓਅੰਕਾਰ ਦੇ ਤਿੰਨ ਅੱਖਰ ਦੱਸੇ ਹਨ। ਉਪਨਿਸ਼ਦਾਂ ਵਿਚ ਖਾਸ ਕਰਕੇ ਪੰਡੂਕੀਆ ਉਪਨਿਸ਼ਦ ਵਿਚ, ਓਅੰਕਾਰ ਨੂੰ ਪੰਜ ਅਖਰਾਂ ਵਿਚ ਵੰਡਿਆ ਗਿਆ ਹੈ—(੧) ਓ (੨) ਅ (੩) ˆ (੪) ˆ ਦੀ ਧੁਨੀ ਦੀ ਪ੍ਰਤੀ ਧੁਨੀ ਤੇ (੫) ਮੌਨ (ਚੁਪ)। ਓਅੰਕਾਰ ਦੇ ਉਚਾਰਣ ਨਾਲ 'ਅੰ' ਦੀ ਧੁਨੀ ਗੂੰਜਦੀ ਰਹਿੰਦੀ ਹੈ ਤੇ ਫਿਰ ਇਹ ਸਾਰੇ ਓਅੰਕਾਰ ਤੇ ਛਾ ਜਾਂਦੀ ਹੈ। ਇਸ ਤਰ੍ਹਾਂ ਇਹ ਪੰਜ ਧੁਨੀਆਂ



Digitized by Panjab Digital Library | www.panjabdigilib.org

ਦਾ ਪ੍ਰਤੀਕ ਹੈ । ਸਮੇਂ ਨਾਲ, ਜਿਦਾਂ ਹਮੇਸ਼ਾ ਹੁੰਦਾ ਹੈ, ਅਖੀਰਲੀਆਂ ਦੋ ਧੁਨੀਆਂ ਦੀ ਸਮਝ ਲੋਕਾਂ ਨੂੰ ਨਾ ਰਹੀ ਤੇ ਓਅੰਕਾਰ ਦੀਆਂ ਤਿੰਨ ਧੁਨੀਆਂ ਹੀ ਚੇਤੇ ਰਹੀਆਂ ਜਿਹੜੇ ਹੁਣ ਪੰਜੇ ਧੁਨੀਆਂ ਦਾ ਜਿਕਰ ਕਰਦੇ ਹਨ ਉਹ ਵੀ ਸਿਰਫ ਕਿਤਾਬੀ ਗਲ ਕਰਦੇ ਹਨ । ਨਾ ਉਨ੍ਹਾਂ ਪੰਜ ਧੁਨੀਆਂ ਸੁਣੀਆਂ ਨਾ ਦੂਜਿਆਂ ਨੂੰ ਸੁਣਾ ਸਕੇ । ਗੁਰੂ ਨਾਨਕ ਦੇਵ ਜੀ ਨੇ ਉਹ ਦੋ ਭੁਲੀਆਂ ਧੁਨੀਆਂ ਨੂੰ ਪੜ੍ਹ ਉਜਾਗਰ ਕੀਤਾ ਹੈ । ਜਿਹੜੀ " ਦੀ ਧੁਨੀ ਗੂੰਜਦੀ ਸੀ ਉਸ ਦਾ ਨਾਂ ⌒ ਰਖਿਆ ਤੇ ਓਅੰ ਜਾਂ (ਓਮ) ਨੂੰ ਓਅੰਕਾਰ ਬਣਾ ਦਿਤਾ । ਜਿਹੜੀ ਪੰਜਵੀਂ ਪਹਿਲੀਆਂ ਚਾਰ ਧੁਨੀਆਂ ਵਿਚ ਮੌਨ ਸੀ, ਗੁਰੂ ਜੀ ਨੇ ਉਸ ਨੂੰ ਇਕ ਕਰਕੇ ਦਰਸਾਇਆ ਤੇ ਓਅੰਕਾਰ ਤੋਂ ਪਹਿਲਾਂ ੧ ਲਾਕੇ ੧ਓ ਬਣਾ ਦਿਤਾ । ਇਸ ਖਿਆਲ ਦੀ ਪੁਸ਼ਟੀ ਭਾਈ ਗੁਰਦਾਸ ਜੀ ਇਹ ਕਹਿਕੇ ਕਰਦੇ ਹਨ ਕਿ ਪਹਿਲਾ ਗੁਰੂ ਜੀ ਨੇ ਊੜੇ ਨਾਲ ਕਾਰ ਲਾਕੇ ਓਅੰਕਾਰ ਬਣਾਇਆ ਤੇ ਫਿਰ ਉਸ ਨਾਲ ਏਕਾ ਲਿਖ ਕੇ ਦਿਖਾਇਆ । ਭਾਈ ਜੀ ਦੇ ਸ਼ਬਦਾਂ ਵਿਚ—

ਏਕਾ ਏਕੰਕਾਰ ਲਿਖਿ ਦੇਖਾਲਿਆ ।
ਊੜਾ ਓਅੰਕਾਰ ਪਾਸ ਬਹਾਲਿਆ ।

(ਭਾਈ ਗੁਰਦਾਸ)

ਜਦੋਂ ਓਅੰਕਾਰ ਦੀਆਂ ਪੰਜ ਧੁਨੀਆਂ ਭੁਲ ਗਈਆਂ ਤਾਂ ਲੋਕਾਂ ਸਾਰੀਆਂ ਦਲੀਲਾਂ ਤਿੰਨ ਧੁਨੀਆਂ ਨਾਲ ਹੀ ਜੋੜ ਦਿਤੀਆਂ । ਇਹ ਵਿਚਾਰ ਦਰਸਾਇਆ ਗਿਆ ਕਿ ਓਅੰਕਾਰ ਮਨੁਖੀ ਸੁਭਾ ਦੇ ਤਿਨ ਗੁਣ (ਸਤੋ, ਰਜੋ ਤੇ ਤਮੋ) ਦਰਸਾਂਦਾ ਹੈ। ਓਨ੍ਹਾਂ ਨੂੰ ਚੌਥੇ ਗੁਣ ਦਾ ਪਤਾ ਸੀ ਉਨ੍ਹਾਂ ਕਿਹਾ ਕਿ ਇਨ੍ਹਾਂ ਤੋਂ ਪਾਰ ਇਕ ਚੌਥੀ ਅਵਸਥਾ ਹੈ (ਇਕ ਚੌਥਾ ਗੁਣ ਹੈ) ਜਿਸ ਨੂੰ ਤੁਰੀਆਂ ਅਵਸਥਾ ਕਹਿੰਦੇ ਹਨ : ਗੁਰੂ ਜੀ ਇਸ ਚੌਥੀ ਅਵਸਥਾ ਦਾ ਜ਼ਿਕਰ ਕਰਦਿਆਂ ਕਹਿੰਦੇ ਹਨ ਕਿ ਇਹ ਚੌਥੀ ਅਵਸਥਾ ਸਤਿਗੁਰੂ ਕੋਲੋਂ ਹੀ ਜਾਣੀ ਜਾ ਸਕਦੀ ਹੈ —

ਤੀਨਿ ਅਵਸਥਾ ਕਹਹਿ ਵਖਿਆਨੁ ॥
ਤੁਰੀਆਂ ਵਸਥਾ ਸਤਿਗੁਰ ਤੇ ਹਰਿ ਜਾਨੁ ॥

(ਪੰਨਾ ੧੫੪)

ਸਤਿਗੁਰ ਉਸ ਅਵਸਥਾ ਤਕ ਅਪੜਣ ਲਈ ਕੀ ਰਾਹ ਦਸਦੇ ਹਨ ? ਉਹ



Digitized by Panjab Digital Library | www.panjabdigilib.org

ਕਹਿੰਦੇ ਹਨ ਕਿ ਤਿੰਨਾਂ ਗੁਣਾਂ ਨਾਲ ਸਬੰਧਤ ਆਸ਼ਾ-ਮਨਸਾ ਦੇ ਨਾਸ਼ ਨਾਲ ਚੌਥਾ ਪਦ ਮਿਲਦਾ ਹੈ—

ਆਸਾ-ਮਨਸਾ ਦੋਊ ਬਿਨਾਸਤ ॥
ਤ੍ਰਿਹੁਗੁਣ ਆਸ ਨਿਰਾਸ ਭਈ ॥
ਤੁਰੀਆ ਵਸਥਾ ਗੁਰਮੁਖਿ ਪਾਈਐ ॥
ਸੰਤ ਸਭਾ ਕੀ ਓਟ ਲਹੀ ॥

(ਪੰਨਾ ੩੫੬)

ਕਈਆਂ ਨੇ ਕਿਹਾ ਕਿ ਮਨੁਖੀ ਸੁਭਾ ਦੇ ਤਿੰਨ ਗੁਣ ਹਨ ਜਾਗਣਾ, ਸੁਪਨੇ ਦੇਖਣਾ ਤੇ ਗਹਿਰੀ ਨੀਂਦ ਸੌਣਾ ਤੇ ਓਅੰਕਾਰ ਇਨ੍ਹਾਂ ਤਿਨਾਂ ਗਣਾਂ ਦਾ ਪ੍ਰਗਟਾਵਾਂ ਕਰਦਾ ਹੈ : ਪਰ ਗੁਰੂ ਜੀ ਨੇ ਕਿਹਾ ਕਿ ਓਅੰਕਾਰ ਦੇ ਉਹ ਅਰਥ ਠੀਕ ਨਹੀਂ ਕਿਉਂਕਿ ਇਨ੍ਹਾਂ ਤਿਨਾਂ ਤੋਂ ਪਾਰ ਵੀ ਕੋਈ ਹੈ। ਕੌਣ ਕਹਿੰਦਾ ਹੈ ਕਿ ਮੈਂ ਜਾਗਦਾ ਹਾਂ ? ਕੌਣ ਕਹਿੰਦਾ ਹੈ ਕਿ ਮੈਂ ਸੁਪਨੇ ਦੇਖਦਾ ਹਾਂ ? ਕੌਣ ਕਹਿੰਦਾ ਹੈ ਕਿ ਮੈਂ ਬੜੀ ਮਿੱਠੀ ਨੀਂਦ ਸੌਇਆ ਹਾਂ ? ਉਹ ਕੌਣ ਹੈ ਜਿਹੜਾ ਇਨ੍ਹਾ ਤਿੰਨਾਂ ਗੁਣਾਂ ਵਿਚ ਵਰਤ ਰਿਹਾ ਹੈ ਪਰ ਫਿਰ ਵੀ ਇਨਾਂ ਕੋਲੋਂ ਪਰੇ ਹੈ ? ਇਸ ਨੂੰ ਉਹੀ ਸਮਝ ਸਕਦਾ ਹੈ ਜਿਹੜਾ 'ਹੋਇ ਤ੍ਰੈ ਗੁਣ ਅਤੀਤ।' ਜੇ ਮਨੁਖ ਇਨ੍ਹਾਂ ਤਿੰਨਾਂ ਗੁਣਾਂ ਨੂੰ ਹੀ ਸਮਝਦਾ ਰਹੇ ਤੇ ਅਸਲੀ ਤੱਤ, ਜਿਹੜਾ ਤਿੰਨਾਂ ਗੁਣਾਂ ਤਾਂ ਅਗੇ ਹੈ ਨਾ ਪਛਾਣੇ, ਤਾ ਉਹ ਓਅੰਕਾਰ ਸ਼ਬਦ ਨਹੀਂ ਪਛਾਣ ਸਕਦਾ ਕਿਉਂਕਿ ਉਹ ਅਸਲ ਗਲ ਹੀ ਭੁਲ ਗਿਆ—

ਤ੍ਰੈਗੁਣ ਪੜ੍ਹਹਿ ਹਰਿ ਤਤੁ ਨ ਜਾਣਹਿ ॥
ਮੂਲਹੁ ਭੁਲੇ ਗੁਰ ਸ਼ਬਦੁ ਨ ਪਛਾਣਹਿ ॥
ਤ੍ਰੈਗੁਣ ਪੜਹਿ ਹਰਿ ਏਕੁ ਨ ਜਾਣਹਿ ॥
ਬਿਨੁ ਬੂਝੇ ਦੁਖੁ ਪਾਵਣਿਆ ॥

(ਪੰਨਾ ੧੨੯)

ਕਈਆਂ ਤੇ ਓਅੰਕਾਰ ਦੀਆਂ ਤਿਨ ਧੁਨੀਆਂ ਨੂੰ ਤਿੰਨ ਦੇਵਤਿਆਂ ਦਾ ਪ੍ਰਤੀਕ ਪਹਿਲਾ ਜਿਹੜਾ ਸੰਸਾਰ ਬਣਾਂਦਾ ਹੈ (ਬ੍ਰਹਮਾ), ਦੂਸਰਾ ਜਿਹੜਾ ਸੰਸਾਰ ਦੀ



Digitized by Panjab Digital Library | www.panjabdigilib.org

ਪਾਲਣਾ ਕਰਦਾ ਹੈ (ਵਿਸ਼ਨੂ) ਤੇ ਤੀਸਰਾ ਜਿਹੜਾ ਸੰਸਾਰ ਦਾ ਨਾਸ਼ ਕਰਦਾ ਹੈ (ਸ਼ਿਵ)। ਕਈਆਂ ਨੇ ਇਹ ਤਿੰਨ ਦਾ ਵਿਚਾਰ ਓਅੰਕਾਰ ਨੇ ਚਿੰਨ੍ਹ (ੳ) ਵਿਚ ਤਿੰਨ ਦਾ ਹਿੱਸਾ ਦਿਸਣ ਕਰਕੇ ਬਣਾਇਆ। ਪਰ ਗੁਰਮਤਿ ਹੈ ਕਿ ਕਿਸੇ ਹੋਰ ਹਸਤੀ (ਵਾਹਿਗੁਰੂ) ਨੇ ਆਪਣੇ ਭਾਣੇ ਵਿਚ ਇਨ੍ਹਾਂ ਤਿੰਨਾਂ ਨੂੰ ਬਣਾਇਆ—

ਜਾ ਤਿਸੁ ਭਾਣਾ ਤਾ ਜਗਤੁ ਉਪਾਇਆ ॥
ਬਾਝੁ ਕਲਾ ਆਡਾਣੁ ਰਹਾਇਆ ॥
ਬ੍ਰਹਮਾ ਬਿਸਨੁ ਮਹੇਸੁ ਉਪਾਏ ॥
ਮਾਇਆ ਮੋਹੁ ਵਧਾਇਦਾ ॥

(ਪੰਨਾ ੧੦੩੬)

ਬ੍ਰਹਮ ਮਹੇਸ ਸਿਧ ਮੁਨਿ ਇੰਦ੍ਰਾ ਬੇਅੰਤ
ਠਾਕੁਰ ਤੇਰੀ ਗਤਿ ਨਹੀਂ ਪਾਈ ॥
ਕਿਆ ਕਥੀਐ ਕਿਛੁ ਕਥਨੁ ਨ ਜਾਈ ॥
ਜਹ ਜਹ ਦੇਖਾ ਤਹ ਰਹਿਆ ਸਮਾਈ ॥

(ਪੰਨਾ ੮੨੨)

ਸੁੰਨਹੁ ਬ੍ਰਹਮਾ ਬਿਸਨੁ ਮਹੇਸੁ ਉਪਾਏ ॥
ਸੁੰਨੇ ਵਰਤੇ ਜਗੁ ਸਬਾਏ ॥

(ਪੰਨਾ ੧੦੩੭)

ਇਹ ਵੀ ਵਿਚਾਰ ਹੈ ਕਿ ਓਅੰਕਾਰ ਦੇ ਤਿੰਨ ਅਖਰ ਅਗਨੀ, ਜਲ ਤੇ ਵਾਯੂ ਦੇ ਪ੍ਰਤੀਕ ਹਨ ਜਿਸ ਰਾਹੀਂ ਸਭ ਸੰਸਾਰ ਬਣਿਆ ਹੈ। ਪਰ ਇਸ ਵਿਚਾਰ ਵਿਚ ਫਿਰ ਚੌਥੀ ਗਲ ਰਹਿ ਜਾਂਦੀ ਹੈ ਕਿ ਇਨ੍ਹਾਂ ਤਿੰਨਾਂ ਨੂੰ ਵੀ ਕਿਸੇ ਨੇ ਬਣਾਇਆ ਗੁਰਮਤਿ ਦਾ ਵਿਚਾਰ ਹੈ—

ਪਉਣੁ ਪਾਣੀ ਸੁੰਨੈ ਤੇ ਸਾਜੇ ॥
ਸ੍ਰਿਸਟਿ ਉਪਾਇ ਕਾਇਆ ਗੜ ਰਾਜੇ ॥



Digitized by Panjab Digital Library | www.panjabdigilib.org

ਅਗਨਿ ਪਾਣੀ ਜੀਉ ਜੋਤਿ ਤੁਮਾਰੀ ॥
ਸੁੰਨੇ ਕਲਾ ਰਹਾਇਦਾ ॥

(ਪੰਨਾ ੧੦੩੭)

ਕਈ ਸਿਆਣਿਆਂ ਨੇ ਓਅੰਕਾਰ ਦਾ ਅਰਥ 'ਪ੍ਰਵਵ' ਕੀਤਾ ਹੈ । ਇਹ ਪ੍ਰਵ+ਅਵ ਦਾ ਜੋੜ ਹੈ । ਪ੍ਰਵ ਦੇ ਅਰਧ ਹਨ ਪ੍ਰਾਣ ਤੇ 'ਅਵ' ਦੇ ਅਰਥ ਹਨ ਰਖਿਆ ਕਰਨਾ । ਇਸ ਲਈ ਪ੍ਰਵਵ ਦਾ ਅਰਥ ਹੋਇਆ 'ਪ੍ਰਾਣ ਦੀ ਰਖਿਆ ਕਰਨਾ' ਯਾਨੀ ਓਅੰਕਾਰ ਸਾਡੀ ਰਖਿਆ ਕਰਦਾ ਹੈ, ਸਾਡਾ ਸਹਾਈ ਹੁੰਦਾ ਹੈ । ਇਹੀ ਕਾਰਣ ਹੈ ਕਿ ਸਾਰੀਆਂ ਬਾਣੀਆਂ ਦਾ ਸ਼ੁਰੂ '੧ਓ' ਤੋਂ ਹੁੰਦਾ ਹੈ । ਇਹ ਵਾਹਿਗੁਰੂ ਅਗੇ ਅਰਦਾਸ ਹੈ ਕਿ ਅਗੇ ਜਿਹੜੀ ਬਾਣੀ ਕਹੀ ਜਾਣੀ ਹੈ ਉਸਦੇ ਲਿਖਣ ਵਿਚ ਸਹਾਇਤਾ ਕਰਨਾ ਤੇ ਗਲਤੀਆਂ ਤੋਂ ਬਚਾਣ । ਇਸੇ ਕਰਕੇ ਅਸੀਂ ਵੀ ਆਪਣੀ ਚਿੱਠੀ-ਪਤ੍ਰ ਜਾਂ ਪੁਸਤਕ ਦਾ ਸ਼ੁਰੂ '੧ਓ ਸਤਿਗੁਰ ਪ੍ਰਸਾਦਿ' ਤੋਂ ਹੀ ਕਰਦੇ ਹਾਂ । ਇਹੀ ਕਾਰਣ ਹੈ ਕਿ ਕਈ ਘਰਾਂ ਦੇ ਬੂਹਿਆਂ ਤੇ ਜਾਂ ਤਿਜੋਰੀ ਉਤੇ ੧ਓ ਚਿਤ੍ਰਿਆ ਹੁੰਦਾ ਹੈ ।

ਸੋ ੧ਓ ਪੂਰਨ ਵਾਹਿਗੁਰੂ ਦਾ ਰੂਪ ਹੈ ਤੇ ਇਸ ਦੇ ਅਰਥ ਨਹੀਂ ਕੀਤੇ ਜਾ ਸਕਦੇ । ਉਪਰ ਦਸੇ ਜਿਹੜੇ ਵੀ ਅਰਥ ਬੁਧੀ ਰਾਹੀਂ ਕੀਤੇ ਗਏ ਹਨ, ਅਧੂਰੇ ਹਨ । ੧ਓ ਤਾਂ 'ਨੇਤਿ ਨੇਤਿ' ਹੈ ।



Digitized by Panjab Digital Library | www.panjabdigilib.org

## ੪. ਓਅੰ (ੳ) ਦੇ ਪਹਿਲਾਂ ਏਕਾ (੧) ਤੇ ਮਗਰ 'ਕਾਰ' (⌒) ਕਿਉਂ ?

ਦੁਨੀਆਂ ਵਿਚ ਪ੍ਰਭੂ ਪ੍ਰਾਪਤੀ ਦੇ ਦੋ ਹੀ ਮੁਖ ਮਾਰਗ ਹਨ। ਇਕ ਹੈ ਭਗਤੀ ਦਾ, ਦੂਸਰਾ ਹੈ ਧਿਆਨ ਦਾ (ਸਿਮਰਨ ਦਾ)। ਭਗਤੀ ਮਾਰਗ ਵਿਚ ਭਗਤ ਵਾਹਿਗੁਰੂ ਨਾਲ ਆਪਣਾ ਰਿਸ਼ਤਾ ਕਾਇਮ ਕਰਦਾ ਹੈ। ਉਹ ਵਾਹਿਗੁਰੂ ਨੂੰ ਪਿਤਾ ਕਹਿੰਦਾ ਹੈ, ਮਾਤਾ ਕਹਿੰਦਾ ਹੈ। 'ਤੁਮੁ ਮਾਤ ਪਿਤਾ ਹਮ ਬਾਰਿਕ ਤੇਰੇ'। ਜਿਉਂ ਜਿਉਂ ਉਹ ਭਗਤੀ ਦੇ ਮਾਰਗ ਤੇ ਅਗ੍ਹਾਂ ਵਧਦਾ ਜਾਂਦਾ ਹੈ ਇਹ ਬੰਧਨ ਟੁਟਦੇ ਜਾਂਦੇ ਹਨ ਤੇ ਇਕ ਸਟੇਜ ਤੇ ਆ ਕੇ ਭਗਤ ਆਪ ਵੀ ਨਹੀਂ ਰਹਿੰਦਾ, ਸਿਰਫ ਇਕੋ ਇਕ ਬਚਦਾ ਹੈ। ਵਾਹਿਗੁਰੂ ਆ ਕੇ ਭਗਤ ਨੂੰ ਆਪਣੇ ਵਿੱਚ ਸਮੇਟ ਲੈਂਦਾ ਹੈ। ਚੇਤੇ ਰੱਖੋ ਕਿ ਭਗਤ ਵਾਹਿਗੁਰੂ ਵੱਲ ਨਹੀਂ ਜਾਂਦਾ। ਉਹ ਵਾਹਿਗੁਰੂ ਨੂੰ ਆਪਣੇ ਕੋਲ ਬੁਲਾਂਦਾ ਹੈ। ਵਾਹਿਗੁਰੂ ਵਿਚ ਸਮਾਂ ਜਾਣ ਨੂੰ ਅਦਵੈਤ ਅਵਸਥਾ ਕਹਿੰਦੇ ਹਨ। ਦਵੈਤ ਯਾਨੀ ਦੋ, ਅਦਵੈਤ ਯਾਨੀ ਦੋ ਨਹੀਂ, ਇਕੋ ਹੀ ਰਹਿ ਗਿਆ। ਵਾਹਿਗੁਰੂ ਰਹਿ ਗਿਆ, ਭਗਤ ਮਿਟ ਗਿਆ।

ਦੂਸਰੇ ਮਾਰਗ ਵਾਲੇ, ਧਿਆਨ ਦਾ ਰਾਹ ਅਪਨਾਣ ਵਾਲੇ, ਆਪਣਾ ਅੰਦਰਲਾ ਭਾਲਦੇ ਜਾਂਦੇ ਹਨ। ਇਕ ਅਵਸਥਾ ਆਂਦੀ ਹੈ ਜਦੋਂ ਉਹ ਅੰਦਰੋਂ-ਬਾਹਰੋਂ ਸੁੰਨ (ਖਾਲੀ) ਹੋ ਜਾਂਦੇ ਹਨ। ਇਸ ਅਵਸਥਾ ਵਿਚ ਵਾਹਿਗੁਰੂ ਸਾਧਕ ਵਿਚ ਸਮਾ ਜਾਂਦਾ ਹੈ ਜਾਂ ਸਾਧਕ ਵਾਹਿਗੁਰੂ ਸਰੂਪ ਹੋ ਜਾਂਦਾ ਹੈ। ਇਸੇ ਕਾਰਣ ਜੈਨੀ ਤੇ ਬੋਧੀ ਗੁਰੂ ਆਪਣੇ ਆਪ ਨੂੰ ਭਗਵਾਨ ਅਖਵਾਂਦੇ ਹਨ—ਭਗਵਾਨ ਬੁਧ, ਭਗਵਾਨ ਮਹਾਵੀਰ। ਅਜ ਕਲ ਵੀ ਕਈ ਭਗਵਾਨ ਮਿਲ ਜਾਂਦੇ ਹਨ। ਭਾਵ ਇਹ ਹੈ ਕਿ ਆਤਮਾ ਪ੍ਰਮਾਤਮਾ ਵਿਚ ਲੀਨ ਹੋ ਜਾਂਦੀ ਹੈ। ਆਤਮਾ ਤੇ ਪ੍ਰਮਾਤਮਾ ਵਿਚ ਭੇਦ ਨਹੀਂ ਰਹਿ ਜਾਂਦਾ। ਭਾਵੇਂ ਕਹੋ ਆਤਮਾ ਪ੍ਰਮਾਤਮਾ ਹੋ ਗਈ ਜਾਂ ਪ੍ਰਮਾਤਮਾ ਆਤਮਾ ਹੋ ਗਈ। ਕੋਈ ਫ਼ਰਕ ਨਹੀਂ ਕਿਉਂਕਿ ਆਤਮਾ ਤਾਂ ਰਹੀ ਨਹੀਂ। ਹੁਣ



Digitized by Panjab Digital Library | www.panjabdigilib.org

ਦਸੇ ਕਿ ਮੈਂ ਕੌਣ ਹਾਂ ਤੇ ਕੀ ਦੇਖਿਆ ਹੈ। ਦਸੇ ਕਿ ਕੌਣ ੧ਓ ਹੈ ਕਿਉਂਕਿ ਦਸਣ ਵਾਲੇ ਦੀ ਤਾਂ ਹਸਤੀ ਹੀ ਨਹੀਂ ਰਹੀ। ਸੋ ਧਿਆਨ ਮਾਰਗੀ ਕਹਿੰਦੇ ਹਨ ਕਿ ੧ ਵੀ ਨਹੀਂ, ਸਭ ਖਾਲੀ ਹੈ, ਸੁੰਨ ਹੈ, ਸਿਫਰ ਹੈ ਜ਼ੀਰੋ ਹੈ।

ਇਸ ਮੁਸ਼ਕਲ ਦੇ ਕਾਰਣ ਜੈਨ ਮਤ ਵਾਲੇ ਧਿਆਨ ਦੀ ਪੰਜਵੀ ਸਟੇਜ ਤੇ ਰੁਕ ਗਏ। ਉਹ ਸਟੇਜ ਜਿਥੇ ਵਿਚਾਰ ਖਤਮ ਹੋ ਜਾਂਦੇ ਹਨ। ਉਨ੍ਹਾਂ ਅਗਲੀਆਂ ਸਟੇਜ਼ਾਂ ਦੀ ਗਲ ਨਹੀਂ ਕੀਤੀ। ਉਨ੍ਹਾਂ ਆਤਮਾ-ਪ੍ਰਮਾਤਮਾ ਦੀ ਗਲ ਹੀ ਨਹੀਂ ਕੀਤੀ ਕਿਉਂਕਿ ਗਲ ਕੀਤਿਆਂ ਝੰਜਟ ਖੜਾ ਹੋ ਜਾਂਦੀ ਹੈ। ਵੇਦਾਂਤ ਵਾਲਿਆਂ ਨੇ ਛੇਂਵੀ ਸਟੇਜ ਦੀ ਗਲ ਕੀਤੀ ਜਿਥੇ ਆਤਮਾ ਨਹੀਂ ਰਹਿੰਦੀ ਪ੍ਰਮਾਤਮਾ ਰਹਿੰਦਾ ਹੈ। ਬੁਧ ਮੱਤ ਵਾਲੇ ਸਤਵੀਂ ਸਟੇਜ ਤੱਕ ਦਾ ਬਿਆਨ ਕਰਦੇ ਹਨ ਪਰ ਕਰ ਨਹੀਂ ਸਕਦੇ। ਸਿਰਫ ਸੁੰਨ ਕਹਿ ਕੇ ਰਹਿ ਜਾਂਦੇ ਹਨ ਕਿਉਂਕਿ ਜਦ ਦੱਸਣ ਵਾਲਾ ਹੀ ਨਹੀਂ, ਤਾਂ ਕੌਣ ਦਸੇ ਤੇ ਕੀ ਦਸੇ। ਜਿਨ੍ਹਾਂ ਨੇ ਕਿਹਾ ਉਨ੍ਹਾਂ ਜਾਂ ਸੁੰਨ ਦਸਿਆ ਜਾਂ ਇਕ ਦਸਿਆ।

ਦੋਨੋਂ ਵਿਚਾਰ ਠੀਕ ਹਨ ਪਰ ਗੁਰਮਤਿ ਅਨੁਸਾਰ ਅਧੂਰੇ ਹਨ। ਇਦਾਂ ਸਮਝੋ ਕਿ ਇਕ ਅੱਧਾ ਭਰਿਆ ਗਲਾਸ ਪਿਆ ਹੈ। ਇਕ ਕਹਿੰਦਾ ਹੈ ਕਿ ਗਲਾਸ ਅਧਾ ਖਾਲੀ ਹੈ, ਦੂਜਾ ਕਹਿੰਦਾ ਹੈ ਕਿ ਗਲਾਸ ਅੱਧਾ ਭਰਿਆ ਹੋਇਆ ਹੈ। ਦੋਵੇਂ ਹੀ ਠੀਕ ਕਹਿ ਰਹੇ ਹਨ। ਪਰ ਜਿਹੜਾ ਕਹਿ ਰਿਹਾ ਹੈ ਕਿ ਗਲਾਸ ਅੱਧਾ ਖਾਲੀ ਹੈ ਉਸਦੀ ਨਜ਼ਰ ਅੱਧੇ ਭਰੇ ਤੇ ਨਹੀਂ ਜਾਂਦੀ। ਇਸ ਲਈ ਉਸ ਦਾ ਕਥਨ ਅਧੂਰਾ ਹੈ। ਜਿਹੜਾ ਕਹਿੰਦਾ ਹੈ ਕਿ ਗਲਾਸ ਅਧਾ ਭਰਿਆ ਹੋਇਆ ਹੈ ਉਹ ਵੀ ਠੀਕ ਕਹਿ ਰਿਹਾ ਹੈ ਪਰ ਉਸ ਦੀ ਨਜ਼ਰ ਅਧੇ ਖਾਲੀ ਤੇ ਨਹੀਂ ਜਾਂਦੀ। ਇਸੇ ਕਾਰਣ ਉਸ ਦਾ ਕਥਨ ਵੀ ਅਧੂਰਾ ਹੈ। ਪੂਰਨ ਦਾ ਵਰਨਣ ਤਾਂ ਉਹ ਹੀ ਕਰ ਸਕਦਾ ਹੈ ਜਿਹੜਾ ਕਹੇ ਕਿ ਗਲਾਸ ਅੱਧਾ ਭਰਿਆ ਹੈ ਤੇ ਅਧਾ ਖਾਲੀ ਹੈ। ਇਸ ਕਾਰਣ ਗੁਰਮਤਿ ਇਕੋ ਇਕ ਵਿਚਾਰ ਨੂੰ ਨਹੀਂ ਅਪਨਾਂਦਾ। ਉਸ ਨੂੰ ਦੋਵੇਂ ਪ੍ਰਵਾਨ ਹਨ।

ਮੈਨੂੰ ਧੁੰਨ ਤੇ ਏਕੇ ਵਿਚ ਕੋਈ ਫਰਕ ਨਹੀਂ ਦਿਸਦਾ। ਸਿਰਫ ਭਾਸ਼ਾ ਦਾ ਫਰਕ ਜਾਂ ਸਮਝ ਦਾ ਫ਼ਰਕ ਦਿਸਦਾ ਹੈ। ਐਦਾਂ 'ਸਮਝੋ ਇਕ ਸੁੰਨ ਕਮਰਾ ਹੈ ਜਿਸ ਵਿਚ ਕੋਈ ਸਾਮਾਨ ਨਹੀਂ, ਕੋਈ ਫਰਨੀਚਰ ਨਹੀਂ, ਕੁਝ ਵੀ ਨਹੀਂ। ਅਸੀਂ ਕਹਾਂਗੇ ਕਿ ਕਮਰਾ ਖਾਲੀ ਹੈ, ਸੁੰਨ ਹੈ। ਪਰ ਕੀ ਅਸੀਂ ਕਹਿ ਸਕਦੇ ਹਾਂ ਕਿ



Digitized by Panjab Digital Library | www.panjabdigilib.org

ਇਸ ਵਿਚ ਇਕ ਦਾ ਵਾਸਾ ਨਹੀਂ, ਇਸ ਵਿਚ ਹਵਾ ਨਹੀਂ, ਆਕਾਸ਼ ਨਹੀਂ ? ਜਿਸ ਕਮਰੇ ਨੂੰ ਅਸੀਂ ਖਾਲੀ ਕਹਿੰਦੇ ਹਾਂ ਉਹ ਹਵਾ ਨਾਲ ਭਰਿਆ ਪਿਆ ਹੈ, ਖੁਲੇਪਨ ਨਾਲ ਭਰਿਆ ਪਿਆ ਹੈ। ਉਹ ਅਸਲ ਵਿਚ ਖਾਲੀ ਨਹੀਂ, ਸਿਰਫ ਖਾਲੀ ਲਗਦਾ ਹੈ। ਅਸਲ ਵਿਚ ਦੀਵਾਰਾਂ ਹੀ ਇਕ ਰੁਕਾਵਟ ਹਨ। ਦੀਵਾਰਾਂ ਹਟਾ ਦੇਈਏ ਤਾਂ ਜੋ ਅੰਦਰ ਹੈ (ਹਵਾ-ਖਲਾ) ਉਹੀ ਬਾਹਰ ਵੀ ਹੈ। ੧ ਦੀ ਹੋਂਦ ਅੰਦਰ ਵੀ ਹੈ ਬਾਹਰ ਵੀ ਹੈ। ਸੋ ਅਸੀਂ ਖਾਲੀਪਨ (ਸੁੰਨ) ਵੀ ਕਹਿ ਸਕਦੇ ਤਾਂ ਖੁਲਾਪਨ (੧) ਵੀ ਕਹਿ ਸਕਦੇ ਹਾਂ। ਭਾਸ਼ਾ ਦਾ ਫਰਕ ਹੈ ਕਿਉਂਕਿ ਜੋ ਖਾਲੀ ਹੈ ਉਹੀ ਭਰਿਆ ਹੋਇਆ ਵੀ ਹੈ। ਦੋਨੋਂ ਇਕੋ ਸਿਕੇ ਦੇ ਦੋ ਪਹਿਲੂ ਹਨ। '੧' ਦੇ ਚਿੰਨ ਵਿਚ ਇਕ ਵੀ ਹੈ ਤੇ ਮੂੰਹ ਤੇ ਸੁੰਨ ਵੀ ਹੈ—ਏਕੇ ਦੇ ਪਹਿਲੇ ਡੰਡੇ ਵਿਚ ਸਿਫਰ ਹੈ। ਸੋ ੧ਓ ਦੇ ਏਕੇ ਵਿਚ ਇਕ (ਖੁਲਾਪਨ) ਵੀ ਹੈ ਤੇ ਸੁੰਨ (ਖਾਲੀਪਨ) ਵੀ ਹੈ। ਗੁਰਮਤਿ ਵਿਚ ਦੋਵੇਂ ਮਤ ਪ੍ਰਵਾਨ ਹਨ।

ਸੁੰਨ ਨੂੰ ਓਅੰਕਾਰ ਦਾ ਰੂਪ ਹੀ ਕਿਹਾ ਗਿਆ ਹੈ ਕਿਉਂਕਿ ਸ਼ਰਿਸ਼ਠੀ ਦਾ ਕਰਤਾ ਸੁੰਨ ਹੀ ਹੈ। ਗੁਰਬਾਣੀ ਵਿਚ ਆਂਦਾ ਹੈ ਕਿ ਸੁਨ ਤੋਂ ਹੀ ਪਾਊਣ, ਪਾਣੀ, ਦੇਵਤੇ, ਸਾਗਰ, ਚੱਨ, ਸੂਰਜ, ਤਾਰੇ, ਖਾਣੀਆਂ, ਬਾਣੀਆਂ, ਦਿਨ-ਰਾਤ, ਚਾਰ ਵੇਦ, ਦਸ ਅਵਤਾਰ ਆਦਿ ਉਪਜੇ ਹਨ। ਗੁਰਵਾਕ ਹੈ—

ਸੁੰਨਹੁ ਉਪਜੇ ਦਸ ਅਵਤਾਰਾ ॥
ਸ੍ਰਿਸਟਿ ਉਪਾਇ ਕੀਅ ਪਾਸਾਰਾ ॥
ਦੇਵ ਦਾਨਵ ਗਣ ਗੰਧਰਬ ਸਾਜੇ ॥
ਸਭਿ ਲਿਖਿਆ ਕਰਮ ਕਮਾਇਦਾ ॥

(ਪੰਨਾ ੧੦੩੮)

ਸੁੰਨ ਕਲਾ ਅਪਰੰਪਰਿ ਧਾਰੀ ॥
ਆਪਿ ਨਿਰਾਲਮੁ ਅਪਰ ਅਪਾਰੀ ॥
ਆਪੇ ਕੁਦਰਤਿ ਕਰਿ ਕਰਿ ਦੇਖੈ
ਸੁੰਨਹੁ ਸੁੰਨੁ ਉਪਾਇਦਾ ॥

(ਪੰਨਾ ੧੦੩੭)



Digitized by Panjab Digital Library | www.panjabdigilib.org

ਧਰਣਿ ਨ ਗਗਨਾ ਹੁਕਮੁ ਅਪਾਰਾ ॥
ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ
ਸੁੰਨ ਸਮਾਧਿ ਲਗਾਇਦਾ ॥

(ਪੰਨਾ ੧੦੩੫)

ਓਅੰਕਾਰ ਦੇ ਪਹਿਲਾਂ ਏਕਾ ਲਿਖਕੇ ਵਾਹਿਗੁਰੂ ਦੇ ਵਾਹਦ ਰੂਪ ਨੂੰ ਮੰਨਿਆ ਗਿਆ ਹੈ। ਗੁਰਬਾਣੀ ਵਿਚ ਵਾਹਿਗੁਰੂ ਦਾ ਨਾਂ ਹੀ ਏਕੰਕਾਰ ਹੈ। ਭਾਈ ਗੁਰਦਾਸ ਜੀ ਵੀ ਕਹਿੰਦੇ ਹਨ—

ਏਕਾ ਏਕੰਕਾਰ ਲਿਖਿ ਦੇਖਾਲਿਆ ॥
ਊੜਾ ਓਅੰਕਾਰ ਪਾਸ ਬਹਾਲਿਆ ॥

(ਭਾਈ ਗੁਰਦਾਸ)

ਗੁਰਬਾਣੀ ਕਹਿੰਦੀ ਹੈ ਕਿ ਸਾਰਾ ਪਾਸਾਰਾ ਇਕ ਤੋਂ ਹੀ ਹੈ—

ਅਨਿਕ ਬਿਸਥਾਰ ਏਕ ਤੇ ਭਏ ॥
ਏਕੁ ਅਰਾਧਿ ਪਰਾਛਤ ਗਏ ॥

(ਪੰਨਾ ੨੮੬)

ਏਕਸੁ ਤੇ ਸਭਿ ਰੂਪ ਹਰਿ ਰੰਗਾ ॥
ਪਉਣੁ ਪਾਣੀ ਬੈਸੰਤਰੁ ਸਭਿ ਸਹਲੰਗਾ ॥
ਭਿਨ ਭਿਨ ਵੇਖੈ ਹਰਿ ਪ੍ਰਭੁ ਰੰਗਾ ॥੧॥

(ਪੰਨਾ ੧੬੦)

ਏਕੁ ਅਚਰਜੁ ਏਕੋ ਹੈ ਸੋਈ ॥
ਗੁਰਮੁਖਿ ਵੀਚਾਰੇ ਵਿਰਲਾ ਕੋਈ ॥ਰਹਾਉ॥

(ਪੰਨਾ ੧੬੦)

ਏਕੋ ਆਪਿ ਵਰਤਦਾ ਪਿਆਰੇ
ਘਟਿ ਘਟਿ ਰਹਿਆ ਸਮਾਇ ॥

(ਪੰਨਾ ੪੩੨)



Digitized by Panjab Digital Library | www.panjabdigilib.org

ਸੁੰਨ ਮਤ ਵਾਲਿਆਂ ਦਾ ਵਿਚਾਰ ਹੈ ਕਿ ਸੁੰਨ ਦਾ ਗਿਆਨ ਸੰਸਾਰ ਨੂੰ ਬੜੀ ਵਡੀ ਦੇਣ ਹੈ ਕਿਉਂਕਿ ਸੁੰਨ ਬਿਨਾ ਗਣਿਤ ਅਗੇ ਨਹੀਂ ਵਧ ਸਕਦਾ। ਪਰ ਇਹ ਵੀ ਅਧੂਰੀ ਗਲ ਹੈ ਕਿਉਂਕਿ ਏਕੇ ਜਾਂ ਹੋਰ ਕਿਸੇ ਹਿੱਸੇ ਦੀ ਮਦਦ ਬਿਨਾ ਕਲ੍ਹਾ ਸੁੰਨ (ਸਿਫਰ) ਕੋਈ ਮੁਲ ਨਹੀਂ ਰਖਦਾ। ਸ਼ੁਨ ਨਾਲ ਏਕਾ ਜੜ ਦੇਉ ਤਾਂ ਹੀ ਉਸ ਦਾ ਮੁਲ ਬੇਅੰਤ ਹੋ ਸਕਦਾ ਹੈ ਕਿਉਂਕਿ ਇਹ ਦਸ ਵੀ ਬਣ ਸਕਦਾ ਹੈ, ਕਰੋੜ ਵੀ, ਅਰਬ-ਖਰਬ ਆਦਿ ਵੀ। ਪਰ ਕਲ੍ਹੇ ਸ਼ੁਨ ਦਾ ਕੀ ਮੁਲ ਹੈ ?

ਮੈਂ ਕਹਾਂਗਾ ਕਿ ਅਸੀਂ ਸ਼ੁਨ (੦) ਹਾਂ, ਗਿਆਨਹੀਣ ਹਾਂ, ਗੁਣਹੀਣ ਹਾਂ, ਬਲ-ਬਧਹੀਨ ਹਾਂ, ਸਿਫਰ ਹਾਂ। ਤੇ ਅਸੀਂ ਆਪਣੇ ਪਰਿਆਸ ਰਾਹੀਂ ਤੇ ਗੁਰਕਿਰਪਾ ਰਾਹੀਂ ਇਕ (੧) ਤੱਕ ਅਪੜਣਾ ਹੈ।

ਇਸ ਸੰਬਧ ਵਿਚ (ੳ) ਦੇ ਪਿਛੇ ਕਾਰ (⌒) ਲਾਣ ਬਾਰੇ ਵੀ ਗਲ ਕਰਨੀ ਜ਼ਰੂਰੀ ਹੈ। ਭਾਰਤੀ ਧਰਮਾਂ ਵਿਚ ਓਅੰ ਨੂੰ ਲਿਖਣ ਦਾ ਤਰੀਕਾ ਹੈ—ਓਂ। ਹੇਠਲੇ ਪਾਸੇ ਮੁੜਿਆ ਅਧਾ ਚਕਰ ਸੂਰਜ ਦਾ ਪ੍ਰਤੀਕ ਹੈ ਤੇ ਉਪਰਲਾ ਵਧਾ ਚੱਨ ਤੇ ਤਾਰੇ ਦਾ। ਯਾਨੀ ਓਅੰ ਰਾਹੀਂ ਹੀ ਸੂਰਜ, ਚੰਨ, ਤਾਰੇ ਬਣੇ ਹਨ। ਗੁਰਮਤਿ, ਓਅੰ ਨਾ ਵਿਰਾਟ ਰੂਪ ਪ੍ਰਗਟ ਕਰਦਾ ਹੈ ਕਿਉਂਕਿ ਬ੍ਰਹਮੰਡ ਵਿਚ ਬੇਅੰਤਚੰਨ ਸੂਰਜ ਤੇ ਮੰਡਲ ਹਨ 'ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ।' ਇਸ ਲਈ ਗੁਰੂ ਜੀ ਨੇ ਓਅੰ (ੳ) ਦੇ ਮਗਰ ਕਾਰ ਲਾ ਕੇ ਓਅੰਕਾਰ (ੴ) ਬਣਾਇਆ ਇਹ ਦਸਣ ਲਈ ਕਿ ਹਰ ਆਕਾਰ ਵਾਲੀ ਵਸਤੂ ਤੇ ਪ੍ਰਾਣੀ ਉਸ ਇਕ (੧) ਦੀ ਰਚਨਾ ਹੈ।

ਸੰਸਕ੍ਰਿਤ ਵਿਚ ਕਾਰ ਇਕ ਪ੍ਰਤੈ (ਪਿਛੇਤਰ—**Termination**) ਦੇ ਰੂਪ ਵਿਚ ਵੀ ਵਰਤਿਆ ਜਾਂਦਾ ਹੈ ਜਿਸ ਦਾ ਅਰਥ ਹੈ ਇਕ ਰਸ, ਤਬਦੀਲੀ-ਰਹਿਤ, ਬਾਰ ਬਾਰ ਹੋਣ ਵਾਲਾ। ਇਸੇ ਅਰਥਾਂ ਵਿਚ ਗੁਰਬਾਣੀ ਵਿੱਚ ਕਈ ਸ਼ਬਦਾਂ ਨਾਲ 'ਕਾਰ' ਜੋੜਿਆ ਗਿਆ ਹੈ ਜਿਵੇਂ 'ਰੁਣ ਝੁਣਕਾਰ, ਧੁਨਿਕਾਰ, ਏਕੰਕਾਰ'। ਓਅੰ ਦੇ ਮਗਰ ਕਾਰ ਲਾਣ ਦਾ ਅਰਥ ਹੈ ਜਿਹੜਾ ਇਕ ਰਸ ਹੈ, ਹਮੇਸ਼ਾ ਹੈ।

ਮਨੁੱਖ ਹਾਲੀਂ ਕਾਰ (ਸੰਸਾਰ) ਨਾਲ ਬਝਾ ਹੋਇਆ ਹੈ। ਜਦੋਂ ਉਹ ਏਕੰਕਾਰ (੧ੴ) ਦੀ ਪ੍ਰਾਪਤੀ ਦੇ ਰਾਹ ਤੇ ਚਲੇਗਾ ਤਾਂ ਉਹ ਸੰਸਾਰ (ਆਕਾਰ) ਤੋਂ ਹਟਦਾ ਹਟਦਾ ਓਅੰ ਵਾਲੇ (ਤ੍ਰੈਗੁਣ) ਤਕ ਅਪੜ ਜਾਏਗਾ। ਇਨ੍ਹਾਂ ਤ੍ਰੈਗੁਣਾਂ (ਤਮੋਂ, ਰਜੋ ਤੇ ਸਤੋ) ਦੇ ਬੰਧਨਾ ਤੋਂ ਮੁਕਤ ਹੁੰਦਾ ਹੁੰਦਾ ਉਹ ਇਕ (੧) ਤਕ



Digitized by Panjab Digital Library | www.panjabdigilib.org

ਅਪੜ ਜਾਏਗਾ। ਇਹ ੧ ਹੀ ਉਸ ਦੀ ਮੰਜਲ ਹੈ, ਇਹੀ ੧ ਦਾ ਮਿਲਾਪ ਉਸ ਦੇ ਮਨੁੱਖੀ ਜੀਵਨ ਦਾ ਮਨੋਰਥ ਹੈ। ੧ਓ ਵਾਹਿਗੁਰੂ ਦਾ ਪ੍ਰਤੀਕ ਹੈ, ਤੇ ਵਾਹਿਗੁਰੂ ਤਕ ਅਪੜਣ ਦਾ ਬੀਜ ਮੰਤ੍ਰ ਹੈ ਏਕੰਕਾਰ। ਗੁਰੂ ਜੀ ਦਰਸਾਂਦੇ ਹਨ —

ਬੇਦ ਪੁਰਾਣ ਸਾਸਤ੍ਰ ਬੀਚਾਰੇ ॥
ਏਕੰਕਾਰ ਨਾਮ ਉਰਧਾਰੇ ॥

(ਪੰਨਾ ੧੩੬੧)

ਸੋ ਆਓ ਅਸੀਂ ਸਿਮਰਨ ਵਿਚ ਲਗ ਜਾਈਏ ਤੇ ਜੀਵਨ ਸਫਲ ਕਰੀਏ।



Digitized by Panjab Digital Library | www.panjabdigilib.org

[ੲ]

# ਸਤਿਨਾਮ

ਇਹ ਜਗੁ ਸਚੈ ਕੀ ਹੈ ਕੋਠਰੀ ਸਚੇਕਾ ਵਿਚਿ ਵਾਸਾ ॥

## ੧. ਸਤਿ ਅਨਾਦੀ ਹੈ ਅਨੰਤ ਹੈ :

ਅਸੀਂ ਮੂਲ ਮੰਤ੍ਰ ਤੇ ੧ੳ ਦੇ ਬਾਰੇ ਚਰਚਾ ਕਰ ਚੁਕੇ ਹਾਂ। ਹੁਣ ਅਸੀਂ 'ਸਤਿਨਾਮ' ਨੂੰ ਸਮਝਣ ਦਾ ਜਤਨ ਕਰਦੇ ਹਾਂ। ੧ੳ ਸਤਿਨਾਮ ਦੇ ਦੋ ਅਰਥ ਕੀਤੇ ਹਨ—

(੧) ੧ੳ ਦਾ **ਨਾਮ ਸਤਿ** ਹੈ।

(੨) ੧ੳ ਤੇ **ਉਸ ਦਾ ਨਾਮ** ਸਤਿ ਹੈ।

ਅਸੀਂ ਪਹਿਲਾਂ ਪਹਿਲੇ ਅਰਥ ਨੂੰ ਸਮਝਦੇ ਹਾਂ। ੧ੳ ਅਰਥਾਤ ਵਾਹਿਗੁਰੂ ਦਾ ਨਾਮ ਸਤਿ ਹੈ ਜਾਂ ਵਾਹਿਗੁਰੂ ਨੂੰ ਹੀ ਸਤਿ ਕਹਿੰਦੇ ਹਨ। ਪਰ ਸਤਿ ਕਿਸ ਨੂੰ ਕਹਿੰਦੇ ਹਨ ? ਸਤਿ ਦਾ ਸੰਸਕ੍ਰਿਤ ਧਾਤੂ 'ਅਸਿ' ਹੈ ਜਿਸ ਦਾ ਅਰਥ ਹੈ 'ਹੈ !' ਯਾਨੀ ਵਾਹਿਗੁਰੂ ਹੈ। ਉਸ ਦੀ ਅਸਲੀਅਤ ਹੈ, ਉਹ ਕੋਈ ਕਿਆਸ ਨਹੀਂ। ਪਰ ਉਹ ਕਦੋਂ ਤੋਂ ਹੈ ? ਮਨ ਲਿਆ ਹੈ ਕਿ ਵਾਹਿਗੁਰੂ ਹੈ ਪਰ ਉਹ ਅਜ ਹੈ, ਕਲ ਹੈ, ਕਦੋਂ ਹੈ ? ਇਸ ਸਵਾਲ ਦਾ ਜਵਾਬ ਗੁਰੂ ਨਾਨਕ ਦੇਵ ਜੀ ਮੂਲ ਮੰਤ੍ਰ ਦੇ



Digitized by Panjab Digital Library | www.panjabdigilib.org

ਫੈਰਨ ਬਾਅਦ ਦੇਂਦੇ ਹਨ। ਉਹ ਕਹਿੰਦੇ ਹਨ—

ਆਦਿ ਸਚੁ ਜੁਗਾਦਿ ਸਚੁ ॥
ਹੈ ਭੀ ਸਚੁ ॥ ਨਾਨਕ ਹੋਸੀ ਭੀ ਸਚੁ ॥

(ਪੰਨਾ ੧)

ਗੁਰੂ ਜੀ ਕਹਿੰਦੇ ਹਨ ਕਿ ਵਾਹਿਗੁਰੂ ਆਦਿ (ਸ਼ੁਰੂ) ਵਿਚ ਸੀ, ਜੁਗਾਂ ਦੇ ਆਦਿ ਵਿਚ ਸੀ, ਹੁਣ ਵੀ ਸਚ ਹੈ ਤੇ ਕਲ ਵੀ ਸਚ ਹੋਏਗਾ। ਵਾਹਿਗੁਰੂ ਅਤੀਤ—ਵਰਤਮਾਨ - ਭਵਿਖ ਤਿੰਨਾਂ ਕਾਲਾਂ ਵਿਚ ਹੈ। 'ਆਦਿ ਅੰਤਿ ਮਧਿ ਪ੍ਰਭੁ ਸੋਈ।' ਉਹ ਆਦਿ ਵਿਚ ਸੀ ਤੇ ਅੰਤ ਵਿਚ ਰਹੇਗਾ। ਗੁਰੂ ਗੋਬਿੰਦ ਸਿੰਘ ਜੀ ਇਹੀ ਵਿਚਾਰ ਪ੍ਰਗਟ ਕਰਦੇ ਹਨ—

ਆਦਿ ਅੰਤ ਏਕੈ ਅਵਤਾਰਾ।
ਸੋਈ ਗੁਰੂ ਸਮਝੀਐ ਹਮਾਰਾ।

ਤੁਸੀਂ ਪੁੱਛ ਸਕਦੇ ਹੋ ਕਿ ਆਦਿ ਤੋਂ ਪਹਿਲਾਂ ਕੌਣ ਸੀ 'ਤੇ ਅਤ ਦੇ ਬਾਅਦ ਕੌਣ ਹੈ ? ਜਦੋਂ ਅਸੀਂ ਕਹਿੰਦੇ ਹਾਂ ਕਿ ਇਹ ਸ਼ੁਰੂ ਵਿਚ ਹੈ ਤਾਂ ਅਗਲਾ ਸਵਾਲ ਸੁਭਾਵਕ ਹੀ ਹੋ ਜਾਂਦਾ ਹੈ ਕਿ ਸ਼ੁਰੂ ਤੋਂ ਪਹਿਲਾਂ ਕੀ ਸੀ ? ਜੇ ਪਹਿਲਾਂ ਕੁਝ ਨਹੀਂ ਸੀ ਤਾਂ ਸ਼ੁਰੂ ਕਿਥੋਂ ਕਰਾਂਗੇ। ਇਨਾਂ ਸਮਝੋ। ਹਫਤਾ ਕਦੋਂ ਸ਼ੁਰੂ ਹੁੰਦਾ ਹੈ। ਜੇ ਕਹੀਏ ਕਿ ਹਫਤਾ ਸੋਮਵਾਰ ਨੂੰ ਸ਼ੁਰੂ ਹੁੰਦਾ ਹੈ ਤਾਂ ਸੋਮਵਾਰ ਤੋਂ ਪਹਿਲਾਂ ਜੋ ਐਤਵਾਰ ਹੈ, ਉਸਨੂੰ ਕੀ ਕਹਾਂਗੇ ? ਜੇ ਕਹੀਏ ਸਾਲ ਚੇਤ ਤੋਂ ਸ਼ੁਰੂ ਹੁੰਦਾ ਹੈ ਤਾਂ ਉਸ ਤੋਂ ਪਹਿਲੇ ਮਹੀਨੇ ਫਗਣ ਨੂ ਸੀ ਕਰਾਂਗੇ। ਆਦਿ ਦੇ ਨਾਲ ਇਹ ਤਰਕ ਸ਼ੁਰੂ ਹੋ ਜਾਂਦਾ ਹੈ। ਇਹੀ ਗਲ ਅੰਤ ਬਾਰੇ ਵੀ ਹੈ। ਜੇ ਹਫਤਾ ਐਤਵਾਰ ਨੂੰ ਅੰਤ ਹੋ ਜਾਂਦਾ ਹੈ ਤਾਂ ਅੰਤ ਦੇ ਬਾਅਦ ਸੋਮਵਾਰ ਦਾ ਕੀ ਹੋਇਆ। ਸੋ ਆਦਿ-ਅੰਤ ਦੀ ਗਲ ਕਰੀਏ ਤਾਂ ਆਦਿ ਦੇ ਪਹਿਲਾਂ ਤੇ ਅੰਤ ਦੇ ਬਾਅਦ ਦੀ ਅਵਸਥਾ ਤੋਂ ਪਿਛਾ ਛੁੜਣਾ ਮੁਸ਼ਕਲ ਹੋ ਜਾਂਦਾ ਹੈ। ਇਸ ਮੁਸ਼ਕਲ ਦ ਜਵਾਬ ਗੁਰੂ ਜੀ ਇਹ ਕਹਿ ਕੇ ਦੇਂਦੇ ਹਨ ਕਿ ਸਤਿ ਆਦਿ ਤੋਂ ਪਹਿਲਾਂ ਵੀ ਸੀ ਕਿਉਂਕਿ ਉਹ ਆਦਿ ਹੀ ਨਹੀਂ ਸਗੋਂ ਅੰਤ ਤੋਂ ਬਾਦ ਵੀ ਹੈ ਕਿਉਂਕਿ ਉਸ ਦਾ ਅੰਤ ਨਹੀਂ। ਸਤਿ ਅਨਾਦਿ ਹੈ ਅਨੰਤ ਹੈ—

'ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥'

(ਪੰਨਾ ੭)



Digitized by Panjab Digital Library | www.panjabdigilib.org

ਸਤਿ ਮੁੱਢ ਤੋਂ ਹੀ ਹੈ ਤੇ ਇਸੇ ਲਈ ਇਸ ਦਾ ਕੋਈ ਮੁੱਢ ਨਹੀਂ (ਅਨਾਦਿ)। ਸਤਿ ਆਦਿ ਵੀ ਹੈ ਤੇ ਅਨਾਦੀ ਵੀ ਹੈ। ਤੁਹਾਨੂੰ ਦੋਵੇਂ ਗਲਾਂ ਵਿਰੋਧੀ ਲਗਣ-ਗੀਆਂ—ਆਦਿ ਹੈ ਵੀ ਤੇ ਨਹੀਂ ਵੀ ! ਇਸ ਗੁੰਝਲ ਨੂੰ ਸਸਝਣ ਲਈ ਸਮੇਂ ਨੂੰ ਸਮਝਣਾ ਪਵੇਗਾ ਕਿਉਂਕਿ ਆਦਿ ਤੇ ਅੰਤ ਸਮੇਂ ਦੀ ਪਉੜੀ ਦੇ ਦੋ ਡੰਡੇ ਹਨ— ਉਪਰਲਾ ਤੇ ਹੇਠਲਾ। ਪੁਰਾਣੇ ਸਮੇਂ ਦੇ ਆਦੀਵਾਸੀ ਮਨੁੱਖ ਦੇ ਜੀਵਨ ਵਿਚ ਝਾਤੀ ਮਾਰੋ। ਉਸ ਦੀ ਲੋੜ ਸਿਰਫ ਪੇਟ ਭਰਨਾ ਹੈ ਜਿਹੜੀ ਕੁਦਰਤ ਬਿਨਾ ਬਹੁਤੇ ਕੰਮ ਦੇ ਪੂਰੀ ਕਰ ਦੇਂਦੀ ਹੈ। ਉਸ ਨੂੰ ਜਦੋਂ ਨੀਂਦ ਆਂਦੀ ਹੈ ਸੌਂ ਜਾਂਦਾ ਹੈ, ਜਦੋਂ ਜਾਗ ਖੁਲਦੀ ਹੈ ਉਠ ਬਹਿੰਦਾ ਹੈ। ਜਦੋਂ ਭੁਖ ਲਗਦੀ ਹੈ ਖਾ ਲੈਂਦਾ ਹੈ। ਉਸਨੇ ਕਿਤੇ ਆਣਾ ਨਹੀਂ ਕਿਤੇ ਜਾਣਾ ਨਹੀਂ। ਉਸ ਲਈ ਸਮੇਂ ਦਾ ਪ੍ਰਵਾਹ ਬੇਅੰਤ ਹੈ। ਸਮੇਂ ਈ ਸਮੇਂ ਹੈ। ਉਸ ਲਈ ਸਮੇਂ ਦਾ ਕੋਈ ਆਦਿ ਨਹੀਂ ਕੋਈ ਅੰਤ ਨਹੀਂ। ਇਸ ਅਵਸਥਾ ਵਾਲੇ ਸਨੁੱਖ ਲਈ ਸਮੇਂ ਅਨਾਦਿ ਹੈ। ਜਾਂ ਕਹਿ ਲਉ ਸਤਿ ਅਨਾਦਿ ਹੈ। ਅ ਦਿ-ਅੰਤ ਦੀ ਗੱਲ ਉਦੋਂ ਉੱਠਦੀ ਹੈ ਜਦੋਂ ਅਸੀਂ ਸਮੇਂ ਦਾ ਉਪਯੋਗ ਕਰਣਾ ਹੋਏ। ਕਿਸੇ ਕੰਮ ਲਈ ਸਮੇਂ ਚਾਹੀਦਾ ਹੈ। ਇਸ ਲਈ ਉਸ ਹਾਲਤ ਵਿਚ ਸਮੇਂ ਦਾ ਅਦਿ ਤੇ ਅੰਤ ਉਭਰ ਆਂਦਾ ਹੈ।

ਆਪਣੀ ਜ਼ਿੰਦਗੀ ਤੇ ਝਾਤੀ ਮਾਰੋ। ਦਫਤਰ-ਦੁਕਾਨ ਜਾਣ ਲਈ ਸਮੇਂ ਚਾਹੀਦਾ ਹੈ। ਦਫਤਰ-ਦੁਕਾਨ ਤੇ ਕੰਮ ਕਰਨ ਲਈ ਸਮੇਂ ਚਾਹੀਦਾ ਹੈ। ਇਸ ਲਈ ਸਮੇਂ ਦਾ ਅਦਿ ਵੀ ਹੈ ਤੇ ਅੰਤ ਵੀ। ਜੇ ਦਫਤਰ ਦਾ ਸਮੇਂ ੧੦ ਤੋਂ ੬ ਹੋ ਤਾਂ ਇਸ ਦਾ ਆਦਿ ੧੦ ਹੈ ਤੇ ਅੰਤ ੬ ਹੈ। ਜਦੋਂ ਵੀ ਕਿਸੇ ਕੰਮ ਲਈ ਸਮੇਂ ਦੀ ਲੋੜ ਪਵੇਗੀ ਉਸ ਦਾ ਅ ਦਿ ਅੰਤ ਆਪੇ ਹੀ ਕੰਮ ਦੇ ਆਦਿ ਅੰਤ ਨਾਲ ਜੁੜ ਜਾਏਗਾ। ਜੇ ਕੋਈ ਕੰਮ ਨਹੀਂ ਤਾਂ ਸਮੇਂ ਦੀ ਲੋੜ ਵੀ ਨਹੀਂ ਤੇ ਇਸ ਲਈ ਸਮੇਂ ਦਾ ਆਦਿ-ਅੰਤ ਨਹੀਂ। ਪਰਮ ਦੇ ਖੇਤਰ ਵਿਚ ਵੀ ਆਦਿ-ਅੰਤ ਨੂੰ ਇਦਾਂ ਹੀ ਸਮਝਣਾ ਚਾਹੀਦਾ ਹੈ। ਸਤਿ ਵੀ ਇਕ ਐਸੀ ਅਵਸਥਾ ਹੈ ਜਦੋਂ ਨ ਅਵਸਥਾ ਹੈ ਨ ਜਮੀਨ ਹੈ, ਨ ਦਿਨ ਹੈ ਨ ਰਾਤ ਹੈ, ਨ ਚੰਨ ਹੈ ਨ ਸੂਰਜ ਹੈ। ਸਿਰਫ ਸਤਿ ਹੀ ਹੈ। ਉਸ ਅਵਸਥਾ ਨੂੰ ਗੁਰੂ ਜੀ ਇਦਾਂ ਬਿਆਨਦੇ ਹਨ —

ਅਰਬਦ ਨਰਬਦ ਧੰਧੂਕਾਰਾ ॥
ਧਰਣਿ ਨ ਗਗਨਾ ਹੁਕਮੁ ਅਪਾਰਾ ॥



Digitized by Panjab Digital Library | www.panjabdigilib.org

ਨਾ ਦਿਨੁ ਰੈਨਿ ਨਾ ਚੰਨੁ ਨਾ ਸੂਰਜੁ ॥

ਸੁੰਨ ਸਮਾਧਿ ਲਗਾਇਦਾ ॥

(ਪੰਨਾ ੧੦੩੫)। ੧ੳ ਦੀ

ਇਸ ਅਵਸਥਾ ਦਾ ਕੋਈ ਆਦਿ ਅੰਤ ਨਹੀਂ ਹੋ ਸਕਦਾ ਕਿਉਂਕਿ ਸਮੇਂ ਦਾ ਉਪਯੋਗ ਕੁਝ ਕਰਨ ਲਈ ਨਹੀਂ ਹੋ ਰਿਹਾ। ਸਤਿ ਦੀ ਇਹ ਅਵਸਥਾ ਅਨਾਦਿ ਹੈ, ਅਨੰਤ ਹੈ।

ਫਿਰ ਸਤਿ ਦੀ ਦੂਸਰੀ ਅਵਸਥਾ ਆਂਦੀ ਹੈ ਜਦੋਂ ੴ ਆਪਨੇ ਹੁਕਮ ਰਾਹੀਂ ਪ੍ਰਜਾ, ਧਰਤ ਆਦਿ ਬਣਾਂਦਾ ਹੈ। ਹੁਣ ਸਮੇਂ ਦਾ ਉਪਯੋਗ ਕੁਝ ਕਰਨ ਲਈ ਹੋਇਆ। ਇਸ ਲਈ ਇਸ ਪ੍ਰਕਾਰ ਦੇ ਸਮੇਂ ਦਾ ਆਦਿ ਵੀ ਹੈ ਤੇ ਅੰਤ ਵੀ। ਮਾਰੂ ਰਾਗ ਵਿਚ ਗੁਰੂ ਨਾਨਕ ਦੇਵ ਜੀ ਨੇ ਇਸ ਵਿਚਾਰ ਦੀ ਬੜੀ ਲੰਬੀ ਚਰਚਾ ਕੀਤੀ ਹੈ। ਸੁੰਨ ਦੀ ਅਵਸਥਾ ਬਾਰੇ ਕਹਿੰਦੇ ਹਨ—

ਸੁੰਨ ਕਲਾ ਅਪਰੰਪਰਿ ਧਾਰੀ ॥

ਆਪਿ ਨਿਰਾਲਮੁ ਅਪਰ ਅਪਾਰੀ ॥

ਆਪੇ ਕੁਦਰਤਿ ਕਰਿ ਕਰਿ ਦੇਖੈ

ਸੁੰਨਹੁ ਸੁੰਨੁ ਉਪਾਇਦਾ ॥

ਪਉਣੁ ਪਾਣੀ ਸੁੰਨੈ ਤੇ ਸਾਜੇ ॥

ਸ੍ਰਿਸਟਿ ਉਪਾਇ ਕਾਇਆ ਗੜ ਰਾਜੇ ॥

ਅਗਨਿ ਪਾਣੀ ਜੀਉ ਜੋਤਿ

ਤੁਮਾਰੀ ਸੁੰਨੇ ਕਲਾ ਰਹਾਇਦਾ ॥

(ਪੰਨਾ ੧੦੩੭)

ਜਦੋਂ ਇਸ ਕੰਮ ਦਾ ਸ਼ੁਰਵਾਦ (ਆਦਿ) ਹੋ ਗਿਆ ਤਾਂ ਇਸ ਨਾ ਅੰਤ ਆਣਾ ਵੀ ਲਾਜ਼ਮੀ ਹੋ ਗਿਆ। ਇਸ ਵਿਚਾਰ ਦੀ ਪੁਸ਼ਟੀ ਇਸਾਈ ਧਰਮ ਦੇ ਇਸ ਵਿਚ ਮਿਲਦੀ ਹੈ ਕਿ ਰਬ ਨੇ ਸੰਸਾਰ ਬਨਾਣ ਲਈ ੬ ਦਿਨ ਲਾਏ ਤੇ ਸਤਵੇਂ ਦਿਨ (ਐਤਵਾਰ) ਆਰਾਮ ਕੀਤਾ। ਯਾਨੀ ਸਮੇਂ ਦਾ ਆਦਿ ਸੋਮਵਾਰ ਤੋਂ ਹੋ ਗਿਆ ਤੇ ਅੰਤ ਸਨੀਚਰ ਜਾਂ ਐਤਵਾਰ ਨੂੰ। ਭਾਰਤੀ ਧਰਮਾਂ ਅਨੁਸਾਰ ਸ੍ਰਿਸ਼ਟੀ ਦੀ ਉਮਰ



Digitized by Panjab Digital Library | www.panjabdigilib.org

ਇਕ ਜੁਗ ਹੁੰਦੀ ਹੈ। ਉਸਦੇ ਬਾਅਦ ਇਸ ਜੁਗ ਦਾ ਅੰਤ ਹੋ ਜਾਂਦਾ ਹੈ ਤੇ ਨਵੇਂ ਜੁਗ ਦਾ ਆਦਿ ਹੁੰਦਾ ਹੈ। ਗੁਰੂ ਜੀ ਸਮੇਂ ਦੀ ਫਜ਼ੂਲ ਬਹਿਸ ਵਿਚ ਨਹੀਂ ਪੈਂਦੇ ਪਰ ਕਹਿੰਦੇ ਹਨ ਕਿ ਉਹ ਸਮਾਂ ਆਂਦਾ ਹੈ ਜਦੋਂ ਸਾਰੀਆਂ ਆਤਮਾਵਾਂ ਉਸ ਪ੍ਰਮ-ਆਤਮਾ ਵਿਚ ਮਿਲ ਜਾਂਦੀਆਂ ਹਨ—

ਜਬ ਉਦਕਰਖ ਕਰਾ ਕਰਤਾਰਾ ॥
ਪ੍ਰਜਾ ਧਰਤ ਤਬ ਦੇਹ ਅਪਾਰਾ ॥
ਜਬ ਆਕਰਖ ਕਰਤ ਹੋ ਕਬਹੂੰ ॥
ਤੁਮ ਮੈ ਮਿਲਤ ਦੇਹ ਧਰ ਸਭਹੂੰ ॥੧੩॥

(ਚੌਪਈ-ਪਾਤਸ਼ਾਹੀ ਦਸਵੀਂ)

ਪਰ ਸਤਿ ਦਾ 'ਜੁਗੋ-ਜੁਗ ਏਕੋ ਵੇਸ' ਹੈ। ਸੋ ਸਤਿ ਦਾ ਆਦਿ ਵੀ ਹੈ ਤੇ ਅੰਤ ਵੀ। ਅਤੇ ਸਤਿ ਅਨਾਦੀ ਵੀ ਹੈ ਤੇ ਅਨੰਤ ਵੀ। ਹਰ ਰੂਪ ਇਸ ਤੇ ਨਿਰਭਰ ਕਰਦਾ ਹੈ ਕਿ ਅਸੀਂ ਸਤਿ ਸ਼ਬਦ ਦਾ ਉਪਯੋਗ ਅਫਰ ਅਵਸਥਾ ਦਰਸਾਣ ਲਈ ਕਰ ਰਹੇ ਹਾਂ ਜਾਂ ਫਰ ਅਵਸਥਾ।



Digitized by Panjab Digital Library | www.panjabdigilib.org

## ੨. ਸਤਿ ਅਗੰਮ ਹੈ, ਅਲਖ ਹੈ, ਅਗੋਚਰ ਹੈ :

ਅਗੰਮ ਦਾ ਅਰਥ ਹੈ ਜਿਸ ਤਕ ਪਹੁੰਚਿਆ ਨਾ ਜਾ ਸਕੇ। ਅਲਖ ਦਾ ਅਰਥ ਹੈ ਜਿਹੜਾ ਸਮਝਿਆ ਨਾ ਜਾ ਸਕੇ। ਕਿਉਂਕਿ ਸਮਝਣ ਦਾ ਕੰਮ ਬੁੱਧੀ ਕਰਦੀ ਹੈ ਇਸ ਲਈ ਕਹਿ ਸਕਦੇ ਹਾਂ ਕਿ ਸਤਿ ਬੁਧੀ ਦੀ ਪਹੁੰਚ ਤੋਂ ਪਰੇ ਹੈ। ਅਗੋਚਰ ਦਾ ਅਰਥ ਹੈ ਇੰਦ੍ਰੀਆਂ ਦੀ ਪਕੜ ਤੋਂ ਪਰੇ। ਸੋ ਸਤਿ ਨ ਬੁਧੀ ਰਾਹੀਂ ਸਮਝਿਆ ਜਾ ਸਕਦਾ ਹੈ ਨਾ ਇੰਦਰੀਆਂ ਰਾਹੀਂ। ਗੁਰਵਾਕ ਹੈ—

ਅਗਮ ਅਗੋਚਰ ਬੇਅੰਤ ਅਤੋਲ ਹੈ ਨਾਹੀ ਕਿਛੁ ਅਹਾੜਾ ॥

(ਪੰਨਾ ੧੦੮੧)

ਅਗਮ ਅਗੋਚਰ ਬੇਅੰਤ ਅਥਾਹਾ ਤੇਰੀ ਕੀਮਤਿ
ਕਹਣੁ ਨਾ ਜਾਈ ਜੀਉ ॥

(ਪੰਨਾ ੯੮)

ਅਗਮ ਅਗਮ ਅਗਾਧਿ ਬੋਧ ਕੀਮਤਿ ਪਰੈ ਨਾ ਪਾਵਉ ॥

(ਪੰਨਾ ੪੦੧)

ਪਰ ਸਤਿ ਬੋਧ ਤੋਂ ਪਰੇ ਕਿਉਂ ਹੈ ? ਕਿਉਂ ਉਹਦਾ ਬੁਧੀ ਰਾਹੀਂ ਪਾਰ ਨਹੀਂ ਪਾਇਆ ਜਾ ਸਕਦਾ ? ਕਿਉਂ ਬੁਧੀ ਉਥੇ ਨਹੀਂ ਪਹੁੰਚ ਸਕਦੀ ਜਿਥੇ ਸਤਿ ਹੈ ?

ਬੁਧੀ ਇਕ ਜਾਣੀ ਹੋਈ ਵਸਤੂ ਤੋਂ ਦੂਸਰੀ ਜਾਣੀ ਹੋਈ ਵਸਤੂ ਤਕ ਜਾਂਦੀ ਹੈ। ਇਹ ਉਹਨੂੰ ਨਹੀਂ ਜਾਣ ਸਕਦੀ ਜਿਹਨੂੰ ਇਹ ਪਹਿਲਾਂ ਨਹੀਂ ਜਾਣਦੀ। ਇਹ ਅਸੰਭਵ ਹੈ। ਜੋ ਬੁਧੀ ਸੋਚਦੀ ਹੈ ਉਹ ਉਸ ਦੇ ਗਿਆਨ ਵਿਚੋਂ ਹੀ ਨਿਕਲਦਾ



Digitized by Panjab Digital Library | www.panjabdigilib.org

ਹੈ। ਉਹ ਗਿਆਨ ਭਾਵੇਂ ਹੁਣ ਦਾ ਹੋਏ, ਭਾਵੇਂ ਪੁਰਾਣਾ, ਭਾਂਵੇਂ ਬਹੁਤਾ ਪੁਰਾਣਾ। ਬੁਧੀ ਕਿਸੇ ਗੱਲ ਨੂੰ ਸਵੀਕਾਰ ਕਰ ਸਕਦੀ ਹੈ ਜਾਂ ਅਸਵੀਕਾਰ, ਪਰ ਇਹ ਕੋਈ ਨਵੀਂ ਚੀਜ ਨਹੀਂ ਲਭ ਸਕਦੀ। ਹਾਂ ਜਦੋਂ ਕੁਝ ਛਣ ਲਈ ਬੁਧੀ ਥਕ ਕੇ ਕੰਮ ਕਰਨਾ ਬੰਦ ਕਰ ਦੇਂਦੀ ਹੈ, ਵਿਚਾਰ ਦਾ ਤਾਣਾ-ਬਾਣਾ ਰੁਕ ਜਾਂਦਾ ਹੈ, ਤਾਂ ਮਨੁਖ ਨੂੰ ਸਤਿ ਦੀਆਂ ਕੁਝ ਝਲਕੀਆਂ ਮਿਲਦੀਆਂ ਹਨ। ਪਰ ਬੁਧੀ ਤਕ ਪਹੁੰਚਦਿਆਂ ਉਸ ਉਤੇ ਪੁਰਾਣੇ ਵਿਚਾਰਾਂ ਦਾ ਰੰਗ ਚੜ ਜਾਂਦਾ ਹੈ। ਵਿਚਾਰ ਹਰ ਅਨੁਭਵ ਨੂੰ ਆਪਣੀ ਪੁਰਾਣੀ ਸਮਝ, ਆਪਣੇ ਗਿਆਨ ਦੇ ਅਨੁਸਾਰ ਢਾਲਦਾ ਰਹਿੰਦਾ ਹੈ।

ਇਕ ਸਾਇੰਸਦਾਨ ਹੋਇਆ ਹੈ ਨੀਊਟਨ। ਉਸਨੇ ਖੋਜ ਕਰਕੇ ਦਸਿਆ ਕਿ ਕੋਈ ਚੀਜ ਜਮੀਨ ਉਤੇ ਹੀ ਕਿਉਂ ਡਿੱਗਦੀ ਹੈ, ਅਸਮਾਨ ਵਲ ਕਿਉਂ ਨਹੀਂ ਚਲੀ ਜਾਂਦੀ। ਉਸ ਨੇ ਗੁਰਤਵ ਦਾ ਨਿਯਮ (Law of Gravity) ਲਭਿਆ। ਪਰ ਚੀਜਾਂ ਤਾਂ ਅਗੇ ਵੀ ਸਨ ਤੇ ਉਹ ਜਮੀਨ ਤੇ ਹੀ ਡਿਗਦੀਆਂ ਸਨ। ਸੋ ਉਸਨੇ ਕੀ ਨਵਾਂ ਲਭਿਆ ? ਉਸਨੇ ਇਕ ਹਮੇਸ਼ਾ ਵਾਪਰਦੀ ਘਟਨਾ ਦਾ ਕਾਰਣ ਲਭਿਆ। ਪਰ ਕਟਮ ਤਾਂ ਹੋ ਹੀ ਰਿਹਾ ਸੀ ਬੁਧੀ ਨੇ ਕੋਈ ਨਵੀਂ ਚੀਜ ਨਹੀਂ ਕੀਤੀ। ਫਿਰ ਉਸ ਸਾਇੰਸਦਾਨ ਨੂੰ ਇਸ ਨੀਯਮ ਦੀ ਸਮਝ ਬੁਧੀ ਰਾਹੀਂ ਨਹੀਂ ਆਈ। ਇਹ ਸਮਝ ਉਦੋਂ ਆਈ ਜਦੋਂ ਬੁਧੀ ਥਕ ਕੇ ਸੌਂ ਗਈ। ਮਨੋਵਿਗਿਆਨਕਾਂ ਨੇ ਲੰਬੀ ਖੋਜੀ ਬਾਅਦ ਤੱਤ ਕਢਿਆ ਕਿ ਕਰੀਬਨ ਸਾਰੀਆਂ ਈਜ਼ਾਦਾਂ ਅਕਸਮਾਤ ਹੋਈਆਂ ਹਨ। ਵਿਗਿਆਨਕ ਲਭਦੇ ਕੁਝ ਹੋਰ ਸਨ ਤੇ ਲਭ ਕੁਝ ਹੋਰ ਗਿਆ। ਯਾਨੀ ਜੋ ਲਭਿਆ ਉਹ ਬੁਧੀ ਰਾਹੀਂ ਨਹੀਂ ਸੀ ਲਭਿਆ ਕਿਉਂਕਿ ਬੁਧੀ ਉਸ ਨੂੰ ਨਹੀਂ ਲਭ ਰਹੀ ਸੀ। ਜੋ ਲਭਾ ਉਹ ਬੁਧੀ ਤੋਂ ਪਰੇ ਦੇ ਖੇਤਰ ਦਾ ਸੀ। ਇਦਾਂ ਹੀ ਸਤਿ ਬਾਰੇ ਹੈ। ਜਦੋਂ ਸਿਮਤਨ ਕਰਦਿਆਂ ਕਰਦਿਆਂ ਬੁੱਧੀ ਥਕ ਗਈ ਤਾਂ ਉਸ ਦਾ ਲਿਸ਼ਕਾਰਾ ਪਿਆ ਜਿਹੜਾ ਬੁਧੀ ਦਾ ਅਨੁਭਵ ਨਹੀਂ ਸੀ। ਪਰ ਲਿਸ਼ਕਾਰਾ ਪੈਣ ਨਾਲ ਸੁਤੀ ਬੁਧੀ ਜਾਗ ਪੈਂਦੀ ਹੈ ਤੇ ਸਮਝਦੀ ਹੈ ਕਿ ਇਹ ਅਨੁਭਵ ਇਸਦਾ ਅਪਣਾ ਹੈ। ਇਸ ਬੁਧੀ ਤੋਂ ਪਰੇ ਦੇ ਅਨੁਭਵ ਉਤੇ ਬੁੱਧੀ ਦਾ ਪ੍ਰੋਜੈਕਸਣ (Projection) ਹੋ ਜਾਂਦਾ ਹੈ। ਜਦੋਂ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ 'ਮਰਦਾਨਿਆ ਰਬਾਬ ਛੇੜ, ਬਾਣੀ ਆਈ ਹੈ' ਤਾਂ ਉਹ ਉਸ ਨਜ਼ਾਰੇ ਨੂੰ ਬਿਆਨਦੇ ਹਨ ਜਿਹੜਾ ਸਮਝ ਤੋਂ ਪਰੇ ਹੈ। ਪਰ ਜਦੋਂ ਬਿਆਨਦੇ ਹਨ ਤਾਂ ਬੁਧੀ ਆ ਰਲਦੀ ਹੈ। ਉਹ ਅਗੋਚਰ ਨਜ਼ਾਰੇ ਬੁਧੀ ਆਪਣੇ ਪੁਰਾਣੇ ਗਿਆਨ (ਭਾਸ਼ਾ, ਕਾਵਿ,



Digitized by Panjab Digital Library | www.panjabdigilib.org

ਅਲੰਕਾਰ, ਦ੍ਰਿਸ਼ਟਾਂਤ, ਆਦਿ) ਦਾ ਰੰਗ ਚੜ੍ਹਾ ਦੇਂਦੀ ਹੈ। ਜੋ ਜਾਣਿਆ ਗਿਆ ਉਹ ਬੁਧੀ ਨੇ ਨਹੀਂ ਜਾਣਿਆ। ਬੁਧੀ ਦਾ ਕੰਮ ਹੈ ਉਹ ਦਸਣਾ, ਉਹ ਸਮਝਣਾ ਜੋ ਇਸ ਨੇ ਆਪ ਅਨੁਭਵ ਨਹੀਂ ਕੀਤਾ। ਬੁਧੀ ਅਣਜਾਣੇ ਖੇਤਰ ਵਿਚ ਨਹੀਂ ਪਹੁੰਚ ਸਕਦੀ। ਇਸ ਲਈ ਇਹ ਸਤਿ ਦਾ ਦਰਸ਼ਨ ਨਹੀਂ ਕਰ ਸਕਦੀ

ਪਾਠ-ਪੂਜਾ, ਭੱਜਨ-ਕੀਰਤਨ, ਕਰਮ-ਕਾਂਡ, ਆਦਿ ਸਭ ਦੀ ਬੁਧੀ ਰਾਹੀਂ ਹੋਂਦ ਹੈ। ਇਹ ਚੰਗੇ ਹਨ, ਲਾਭਦਾਈ ਹੀ ਹਨ, ਪਰ ਹਨ ਤਾਂ ਬੁਧੀ ਦੀ ਸੀਮਾ ਅੰਦਰ। ਉਸ ਅਗੋਚਰ ਦਾ ਨਜ਼ਾਰਾ ਉਦੋਂ ਮਿਲਦਾ ਹੈ ਜਦੋਂ ਵਿਚਾਰ ਪੂਰੀ ਤਰ੍ਹਾਂ ਸ਼ਾਂਤ ਹੋ ਜਾਂਦੇ ਹਨ। ਪਰ ਇਹ ਨਿਰਵਿਚਾਰ ਅਵਸਥਾ ਕਰਮ ਕਾਂਡਾਂ ਰਾਹੀਂ ਪ੍ਰਾਪਤ ਨਹੀਂ ਕੀਤੀ ਜਾ ਸਕਦੀ। ਹਾਂ, ਕਰਮ-ਕਾਂਡ ਬੁਧੀ ਨੂੰ ਸ਼ਾਂਤ ਹੋਣ ਵਿਚ ਬਹੁਤ ਸਹਾਈ ਹੁੰਦੇ ਹਨ, ਖਾਸ ਕਰਕੇ ਜੇ ਠੀਕ ਢੰਗ ਨਾਲ ਕੀਤੇ ਜਾਣ। ਇਸ ਲਈ ਇਨ੍ਹਾਂ ਦੀ ਵਰਤੋਂ ਕਰਨੀ ਪੈਂਦੀ ਹੈ। ਸਤਿ ਜਾਨਣ ਲਈ ਬੁਧੀ ਉਤੇ ਪਾਈਆਂ ਉਪਰਲੀਆਂ-ਹੇਠਲੀਆਂ ਸਾਰੀਆਂ ਪ੍ਰਤਾਂ ਦਾ ਸ਼ਾਂਤ ਹੋਣਾ ਜ਼ਰੂਰੀ ਹੈ। ਇਸ ਅਵਸਥਾ ਵਿਚ ਉਸ ਸਤਿ ਕਾ ਸਾਮ੍ਹਣਾ ਹੁੰਦਾ ਹੈ ਜਿਹੜਾ ਸਮਝ ਤੋਂ ਪਰੇ ਹੈ, ਜਿਹੜਾ ਅਗਮ ਹੈ।

ਸਤਿ ਅਗਮ ਹੀ ਨਹੀਂ ਅਗੋਚਰ ਵੀ ਹੈ। ਇਹ ਬੁਧੀ ਹੀ ਨਹੀਂ ਇਦਰੀਆਂ ਦੀ ਪਕੜ ਵਿਚ ਵੀ ਨਹੀਂ ਆਂਦਾ। ਇੰਦਰੀਆਂ ਸਤ ਨੂੰ ਪਕੜਣ ਲਈ ਬੜਾ ਕਮਜ਼ੋਰ ਸਾਧਨ ਹਨ। ਕੰਨ ਨੂੰ ਲਉ। ਇਹ ਉਹੀ ਅਵਾਜ਼ ਸੁਣ ਸਕਦਾ ਹੈ ਜਿਸ ਦੀਆਂ ਲਹਿਰਾਂ (Vibrations) ਦੀ ਰਫਤਾਰ ਇਕ ਸੈਕੰਡ ਵਿਚ ੩੦ ਤੋਂ ਘਟ ਨਾ ਹੋਏ ਤੇ ੩੦,੦੦੦ ਤੋਂ ਜਿਆਦਾਂ ਨਾ ਹੋਏ। ਜੇ ਅਵਾਜ਼ ਦੀ ਗਤੀ ਪ੍ਰਤੀ ਸੈਕੰਡ ੩੦ ਤੋਂ ਘਟ ਜਾਂ ੩੦,੦੦੦ ਤੋਂ ਉਪਰ ਹੋਏਗੀ ਤਾਂ ਉਹ ਅਵਾਜ਼ ਸਾਨੂੰ ਨਹੀਂ ਸੁਣੇਗੀ। ਇਹੀ ਕਾਰਣ ਹੈ ਕਿ ਸਾਨੂੰ ਕਈ ਜੀਵ ਜੰਤੂਆਂ ਰਾਹੀਂ ਕੀਤੀਆਂ ਅਵਾਜ਼ਾਂ ਨਹੀਂ ਸੁਣਦੀਆਂ। ਇਹੀ ਹਾਲ ਆਖਦਾ ਹੈ। ਇਸ ਲਈ ਰੋਸ਼ਨੀ ਦੀ ਤਰੰਗ ਦੀ ਲੰਬਾਈ ਇੰਚ ਦੇ ੧,੩੦,੦੦੦ਵੇਂ ਤੇ ੧੯੦,੦੦੦ਵੇਂ ਹਿੱਸੇ ਦੇ ਵਿਚਕਾਰ ਹੋਣੀ ਚਾਹੀਦੀ ਹੈ ਨਹੀਂ ਤਾਂ ਅਖ ਦੇਖ ਨਹੀਂ ਸਕੇਗੀ। ਇਹੀ ਕਾਰਣ ਹੈ ਕਿ ਸਾਡੀ ਅਖ ਹਨੇਰੇ ਵਿਚ ਦੇਖ ਨਹੀਂ ਸਕਦੀ। ਇਦਾਂ ਹੀ ਅੱਖ ਜ਼ਿਆਦਾ ਤੋਂ ਜ਼ਿਆਦਾ ੨,੦੦੦ ਤਾਰੇ ਦੇਖ ਸਕਦੀ ਹੈ। ਸਾਨੂੰ ਲਗਦਾ ਹੈ ਕਿ ਅਸੀਂ ਬਹੁਤ ਸਾਰੇ ਤਾਰੇ ਦੇਖ ਸਕਦੇ ਹਾ ਪਰ ਇਹ ਸੱਚ ਨਹੀਂ ਹੈ। ਸਾਡੀ ਦੇਖਣ ਦੀ ਸ਼ਕਤੀ ਬਹੁਤ ਘਟ ਹੈ। ਦੂਰਬੀਨ ਰਾਹੀਂ ਅਸੀਂ ਕਰੋੜਾਂ ਤੋਂ ਜ਼ਿਆਦਾ ਤਾਰੇ ਨਹੀਂ ਦੇਖ ਸਕਦੇ।



Digitized by Panjab Digital Library | www.panjabdigilib.org

ਹੋ ਸਕਦਾ ਹੈ ਕਿ ਅਸੀਂ ਜ਼ਿਆਦਾ ਸ਼ਕਤੀ-ਸ਼ਾਲੀ ਸਾਧਨ ਲਭ ਲਈਏ ਜਿਨ੍ਹਾਂ ਰਾਹੀਂ ਸਾਡੀ ਦੇਖਣ ਤੇ ਸੁਣਨ ਦੀ ਸ਼ਕਤੀ ਕਈ ਹਜ਼ਾਰ ਗੁਣਾ ਹੋ ਜਾਏ। ਪਰ ਅਸੀਂ ਜੋ ਵੀ ਦੇਖਾਂਗੇ ਜਾਂ ਸੁਣਾਂਗੇ ਉਹ ਸਥੂਲ ਹੀ ਹੋਵੇਗਾ। ਤੇ ਸੂਖਮ (ਅਨਦਿਖ) ਸਥੂਲ (ਦਿਖਣਾਂ) ਵਿਚ ਹੋਂਦਿਆਂ ਹੋਇਆਂ ਵੀ ਉਦੋਂ ਹੀ ਅਨੁਭਵ ਵਿਚ ਆਂਦਾ ਹੈ ਜਦੋਂ ਅਸੀਂ ਸਖ਼ਮ ਅਵਸਥਾ (ਇੰਦਰੀਆਂ ਰਹਿਤ) ਵਿਚ ਅਪੜ ਜਾਂਦੇ ਹਾਂ।

ਵੇਦ ਪੁਰਾਨ ਸਿਮ੍ਰਿਤਿ ਬੂਝੈ ਮੂਲੁ ॥
ਸੂਖਮ ਮਹਿ ਜਾਨੈ ਅਸਥੂਲੁ ॥

(ਪੰਨਾ ੨੭੪)

ਗੁਰੂ ਜੀ ਜੋਗੀਆਂ ਦੀ ਗੱਲ ਉਤੇ ਟਿੱਪਣੀ ਕਰਦੇ ਹੋਏ ਕਹਿੰਦੇ ਹਨ ਕਿ ਤੁਸੀਂ ਅਨਦਿਖ ਮੂਰਤ ਨੂੰ ਸਰੀਰ ਦੇ ਆਕਾਰ ਵਾਲਾ ਕਰਕੇ ਦੇਖਣ ਦੀ ਕੋਸ਼ਿਸ਼ ਕਰ ਰਹ ਹੋ। ਇਹ ਗਲਤ ਹੈ ਕਿਉਂਕਿ ਜੋ ਅਨਦਿਖ ਹੈ ਉਹ ਕਿਦਾਂ ਦੇਖਿਆ ਜਾ ਸਕਦਾ ਹੈ। ਗੁਰਵਾਕ ਹੈ —

ਸੂਖਮ ਮੂਰਤਿ ਨਾਮੁ ਨਿਰੰਜਨ ਕਾਇਆ ਕਾ ਅਕਾਰੁ ॥

(ਪੰਨਾ ੪੬੬)

ਉਸ ਸੂਖਮ ਮੂਰਤ ਦੇ ਅਨੁਭਵ ਲਈ ਜਿਨਾ ਬੁਧੀ ਦਾ ਸ਼ਾਂਤ ਹੋਣਾ ਜ਼ਰੂਰੀ ਹੈ ਉਨਾਂ ਹੀ ਇੰਦਰੀਆਂ ਦਾ ਵੀ ਠਹਿਰ ਜਾਣਾ ਜ਼ਰੂਰੀ ਹੈ। ਇੰਦਰੀਆਂ ਤੇ ਬੁਧੀ ਦੇ ਹਟਣ ਨਾਲ ਹੀ ਸਤਿ ਦਾ ਦਰਸ਼ਨ ਹੁੰਦਾ ਹੈ। ਇਸੇ ਲਈ ਕਿਹਾ ਹੈ ਕਿ ਸਤਿ ਸਮਝ ਤੋਂ ਪਰੇ (ਅਗਮ) ਤੇ ਇੰਦਰੀਆਂ ਤੋਂ ਪਰੇ (ਅਗੋਚਰ) ਹੈ।

ਅਗਮ ਅਗੋਚਰੁ ਰਹੈ ਨਿਰੰਤਰਿ ਗੁਰ ਕਿਰਪਾ ਤੇ ਲਹੀਐ ॥

(ਪੰਨਾ ੩੩੩)

ਪਰ ਸਤਿ ਵਲ ਇਸ਼ਾਰਾ ਤਾਂ ਇੰਦਰੀਆਂ ਰਾਹੀਂ ਹੀ ਹੋ ਸਕਦਾ ਹੈ। ਜਿਸ ਨੇ ਸਤਿ ਦਾ ਅਨੁਭਵ ਕੀਤਾ ਉਸਨੇ ਭੀ ਇੰਦਰੀਆਂ ਰਾਹੀਂ ਹੀ ਇਸ਼ਾਰਾ ਕੀਤਾ ਤੇ ਜਿਸਨੇ ਸਮਝਿਆ ਉਸਨੇ ਵੀ ਇੰਦਰੀਆਂ ਰਾਹੀਂ ਹੀ ਸਮਝਿਆ। ਹੁਣ ਦਸਣ ਵਾਲੇ ਦੀ ਮੁਸ਼ਕਲ ਇਹ ਹੈ ਕਿ ਉਹ ਆਪਣਾ ਅਨੁਭਵ ਪੂਰੀ ਤਰ੍ਹਾਂ ਦਰਸਾ ਨਹੀਂ ਸਕਦਾ ਤੇ ਸੁਨਣ ਵਾਲੇ ਦੀ ਦਿਕੱਤ ਇਹ ਹੈ ਕਿ ਉਹ ਪੂਰੀ ਤਰ੍ਹਾਂ ਸੁਣ ਨਹੀਂ ਸਕਦਾ। ਉਹ ਉਹੀ ਦੇਖੇਗਾ ਜਾਂ ਸੁਣੇਗਾ ਜੋ ਉਹ ਦੇਖਣਾ-ਸੁਨਣਾ ਚਾਹੁੰਦਾ ਹੈ ਤੇ



Digitized by Panjab Digital Library | www.panjabdigilib.org

ਉਹ ਨਹੀਂ ਜੋ ਉਸ ਨੂੰ ਸਮਝਾਇਆ-ਦਿਖਾਇਆ ਜਾ ਰਿਹਾ ਹੈ। ਮਿਸਾਲ ਲਈ, ਇਕ ਕਾਗਜ਼ ਦੇ ਟੁਕੜੇ ਤੇ ਕੁਝ ਲਿਖਿਆ ਹੋਇਆ ਹੈ। ਪੁਲੀਸ ਇਸ ਕਾਗਜ਼ ਦੇ ਟੁਕੜੇ ਨੂੰ ਖ਼ੂਨ ਦਾ ਸਬੂਤ ਸਮਝਦੀ ਹੈ ਤੇ ਖ਼ੂਨ ਦਾ ਮੁਕਦੱਮਾ ਚਲਾਂਦੀ ਹੈ। ਹੇਠਲੀ ਅਦਾਲਤ ਮੁਲਜ਼ਮ ਨੂੰ ਮੌਤ ਦੀ ਸਜ਼ਾ ਦੇਂਦੀ ਹੈ। ਹਾਈ ਕੋਰਟ ਵੀ ਮੌਤ ਦੀ ਸਜ਼ਾ ਪੱਕੀ ਕਰ ਦੇਂਦੀ ਹੈ। ਸੁਪਰੀਮ ਕੋਰਟ ਇਸ ਕਾਗਜ਼ ਦੇ ਟੁਕੜੇ ਨੂੰ ਕੋਈ ਮਹੱਤਵ ਨਹੀਂ ਦੇਂਦੀ ਤੇ ਮੁਲਜ਼ਮ ਨੂੰ ਛਡ ਦੇਂਦੀ ਹੈ। ਹੁਣ ਕਾਗਜ਼ ਦਾ ਟੁਕੜਾ ਉਹੀ ਹੈ ਤੇ ਉਸ ਉਤੇ ਲਿਖਿਆ ਮਜਮੂਨ ਵੀ ਉਹੀ ਹੈ। ਪਰ ਹਾਈ ਕੋਰਟ ਉਸ ਕਾਗਜ਼ ਦੇ ਟੁਕੜੇ ਨੂੰ ਮੌਤ ਦੀ ਸਜਾ ਦੇਣ ਲਈ ਕਾਫੀ ਸਮਝਦੀ ਹੈ ਤੇ ਸੁਪਰੀਮ ਕੋਰਟ ਉਸ ਸਬੂਤ ਨੂੰ ਇਕ ਕਾਗਜ਼ ਦੇ ਟੁਕੜੇ ਤੋਂ ਜਿਆਦਾ ਕੋਈ ਮਹੱਤਵ ਨਹੀਂ ਦੇਂਦੀ। ਉਹ ਆਪਣੀ ਟਿਪਣੀ ਵਿਚ ਲਿਖਦੀ ਹੈ,"ਹੇਠਲੀ ਕੋਰਟ ਉਹ ਦੇਖ ਰਹੀ ਹੈ ਜੋ ਪੁਲਸ ਦਿਖਾਣਾ ਚਾਹੁੰਦੀ ਹੈ ਤੇ ਉਹ ਨਹੀਂ ਦੇਖ ਰਹੀ ਜੋ ਵਾਸਤਵ ਹੈ।" ਜੇ ਹਾਈ ਕੋਰਟ ਦੇ ਜੱਜ (ਜਿਨ੍ਹਾਂ ਦੀ ਸਾਰੀ ਉਮਰ ਹਰ ਮੁਕੱਦਸੇ ਵਿਚ ਸਤਿ ਦੀ ਤਲਾਸ਼ ਵਿਚ ਲੰਘ ਗਈ) ਸਤਿ ਨਹੀਂ ਜਾਣ ਸਕਦੇ ਤਾਂ ਅਸੀਂ-ਤੁਸੀਂ ਕਿਸ ਅਧਾਰ ਤੇ ਸਤਿ ਸਮਝਣ ਤੇ ਬੋਲਣ ਦਾ ਦਾਵਾ ਕਰ ਸਕਦੇ ਹੋ। ਸਤਿ ਤਾਂ ਇਹੀ ਹੈ ਕਿ ਮਨੁੱਖ ਉਹੀ ਦੇਖਦਾ ਹੈ ਜੋ ਉਹ ਦੇਖਣਾ ਚਾਹੁੰਦਾ ਹੈ। ਉਸ ਨੂੰ ਸਤਿ ਨਾਲ ਕੋਈ ਸੰਬੰਧ ਨਹੀਂ। ਇਹੀ ਮਨ ਕਾ ਗੁਣ ਹੈ ਤੇ ਇਸੇ ਕਾਰਣ ਕਈ ਮੁਸ਼ਕਲਾਂ ਖੜੀਆਂ ਹੋ ਜਾਂਦੀਆਂ ਹਨ ਕਿ ਸਤਿ ਕੀ ਹੈ ਤੇ ਅਸਤਿ ਕੀ ਹੈ।

ਪੁਰਾਣੇ ਸਮੇਂ ਵਿਚ ਸਤਿ ਨੂੰ ਉਪਨਿਸ਼ਦ ਕਹਿੰਦੇ ਸਨ। ਉਪ=ਨੇੜੇ, ਤੇ ਨਿਸ਼ਦ=ਬੈਠਣਾ। ਯਾਨੀ ਸਤਿ ਉਹ ਗਿਆਨ ਹੈ ਜਿਹੜਾ ਗੁਰੂ ਕੋਲ ਬੈਠ ਕੇ ਸਮਝਿਆ ਗਿਆ। ਇਨ੍ਹਾਂ ਮਹਾਂ ਪੁਰਖਾਂ ਨੇ ਸਤਿ ਨੂੰ ਜਾਣਿਆ ਤੇ ਜਣਾਇਆ ਪਰ ਲਿਖਿਆ ਨਹੀਂ। ਬਾਦ ਵਿਚ ਜਿਨ੍ਹਾਂ ਨੇ ਸਤਿ ਨੂੰ ਲਿਖਿਆ ਉਨ੍ਹਾਂ ਨੇ ਜਾਣਿਆ ਨਹੀਂ। ਉਨ੍ਹਾਂ ਨੇ ਆਪਣੇ ਮਨ ਦੇ ਗੁਣ—ਧਰਮ ਅਨੁਸਾਰ ਜੋ ਬੁਧੀ ਦੇ ਤਲ ਤੇ ਪਸੰਦ ਨਹੀਂ ਆਇਆ ਉਹ ਕਟ ਦਿਤਾ ਤੇ ਜੋ ਬੁਧੀ ਨੂੰ ਪਸੰਦ ਆਇਆ ਉਹ ਜੋੜ ਦਿਤਾ। ਇਸ ਪ੍ਰਕਾਰ ਦੇ ਸਤਿ ਕਾ ਗਿਆਨ ਉਪਨਿਸ਼ਦ ਨਾਮੀ ਪੁਸਤਕਾਂ ਵਿਚ ਲਿਖਿਆ ਗਿਆ ਹੈ। ਉਹ ਮਿਲ-ਗੋਬਾ ਹੋ ਗਿਆ ਹੈ। ਇਕ ਪ੍ਰਸਿਧ ਗਰੰਥ ਹੈ 'ਕਥੋ ਉਪਨਿਸ਼ਦ'। ਕਈ ਵਿਦਵਾਨ ਇਸ ਦੇ ਪਹਿਲੇ ਅਧਿਆਏ ਨੂੰ ਹੀ ਪ੍ਰਮਾਣਿਤ ਮੰਨਦੇ ਹਨ ਤੇ ਦੂਸਰੇ ਨੂੰ ਨਹੀਂ। ਯਾਨੀ ਸਤਿ ਦਰਸਾਣ ਵਾਲੇ ਧਰਮ-



Digitized by Panjab Digital Library | www.panjabdigilib.org

ਗਰੰਥ ਦੇ ਪੂਰੇ ਆਧਿਆਏ ਬਾਰੇ ਸ਼ੰਕੇ ਹਨ। ਇਹੀ ਗੱਲ ਹੋਰ ਧਰਮ-ਗਰੰਥਾਂ ਬਾਰੇ ਹੈ। ਸਤਿ (ਜਿਹੜਾ ਦਸਣਾ ਉਦਾਂ ਹੀ ਕਠਿਨ ਹੈ) ਬਹੁਤ ਬਦਲ ਗਿਆ। ਗੁਰੂ ਨਾਨਕ ਦੇਵ ਜੀ ਦੇ ਸਮੇਂ ਤਕ ਸਤਿ ਉਪਰ ਅਸਤਿ ਕੀ ਛਾਪ ਪੈ ਗਈ। ਇਸ ਤਰੁਟੀ ਨੂੰ ਦੂਰ ਕਰਨ ਲਈ ਗੁਰੂ ਜੀ ਨੇ ਜੋ ਦਸਿਆ ਉਹ ਨਾਲ ਦੇ ਨਾਲ ਹੀ ਲਿਖ ਵੀ ਦਿਤਾ ਤਾਂਕਿ ਗੁਰੂ ਗਰੰਥ ਸਾਹਿਬ ਸਰੁਤੀ (ਜੋ ਸੁਣ ਕੇ ਲਿਖਿਆ ਗਿਆ) ਜਾਂ ਸਮ੍ਰਿਤੀ (ਜੋ ਸਰਵਣ (ਚੇਤੇ) ਕਰਕੇ ਲਿਖਿਆ ਗਿਆ) ਵਾਂਗ ਨਾ ਹੋ ਜਾਏ। ਗੁਰੂ ਗਰੰਥ ਸਾਹਿਬ ਜੀ ਵਿਚ ਪ੍ਰਭੂ ਮਿਲਾਪ ਲਈ ਇਸ਼ਾਰੇ ਹਨ ਧਰ ਇਹ ਪ੍ਰਮਾਣਿਤ ਹਨ।

ਸੋ ਸਤਿ ਨੂੰ ਸਮਝਣਾ ਹੀ ਮੁਸ਼ਕਲ ਨਹੀਂ ਇਸ ਨੂੰ ਸਮਝਾਣਾ ਵੀ ਮੁਸ਼ਕਲ ਹੈ। ਇਹ ਸਤਿ ਅਗਮ ਤੇ ਅਗੋਚਰ ਹੈ ਦਸਣ ਵਾਲੇ ਲਈ ਵੀ ਤੇ ਸੁਨਣ ਵਾਲੇ ਲਈ ਵੀ।



Digitized by Panjab Digital Library | www.panjabdigilib.org

### ੩. ਸਤਿ ਅਬਿਨਾਸੀ ਹੈ :

ਸਤਿ ਨਾਮਰਹਿਤ ਹੈ, ਸਤਿ ਅਬਿਨਾਸੀ ਹੈ। ਇਸ ਨੇ ਸਾਰਾ ਜਗਤ ਆਪਣੀ ਸਮਝ ਨਾਲ ਬਣਾਇਆ ਹੈ ਤੇ ਇਹ ਹੀ ਇਸ ਦਾ ਨਾਸ ਵੀ ਕਰਦਾ ਹੈ। ਪਰ ਅਖੰਡ ਹੈ। ਗੁਰਵਾਕ :—

ਆਪੈ ਆਪਿ ਸਗਲ ਮਹਿ ਆਪਿ ॥
ਅਨਿਕ ਜੁਗਤਿ ਰਚਿ ਥਾਪਿ ਉਥਾਪਿ ॥
(ਪੰਨਾ ੨੮੨)

ਅਬਿਨਾਸੀ ਨਾਹੀ ਕਿਛੁ ਖੰਡ ॥
ਧਾਰਣ ਧਾਰਿ ਰਹਿਓ ਬ੍ਰਹਮੰਡ ॥
ਅਬਿਨਾਸੀ ਸੁਖ ਆਪਨ ਆਸਨ ॥
ਤਹ ਜਨਮ ਮਰਨ ਕਹੁ ਕਹਾ ਬਿਨਾਸਨ ॥
(ਪੰਨਾ ੨੯੧)

ਜਿਸਦਾ ਜਨਮ ਮਰਣ ਨਹੀਂ, ਉਸ ਦਾ ਨਾਸ ਕਿਦਾਂ ਹੋਏਗਾ। ਜੋ ਬਣਿਆ ਨਹੀਂ, ਉਹ ਕਿਦਾ ਮਿਟੇਗਾ : ਜਿਸ ਦਾ ਆਦਿ ਨਹੀਂ, ਉਸ ਦਾ ਅੰਤ ਨਹੀਂ। ਸਤਿ ਦੀ ਗਲ ਤਾਂ ਦੂਰ ਹੈ, ਸਤਿ ਦੀ ਕਿਰਤ ਦਾ ਵੀ ਨਾਸ ਨਹੀਂ। ਕਿਰਤ ਸਿਰਫ ਰੂਪ ਬਦਲਦੀ ਹੈ, ਨਾਸ ਨਹੀਂ ਹੁੰਦੀ। ਹੁਣ ਸਾਇੰਸਦਾਨ ਵੀ ਮੰਨਦੇ ਹਨ ਕਿ ਮਾਦਾ (Matter) ਨਾਸ ਰਹਿਤ ਹੈ : ਵਸਤੂਆਂ ਰੂਪ ਵਟਾਂਦੀਆਂ ਰਹਿੰਦੀਆਂ ਹਨ ਤੇ ਸਾਨੂੰ ਉਨ੍ਹਾਂ ਦੇ ਨਾਸ ਹੋਣ ਦਾ ਭ੍ਰਮ ਹੋ ਜਾਂਦਾ ਹੈ : ਐਦਾ ਸਮਝੋ : ਸਾਗਰ ਵਿਚ



Digitized by Panjab Digital Library | www.panjabdigilib.org

ਪਾਣੀ ਹੈ : ਗਰਮੀ ਪਈ, ਪਾਣੀ ਉਡ ਗਿਆ : ਪਾਣੀ ਬਦਲਾਂ ਵਿਚ ਚਲਾ ਗਿਆ : ਪਾਣੀ ਨੇ ਆਪਣਾ ਤਰਲ ਰੂਪ ਹਵਾ ਵਿਚ ਵਟਾ ਲਿਆ : ਫਿਰ ਮੀਂਹ ਪਿਆ, ਬਦਲ ਖਾਲੀ ਹੋ ਗਏ, ਤੇ ਪਾਣੀ ਫਿਰ ਸਾਗਰ ਵਿਚ ਆ ਰਲਿਆ : ਪਾਣੀ ਫਿਰ ਹਵਾ ਤੋਂ ਤਰਲ ਹੋ ਗਿਆ । ਵਿਗਿਆਨਕ ਕਹਿੰਦੇ ਹਨ ਕਿ ਧਰਤੀ ਵਿਚ ਨਾ ਪਾਣੀ ਘਟਦਾ ਹੈ ਨਾ ਵਧਦਾ ਹੈ । ਅਜ ਤੋਂ ਲੱਖਾਂ ਸਾਲ ਪਹਿਲਾਂ ਜਿਨਾਂ ਪਾਣੀ ਧਰਤੀ ਕੋਲ ਸੀ, ਅਜ ਵੀ ਉਨ੍ਹਾਂ ਹੀ ਹੈ । ਪਾਣੀ ਜਮੀਨ ਉਤੇ ਰਹੇ, ਹਵਾ ਵਿਚ ਰਹੇ ਪਹਾੜ ਤੇ ਰਹੇ, ਕਿਤੇ ਵੀ ਰਹੇ, ਪਰ ਉਸ ਦੀ ਟੋਟਲ ਮਿਕਦਾਰ ਵਿਚ ਨ ਘਾਟ ਹੈ "ਨ ਬਾਢ ਹੈ, ਨਾ ਘਾਟਿ ਬਾਢ ਹੋਤ ਹੈ" ਰੇਤ ਦਾ ਨਿਕਾ ਜਿਹਾ ਕਿਣਕਾ ਹੈ : ਉਸ ਦਾ ਕਿਦਾਂ ਨਾਸ ਕਰੋਗੇ : ਆਮ ਕਰਕੇ ਉਹ ਨਾਂਸ ਰਹਿਤ ਹੈ : ਪਰ ਜੇ ਵਿਗਿਆਨਕ ਉਸ ਨੂੰ ਤੋੜ ਵੀ ਲਏ, ਓਹ ਕਿਣਕਾ ਕੋਈ ਹੋਰ ਰੂਪ ਧਾਰਣ ਕਰ ਲਏਗਾ । ਰੂਪ ਬਦਲ ਲਏਗਾ ਪਰ ਆਪਣੀ ਸ਼ਕਤੀ ਨੂੰ ਬਚਾਈ ਰਖੇਗਾ । ਆਪਣੀ ਹੋਂਦ ਨੂੰ ਬਚਾਈ ਰਖੇਗਾ । ਕੁਝ ਬਦਲ ਰਿਹਾ ਹੈ ਪਰ ਉਸ ਬਦਲਣ ਵਿਚ ਵੀ ਕੁੱਝ ਹੈ ਜੋ ਨਹੀਂ ਬਦਲ ਰਿਹਾ । ਇਕ ਬਿਨਸ ਰਿਹਾ ਹੈ ਤੇ ਇਕ ਅਸਥਿਰ ਹੈ । ਇਹੀ ਅਸਚਰਜ ਹੈ ਜਿਸ ਵਲ ਗੁਰਬਾਣੀ ਇਸਾਰਾ ਕਰਦੀ ਹੈ ।

ਇਕੁ ਬਿਨਸੈ ਇਕੁ ਅਸਥਿਰੁ ਮਾਨੈ ॥
ਅਚਰਜੁ ਲਖਿਓ ਨ ਜਾਈ ॥

(ਪੰਨਾ ੨੧੯)

ਸਰੀਰ ਬਣਦਾ ਹੈ ਜਵਾਨ ਹੁੰਦਾ ਹੈ । ਬੁੱਢਾ ਹੁੰਦਾ ਹੈ ਤੇ ਅਖੀਰ ਨਾਸ ਹੋ ਜਾਂਦਾ ਹੈ : ਅਸਲ ਵਿਚ ਪ੍ਰਤੀ ਛਣ ਸਾਡੇ ਵਿਚ ਬਦਲਾਹਟ ਹੋ ਰਹੀ ਹੈ : ਲਗਾ-ਤਾਰ ਬਨਣ-ਵਿਗੜਣ ਦਾ ਕੰਮ ਜਾਰੀ ਹੈ :

ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ ॥
ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ ॥

(ਪੰਨਾ ੧੪੨੭)

ਡਾਕਟਰ ਕਹਿੰਦੇ ਹਨ ਕਿ ਹਰ ਸਤਵੇਂ ਸਾਲ ਸਾਡਾ ਸਰੀਰ ਬਿਲਕੁਲ ਬਦਲ ਜਾਂਦਾ ਹੈ । ਸਾਡੇ ਸਰੀਰ ਵਿਚ ਅਜ ਜੋ ਵੀ ਨਾੜੀ, ਮਾਸ-ਪੇਸ਼ੇ, ਲਹੂ,



Digitized by Panjab Digital Library | www.panjabdigilib.org

ਹੱਡੀ, ਖੂਨ, ਕੇਸ, ਆਦਿ ਹਨ, ਉਹ ਹਰ ਪਲ ਬਦਲਦੇ ਰਹਿੰਦੇ ਹਨ। ਤੇ ਸਤ ਸਾਲਾਂ ਮਗਰੋਂ ਉਹ ਨਹੀਂ ਰਹਿੰਦੇ ਜੋ ਅਗੇ ਸਨ। ਪਰ ਸਰੀਰ ਦੇ ਨਾਸ ਹੋਣ ਦੇ ਬਾਦ ਵੀ ਕੁਝ ਨਾਸ-ਰਹਿਤ ਰਹਿ ਜਾਂਦਾ ਹੈ। ਉਹ ਸਰੀਰ ਬਨਣ ਤੋਂ ਪਹਿਲਾਂ ਵੀ ਸੀ ਤੇ ਬਾਦ ਵਿਚ ਵੀ ਰਹੇਗਾ। ਉਹੀ ਸਤਿ ਹੈ। ਉਹੀ ਅਬਿਨਾਸੀ ਹੈ।



Digitized by Panjab Digital Library | www.panjabdigilib.org

## ੪. ਅਸਤਿ ਵੀ ਸਤ ਹੈ :

ਆਸਾ ਦੀ ਵਾਰ ਵਿਚ ਗੁਰੂ ਅਮਰਦਾਸ ਜੀ ਕਹਿੰਦੇ ਹਨ ਕਿ ਇਹ ਜਗ ਸੱਚੇ ਵਾਹਿਗੁਰੂ (ਸਤਿ) ਦੇ ਰਹਿਣ ਦੀ ਥਾਂ ਹੈ ਤੇ ਸੱਚੇ ਦਾ ਹੀ ਉਸ ਵਿਚ ਵਾਸਾ ਹੈ।

ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸ ।

(ਪੰਨਾ ੪੬੩)

ਤੇ ਗੁਰੂ ਤੇਗਬਹਾਦਰ ਸਾਹਿਬ ਕਹਿੰਦੇ ਹਨ ਕਿ ਜਗ ਦੀ ਰਚਨਾ ਝੂਠ ਹੈ ਤੇ ਇਹ ਰੇਤ ਦੀ ਕੰਧ ਵਾਂਗ ਹੈ।

ਜਗੁ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ ॥<br>
ਕਹਿ ਨਾਨਕ ਥਿਰੁ ਨ ਰਹੈ ਜਿਉ ਬਾਲੂ ਕੀ ਭੀਤਿ ॥

(ਪੰਨਾ ੧੪੨੮)

ਇਹ ਕਥਨ ਵਿਰੋਧੀ ਲਗੇਗਾ ਕਿ ਜਗ ਸਤਿ ਵੀ ਹੈ ਤੇ ਅਸਤ ਵੀ ਹੈ। ਪਰ ਦੋਵੇਂ ਗਲਾਂ ਸਚ ਹਨ। ਨੀਂਦ ਵਿਚ ਦੇਖੋ, ਸੁਪਨੇ ਵਿਚ ਦੇਖੋ, ਮਾਇਆ ਭਰੀਆਂ ਅਖਾਂ ਨਾਲ ਦੇਖੋ ਤਾਂ ਜਗਤ ਸਚ ਲਗਦਾ ਹੈ ਤੇ ਜਾਗ ਕੇ ਵੇਖੋ ਤਾਂ ਝੂਠ ਲਗਦਾ ਹੈ। ਇਦਾਂ ਸਮਝੋ, ਕਮਰੇ ਵਿਦ ਹਨੇਰਾ ਹੈ ਤੇ ਉਥੇ ਪਈ ਹੋਈ ਇਕ ਰਸੀ ਸੱਪ ਲਗਦੀ ਹੈ। ਫਿਰ ਬਿਜਲੀ ਜਗਾਂਦੇ ਹਾਂ ਤੇ ਪਤਾ ਲਗਦਾ ਹੈ ਕਿ ਕਮਰੇ ਵਿਚ ਸੱਪ ਨਹੀਂ ਰਸੀ ਪਈ ਹੈ। ਫਿਰ ਇਸ ਰਸੀ ਦਾ ਕਿਸੇ ਵਿਗਿਆਨਕ ਕੋਲੋਂ ਵਿਸ਼ਲੇਸ਼ਣ ਕਰਾਉ ਤਾਂ ਉਹ ਕਹਿੰਦਾ ਹੈ ਕਿ ਇਹ ਸਿਰਫ ਪ੍ਰਮਾਣੂਆਂ (Atoms) ਦਾ ਪੁੰਜ ਹੈ। ਇਸ ਰਸੀ ਦੀ ਕੋਈ ਹਸਤੀ ਨਹੀਂ, ਇਹ ਸਿਰਫ਼ ਸ਼ਕਤੀ ਹੈ। ਹੁਣ ਸੱਚ ਕੀ ਹੈ ?



Digitized by Panjab Digital Library | www.panjabdigilib.org

ਜਦੋਂ ਤਕ ਸਾਨੂੰ ਰੋਸ਼ਨੀ ਨਹੀਂ ਮਿਲਦੀ, ਸਾਡੇ ਲਈ ਰਸੀ ਹੀ ਸੱਪ ਹੈ। ਸਾਡਾ ਇਸ ਨੂੰ ਸੱਪ ਕਹਿਣਾ ਜਾਂ ਸੱਪ ਸਮਝਣਾ ਸਤਿ ਹੀ ਹੈ। ਪਰ ਇਹ ਸਤਿ ਤਾਂ ਨਹੀਂ ਹੈ। ਅਜਿਹੀ ਅਵਸਥਾ ਨੂੰ, ਜਦੋਂ ਝੂਠ ਸਚ ਪ੍ਰਤੀਤ ਹੋਏ, ਅਸਤਿ ਕਹਿੰਦੇ ਹਨ। ਜਿਹੜਾ ਝੂਠ ਹੈ ਉਹ ਤਾਂ ਝੂਠ ਹੈ ਹੀ ਪਰ ਕਈ ਵਾਰੀ ਝੂਠ ਵੀ ਸੱਚ ਹੀ ਲਗਦਾ ਹੈ। ਇਕ ਹੋਰ ਮਿਸਾਲ ਰਾਹੀਂ ਸਮਝੋ। ਤੁਸੀਂ ਬੱਸ-ਸਟਾਪ ਤੇ ਖਲੋਤੇ ਹੋ। ਇਕ ਬਸ ਲੰਘਦੀ ਹੈ ਤੇ ਤੁਸੀਂ ਉਸਦਾ ਨੰਬਰ 132 ਪੜ੍ਹਦੇ ਹੋ। ਕਿਸੇ ਦੇ ਪੁਛਣ ਤੇ ਤੁਸੀਂ ਕਹਿੰਦੇ ਹੋ ਕਿ ਇਸ ਬਸ ਦਾ ਨੰਬਰ 132 ਸੀ। ਜਾਂ ਇਹ ਸਮਝੋ ਕਿ ਤੁਸੀਂ ਬਸ ਦਾ ਨੰਬਰ 132 ਠੀਕ ਪੜ੍ਹਦੇ ਹੋ ਪਰ ਕਿਸੇ ਨੂੰ ਜਾਣ-ਬੁਝ ਕੇ ਇਸ ਦਾ ਨੰਬਰ 132 ਦੱਸ ਦੇਂਦੇ ਹੋ ਪਹਿਲੀ ਅਵਸਥਾ ਵਿਚ ਤੁਹਾਡਾ ਕਥਨ ਝੂਠਾ ਨਹੀਂ ਕਿਉਂਕਿ ਤੁਸੀਂ ਗਲਤ ਨੂੰ ਸਚ ਪੜ੍ਹ ਕੇ ਤੇ ਸਚ ਸਮਝ ਕੇ ਦਸਿਆ। ਇਸ ਨੂੰ ਅਸਤਿ ਕਹਿੰਦੇ ਹਨ। ਦੂਸਰੀ ਅਵਸਥਾ ਵਿਚ ਤੁਹਾਡਾ ਕਥਨ ਅਸਤਿ ਨਹੀਂ ਕਿਉਂਕਿ ਤੁਸੀਂ ਜੋ ਕਿਹਾ ਉਹ ਜਾਣਦੇ ਹੋਇਆ ਝੂਠ ਕਿਹਾ। ਸੋ ਗੁਰੂ ਜੀ ਜਦੋਂ ਕਹਿੰਦੇ ਹਨ ਕਿ ਜਗ ਰਚਨਾ ਸਭ ਝੂਠ ਹੈ ਤਾਂ ਉਹ ਕਹਿੰਦੇ ਹਨ ਕਿ ਤੁਹਾਨੂੰ ਸਤਿ ਦਾ ਪਤਾ ਨਹੀਂ। ਸਤਿ ਦੇ ਗਿਆਨ ਰਾਹੀਂ ਦੇਖੋਗੇ ਤਾਂ ਨਾ ਸਿਰਫ ਰੱਸੀ ਸੱਪ ਦਿਸਣੀ ਬੰਦ ਹੋ ਜਾਂਦੀ ਹੈ ਬਲਕਿ ਰੱਸੀ ਦੇ ਸਤ ਸਰੂਪ (ਦਿਸਣ ਵਾਲੇ ਐਟਮਾਂ ਦੇ ਸਮੂਹ) ਦਾ ਪਤਾ ਚਲ ਜਾਂਦਾ ਹੈ।

ਅਸੀਂ ਹਾਲੀਂ ਸੁਪਨ ਅਵਸਥਾ ਵਿਚ ਹਾਂ। ਅਸੀਂ ਵਿਗਿਆਨ ਦੇ ਹਨੇਰੇ ਵਿਚ ਹਾਂ। ਸਾਨੂੰ ਜਗ ਸਚ ਦਿਸਦਾ ਹੈ ਤੇ ਸਾਡੇ ਦੇਖਣ ਵਿਚ ਕੋਈ ਖੋਟ ਨਹੀਂ। ਸੁਪਨੇ ਵਿਚ ਸੁਪਨਾ ਸੱਚ ਹੀ ਹੁੰਦਾ ਹੈ। ਸੁਪਨੇ ਵਿਚ ਡਰੀਦਾ ਹੈ ਤਾਂ ਘਬਰਾਹਟ ਸਾਰੇ ਸ਼ਰੀਰ ਵਿਚ ਫੈਲ ਜਾਂਦੀ ਹੈ, ਸਾਹ ਫੁਲ ਜਾਂਦੀ ਹੈ, ਸ਼ਰੀਰ ਕੰਬਣ ਲਗਦਾ ਹੈ, ਅਸੀਂ ਪਸੀਨੋ-ਪਸੀਨਾ ਹੋ ਜਾਂਦੇ ਹਾਂ, ਡਰ ਨਾਲ ਮੂੰਹੋਂ ਚੀਖ ਤੱਕ ਨਹੀਂ ਨਿਕਲਦੀ। ਤੇ ਜੇ ਚੀਖ ਨਿਕਲ ਜਾਏ ਤਾਂ ਸੁਪਨਾ ਟੁੱਟ ਜਾਂਦਾ ਹੈ। ਪਰ ਸੁਪਨੇ ਦੀ ਹਾਲਤ ਵਿਚ ਸੁਪਨੇ ਦੇ ਸਤ ਹੋਣ ਵਿਚ ਕੋਈ ਸ਼ੱਕ ਨਹੀਂ ਹੁੰਦਾ। ਇਸ ਦੇ ਸਚ ਹੋਣ ਦੇ ਪ੍ਰਮਾਣ ਸਾਡੇ ਸ਼ਰੀਰ ਤੇ ਥਾਂ-ਥਾਂ ਮਿਲਦੇ ਹਨ। ਜਦੋਂ ਅਸੀਂ ਸੁਪਨੇ ਤੋਂ ਜਾਗਦੇ ਹਾਂ ਤਾਂ ਜਿਸ ਤਰ੍ਹਾਂ ਜਾਗਣ ਦੇ ਬਾਅਦ ਸੁਪਨਾ ਝੂਠ ਲਗਦਾ ਹੈ ਉਦਾਂ ਹੀ ਸੰਸਾਰ ਦੀ ਅਸਲੀਅਤ ਦਿਸ ਪੈਂਦੀ ਹੈ ਇਸ ਦਾ ਇਹ ਅਰਥ ਨਹੀਂ ਕਿ ਸੰਸਾਰ ਨਹੀਂ ਰਹਿੰਦਾ। ਸਿਰਫ ਸੁਪਨੇ ਦੇ ਟੁੱਟਣ ਤੇ ਸੰਸਾਰ ਦੀ ਅਸਲੀਅਤ ਦਿਸਣ ਲੱਗ ਪੈਂਦੀ



Digitized by Panjab Digital Library | www.panjabdigilib.org

ਹੈ। ਜਿਹੜਾ ਸੰਸਾਰ ਸਾਨੂੰ ਅਸਥਿਰ ਦਿਸਦਾ ਸੀ ਉਹ ਹੁਣ ਉਦਾਂ ਦਾ ਨਹੀਂ ਦਿਸਦਾ। ਜੇ ਤੁਸੀਂ ਸਿਮਰਨ ਕਰਦੇ ਹੋ ਤੇ ਅਨਹਦ ਨਾਦ ਦੇ ਸੁਨਣ ਦੀ ਅਵਸਥਾ ਵਿਚ ਪਹੁੰਚ ਗਏ ਹੋ (ਦੇਖੋ ਮੇਰੀ ਕਿਤਾਬ "ਸਿਮਰਨ ਕਿਦਾਂ ਕਰੀਏ") ਤਾਂ ਤੁਹਾਨੂੰ ਪ੍ਰਤੱਖ ਦਿਸ ਜਾਏਗਾ ਕਿ ਕਿਦਾਂ ਸਾਡਾ ਸ਼ਰੀਰ ਤੇ ਸੰਸਾਰ ਦੀਆਂ ਵਸਤੂਆਂ ਇਕ ਤਰੰਗ ਤੋਂ ਜ਼ਿਆਦਾ ਕਝ ਨਹੀਂ ਰਹਿੰਦੀਆਂ। ਸਭ ਤਰੰਗ ਰੂਪ ਹੋ ਜਾਂਦਾ ਹੈ। ਅਖਾਂ ਖੋਲ੍ਹਣ ਤੇ ਤਾਂ ਸੰਸਾਰ ਉਦਾਂ ਹੀ ਰਹਿਦਾ ਹੈ ਪਰ ਸਾਨੂੰ ਉਸ ਦੇ ਸੁਪਨੇ ਰੂਪ ਦਾ ਅਨੁਭਵ ਹੋ ਗਿਆ ਹੁੰਦਾ ਹੈ। ਸਿਮਰਨ ਦੀ ਹੋਰ ਗਹਿਰਾਈ ਵਿਚ ਜਾਣ ਨਾਲ ਸਾਡਾ ਕੰਪਨ ਦਾ ਅਨਭਵ ਵੀ ਗਿਰ ਜਾਂਦਾ ਹੈ। ਤੇ ਸਾਨੂੰ ਉਸਦੇ ਦਰਸ਼ਨ ਹੁੰਦੇ ਹਨ ਜਿਹੜਾ ਸਾਰੀ ਕੰਬਦੀ ਤਰੰਗਾਂ ਵਿਚ ਅਕੰਬ ਹੈ। ਸੱਪ ਤੋਂ ਰਸੀ ਤੇ ਰਸੀ ਤੋਂ ਐਟਮ ਦਾ ਪਤਾ ਚਲਦਾ ਹੈ। ਇਦਾਂ ਹੀ ਸਿਮਰਨ ਰਾਹੀਂ ਸੰਸਾਰ ਦੀਆਂ ਸਥੂਲ ਵਸਤੂਆਂ ਵਿਚ ਸਿਰਫ ਉਨ੍ਹਾਂ ਦਾ ਕੰਪਨ ਰਹਿ ਜਾਂਦਾ ਹੈ। ਤੇ ਫਿਰ ਅਕੰਪਨ ਰਹਿ ਜਾਂਦਾ ਹੈ। ਫਿਰ ਇਹ ਹੀ ਸਤਿ ਕਾ ਸਾਕਸਾਤ ਹੈ। ਸੰਸਾਰ ਨਹੀਂ ਬਦਲਦਾ, ਸੰਸਾਰ ਪ੍ਰਤੀ ਸਾਡੀ ਦ੍ਰਿਸ਼ਟੀ ਬਦਲ ਜਾਂਦੀ ਹੈ। ਸਾਨੂੰ ਸੰਸਾਰ ਵਿਚ ਸਚ ਦੀ ਕੋਠੜੀ ਦਿਸ ਪੈਂਦੀ ਹੈ। ਸਥੂਲ ਵਸਤੂਆਂ ਵਿਚ ਸੂਖਮ ਦੇ ਦਰਸ਼ਨ ਹੋ ਜਾਂਦੇ ਹਨ। ਸੰਸਾਰ ਸਚ ਹੀ ਬਣਿਆ ਰਹਿੰਦਾ ਹੈ ਤੇ ਉਸ ਦਾ ਅਸਤਿ ਹੋਣਾ ਵੀ ਦਿਸ ਪੈਂਦਾ ਹੈ। ਇਸ ਅਸਤਿ ਵਿਚ ਹੀ ਸਤਿ ਲੁਕਿਆ ਪਿਆ ਹੈ। ਉਹ ਸਾਹਮਣੇ ਆ ਜਾਂਦਾ ਹੈ।



Digitized by Panjab Digital Library | www.panjabdigilib.org

## ਪ. ਸਤਿ ਦਾ ਸਬੂਤ ਨਹੀਂ :

ਸਤਿ ਬਾਰੇ ਕੋਈ ਸਬੂਤ ਨਹੀਂ ਦਿਤਾ ਜਾ ਸਕਦਾ ਕਿਉਂਕਿ ਸਤਿ ਦਾ ਅਨੁਭਵ ਇਕ ਜਾਤੀ ਘਟਣਾ ਹੈ। ਇਸ ਦਾ ਅਨੁਭਵ ਮੈਨੂੰ ਹੈ ਤੁਹਾਨੂੰ ਨਹੀਂ, ਜਾਂ ਤੁਹਾਨੂੰ ਹੈ ਮੈਨੂੰ ਨਹੀਂ। ਜਾਨਣ ਵਾਲਾ ਜਾਣਦਾ ਹੈ ਪਰ ਦੂਸਰੇ ਨੂੰ ਇਸ ਬਾਰੇ ਕੀ ਸਬੂਤ ਦਿਤਾ ਜਾ ਸਕਦਾ ਹੈ। ਇਕ ਨਾਸਤਕ ਹੈ। ਉਹ ਕਹਿੰਦਾ ਹੈ ਰਬ ਨਹੀਂ। ਤੁਸੀਂ ਉਸ ਨੂੰ ਕੀ ਦਲੀਲ ਦੇਉਗੇ ਕਿ ਰਬ ਹੈ। ਗੁਰਬਾਣੀ ਤਾਂ ਕਹਿੰਦੀ ਹੈ ਕਿ ਸਮਝਿਆ ਨਹੀਂ ਜਾ ਸਕਦਾ। ਇੰਦਰੀਆਂ ਰਾਹੀਂ ਪਕੜਿਆ ਨਹੀਂ ਜਾ ਸਕਦਾ ਹੈ, ਦਲੀਨ ਰਾਹੀਂ ਸਾਬਤ ਨਹੀਂ ਕੀਤਾ ਜਾ ਸਕਦਾ। ਦੁਨੀਆ ਭਰ ਦੇ ਨਾਸਤਕ ਤੇ ਆਸਤਕ ਆਪਣੇ ਆਪਣੇ ਪੱਖ ਵਿਚ ਦਲੀਲਾਂ ਦੇਈ ਜਾਂਦੇ ਹਨ। ਇਨਾਂ ਨੂੰ ਸੁਣ ਕੇ ਕੁਝ ਆਸਤਕ ਨਾਸਤਕ ਹੋ ਜਾਂਦੇ ਹਨ ਤੇ ਕੁਝ ਨਾਸਤਕ ਆਸਤਕ। ਪਰ ਸਾਬਤ ਤਾਂ ਕੁਝ ਨਹੀਂ ਹੋਇਆ ਕਰਨ ਕਰਾਵਨ ਨਹੀ ਪਤੀਆਈ ਹੈ। ਅੱਗ ਸਾੜਦੀ ਹੈ, ਇਸ ਨੂੰ ਦਲੀਲਾਂ ਰਾਹੀਂ ਕਿੱਦਾਂ ਸਾਬਤ ਕਰ ਸਕਦੇ ਹੋ ? ਇਹ ਦਲੀਲਾਂ ਰਾਹੀਂ ਨਹੀਂ ਪਰਯੋਗ ਰਾਹੀਂ ਸਮਝ ਆਏਗਾ। ਅੱਗ ਵਿਚ ਹੱਥ ਪਾਉ, ਸੜ ਜਾਏਗਾ। ਸਬੂਤ ਮਿਲ ਗਿਆ। ਹੁਣ ਦਲੀਲਾਂ ਦੀ ਕੀ ਲੋੜ ਹੈ। ਅੰਨ੍ਹੇ ਨੂੰ ਰੋਸ਼ਨੀ ਬਾਰੇ ਦਲੀਲਾਂ ਦੇ ਕੇ ਨਹੀਂ ਸਮਝਾਇਆ ਜਾ ਸਕਦਾ। ਉਸ ਦੀ ਅੱਖਾਂ ਦਾ ਇਲਾਜ ਕਰਾਉ। ਅੱਖਾਂ ਠੀਕ ਹੋ ਗਈਆਂ ਤਾ ਉਸਨੂੰ ਬਿਨਾਂ ਦਲੀਲ ਜਾਂ ਬਹਿਸ ਦੇ ਸਮਝ ਆ ਜਾਏਗਾ ਕਿ ਰੋਸ਼ਨੀ ਕੀ ਹੈ। ਆਪਣੇ ਆਪ ਨੂੰ ਬਦਲੋ, ਚੀਜ਼ਾਂ ਨੂੰ ਨ ਬਦਲੋ। ਇਦਾਂ ਹੀ ਸਤਿ ਨੂੰ ਜਾਨਣ ਲਈ ਆਪਣੇ ਨੂੰ ਬਦਲੋ। ਸਤਿ ਦਾ ਸਬੂਤ ਮਿਲ ਜਾਏਗਾ। ਸਿਮਰਨ ਕਰੋ, ਆਪ ਸਤਿ ਹੋ ਜਾਉ। ਆਪਣੇ ਆਪ ਸਤਿ ਦਾ ਸਬੂਤ ਮਿਲ ਜਾਏਗਾ।



Digitized by Panjab Digital Library | www.panjabdigilib.org

ਸਾਇੰਸ ਦੀ ਇਹੀ ਅੜਚਣ ਹੈ। ਦਲੀਲਾਂ ਰਾਹੀਂ ਅਧਿਆਤਮਕ ਗੱਲਾ ਨਹੀਂ ਸਮਝੀਆਂ ਜਾ ਸਕਦੀਆਂ। ਇਸ ਵਿਦਿਆ ਨੂੰ ਜਾਨਣ ਲਈ ਆਪਣੇ ਆਪ ਨੂੰ ਬਦਲਣਾ ਪੈਂਦਾ ਹੈ। ਤੇ ਵਿਗਿਆਨਕ ਇਸ ਲਈ ਤਿਆਰ ਨਹੀਂ। ਇਹ ਆਪਣੇ ਆਲੇ-ਦੁਆਲੇ ਦੀਆਂ ਵਸਤੂਆਂ ਨੂੰ ਅਦਲ-ਬਦਲ ਕੇ ਤੋੜ-ਭਨ ਕੇ ਸਤਿ (ਵਸਤੂਆਂ ਦੀ ਆਤਮਾ) ਨੂੰ ਸਮਝਣਾ ਚਾਹੁੰਦੇ ਹਨ। ਇਹ ਤਰੀਕਾ ਮੈਟਰ ਲਈ ਠੀਕ ਹੈ ਪਰ ਮੈਟਾ ਫੀਜ਼ਿਕਲ (META PHYSICAL) ਠੀਕ ਨਹੀਂ। ਪਰ ਪਿਛਲੇ ਢਾਈ ਹਜ਼ਾਰ ਸਾਲਾਂ ਦਾ ਸਾਇੰਸ ਦਾ ਇਤਹਾਸ ਦਸਦਾ ਹੈ ਕਿ ਸਾਇੰਸਦਾਨਾਂ ਦੇ ਆਪਣੇ ਆਪ ਨੂੰ ਨਹੀਂ ਬਦਲਿਆ। ਫਲ ਸਰੂਪ ਇਸ ਨੇ ਜਾਣਿਆ ਤਾਂ ਬਹੁਤ ਕੁਝ (ਐਟਮ ਤੱਕ ਨੂੰ ਤੋੜ ਦਿਤਾ) ਪਰ ਪ੍ਰਗਤੀ ਨਹੀਂ ਹੋਈ। ਹੋ ਵੀ ਜਾਏ ਤਾਂ ਵੀ ਅਨੰਤ ਸਤਿ ਨਹੀਂ ਮਿਲੇਗਾ ਕਿਉਂਕਿ ਪ੍ਰਮਾਣ ਲਭਣ ਵਾਲਾ ਤਰੀਕਾ ਹੀ ਗਲਤ ਹੈ। ਸਤਿ ਅਪ੍ਰਮਾਣਿਤ ਹੈ। ਆਪਣੇ ਆਪ ਨੂੰ ਬਦਲੋਗੇ ਤਾਂ ਸਤਿ ਦਿਸੇਗਾ। ਸਤਿ ਦਿਸੇਗਾ ਤਾਂ ਪ੍ਰਮਾਣ ਦੀ ਲੋੜ ਨਹੀਂ ਰਹੇਗੀ। ਸਿਮਰਨ ਕਰੋਗੇ, ਸਿਮਰਨ ਨੂੰ ਸਤਿ ਦੀ ਖੋਜ ਲਈ ਆਧਾਰ ਬਣਾਉਗੇ, ਤਾਂ ਜ਼ਰੂਰ ਸਤਿ ਪ੍ਰਾਪਤ ਹੋਏਗਾ। ਕਿਉਂਕਿ—

ਨਾਮੁ ਬਿਉਹਾਰਾ ਨਾਨਕ ਆਧਾਰਾ ॥
ਨਾਮੁ ਪਰਾਪਤਿ ਲਾਹਾ ॥

(ਪੰਨਾ ੬੮੦)



Digitized by Panjab Digital Library | www.panjabdigilib.org

## ੬. ਨਾਮ ਦਾ ਸਤਿ :

ਅਸੀਂ '੧ਓ ਸਤਿਨਾਮ' ਦੇ ਦੋ ਅਰਥ ਕੀਤੇ ਸਨ। ਦੂਸਰਾ ਅਰਥ ਸੀ ਕਿ ੧ਓ ਵੀ ਸਤਿ ਹੈ ਤੇ ਉਸ ਦਾ ਨਾਮ ਵੀ ਸਤਿ ਹੈ। ਨਾਮ ਤੋਂ ਕੀ ਮੁਰਾਦ ਹੈ ? ਨਾਮ ਦਾ ਅਰਥ ਹੈ ੧ਓ ਦਾ ਹੁਕਮ, ਉਸ ਦਾ ਸ਼ਬਦ। ਗੁਰਬਾਣੀ ਵਿਚ ਇਹ ਸ਼ਬਦ (ਨਾਮ) ਇਕੋ ਅਰਥ ਵਿਚ ਲਿਆ ਗਿਆ ਹੈ। ਜਿਦਾਂ ਗੁਰਬਾਣੀ ਕਹਿੰਦੀ ਹੈ ਕਿ ਨਾਮ ਸਤਿ ਹੈ ਤੇ ਉਹ ਸਤਿ ਹੀ ਧਿਆਨ ਯੋਗ ਹੈ।

ਨਾਮੁ ਸਤਿ ਸਤਿ ਧਿਆਵਨਹਾਰਾ ॥

(ਪੰਨਾ ੨੮੫)

ਫਿਰ ਸਮਝਾਇਆ ਹੈ ਕਿ ੧ਓ ਦੇ ਹੁਕਮ ਨੂੰ ਪਛਾਨਣ ਨਾਲ ਹੀ ਉਸ ਨਾਲ ਮਿਲਣ ਹੁੰਦਾ ਹੈ।

ਹੁਕਮੁ ਸਿਞਾਪੈ ਸਾਹ ਕਾ ਪਿਆਰੇ
ਸਚੁ ਮਿਲੈ ਵਡਿਆਈ ਹੋਇ ॥

(ਪੰਨਾ ੬੩੬)

ਹੁਕਮੇ ਸਬਦਿ ਪਛਾਣੀਐ ਪਿਆਰੇ ਦਰਗਹ ਪੈਧਾ ਜਾਇ ॥

(ਪੰਨਾ ੬੩੭)

ਸਤਿ ਨੂੰ ਪਾਣਾ ਤੇ ਪਾਲਣਾ ਹੀ ਉਹ ਸਰਟੀਫਿਕੇਟ ਹੈ ਜਿਸ ਰਾਹੀਂ ਰੱਬੀ ਦਰਗਾਹ ਵਿਚ ਇਜ਼ਤ ਮਿਲਦੀ ਹੈ। ਤੇ ਉਸ ਦੇ ਨਾਮ ਨੂੰ ਮਾਨਣਾ ਹੀ ਪ੍ਰਾਪਤੀ ਦੀ ਸੱਚੀ ਮੁਹਰ ਹੁੰਦੀ ਹੈ।

ਸਤਿ ਪਰਵਾਨਾ ਸਾਚ ਕਾ ਪਿਆਰੇ ਨਾਮੁ ਸਚਾ ਨੀਸਾਣੁ ॥

(ਪੰਨਾ ੬੩੬)



Digitized by Panjab Digital Library | www.panjabdigilib.org

## ੭ ਸਤਿ ਨੂੰ ਕਮਾਣਾ :

ਸਤਿ ਨੂੰ ਸਮਝਣਾ ਤਾਂ ਮੁਸ਼ਕਲ ਹੈ ਹੀ ਪਰ ਸਤਿ ਨੂੰ ਕਮਾਣਾ ਹੋਰ ਵੀ ਮੁਸ਼ਕਲ ਲਗਦਾ ਹੈ। ਸਮਝਣਾ ਮੁਸ਼ਕਲ ਹੈ ਕਿਉਂਕਿ ਜ਼ਿਆਦਾ ਕਰਕੇ ਅਸੀਂ ਸਮਝਨ ਦੀ ਕੋਸ਼ਿਸ਼ ਹੀ ਨਹੀਂ ਕਰਦੇ। ਇਸ ਲਈ ਗੱਲ ਇਥੇ ਹੀ ਮੁਕ ਜਾਂਦੀ ਹੈ। ਪਰ ਸਚ ਪਾਲਣਾ ? ਇਹ ਔਖਾ ਹੈ ਕਿਉਂਕਿ ਜਦੋਂ ਵਿਚਾਰ ਕਰਦੇ ਹਾਂ ਤਾਂ ਸਮਝ ਨਹੀਂ ਆਂਦੀ ਕੀ ਸੱਚ ਹੈ ਕੀ ਸਚ ਬੋਲੀਏ, ਕਿੰਨਾ ਸਚ ਬੋਲੀਏ, ਕਦੋਂ ਸਚ ਬੋਲੀਏ, ਆਦਿ। ਸਾਰੇ ਧਰਮਾਂ ਵਿਚ ਸਚ ਬੋਲਣ ਤੇ ਜੋਰ "ਸਤਯੰ ਵਦ, ਧਰਮੇਂ ਚਰ" (ਸੱਚ ਬੋਲੋ ਤੇ ਧਰਮ ਕਰੋ) ਪਰ ਵਿਸਥਾਰ ਨਾਲ ਨਹੀਂ ਸਮਝਾਇਆ ਗਿਆ ਗਿਆ ਕਿ ਸਚ ਕੀ ਹੈ ਕਿਉਂਕਿ ਸਚੇ ਗੁਰੂ ਜਾਣਦੇ ਸਨ ਕਿ ਸਚ ਨੂੰ ਜਾਣੇ ਬਿਨਾ ਸਚ ਬੋਲਿਆ ਨਹੀਂ ਜਾ ਸਕਦਾ ਤੇ ਸਚ ਜਾਣ ਲੈਣ ਦੇ ਬਾਅਦ ਸਮਝਾਣ ਦੀ ਲੋੜ ਨਹੀਂ ਰਹਿੰਦੀ। ਜਾਨਣ ਬਾਅਦ ਮਨੁਖ ਝੂਠ ਬੋਲ ਨਹੀਂ ਸਕਦਾ। ਇਸ ਲਈ ਗੁਰੂ ਜੀ ਦਾ ਬਹੁਤਾ 'ਜ਼ੋਰ ਸਚ ਸਮਝਣ ਤੇ ਹੈ ਬੋਲਣ ਤੇ ਨਹੀਂ।' ਸਚ ਨੂੰ ਜਾਨਣ ਬਗੈਰ ਸਚ ਬੋਲਣਾ ਗੱਡੀ ਨੂੰ ਘੋੜੇ ਦੇ ਅੱਗੇ ਰਖਣਾ ਹੈ। ਇਸ ਤਰ੍ਹਾਂ ਗੱਡੀ ਨਹੀਂ ਚਲ ਸਕਦੀ। ਇਹ ਤਰੀਕਾ ਗਲਤ ਹੈ। ਇਹ ਠੀਕ ਹੈ ਕਿ ਗੁਰਬਾਣੀ ਸਚ ਬੋਲਣ ਤੇ ਸਚੇ ਆਚਰਣ ਤੇ ਜ਼ੋਰ ਦੇਂਦੀ ਹੈ ਪਰ ਇਸ ਦੇ ਨਾਲ ਤੇ ਇਸ ਤੋਂ ਜ਼ਿਆਦਾ ਜ਼ੋਰ ਸਚ ਸਮਝਣ ਤੇ ਹੈ। ਜੇ ਸਤਿ ਦਾ ਪਤਾ ਨਹਾਂ ਤਾਂ ਜੋ ਵੀ ਬੋਲਾਂਗੇ ਪ੍ਰਮਾਣਿਕ ਨਹੀਂ ਹੋਏਗਾ।

ਇਹੀ ਕਾਰਣ ਹੈ ਕਿ ਸਤਿ ਨੂੰ ਜਾਨਣ ਬਗੈਰ ਸਤਿ ਬੋਲਣ ਦੇ ਜੋਰ ਦਾ ਨਤੀਜਾ ਗਲਤ ਨਿਕਲਦਾ ਹੈ। ਅਸੀਂ ਆਪਣੇ ਹਿੱਤ ਲਈ ਸਚ ਬੋਲ ਦੇਂਦੇ ਹਾਂ ਦੂਸਰੇ ਦੇ ਹਿੱਤ ਲਈ ਨਹੀਂ, ਅਸੀਂ ਆਪਣੇ ਹਿੱਤ ਵਿਚ ਚੁੱਪ ਰਹਿ ਜਾਂਦੇ ਹਾਂ ਦੂਸਰੇ ਦੇ ਹਿੱਤ ਲਈ ਨਹੀਂ, ਅਸੀਂ ਦੂਸਰੇ ਨੂੰ ਨੁਕਸਾਨ ਪਹੁੰਚਾਣ ਲਈ ਸਚ ਬੋਲਣ ਦਾ ਹਥਿਆਰ ਅਪਨਾ ਸਕਦੇ ਹਾਂ। ਮਸਲਨ ਕੁਝ ਗੁੰਡੇ ਕਿਸੇ ਨੂੰ ਤੰਗ ਕਰਦੇ ਹਨ।



Digitized by Panjab Digital Library | www.panjabdigilib.org

ਉਹ ਦੌੜਦਾ ਹੋਇਆ ਕਿਤੇ ਛੁਪ ਜਾਂਦਾ ਹੈ ਪਰ ਤੁਸੀਂ ਦੇਖ ਲੈਂਦੇ ਹੋ। ਹੁਣ ਤੁਸੀਂ ਸਚ ਬੋਲ ਕੇ ਉਸ ਦੁਖਿਆਰੇ ਨੂੰ ਗੁੰਡਿਆਂ ਦੇ ਹਵਾਲੇ ਕਰ ਸਕਦੇ ਹੋ ਕਿਉਂਕਿ ਤੁਸੀਂ ਸਚ ਬੋਲਣਾ ਹੈ। ਪਰ ਤੁਸੀਂ ਵਿਚਾਰ ਕਰ ਸਕਦੇ ਕਿ ਕੀ ਅਸਲ ਵਿਚ ਲੁਕਿਆ ਹੋਇਆ ਬੰਦਾ ਦੁਖਿਆਰਾ ਹੀ ਹੈ ? ਕੀ ਉਹ ਆਪ ਵੀ ਹਤਿਆਰਾ ਤਾਂ ਨਹੀਂ ? ਕੀ ਪਰਮਾਣ ਹੈ ਕਿ ਉਸ ਦਾ ਪਿਛਾ ਕਰਨ ਵਾਲੇ ਗੁੰਡੇ ਹਨ। ਕੀ ਝੂਠ ਬੋਲ ਕੇ ਤੁਸੀਂ ਚੰਗੇ ਦੀ ਮਦਦ ਕਰਨਾ ਨਹੀਂ ਚਾਹੋਗੇ ? ਕੀ ਸਚ ਬੋਲ ਕੇ ਤੁਸੀਂ ਮਾੜੇ ਨੂੰ ਪਕੜਾਉਣਾ ਨਹੀਂ ਚਾਹੋਗੇ। ਸਚ ਬੋਲਣ ਵਾਲੇ ਵਿਚਾਰਵਾਨ ਸਾਹਮਣੇ ਕਈ ਇਸ ਤਰ੍ਹਾਂ ਦੇ ਪ੍ਰਸ਼ਨ ਉਠਦੇ ਹਨ। ਤੇ ਉਨ੍ਹਾਂ ਦਾ ਸਮਾਧਾਨ ਅੰਦਰਲੇ ਸਤਿ ਨੂੰ ਪਛਾਣੇ ਵਗੈਰ ਨਹੀਂ ਹੋ ਸਕਦਾ। ਮਨ ਰਾਹੀਂ ਸਤਿ ਬਾਰੇ ਜੋ ਵੀ ਨਿਰਣੇ ਲਉਗੇ ਗਲਤ ਹੋਏਗਾ ਕਿਉਂਕਿ ਉਸ ਵਿਚ ਦਵੈਤ ਹੋਏਗੀ ਇਹ ਸਚ ਹੈ ਕਿ ਉਹ ਸਚ ਹੈ। ਇਸ ਦਵੈਤ ਤੋਂ ਪਾਰ ਹੋਣ ਦਾ ਇਕੋ ਇਕ ਤਰੀਕਾ ਹੈ ੧ਓ ਨੂੰ ਜਾਨਣਾ।

ਇਸ ਨੂੰ ਜਾਣੇ ਬਗੈਰ, ਸਚ ਬੋਲਣ ਦੇ ਕਈ ਅਧਾਰ ਦਸੇ ਜਾਂਦੇ ਹਨ। ਕਈ ਕਹਿੰਦੇ ਹਨ.ਉਹ ਬੋਲਣਾ ਸਤਿ ਹੈ ਜਿਸ ਨਾਲ ਬਹੁਤਿਆਂ ਦਾ ਭਲਾ ਹੋਏ। ਕੌਣ ਫੈਸਲਾ ਕਰੇਗਾ ਕਿ ਕਿਸ ਨਾਲ ਬਹੁਤਿਆਂ ਨਾ ਭਲਾ ਹੋਏਗਾ ? ਅਸੀਂ ਕਿਦਾਂ ਫੈਸਲਾ ਕਰਾਂਗੇ ? ਕਿਸ ਆਧਾਰ ਤੇ ਫੈਸਲਾ ਕਰੋਗੇ ! ਮੇਰਾ ਫੈਸਲਾ ਮੈਨੂੰ ਪੜਾਏ, ਦਰਸਾਏ ਤੇ ਸਿਖਾਏ ਗਿਆਨ ਤੇ ਆਧਾਰਤ ਹੋਏਗਾ ਤੇ ਜ਼ਰੂਰੀ ਨਹੀਂ ਕਿ ਮੇਰਾ ਪੜਿਆ ਜਾਣਿਆ ਗਿਆਨ ਸਚ ਹੋਏ।

ਕਈ ਕਹਿੰਦੇ ਹਨ ਕਿ ਆਪਣੀ ਜਾਨ ਬਚਾਣ ਲਈ ਸਚ ਨ ਬੋਲਣਾ ਠੀਕ ਹੈ ਜਾਨ ਹੈ ਤਾਂ ਜਹਾਨ ਹੈ। ਕੀ ਅਸੀਂ ਇਸ ਸਲਾਹ ਨੂੰ ਮੰਨਦੇ ਹਾਂ ? ਕਿ ਸਾਡੇ ਗੁਰੂਆਂ ਨੇ ਆਪਣੀਆਂ ਜਾਨਾਂ ਬਚਾਣ ਲਈ ਸਤਿ ਦਾ ਸਾਥ ਛੱਡ ਦਿਤਾ ? ਕੀ ਜਾਨ ਨੂੰ ਬਚਾਣ ਲਈ ਜਿਹੜੀ ਅਖੀਰ ਤਾਂ ਚਲੀ ਹੀ ਜਾਣੀ ਹੈ ਸਤਿ ਕਾ ਸਾਥ ਛੱਡ ਦੇਣਾ ਚਾਹੀਦਾ ਹੈ ?

ਕਈ ਕਹਿੰਦੇ ਹਨ ਕਿ ਜੇ ਝੂਠ ਬੋਲਣ ਨਾਲ ਰੱਬ ਦੀ ਮਹਿਮਾ ਵਧਦੀ ਹੋਏ ਤਾਂ ਝੂਠ ਬੋਲਣ ਵਿਚ ਕੋਈ ਹਰਜ ਨਹੀਂ। ਇਸਾਈ ਪਾਦਰੀ ਇਸ ਮਤ ਦੇ ਹਨ। ਹੁਣ ਝੂਠ ਬੋਲਣ ਨਾਲ ਲੋਕੀ ਤਾਂ ਗੁਮਰਾਹ ਕੀਤੇ ਜਾ ਸਕਦੇ ਹਨ, ਪਰ ਰੱਬ ਦੀ ਮਹਿਮਾ ਕਿਦਾਂ ਵਧੇਗੀ।



Digitized by Panjab Digital Library | www.panjabdigilib.org

ਕਈ ਕਹਿੰਦੇ ਹਨ ਕਿ ਮਰਦ ਇਸਤਰੀਆਂ ਨਾਲ ਝੂਠ ਬੋਲ ਸਕਦਾ ਹੈ। ਕਈ ਕਹਿੰਦੇ ਹਨ ਕਿ ਹਾਸੇ ਮਖੌਲ ਵਿਚ ਸਤਿ ਬੋਲਣਾ ਜ਼ਰੂਰੀ ਨਹੀਂ। ਇਕ ਸੰਤ ਨੇ ਤਾਂ ਝੂਠ ਬੋਲਣ ਦੀ ਲਿਸਟ ਬੜੀ ਲੰਮੀ ਕਰ ਦਿਤੀ ਹੈ। ਉਹ ਕਹਿੰਦਾ ਹੈ, "ਛੋਟੇ ਬੱਚੇ ਨਾਲ, ਪਾਗਲ ਨਾਲ, ਬੀਮਾਰ ਨਾਲ, ਦੁਸ਼ਮਣ ਨਾਲ, ਵਕਾਲਤ ਵਿਚ, ਵਿਉਪਾਰ ਵਿਚ, ਸਿਪਾਹੀ ਨੂੰ, ਪਾਦਰੀ ਨੂੰ, ਝੂਠ ਬੋਲਣ ਦੀ ਮਨਾਹੀ ਨਹੀਂ।" ਇਸ ਲਿਸਟ ਵਿਚ ਕੀ ਬਚਿਆ ਸਤਿ ਬੋਲਣ ਲਈ ? ਸਭ ਪ੍ਰਕਾਰ ਦੇ ਝੂਠ ਤਾਂ ਆ ਗਏ ਹਨ। ਸਚ ਬੋਲਣ ਲਈ ਬਚਿਆ ਕੀ ਹੈ ?

ਮੇਰ ਵਿਸ਼ਵਾਸ ਹੈ ਕਿ ਅੰਦਰਲੇ ਸਚ ਨੂੰ ਜਾਣੇ ਬਿਨਾਂ ਅਸੀਂ ਨਾ ਆਪਣੇ ਸਚ ਨੂੰ ਸਮਝ ਸਕਦੇ ਹਾਂ ਨਾ ਦੂਸਰਿਆਂ ਦੇ। ਗੁਰੂ ਗੋਬਿੰਦ ਸਿੰਘ ਜੀ ਦਾ ਸੀਸ ਭੇਟਾ ਲੈਣਾ ਜਾ ਉੱਚ ਦਾ ਪੀਰ ਅਖਵਾਣਾ ਸਾਡੀ ਸਮਝ ਵਿਚ ਨਹੀਂ ਆ ਸਕਦਾ ਕਿਉਂਕਿ ਅਸੀਂ ਸਤਿ ਨਹੀਂ ਜਾਣਦੇ। ਪਹਿਲੇ ਆਪਣੇ ਅੰਦਰ ਸਤਿ ਦੀ ਤਲਾਸ਼ ਕਰੋ ਕਿਉਂਕਿ "ਪੜੇ ਗੁਨੇ ਨਾਹੀ ਕੁਛ ਬਉਰੇ ਜਉ ਦਿਲ ਮਹਿ ਖਬਰਿ ਨਾ ਹੋਈ।" ਪੜਨ-ਸੁਨਣ ਨਾਲ ਸਤਿ ਨਹੀਂ ਮਿਲੇਗਾ। ਸਤਿ ਪਛਾਣੋ, ਸਚੇ ਪ੍ਰਭੂ ਨੂੰ ਧਿਆਉ। ਇਸ ਧਿਆਨ ਨਾਲ ਸਤਿ ਦੀ ਪ੍ਰਾਪਤੀ ਸੀ। ਤਾਂ ਹੀ ਫਿਰ ਸਾਡੀ ਕਥਨੀ ਤੇ ਕਰਣੀ ਵਿਚ ਸੱਚ ਆਏਗਾ। ਇਸੇ ਲਈ ਅਸੀਂ ਰੋਜ਼ ਆਸਾ ਦੀ ਵਾਰ ਵਿਚ ਪੜਦੇ ਹਾਂ :

ਕਹੁ ਨਾਨਕ ਸਚੁ ਧਿਆਈਐ ॥
ਸੁਚਿ ਹੋਵੈ ਤਾਂ ਸਚੁ ਪਾਈਐ ॥

(ਪੰਨਾ ੪੭੨)

ਜਦੋਂ ਅਸੀਂ ਸਤਿ ਹੋ ਜਾਵਾਂਗੇ ਫਿਰ ਅਸੀਂ ਜੋ ਵੀ ਕਹਾਂਗੇ ਉਹ ਸਤਿ ਦੀ ਸੁਗੰਧ ਹੀ ਖਿਲਾਰੇ ਗਾ। ਫਿਰ ਅਸੀਂ ਜੋ ਵੀ ਕਹਾਂਗੇ ਉਹ ਸਤਿ ਹੀ ਹੋਏਗਾ ਤੇ ਸਤਿ ਦੇ ਸਿਵਾ ਹੋਰ ਕੁਝ ਨਹੀਂ ਹੋਏਗਾ।

ਸਤਿਨਾਮੁ ਪ੍ਰਭੁ ਕਾ ਸੁਖਦਾਈ ॥
ਬਿਸ੍ਵਾਸੁ ਸਤਿ ਨਾਨਕ ਗੁਰ ਤੇ ਪਾਈ ॥

(ਪੰਨਾ ੨੮੪)

ਸੋ ੧ਓ ਵੀ ਸਤਿ ਹੈ ਤੇ ੧ਓ ਤੇ ਉਸ ਦਾ ਨਾਮ ਵੀ ਸਤਿ ਹਨ। ੧ਓ ਹੀ ਸਤਿਨਾਮ ਹੈ।



Digitized by Panjab Digital Library | www.panjabdigilib.org

[੪]

# ਕਰਤਾ ਪੁਰਖ

ਉਤਪਤਿ ਪਰਲੈ ਸਬਦੈ ਹੋਵੈ ॥
ਸਬਦੈ ਹੀ ਫਿਰੀ ਓਪਤਿ ਹੋਵ ॥

## ੧. ਕਰਤੇ ਦੀ ਰਚਨਾ ਬੇਅੰਤ ਹੈ :

ਦੁਨੀਆ ਦਾ ਮਸ਼ਹੂਰ ਫਿਲਾਸਫਰ ਤੇ ਵਿਅੰਗ-ਕਾਰ ਹੋਇਆ ਹੈ ਜਾਰਜ ਬਰਨੌਡ ਸ਼ਾਹ। ਕਿਸੇ ਨੇ ਉਸ ਕੋਲੋਂ ਪੁਛਿਆ ਕਿ ਦੁਨੀਆ ਦਾ ਧੁਰਾ ਕਿਥੇ ਹੈ। ਉਸ ਨੇ ਕਿਹਾ ਕਿ ਇਹ ਧੁਰਾ ਲੰਡਨ ਸ਼ਹਿਰ ਵਿਚ ਹੈ। ਇਹ ਪੁੱਛਣ ਤੇ ਕੇ ਇਸ ਗੱਲ ਦਾ ਸਬੂਤ ਕੀ ਹੈ ਉਸ ਕਿਹਾ, "ਇਸ ਤੋਂ ਵੱਡਾ ਹੋਰ ਕੀ ਸਬੂਤ ਹੋ ਸਕਦਾ ਹੈ ਕਿ ਮੈਂ ਬਰਨੌਡ ਸ਼ਾਹ ਇਥੇ ਰਹਿੰਦਾ ਹਾਂ।" ਇਹ ਹੈ ਮਨੁੱਖ ਦੀ ਸੋਚਣ ਦੀ ਉਚਾਈ। ਇਹ ਹੈ ਉਸ ਦਾ ਹਉਮੈਂ ਰੰਗਿਆ ਤਰਕ।

ਇਦਾਂ ਹੀ ਮਨੁਖ ਸੋਚਦਾ ਰਿਹਾ ਕਿ ਉਸ ਦੀ ਧਰਤੀ, ਜਿਸ ਉਤੇ ਉਹ ਰਹਿੰਦਾ ਹੈ ਬ੍ਰਹਮੰਡ ਦਾ ਧੁਰਾ ਹੈ ਤੇ ਬਾਕੀ ਸਾਰੀ ਕਾਇਨਾਤ ਸੂਰਜ, ਚੰਨ, ਤਾਰੇ, ਆਦਿ ਉਸ ਦੀ ਧਰਤੀ ਦੇ ਆਲੇ ਦੁਆਲੇ ਘੁੰਮਦੇ ਹਨ। ਉਸ ਦੀ ਹਉਮੈ ਨੂੰ ਬੜੀ ਸੱਟ ਵਜੀ ਜਦੋਂ ਸ਼ਾਇੰਸ ਨੇ ਸਾਬਤ ਕੀਤਾ ਕਿ ਸੂਰਜ ਨਹੀਂ ਬਲਕਿ ਉਸ ਦੀ ਧਰਤੀ ਤੇ ਇਸ ਵਰਗੇ ਅੱਠ ਗ੍ਰਹ ਸੂਰਜ ਦੇ ਗਿਰਦ ਘੁੰਮਦੇ ਹਨ। ਉਸਦੀ ਹਉਮੈਂ ਨੂੰ ਹੋਰ ਵੀ ਸੱਟ ਵਜੀ ਜਦੋਂ ਸਾਬਤ ਹੋਇਆ ਕਿ ਬੇਅੰਤ ਤਾਰੇ ਉਸ ਦੇ ਸੂਰਜ ਵਾਂਗ



Digitized by Panjab Digital Library | www.panjabdigilib.org

ਹੀ ਹਨ । ਤੇ ਸਾਡੀ ਧਰਤੀ ਤੇ ਸਾਡੇ ਸੂਰਜ ਕੋਲੋਂ ਕਈ ਗੁਣਾ ਵੱਡੇ ਹਨ। ਸਾਇੰਸਦਾਨਾਂ ਇਹ ਵੀ ਦੇਖਿਆ ਕਿ ਉਨ੍ਹਾਂ ਤਾਰਿਆਂ ਦੇ ਸਾਡੇ ਸੂਰਜ ਵਾਂਗ ਕਈ-ਕਈ ਗ੍ਰਹਿ ਹਨ । ਕਈ ਸੂਰਜ ਹਨ, ਕਈ ਮੰਡਲ ਹਨ, ਆਦਿ । ਇਸ ਗੱਲ ਦਾ ਜ਼ਿਕਰ ਗੁਰੂ ਨਾਨਕ ਦੇਵ ਜੀ ਨੇ ਉਦੋਂ ਕੀਤਾ ਜਾਦੋਂ ਸਾਇੰਸ ਨੂੰ ਇਸ ਗੱਲ ਦਾ ਪਤਾ ਨਹੀਂ ਸੀ । ਗੁਰੂ ਜੀ ਨੇ ਜਪੁਜੀ ਸਾਹਿਬ ਵਿਚ ਕਿਹਾ :

ਕੇਤੇ ਇੰਦ ਚੰਦ ਸੂਰ ਕੇਤ ਕੇਤੇ ਮੰਡਲ ਦੇਸ ॥

(ਪੰਨਾ ੭)

ਬੇਅੰਤ ਸੂਰਜ ਹਨ, ਉਨ੍ਹਾਂ ਦੇ ਆਪਣੇ ਗ੍ਰਹਿ ਹਨ, ਫਿਰ ਹਰ ਇਕ ਗ੍ਰਹਿ ਦੇ ਗਿਰਦ ਘੁੰਮਣ ਵਾਲੇ ਆਪਣੇ ਸੈਟੇਲਾਈਟ ਹਨ । ਕਿੰਨੇ ਕੁ ਤਾਰੇ ਹਨ, ਤੁਸੀਂ ਕਿੰਨੇ ਤਾਰੇ ਦੇਖ ਸਕਦੇ ਹੋ ? ਸਾਇੰਸ ਦਾ ਵਿਚਾਰ ਹੈ ਕਿ ਅਸੀਂ ਆਪਣੀ ਨੰਗੀ ਅੱਖ ਨਾਲ 2000 ਤੋਂ ਜ਼ਿਆਦਾ ਤਾਰੇ ਨਹੀਂ ਦੇਖ ਸਕਦੇ । ਪਰ ਜੇ ਸਾਡੇ ਕੋਲ ਤਾਕਤਵਰ ਦੂਰਬੀਨ ਹੋਏ ਤਾਂ ਅਸੀਂ ਬਹੁਤ ਜ਼ਿਆਦਾ ਤਾਰੇ ਦੇਖ ਸਕਦੇ ਹਾਂ । ਅੱਜ ਕਲ ਸਾਡੇ ਕੋਲ 100 ਇੰਚ ਮੋਟੀ (ਵੱਡੀ ਤੋਂ ਵੱਡੀ ਦੂਰਬੀਨ ਹੈ)। ਇਸ ਦੀ ਸਹਾਇਤਾ ਨਾਲ ਅਸੀਂ 1,500,000,000 ਤਾਰਿਆਂ ਦੀ ਫੋਟੋ ਲੈ ਸਕਦੇ ਹਾਂ। ਸਿਗਨੀ (CYGNI) ਤਾਰਾ ਸਾਡੀ ਜ਼ਮੀਨ ਕੋਲੋਂ 103,000,000,000,000 ਕਿਲੋਮੀਟਰ ਦੂਰ ਹੈ । ਬਿਟਲਗੀਸ (Betelguse) ਤਾਰਾ ਸਾਡੇ ਸਾਡੇ ਸੂਰਜ ਨਾਲੋਂ 500 ਗੁਣਾ ਵੱਡਾ ਹੈ ਤੇ ਇਸ ਨਾਲੋਂ 3600 ਗੁਣਾ ਜ਼ਿਆਦਾ ਚਮਕੀਲਾ ਹੈ । ਇਹ ਥੋੜੇ ਜਿਹੇ ਆਂਕੜੇ ਮੈਂ ਇਹ ਦਸਣ ਲਈ ਦਿਤੇ ਹਨ ਤਾਂ ਕਿ ਤੁਸੀਂ ਕਰਤੇ (ਵਾਹਿਗੁਰੂ) ਦੀ ਕਿਰਤ ਦਾ ਅੰਦਾਜ਼ਾ ਲਾ ਸਕੋ । ਪਰ ਜਦੋਂ ਆਕੜੇ ਐਨੇ ਲੰਬੇ ਹੋ ਜਾਣ ਕਿ ਇਨਾਂ ਦੀ ਗਿਣਤੀ ਲਈ ਕੋਈ ਸ਼ਬਦ ਨ ਬਚੇ ਤਾਂ ਸਾਨੂੰ ਵੀ ਉਹ ਸ਼ਬਦ ਵਰਤਣਾ ਪੈਂਦਾ ਹੈ ਜਿਹੜਾ ਗੁਰੂ ਨਾਨਕ ਦੇਵ ਜੀ ਨੇ ਜਪੁਜੀ ਸਾਹਿਬ ਵਿਚ ਵਰਤਿਆ ਉਹ ਸ਼ਬਦ ਹੈ 'ਅਸੰਖ' ਅਰਥਾਤ ਬੇ-ਗਣਤੇ, ਬੇਅੰਤ, ਜਿਸ ਦੀ ਸੰਗਿਆ ਨ ਹੋ ਸਕੇ ।

ਅਸੰਖ ਨਾਵ ਅਸੰਖ ਥਾਵ ਅਗੰਮ ਅਗੰਮ ਅਸੰਖ ਲੋਅ ॥

(ਪੰਨਾ ੪)

ਪਰ ਛੇਤੀ ਹੀ ਗੁਰੂ ਜੀ ਕਹਿੰਦੇ ਹਨ ਅਸੰਖ ਕਹਿਣ ਵਾਲਿਆਂ ਦੇ ਸਿਰ



Digitized by Panjab Digital Library | www.panjabdigilib.org

ਉਪਰ ਵੀ ਭਾਰ ਹੈ (ਯਾਨੀ ਭੂਲ ਹੈ) ਕਿਉਂਕਿ ਇਹ ਸ਼ਬਦ ਵੀ ਕਰਤੇ ਦੀ ਕਿਰਤ ਦਾ ਵਰਨਣ ਕਰਨ ਲਈ ਕਾਫੀ ਨਹੀਂ ਕਿਉਂਕਿ "ਅਸਖ ਕਹਹਿ ਸਿਰਿ ਭਾਰੁ ਹੋਇ।"

ਸਾਇੰਸਦਾਨਾਂ ਨੇ ਵੀ ਹਾਲੀਂ ਅਖੀਰਲੀ ਗੱਲ ਨਹੀਂ ਕਹੀ। ਜਿਦਾਂ ਜਿਦਾਂ ਇਨ੍ਹਾਂ ਕੋਲ ਦੇਖਣ ਦੇ ਔਜ਼ਾਰ ਸ਼ਕਤੀ ਸ਼ਾਲੀ ਹੁੰਦੇ ਜਾਂਦੇ ਹਨ ਕਰਤੇ ਦਾ ਬ੍ਰਹਮੰਡ ਅੱਗੇ, ਹੋਰ ਅੱਗੇ, ਵਧਦਾ ਜਾ ਰਿਹਾ ਹੈ। ਦੇਖਣ ਨਾਲ ਇਦਾਂ ਲਗਦਾ ਹੈ ਕਿ ਇਕ ਫਹਾਰਾ ਫੁਟ ਪਿਆ ਹੈ ਤੇ ਇਸ ਦੇ ਪਾਣੀ ਦੀਆਂ ਬੂੰਦਾਂ (ਤਾਰੇ) ਥਲੇ ਆਣ ਦੀ ਬਜਾਏ ਉਪਰ ਤੇ ਅੱਗੇ ਵਧਦੀਆਂ ਜਾਂਦੀਆਂ ਹਨ। ਇਸ ਲਈ ਸਾਡੇ ਗੁਰੂਆਂ ਨੇ ਬ੍ਰਹਮੰਡ ਨੂੰ "ਭਵ-ਸਾਗਰ" ਕਿਹਾ ਹੈ। 'ਭਵ' ਦਾ ਸੰਸਕ੍ਰਿਤ ਵਿਚ ਅਰਥ ਹੈ ਹੋਣਾ ਹੋਈ ਜਾਣਾ'। ਯਾਨੀ ਸਾਡਾ ਬ੍ਰਹਮੰਡ ਹੋਈ ਹੀ ਜਾ ਰਿਹਾ। ਉਸਦੀ ਕਿਰਤ ਦਾ ਕੋਈ ਅੰਤ ਨਹੀਂ ਮਿਲਦਾ। ਜਦੋਂ ਵੇਖਦੇ ਹਾਂ ਇਹੀ ਲਗਦਾ ਹੈ ਕਿ ਅਗੇ ਹੈ, ਹੋਰ ਅਗੇ ਹੈ। ਸਾਨੂੰ ਸਮਝਾਣ ਲਈ 'ਭਵ' ਦੇ ਨਾਲ ਸਾਗਰ ਦੀ ਮਿਸਾਲ ਦਿਤੀ ਹੈ ਕਿਉਂਕਿ ਇਸ ਤੋਂ ਆਸਾਨ ਹੋਰ ਕੋਈ ਮਿਸਾਲ ਨਹੀਂ ਹੋ ਸਕਦੀ। ਨਦੀ ਦਾ ਦੂਸਰਾ ਕੰਢਾ ਹੈ, ਅਸੀਂ ਜਾਣਦੇ ਹਾਂ, ਸਾਨੂੰ ਦਿਸਦਾ ਹੈ। ਸਾਗਰ ਦਾ ਦੂਸਰਾ ਕੰਢਾ ਹੋਏਗਾ ਪਰ ਸਾਨੂੰ ਨਹੀਂ ਦਿਸਦਾ। ਜਿਉਂ ਜਿਉਂ ਸਾਗਰ ਵਿਚ ਵੱਧਦੇ ਜਾਉ ਕੰਢਾ ਅਗੇ ਅਗੇ ਵੱਧਦਾ ਜਾਂਦਾ ਹੈ। ਦੂਸਰੇ ਕੰਢੇ ਦਾ ਆਰ-ਪਾਰ ਨਹੀਂ ਦਿਸਦਾ। ਇਦਾਂ ਹੀ ਕਰਤੇ ਦੀ ਕਿਰਤ ਹੈ। ਉਸ ਦੇ ਬ੍ਰਹਮੰਡ ਨੂੰ ਜਿਨਾ ਦੇਖੋ ਉਹ ਅਗੇ ਹੀ ਅਗੇ ਵਧਦਾ ਜਾਂਦਾ ਹੈ। ਸਾਗਰ ਵਾਂਗ ਬ੍ਰਹਮੰਡ ਦਾ ਦੂਸਰਾ ਸਿਰਾ ਨਹੀਂ ਦਿਸਨਾ। ਸਾਗਰ ਵਾਂਗ ਬ੍ਰਹਮੰਡ ਵੀ 'ਭਵ' ਹੈ—ਅਗੇ, ਹੋਰ ਅਗੇ। ਇਸੇ ਲਈ ਗੁਰਬਾਣੀ ਵਿਚ ਰੱਬ ਦੀ ਕਿਰਤ ਨੂੰ 'ਭਵਸਾਗਰ' ਦੀ ਤਸ਼ਬੀਹ ਦਿਤੀ ਗਈ ਹੈ।

ਭਵਸਾਗਰੁ ਸੰਸਾਰੁ ਬਿਖੁ ਸੋ ਪਾਰਿ ਉਤਰੀਐ ॥

(ਪੰਨਾ ੩੨੦)

ਹਰਿਕੇ ਚਰਣ ਉਰਿਧਾਰ ॥
ਭਵ ਸਾਗਰ ਚੜ੍ਹਿ ਉਤਰਹਿ ਪਾਰਿ ॥

(ਪੰਨਾ ੧੯੬)

ਕਹਿ ਕਬੀਰ ਵੀਚਾਰੀ। ਭਵਸਾਗਰ ਤਾਰਿ ਮੁਰਾਰੀ ॥

(ਪੰਨਾ ੧੫੬)



Digitized by Panjab Digital Library | www.panjabdigilib.org

ਭਵਸਾਗਰ ਬੋਹਿਥ ਹਰਿ ਚਰਣ ॥
ਸਿਮਰਤ ਨਾਮ ਨਾਹੀ ਫਿਰਿ ਮਰਣ ॥

(ਪੰਨਾ ੮੬੭)

ਪਰ ਸਾਗਰ ਵੀ ਸੀਮਤ ਹੈ ਤੇ ਇਸ ਦਾ ਦੂਸਰਾ ਕੰਢਾ ਹੈ । ਇਸ ਲਈ ਗੁਰੂ ਜੀ ਨੇ ਸਾਗਰ ਦੀ ਥਾਂ ਜਲ ਸਬਦ ਨੂੰ ਵਰਤਿਆ । ਜਲ ਦਾ ਅਰਥ ਹੈ ਮਹਾਂਸਾਗਰ, ਜਿਸ ਦਾ ਦੂਸਰਾ ਕੰਢਾ ਨਹੀਂ । ਉਹ ਭਵਜਲ ਵਧਦਾ ਹੀ ਜਾਂਦਾ ਹੈ । ਗੁਰੂ ਜੀ ਨੇ ਕਿਹਾ "ਭਵਜਲ ਸ਼ਬਦਿ ਲੰਘਾਵਣਹਾਰ ।" ਉਨ੍ਹਾਂ ਕਿਹਾ :—

ਭਵਜਲੁ ਪਾਰਿ ਪਾਵਹਿ ਕਬ ਹੀ ਡੂਬਿ ਮੂਏ ॥
ਬਿਨ ਗੁਰ ਸਿਰਿ ਭਾਰਾ ॥

(ਪੰਨਾ ੧੧੫੫)

ਭਵਜਲ ਦਾ ਪਾਰ ਨਹੀਂ ਪਾਇਆ ਜਾ ਸਕਦਾ । ਇਹ ਬੜਾ ਡਰਾਉਣਾ ਹੈ ਤੇ ਇਸ ਵਿਚ ਕਈ ਡੁਬ ਮਰੇ ਹਨ ।

ਭਵਜਲੁ ਬਿਖਮੁ ਡਰਾਵਣੋ ਨਾ ਕੰਧੀ ਨਾ ਪਾਰੁ ॥
ਨਾ ਬੇੜੀ ਨਾ ਤੁਲਹੜਾ ਨਾ ਤਿਸੁ ਵੰਝੁ ਮਲਾਰੁ ॥

(ਪੰਨਾ ੫੯)

ਚਲੋ, ਬ੍ਰਹਮੰਡ ਦੀ ਗੱਲ ਛਡੋ । ਆਉ ਅਸੀਂ ਉਸ ਦੀ ਇਕ ਨਿਕੀ ਜਿਹੀ ਕਿਰਤ ਨੂੰ ਸਮਝੀਏ । ਅਸੀਂ ਆਪਣੀ ਧਰਤੀ ਦੀ ਬਣਤਰ ਤੋਂ ਉਸ ਵਡੇ ਦੀ ਵਡਿਆਈ ਦਾ ਇੰਦਾਜ਼ਾ ਲਗਾਈਏ । ਸਾਇੰਸ ਦਾ ਖਿਆਲ ਹੈ ਕਿ ਪਹਿਲਾਂ-ਪਹਿਲਾਂ ਸੂਰਜ ਦੀਆਂ ਦੋ ਗੈਸਾਂ (Hxdrogen ਤੇ Helium) ਤੇ ਇਨ੍ਹਾਂ ਗੈਸਾਂ ਦੇ ਆਲੇ ਦੁਆਲੇ ਕਰੋੜਾਂ ਮੀਲ ਦੇ ਘੇਰੇ ਵਿਚ ਹੋਰ ਗੈਸਾਂ ਤੇ ਗਬਾਰਾ ਦੇ ਕਿਣਕੇ ਸਨ । ਕੁਝ ਕਾਰਣਾਂ ਕਰਕੇ, ਜਿਸ ਦਾ ਪਤਾ ਨਹੀਂ ਲਗਦਾ, ਇਹ ਕਿਣਕੇ ਠੰਡੇ ਹੋਣ ਲਗੇ ਤੇ ਵੱਖੋ-ਵੱਖ ਟੋਲਿਆਂ ਵਿਚ ਇਕਠੇ ਹੋ ਗਏ । ਇਹ ਅਲੱਗ-ਅਲੱਗ ਟੋਲੇ ਠੰਡੇ ਹੁੰਦੇ ਗਏ ਤੇ ਆਪਣੇ ਵਿਚਕਾਰਲੇ ਟੋਲੇ (ਸੂਰਜ) ਦੇ ਆਲੇ-ਦੁਆਲੇ ਚੱਕਰ ਲਾਣ ਲੱਗ ਪਏ । ਇਦਾਂ ਬੇ ਹਿਸਾਬੇ ਸੂਰਜ ਤੇ ਉਨ੍ਹਾਂ ਦੇ ਗਿਰਦ ਘੁੰਮਣ ਵਾਲੇ ਗ੍ਰਹ ਬਣ ਗਏ । ਇਕ ਟੋਲਾ ਸਾਡਾ ਸੂਰਜ ਸਾਡੀ ਧਰਤੀ, ਤੇ ਸਾਡੇ ਗ੍ਰਹਿ ਹੋ ਗਿਆ । ਇਨ੍ਹਾਂ ਗੈਸਾਂ ਤੇ

Digitized by Panjab Digital Library | www.panjabdigilib.org

ਕਿਣਕਿਆਂ ਨੇ ਠੰਡੇ ਹੋਂਦਿਆਂ ਹੋਂਦਿਆਂ ਕਿਚੜ ਨਾ ਰੂਪ ਧਾਰਣ ਕਰ ਲਿਆ। ਇਕ ਕਿਚੜ ਦਾ ਗੋਲਾ ਸਾਡੀ **ਧਰਤੀ ਬਣ** ਗਿਆ। ਸਾਡੀ ਧਰਤੀ ਉਮਰੋਂ ਹੀ ਸੁਖੀ ਤੇ ਸਖਤ ਹੈ। ਅੰਦਰੋਂ ਹਾਲੀਂ ਵੀ ਬਹੁਤ ਗਰਮ ਹੈ, ਤਰਲ ਤੇ ਗੈਸ ਦੇ ਰੂਪ ਵਿਚ ਹੈ। ਇਹ ਕਾਰਣ ਹੈ ਕਿ ਭੁਚਾਲ ਦੇ ਸਮੇਂ ਜਮੀਨ ਦੇ ਤਰਲ ਪਦਾਰਥ ਧਰਤੀ ਪਾੜ ਕੇ ਉਸ ਉਪਰ ਵਗਣ ਲਗਦੇ ਹਨ। ਇਹੀ ਕਾਰਣ ਹੈ ਕਿ ਅਸੀਂ ਜ਼ਮੀਨ ਵਿਚੋਂ ਆਪਣੇ ਘਰਾਂ ਵਿਚ **ਵਰਤਣ** ਵਾਲੀ ਗੈਸ ਕਢ ਲੈਂਦੇ ਹਾਂ।

ਤੁਸੀਂ ਖਿਆਲ ਕੀਤਾ ਹੋਏਗਾ ਕਿ ਅਸੀਂ ਜਿਹੜੇ ਪੰਜ ਤੱਤਾਂ ਦੀ ਗੱਲ ਕਰਦੇ ਹਾਂ ਉਹ ਸਾਡੀ ਧਰਤੀ ਦੀ ਬਨਣ ਦੀ ਪਹਿਲੀ ਅਵਸਥਾ ਵਿਚ ਮੌਜੂਦ ਸਨ (੧) ਹਵਾ (ਗੈਸ) (੨) ਮਿੱਟੀ (ਗੁਬਾਰ ਦੇ ਕਿਣਕੇ) (੩) ਪਾਣੀ (ਗੁਬਾਰ ਨੂੰ ਕਿਰਣ ਬਨਾਣ ਵਾਲਾ) (੪) ਅੱਗ (ਗੈਸਾਂ ਤੇ ਗੁਬਾਰ ਦਾ ਗਰਮ ਅਵਸਥਾ ਵਿਚ ਹੋਣਾ ਤੇ ਹੌਲੀਂ ਹੌਲੀਂ ਠੰਢਾ ਹੋਣਾ) (੫) ਅਕਾਸ਼ (ਗ੍ਰਹਾਂ ਦੇ ਦੁਆਲੇ ਖਾਲੀ ਜਗ੍ਹਾ)। ਇਸ ਵਿਚਾਰ ਦਾ ਜ਼ਿਕਰ ਗੁਰਬਾਣੀ ਵਿਚ ਆਂਦਾ ਹੈ ਕਿ ਧਰਤੀ 'ਪੰਚ ਤੱਤ ਕਾ ਰਚਨ ਰਚਾਨਾ' ਹੈ। ਗੁਰਵਾਕ ਹੈ—

ਪੰਚ ਤਤੁ ਮਿਲਿ ਭਇਓ ਸੰਜੋਗਾ
ਇਨ ਮਹਿ ਕਵਨ ਦੁਗਤੇ ॥

(ਪੰਨਾ ੯੯੯)

ਪੰਚ ਤਤੁ ਦਰਿ ਤੁਧੁ ਸ੍ਰਿਸਟਿ ਸਭ ਸਜੀ ॥

(ਪਨਾ ੭੩੬)

ਇਸ ਪੰਜ ਤੱਤ ਦੀ ਰਚਨਾ ਦੀ ਉਮਰ ਕਿਨੀ ਕੁ ਹੋਏਗੀ ? ਯੂਰੇਨੀਅਮ (**Uranium**) ਧਾਤ ਸਮੇਂ ਵਿਚ ਜਿਸਤ (**Lead**) ਵਿਚ ਬਦਲ ਜਾਂਦੀ ਹੈ। ਫਿਨਲੈਂਡ ਦੀ ਪਹਾੜੀਆਂ ਦੇ ਜਿਸਤ ਤੇ ਯੁਰੇਅਮ ਦੇ ਭੰਡਾਰ ਨੂੰ ਮੁਕਰਰ (ਮਿਣ) ਕੇ ਸਾਇੰਸ ਵਾਲਿਆਂ ਨੇ ਇਹ ਸਿੱਟਾ ਕਢਿਆ ਹੈ ਕਿ ਸਾਡੀ ਧਰਤੀ ਦੀ ਉਪਰਲੀ ਪਰਤ ਦੀ ਉਮਰ ੨00,000,000,000 ਸਾਲ ਹੈ। ਇਸ ਤੋਂ ਪਹਿਲਾਂ ਇਹ ਕਿੰਨੀ ਦੇਰ ਗੈਸ ਤੇ ਗੁਬਰ ਦੀ ਸ਼ਕਲ ਵਿਚ ਰਹੀ, ਇਸ ਦਾ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ। ਜਦੋਂ ਸਾਇੰਸ ਨੇ ਇਹ ਗੱਲ ਨਹੀਂ ਕੀਤੀ ਸੀ ਤਾਂ ਇਸਾਈ ਮਤ ਵਾਲੇ ਧਰਤੀ ਦੀ ਉਮਰ ੬000 ਸਾਲ ਸਮਝਦੇ ਸਨ, ਮੁਸਲਮਾਨ ੧੪000 ਸਾਲ ਤੇ ਭਾਰਤ ਕਰੀਬਨ ਦੋ ਅਰਬ ਸਾਲ ਮੰਨਦੇ ਸਨ। ਹਾਲੀਂ ਦੇ ਗਿਆਨ ਅਨੁਸਾਰ ਧਰਤੀ ਦੀ ਉਮਰ ੨੦ ਖਰਬ ਸਾਲ ਹੈ। ਕਰਤੇ ਦੀ ਕਿਰਤ ਬੇਅੰਤ ਹੈ।


Digitized by Panjab Digital Library | www.panjabdigilib.org

## ੨. ਕਰਤਾ ਕੌਣ ਹੈ ?

ਪੁਰਣੀ ਸਮਝ ਅਨੁਸਾਰ ਪੰਜ ਤੱਤਾਂ ਤੋਂ ਧਰਤੀ ਤੇ ਸਰੀਰ ਬਣਿਆ। ਹੁਣ ਦੀ ਖੋਜ ਅਨੁਸਾਰ ਇਨ੍ਹਾਂ ਪੰਜ ਤੱਤਾਂ ਵੀ ਬਾਰੀਕ ਐਟਮਾਂ ਦੇ ਵਖੋ ਵਖ ਗਿਣਤੀ ਵਿਚ ਰਲਣ ਨਾਲ ਵਖੋ-ਵਖ ਚੀਜ਼ਾਂ ਬਣ ਗਈਆਂ। ਸਾਇੰਸ ਨੂੰ ਇਹ ਪਤਾ ਨਹੀਂ ਕਿ ਇਹ ਐਟਮ ਖਾਸ-ਖਾਸ ਗਿਣਤੀ ਵਿਚ ਕਿਉਂ ਕੱਠੇ ਹੁੰਦੇ ਹਨ ਤੇ ਕੌਣ ਇਨ੍ਹਾਂ ਨੂੰ ਇਕੱਠਾ ਕਰਦਾ ਹੈ।

ਕਈਆਂ ਦਾ ਮਤ ਹੈ ਕਿ ਇਨ੍ਹਾਂ ਦਾ ਕਰਤਾ ਕੋਈ ਨਹੀਂ। ਇਹ ਐਟਮ ਅਮਿਣਵੀ ਸਪੀਡ ਤੇ ਬੇਤਰਤੀਬੀ ਨਾਲ ਘੁੰਮਦੇ ਰਹਿੰਦੇ ਸਨ ਤੇ ਇਤਫਾਕ ਨਾਲ ਇਨ੍ਹਾਂ ਨੇ ਖਾਸ ਰੂਪ ਧਾਰਣ ਕਰ ਲਿਆ। ਇਦਾਂ ਸਮਝੋ ਕਿ ਕਿਸੇ ਆਦਮੀ ਨੂੰ ਅੰਗਰੇਜ਼ੀ ਨਹੀਂ ਆਂਦੀ ਤੇ ਉਹ ਅਣਗਿਣਤ ਸਾਲਾਂ ਤਕ (ਮਨ ਲਉ ਉਸ ਦੀ ਮੌਤ ਨਹੀਂ) ਇਕ ਟਾਈਪਰਾਈਟਰ ਤੇ ਟਾਈਪ ਕਰੀ ਜਾਏ। ਸੰਭਾਵਨਾ ਹੈ ਕਿ ਉਨ੍ਹਾਂ ਅਣਗਿਣਤ ਉਲਟੇ-ਸਿੱਧੇ ਟਾਈਪ ਕੀਤੇ ਸ਼ਬਦਾਂ ਵਿਚ ਉਹ ਸਾਰੇ ਸ਼ਬਦ ਲਭ ਜਾਣ ਜਿਹੜੇ ਕਿ ਅੰਗਰੇਜ਼ੀ ਦੀ ਡਿਕਸਨਰੀ ਵਿਚ ਮਿਲਦੇ ਹਨ। ਉਸ ਆਦਮੀ ਨੂੰ ਅੰਗਰੇਜ਼ੀ ਨਹੀਂ ਆਂਦੀ ਤੇ ਉਸ ਦੀ ਬੇ-ਤਰਤੀਬੀ ਵਿਚ ਤਰਤੀਬ ਨਿਕਲ ਆਂਦੀ ਹੈ। ਉਸ ਦੀ ਬੇਸਮਝੀ ਵਿਚੋਂ ਸਮਝ ਝਲਕ ਪੈਂਦੀ ਹੈ। ਇਦਾਂ ਐਟਮਾਂ ਦੀ ਬੇਸਮਝ ਦੌੜ ਵਿਚੋਂ ਸਮਝਦਾਰ ਆਕਾਰ ਨਿਕਲ ਪੈਂਦੇ ਹਨ। ਇਸ ਦਾ ਕਰਤਾ ਕੋਈ ਨਹੀਂ।

ਇਸ ਵਿਚਾਰ ਦੀ ਪੁਸ਼ਟੀ ਕਈ ਸਿਆਣੇ ਕਰਦੇ ਹਨ। ਉਹ ਬੜੀ ਸੂਝ-ਬੂਝ ਨਾਲ, ਬੜੇ ਤਰਕ ਨਾਲ, ਬੜੇ ਤਰੀਕੇ ਨਾਲ, ਇਹ ਸਾਬਤ ਕਰਨ ਦੀ ਕੋਸ਼ਿਸ਼ ਕਰਦੇ ਹਨ ਕਿ ਸੰਸਾਰ ਦੀ ਬਣਤਰ ਪਿਛੇ ਕੋਈ ਤਰੀਕਾ ਨਹੀਂ। ਇਕ ਬੇਸਮਝੀ



Digitized by Panjab Digital Library | www.panjabdigilib.org

ਨਾਲ ਬਣੀ ਹੋਈ ਚੀਜ਼ ਨੂੰ ਬੜੀ ਸਮਝ ਨਾਲ ਸਮਝਾਂਦੇ ਹਨ। ਜਿਸ ਚੀਜ਼ ਵਿਚ ਆਪਣੀ ਕੋਈ ਵਿਵਸਥਾ ਨਹੀਂ ਉਸ ਨੂੰ ਸਮਝਣ ਲਈ ਐਨੀ ਵਿਵਸਥਾ ਦੀ ਲੋੜ ਕਿਉਂ ਹੈ। ਮਸਲਨ, ਮੈਂ ਤੁਹਾਨੂੰ ਚੁਪੇੜ ਕਢ ਮਾਰੀ। ਹੁਣ ਇਹ ਪੁੱਛਣ ਦਾ ਕੋਈ ਮਤਲਬ ਨਹੀਂ ਕਿ ਮੈਂ ਚੁੰਪੇੜ ਕਿਉਂ ਮਾਰੀ। ਜਦ ਸੰਸਾਰ ਦੀ ਹੋਂਦ ਦਾ ਕੋਈ ਕਾਰਣ ਨਹੀਂ, ਤਾਂ ਮੇਰੇ ਚੁਪੇੜ ਮਾਰਨ ਪਿਛ ਕਾਰਣ ਦਾ ਹੋਣਾ ਕਿਉਂ ਜ਼ਰੂਰੀ ਹੈ। ਸਚੀ ਗੱਲ ਇਹ ਹੈ ਕਿ ਸਾਡੇ ਅਚੇਤ ਮਨ ਦੀ ਗਹਿਰਾਈ ਵਿਵਸਥਾ ਲਭਦੀ ਹੈ। ਕਿਉਂ ? ਕਿਉਂਕਿ ਇਹ ਉਸਦਾ ਹਿੱਸਾ ਹੈ ਜਿਸ ਦੀ ਰਚਨਾ ਵਿਚ ਵਿਵਸਥਾ ਹੈ। ਸਾਡੀ ਆਤਮਾ ਤਰਤੀਬ ਦੀ ਤਲਾਸ਼ ਕਰਦੀ ਹੈ। ਕਿਸੇ ਸਿਸਟਮ ਨੂੰ ਲਭਦੀ ਕਿਉਂਕਿ ਸਾਨੂੰ ਭਰੋਸਾ ਹੈ ਕਿ ਕਰਤੇ ਦੀ ਰਚਨਾ ਵਿਚ ਕੋਈ ਸਿਸਟਮ ਜ਼ਰੂਰ ਹੈ। ਪਰ ਇਸ ਵਿਚਾਰਧਾਰਾ ਵਾਲੇ ਵਿਵਸਥਾ ਨੂੰ ਨਹੀਂ ਮੰਨਦੇ। ਉਨ੍ਹਾਂ ਦਾ ਮੱਤ ਹੈ ਕਿ ਪ੍ਰਕਿਰਤੀ (ਮਾਇਆ), ਪੰਜ ਤੱਤ, ਮੈਟਰ, ਐਟਮ, ਕੁਝ ਵੀ ਕਹੋ ਪਰ ਪੁਰਖ (ਕਰਤਾ) ਕੋਈ ਨਹੀਂ ਹੈ। ਬ੍ਰਹਮੰਡ ਐਟਮਾਂ ਦੀ ਜੋੜ ਤੋਂ ਆਪਣੇ ਆਪ ਤੇ ਇਤਫਾਕ ਨਾਲ ਬਣ ਗਿਆ ਹੈ।

ਹੋਰ ਵਿਚਾਰ ਹੈ ਕਿ ਪ੍ਰਕਿਰਤੀ ਤੇ ਪੁਰਖ ਦੋਵੇਂ ਹਨ। ਮੈਟਰ ਹੈ ਜਿਸ ਨਾਲ ਦਨੀਆਂ ਬਣੀ ਹੈ ਤੇ ਇਸ ਮੈਟਰ ਨੂੰ ਸ਼ਕਲ ਦੇਣ ਵਾਲਾ ਕਰਤਾ ਵੀ ਹੈ। ਮਿਟੀ ਹੈ ਤੇ ਇਹ ਮਿਟੀ ਨੂੰ ਘੜੇ ਆਦਿ ਦਾ ਰੂਪ ਦੇਣ ਵਾਲਾ ਘੁਮਿਆਰ ਵੀ ਹੈ। ਕਿਸੇ ਤਰੀਕੇ ਨਾਲ ਮਾਇਆ ਤੇ ਪ੍ਰਕਿਰਤੀ ਦਾ ਮੇਲ ਹੋ ਗਿਆ ਤੇ ਇਸ ਤੋਂ ਧਰਤ, ਪਤਾਲ, ਜੀਵ-ਜੰਤ ਦੀ ਉਤਪਤੀ ਹੋਈ। ਇਨ੍ਹਾਂ ਦਾ ਮੇਲ ਕਿਉਂ ਹੋਇਆ ਤੇ ਕਿਸ ਨੇ ਕਰਾਇਆ ? ਇਸ ਬਾਰੇ ਇਸ ਮੱਤ ਵਾਲੇ ਚੁਪ ਹਨ। ਇਸ ਮਤ ਦਾ ਜ਼ਿਕਰ ਗੁਰਬਾਣੀ ਵਿਚ ਵੀ ਆਂਦਾ ਹੈ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਇਸ ਮਤ ਅਨੁਸਾਰ ਮਾਇਆ ਕਿਸੇ ਤਰੀਕੇ ਨਾਲ ਵਿਆਹੀ ਗਈ (ਪਤੀ ਦਾ ਜ਼ਿਕਰ ਨਹੀਂ) ਤੇ ਉਸ ਤੋਂ ਤਿੰਨ ਦੇਵਤੇ ਜਨਮੇ ਜਿਨ੍ਹਾਂ ਨੇ ਸੰਸਾਰ ਦੇ ਬਨਾਣ-ਪਾਲਣ-ਨਾਸ਼ ਦਾ ਜ਼ੁਮਾ ਲਿਆ। ਗੁਰਵਾਕ ਹੈ :—

ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥
ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥

(ਪੰਨਾ ੭)



Digitized by Panjab Digital Library | www.panjabdigilib.org

ਕਈ 'ਤਿਨਿ ਚੇਲੇ ਪਰਵਾਣੁ' ਦਾ ਅਰਥ 'ਬਹੁਤ ਸਾਰੇ ਦੇਵਤਿਆਂ ਵਿਚੋਂ ਮਸ਼ਹੂਰ ਦੇਵਤੇ' ਕਰਦੇ ਹਨ। ਯਾਨੀ ਮਾਇਆ ਨੇ ਇਕ ਨਹੀਂ ਕਈ ਦੇਵਤੇ (ਚੇਲੇ) ਬਣਾਏ। ਪੂਰੀ ਪੰਗਤੀ ਕਾ ਅਰਥ ਕਰਦੇ ਹਨ—ਇਕੱਲੀ ਮਾਇਆ ਕਿਸੇ ਜੁਗਤ ਨਾਲ ਪ੍ਰਸੂਤ ਹੋ ਗਈ ਤੇ ਉਸ ਰਾਹੀਂ ਕਈ ਚੇਲੇ (ਦੇਵਤੇ) ਜਨਮੇ ਜਿਨ੍ਹਾਂ ਵਿਚ ਤਿੰਨ ਪ੍ਰਸਿੱਧ ਦੇਵਤੇ (ਬ੍ਰਹਮਾ, ਵਿਸ਼ਨੂੰ, ਮਹੇਸ਼) ਸਨ। ਕੁਝ ਵੀ ਸਮਝੋ ਪਰ ਇਸ ਮਤ ਅਨੁਸਾਰ ਕਰਤਾ ਇਕੱਲਾ ਹੀ ਆਦਿ ਨਹੀਂ। ਉਸਦੇ ਨਾਲ-ਨਾਲ ਮਾਇਆ ਵੀ ਆਦਿ ਹੈ। ਮਿਟੀ ਤੇ ਘੁਮਿਆਰ ਦੋਵੇਂ ਸ਼ੁਰੂ ਵਿਚ ਸਨ। ਮਿਟੀ ਨਾ ਹੁੰਦੀ ਤਾਂ ਘੁਮਿਆਰ ਕੁਝ ਨਹੀਂ ਕਰ ਸਕਦਾ ਸੀ। ਕਰਤੇ ਨੂੰ ਆਪਣੀ ਕਿਰਤ ਲਈ ਮੈਟਰ ਤੇ ਨਿਰਭਰ ਹੋਣਾ ਪੈਂਦਾ ਸੀ। ਗੁਰੂ ਜੀ ਇਸ ਵਿਚਾਰ ਨੂੰ ਨਹੀਂ ਮੰਨਦੇ। ਉਹ ਕਹਿੰਦੇ ਹਨ ਕਿ ਮੇਰਾ ਪ੍ਰਣਾਮ ਉਸ ਨੂੰ ਹੈ ਜਿਸਦਾ ਨਾ ਸ਼ੁਰੂ ਹੈ ਤੇ ਨਾ ਅੰਤ, ਜਿਹੜਾ ਪੁਰਖ ਤੇ ਪ੍ਰਕਰਿਤੀ ਤੋਂ ਪਹਿਲਾ ਵੀ ਸੀ, ਤੇ ਜਿਹੜਾ ਹਰ ਜੁਗ ਵਿਚ ਇਕ ਰਸ ਬਣਿਆ ਰਹਿੰਦਾ ਹੈ। ਗੁਰਵਾਕ ਹੈ—

ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ ॥
ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ ॥
ਆਦੇਸੁ ਤਿਸੈ ਆਦੇਸੁ ॥
ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥

(ਪੰਨਾ ੭)

ਗੁਰਮਤ ਅਨੁਸਾਰ 'ਪੁਰਖ' ਤੇ 'ਪ੍ਰਕਿਰਤੀ' ਉਤੇ ਇਕ ਹੋਰ ਹਸਤੀ ਹੈ ਇਹ ਮਾਇਆ ਨੂੰ ਜਿਸ ਤਰ੍ਹਾਂ ਦਾ ਹੁਕਮ ਫਰਮਾਂਦੀ ਹੈ, ਮਾਇਆ ਉਸੇ ਪ੍ਰਕਾਰ ਚਲਦੀ ਹੈ।

ਤੀਸਰਾ ਵਿਚਾਰ ਹੈ ਕਿ ਕਰਤੇ ਨੂੰ ਪ੍ਰਕਿਰਤੀ ਪੁਰਖ ਦੀ ਸਹਾਇਤਾ ਦੀ ਕੋਈ ਲੋੜ ਨਹੀਂ। ਉਹ ਆਪ ਹੀ ਸਭਨਾ ਦਾ ਕਰਤਾ ਹੈ। ਉਹ ਪੁਰਖ ਤੇ ਪ੍ਰਕਿਰਤੀ ਦੋਨਾ ਦਾ ਕਰਤਾ ਹੈ। ਉਹੀ ਬ੍ਰਹਮੰਡ ਦਾ ਵੀ ਕਰਤਾ ਹੈ। ਉਸ ਦੀ ਰਚਨਾ ਵਿਚ ਕਈ ਪ੍ਰਕਾਰ ਦੇ ਤੱਤ (ਪਉਣ, ਪਾਣੀ, ਅਗਨੀ), ਕਈ ਨਾਵਾਂ ਦੇ ਦੇਵਤੇ (ਕ੍ਰਿਸ਼ਨ, ਸ਼ਿਵ, ਬ੍ਰਹਮਾ) ਤੇ ਕਈ ਰੂਪ-ਰੰਗ ਤੇ ਵੇਸ ਵਾਲੀਆਂ ਹਸਤੀਆਂ ਵਜੂਦ ਵਿਚ ਆਈਆਂ ਗੁਰੂ ਜੀ ਕਹਿੰਦੇ ਹਨ ਕਿ ਬੇਅੰਤ ਧਰਤੀਆਂ ਹਨ, ਪ੍ਰਬਤ ਹਨ, ਧਰੂ ਤਾਰੇ



Digitized by Panjab Digital Library | www.panjabdigilib.org

ਹਨ। ਬੇਅੰਤ ਦੇਵਤੇ ਹਨ ਚੰਦ੍ਰਮਾਂ ਹਨ, ਸੂਰਜ ਹਨ, ਤੇ ਮੰਡਲ ਹਨ—

ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ੍ਹ ਮਹੇਸ ॥
ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ ॥
ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ ॥
ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ ॥
ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ ॥
ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ ॥
ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ ॥
ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ ॥

(ਪੰਨਾ ੭)

ਉਸ ਕਰਤਾ ਪੁਰਖ ਨੇ ਇਹ ਸਭ ਕੁਝ ਇਕੋ ਵਾਰੀ ਹੀ ਬਣਾਇਆ ਹੈ। ਇਹ ਨਹੀਂ ਕਿ ਪਹਿਲਾਂ ਪੁਰਖ-ਪ੍ਰਕਰਿਤੀ ਬਣਾਈ ਤੇ ਉਨ੍ਹਾਂ ਅਗੋਂ ਜਗਤ ਬਣਾਇਆ ਜਾਂ ਪਹਿਲਾਂ ਉਸ ਨੇ ਬ੍ਰਹਮਾ ਬਣਾਇਆ ਤੇ ਉਸ ਦੇਵਤੇ ਨੇ ਸੰਸਾਰ ਦੀ ਰਚਨਾ ਕੀਤੀ। ਗੁਰੂ ਜੀ ਕਹਿੰਦੇ ਹਨ, "ਜੋ ਕਿਛੁ ਪਾਇਆ ਸੁ ਏਕਾ ਵਾਰ"। ਸਭ ਕੁਝ ਇਕੋ ਵਾਰੀਂ ਬਣ ਗਿਆ ਤੇ ਇਕ ਹੁਕਮ ਰਾਹੀਂ ਬਣ ਗਿਆ। ਸਾਰਾ ਪਸਾਰਾ ਇਕ ਹੁਕਮ ਨਾਲ ਕੀਤਾ ਹੈ—

ਕੀਤਾ ਪਸਾਉ ਏਕੋ ਕਵਾਉ ॥
ਤਿਸ ਤੇ ਹੋਏ ਲਖ ਦਰੀਆਉ ॥

(ਪੰਨਾ ੩)

ਤੂ ਹੁਕਮੀ ਸਾਜਿਹ ਸ੍ਰਿਸਟਿ ਸਾਜਿ ਸਮਾਵਹੀ ॥

(ਪੰਨਾ ੧੦੬੫)

ਉਤਪਤਿ ਪਰਲਉ ਸਬਦੇ ਹੋਵੈ ॥
ਸਬਦੇ ਹੀ ਫਿਰਿ ਓਪਤਿ ਹੋਵੈ ॥

(ਪੰਨਾ ੧੧੭)



Digitized by Panjab Digital Library | www.panjabdigilib.org

ਗੁਰਮਤਿ ਦ੍ਰਿੜ੍ਹ ਹੈ ਕਿ ਪਹਿਲਾਂ ਸਿਰਫ ਕਰਤਾ ਪੁਰਖ ਸੀ। ਉਦੋਂ ਸਿਰਫ ਸੁੰਨ ਹੀ ਸੀ। ਉਦੋਂ ਕੋਈ ਦਿਨ-ਰਾਤ, ਧਰਤੀ-ਅਕਾਸ਼, ਚੰਦ-ਸੂਰਜ ਨਹੀਂ ਸੀ। ਉਦੋਂ ਕਰਤਾ-ਪੁਰਖ ਆਪਣੀ ਸੁੰਨ ਅਵਸਥਾ ਵਿਚ ਸੀ—

ਤਦਹੁ ਆਕਾਸੁ ਨ ਪਾਤਾਲੁ ਹੈ ਨਾ ਤ੍ਰੈ ਲੋਈ ॥
ਤਦਹੁ ਆਪੇ ਆਪਿ ਨਿਰੰਕਾਰ ਹੈ ਨ ਓਪਤਿ ਹੋਈ ॥
ਜਿਉ ਤਿਸੁ ਭਾਵੈ ਤਿਵੈ ਕਰੇ ॥
ਤਿਸ ਬਿਨੁ ਅਵਰੁ ਨਾ ਕੋਈ ॥੧॥

(ਪੰਨਾ ੫੦੯)

ਅਰਬਦ ਨਰਬਦ ਧੁੰਧੂਕਾਰਾ ॥
ਧਰਣਿ ਨ ਗਗਨਾ ਹੁਕਮੁ ਅਪਾਰਾ ॥
ਨਾ ਦਿਨੁ ਰੈਣਿ ਨ ਚੰਦ ਨ ਸੂਰਜ ॥
ਸੁੰਨ ਸਮਾਧਿ ਲਗਾਇਦਾ ॥

(ਪੰਨਾ ੧੦੩੫)

ਕਰਤਾ ਪੁਰਖ ਦੀ ਹਸਤੀ ਨੂੰ ਕਬੂਲਣ ਬਾਰੇ ਗੁਰੂ ਜੀ ਇਸ ਬੇਕਾਰ ਦੀ ਬਹਿਸ ਵਿਚ ਨਹੀਂ ਪੈਂਦੇ ਕਿ ਉਸ ਨੇ ਸੰਸਾਰ ਨੂੰ ਕਿਦਾਂ ਬਣਾਇਆ ਤੇ ਕਦੋਂ ਬਣਾਇਆ।

ਤੁਮਰਾ ਲਖਾ ਨ ਜਾਇ ਪਸਾਰਾ ॥
ਕਿਹ ਬਿਧਿ ਸਜਾ ਪ੍ਰਥਮ ਸੰਸਾਰਾ ॥

(ਪਾਤਸ਼ਾਹੀ ਦਸਵੀਂ)

ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥

(ਪੰਨਾ ੭)

ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ ॥

(ਪੰਨਾ ੪)

ਸੋ ਕਰਤਾ ਆਪਣੇ ਆਪ ਹੀ ਹੈ ਤੇ ਸਾਰੀ ਕਿਰਤ ਉਸ ਦੀ ਆਪਣੀ ਰਚਾਈ ਹੋਈ ਹੈ।



Digitized by Panjab Digital Library | www.panjabdigilib.org

## ੩. ਕਰਤੇ ਦੀ ਇਛਾ ਰਹਿਤ ਤੇ ਅਹੰਕਾਰ ਰਹਿਤ ਰਚਨਾ :

ਜਦੋਂ ਕਰਮ ਨਾਲ ਇਛਾ ਜੁੜਦੀ ਹੈ ਤਾਂ ਫ਼ਲਸਰੂਪ ਦੁਖ ਸੁਖ ਉਪਜਦਾ ਹੈ। ਪੂਰੀ ਹੋ ਜਾਏ ਤਾਂ ਥੋੜਾ ਜਿਹਾ ਸੁਖ ਮਿਲਦਾ ਹੈ। ਪਰ ਇਹ ਸੁਖ ਜਿਆਦਾ ਦੇਰ ਨਹੀਂ ਰਹਿੰਦਾ ਕਿਉਂਕਿ ਮਨ ਕਿਸੇ ਹੋਰ ਇਛਾ ਮਗਰ ਤੁਰ ਪੈਂਦਾ ਹੈ। ਇਕ ਕਾਰ ਖਰੀਦੀ। ਹਾਲੀ ਉਸ ਦਾ ਸੁਖ ਵੀ ਨਹੀਂ ਪਾਇਆ ਕਿ ਮਨ ਨੇ ਕਿਸੇ ਮਾਡਲ ਦੀ ਮੰਗ ਕਰ ਦਿਤੀ। ਹੁਣ ਤੁਸੀਂ ਉਸ ਨੂੰ ਹਾਸਲ ਕਰਣ ਵਿਚ ਲਗ ਗਏ ਤੇ ਹਥਲੀ ਕਾਰ ਲੈਂਦਿਆ ਸਾਰ ਪੁਰਾਣੀ ਹੋ ਗਈ। ਜਾਂ ਕਾਰ ਦੀ ਇਛਾ ਪੂਰੀ ਨਹੀਂ ਹੋ ਸਕੀ ਤੇ ਤੁਸੀਂ ਦੁਖ ਵਿਚ ਪੈ ਗਏ। ਸੋ ਤੁਸੀਂ ਜੋ ਵੀ ਇਛਾ ਕਰੋਗੇ ਉਸ ਨਾਲ ਦੁਖ-ਸੁਖ ਸੁਭਾਵਿਕ ਹੀ ਜੁੜ ਜਾਣਗੇ। ਪਰ ਕਰਤਾ ਤਾਂ ਦੁਖ-ਸੁਖ ਤੋਂ ਪਰੇ ਹੈ। ਇਸ ਦਾ ਇਹੀਅਰਥ ਹੋ ਸਕਦਾ ਹੈ ਕਿ ਕਰਤੇ ਨੇ ਰਚਨਾ ਤਾਂ ਰਚੀ ਪਰ ਉਸਦੀ ਇਛਾ ਨਹੀਂ ਕੀਤੀ। ਇਹ ਕਿਦਾਂ ਹੋ ਸਕਦਾ ਹੈ ? ਸਾਡੀ ਸਮਝ ਅਨੁਸਾਰ ਇਛਾ ਬਗੈਰ ਕੋਈ ਕੰਮ ਨਹੀਂ ਹੋ ਸਕਦਾ। ਪਰ ਇਹ ਸਾਡਾ ਭ੍ਰਮ ਹੈ।

ਸੰਸਾਰ ਵਿਚ ਬੇਅੰਤ ਕਰਮ ਬਿਨਾ ਇਛਾ ਦੇ ਹੋ ਰਹੇ ਹਨ। ਸੂਰਜ ਉਗਦਾ ਹੈ, ਚੰਨ ਹਸਦਾ ਹੈ, ਤਾਰੇ ਖਿੜਦੇ ਹਨ, ਪੰਖੀ ਗਾਂਦੇ ਹਨ, ਝਰਨੇ ਝਰ-ਝਰ ਕਰਦੇ ਹਨ। ਕੀ ਇਛਾ ਹੈ ਇਨ੍ਹਾਂ ਦੀ ? ਇਨ੍ਹਾਂ ਦੀ ਕੋਈ ਇਛਾ ਨਹੀਂ। ਇਦਾਂ ਕਰਨਾ ਇਨ੍ਹਾਂ ਦਾ ਸੁਭਾ ਹੈ। ਫਲ ਖਿੜਦਾ ਹੈ ਤੇ ਖੁਸ਼ਬੋ ਖਿਲਾਰਦਾ ਹੈ। ਇਹ ਇਸ ਦੀ ਇਛਾ ਕਰਕੇ ਨਹੀਂ ਸੁਭਾ ਕਰਕੇ ਹੈ। ਕਹਾਣੀ ਹੈ ਕਿ ਰਬ ਨੇ ਕਿਸੇ ਸੰਤ ਨੂੰ ਕਿਹਾ, "ਮੈਂ ਤੇਰੇ ਕੋਲੋਂ ਬਹੁਤ ਖੁਸ਼ ਹਾਂ। ਮੈਂ ਵਰਦਾਨ ਦੇਂਦਾ ਹਾਂ ਕਿ ਤੂੰ ਜੋ ਵੀ ਇਛਾ ਕਰੇਂਗਾ ਉਹ ਪੂਰੀ ਹੋ ਜਾਏਗੀ।" ਉਸ ਸੰਤ ਨੇ ਕਿਹਾ, "ਮੇਰੀ ਕੋਈ ਇਛਾ ਨਹੀਂ, ਤੇਰਾ ਭਾਣਾ ਵਰਤੇ।" ਰਬ ਦੇ ਜ਼ੋਰ ਦੇਣ ਤੇ ਸੰਤ ਨੇ ਜਵਾਬ ਦਿਤਾ,



Digitized by Panjab Digital Library | www.panjabdigilib.org

"ਮੇਰੇ ਰਾਹੀਂ ਲੋਕਾਂ ਦੀ ਇਛਾ ਪੂਰੀ ਹੋ ਜਾਏ ਪਰ ਮੈਨੂੰ ਪਤਾ ਨ ਚਲੇ। ਵਰਦਾਨ ਮੈਨੂੰ ਨਹੀਂ ਮੇਰੀ ਪਰਛਾਈ ਨੂੰ ਦੇਊ। ਉਹ ਜਿਸ ਤੇ ਪਏ ਉਸ ਦਾ ਕੰਮ ਸੰਵਰ ਜਾਏ।" ਗੁਰ ਇਤਿਹਾਸ ਵਿਚ ਜਿਕਰ ਆਉਂਦਾ ਹੈ ਕਿ ਜਦੋਂ ਮਾਤਾ ਸੁਲਖਣੀ ਨੇ ਪੁਤਰ ਦਾ ਦਾਨ ਮੰਗਿਆ ਤਾਂ ਗੁਰੂ ਹਰਿਗੋਬਿੰਦ ਜੀ ਦੇ ਘੋੜੇ ਦਾ ਪੈਰ ਹਿਲ ਗਿਆ ਤੇ ਕਾਗਜ ਤੇ ੧ ਦੀ ਥਾਂ ੭ ਲਿਖਿਆ ਗਿਆ। ਯਾਨੀ ਮਾਤਾ ਜੀ ਨੇ ਇਕ ਪੁਤਰ ਮੰਗਿਆ ਸੀ ਪਰ ਵਾਹਿਗੁਰੂ ਦੇ ਹੁਕਮ ਵਿਚ ਉਸਨੂੰ ੭ ਪੁਤਰ ਮਿਲ ਗਏ। ਘੋੜੇ ਦੀ ਲਤ ਦਾ ਹਿਲਣਾ ਇਸੇ ਗੱਲ ਦਾ ਪ੍ਰਤੀਕ ਹੈ ਕਿ ਗੁਰੂ ਜੀ ਦੀ ਆਪਣੀ ਕੋਈ ਇਛਾ ਨਹੀਂ ਸੀ। ਵਾਹਿਗੁਰੂ ਦੇ ਹੁਕਮ ਵਿਚ ਜੋ ਘਟ ਗਿਆ ਉਹੀ ਗੁਰੂ ਦੀ ਇਛਾ ਹੋ ਗਈ। ਇਦਾਂ ਦਾ ਜਿਕਰ ਜੀਜ਼ਸ ਕਰਾਈਸਟ (ਈਸਾਈਆਂ ਦਾ ਪੈਗੰਬਰ) ਦੇ ਜੀਵਨ ਵਿਚ ਵੀ ਆਦਾ ਹੈ। ਉਸ ਨੂੰ ਜਦੋਂ ਫਾਂਸੀ ਲਗ ਰਹੀ ਸੀ ਤਾਂ ਉਸਨੇ ਕਿਹਾ, "ਏ ਪ੍ਰਭੂ, ਇਹ ਤੂੰ ਕੀ ਕਰ ਰਿਹਾ ਹੈਂ ?" ਪਰ ਇਦਾਂ ਕਹਿਣ ਵਿਚ ਉਸ ਨੂੰ ਆਪਣੀ ਇਛਾ ਦਿਸ ਪਈ ਤੇ ਉਸ ਨੇ ਮੁੜ ਕਿਹਾ, "ਮਾਫ ਕਰਨਾ, ਭੁਲ ਹੋ ਗਈ। ਜੋ ਤੇਰੀ ਮਰਜੀ ਹੋਏ ਕਰ।" ਪਹਿਲੀ ਗੱਲ ਵਿਚ ਇਛਾ ਸੀ, ਦੂਸਰੀ ਵਿਚ ਨਹੀਂ ਸੀ ਕਿਉਂਕਿ ਇਛਾ ਗਿਰ ਗਈ ਸੀ।

ਇਦਾਂ ਹੀ ਰਬ ਦੀ ਕੋਈ ਇਛਾ ਨਹੀਂ ਨਹੀਂ। ਸੰਸਾਰ ਦਾ ਬਨਣਾ ਜਾਂ ਮਿਟਣਾ ਇਸ ਦੇ ਸੁਭਾ ਕਰਕੇ ਹੈ। ਇਹ ਕਰਤਾ ਪੁਰਖ ਦਾ ਸਹਿਜ ਅਵਿਰਭਾਵ (Spontaneous Flowering) ਹੈ। ਉਹ ਕਰਤਾ ਹੈ। ਇਹ ਕਰਮ ਉਸਦਾ ਸੁਭਾ ਹੈ। ਪਰ ਇਸ ਕਰਨ ਵਿਚ ਉਸਦੀ ਆਪਣੀ ਕੋਈ ਇਛਾ ਸ਼ਾਮਲ ਨਹੀਂ।

ਇਦਾਂ ਹੀ ਕਰਤਾ ਦੇ ਕਰਮ ਹਉਮੈ ਰਹਿਤ ਹਨ। ਉਹ ਕਰਤਾ ਹੈ ਪਰ ਇਹ ਅਹੰਕਾਰ ਨਹੀਂ ਕਰਦਾ ਕਿ ਮੈਂ ਕਰ ਰਿਹਾ ਹਾਂ। ਉਸ ਵਿਚ ਮੈਂ ਭਾਵ ਨਹੀਂ। ਸਾਡੀ ਸਮਝ ਵਿਚ ਇਹ ਗੱਲ ਨਹੀਂ ਨਹੀਂ ਆਂਦੀ ਕਿਉਂਕਿ ਅਸੀਂ ਮੇਰੇ-ਤੇਰੇ ਤੋਂ ਬਾਹਰ ਨਹੀਂ ਸੋਚ ਸਕਦੇ। ਰਬ ਦੀ ਹੋਂਦ ਵਾਹਦ ਹੈ। ਸੰਸਾਰ ਦੀ ਬਣਤਰ ਤੋਂ ਪਹਿਲਾਂ ਵੀ ਉਹੀ ਸੀ। ਉਸਨੇ ਆਪੇ ਹੀ ਸਭ ਰਚ ਦਿਤਾ। ਕੋਈ ਦੂਸਰਾ ਨਹੀਂ ਸੀ। ਕਿਸੇ ਨਾਲ ਮਸ਼ਵਰਾ ਨਹੀਂ ਕੀਤਾ। ਜਦ ਦੂਸਰਾ ਨਹੀਂ ਤਾਂ ਅਹੰਕਾਰ ਕਿਦਾਂ ਪੈਦਾ ਹੋ ਸਕਦਾ ਹੈ। ਅਹੰਕਾਰ ਦਾ ਜਨਮ ਦੂਸਰੇ ਦੀ ਹੋਂਦ ਨਾਲ ਹੁੰਦਾ ਹੈ। ਮੰਨ ਲਓ, ਤੁਸੀਂ ਇਕ ਜੰਗਲ ਵਿਚ ਹੋ, ਜਿਥੇ ਕੋਈ ਮਨੁਖ ਜਾਂ ਪੰਖੀ-ਪਸ਼ੂ ਨਹੀਂ। ਹੁਣ ਤੁਸੀਂ ਕਿਸ ਦਾ ਅਹੰਕਾਰ ਕਰੋਗੇ, ਕਿਉਂ ਕਰੋਗੇ ਤੇ



Digitized by Panjab Digital Library | www.panjabdigilib.org

ਕਿਸ ਨੂੰ ਵਿਖਾਉਗੇ । ਨਹਾਣ ਵਾਲੇ ਕਮਰੇ ਵਿਚ ਤੁਸੀਂ ਇਕਲੇ ਕਛੇ ਵਿਚ ਖਲੋ ਸਕਦੇ ਹੋ ਕਿਉਂਕਿ ਦੂਸਰਾ ਨਹੀਂ । ਪਰ ਬਹਾਰ ਕਪੜੇ ਆਦਿ ਪਾ ਕੇ ਜਾਉਗੇ ਕਿਉਂਕਿ ਬਾਹਰਾ ਦੂਸਰਾ ਹੈ । ਦੂਸਰਾ ਕੀ ਕਹੇਗਾ ਇਹ ਖਿਆਲ ਆਂਦਿਆਂ ਹੀ ਹਉਮੈਂ ਪਕੜ ਲੈਂਦੀ ਹੈ । ਦੂਸਰਾ ਨ ਹਏ ਤਾਂ ਮਨੁਖ ਨੂੰ ਆਪਣੀ ਹੋਂਦ ਦਾ ਪਤਾ ਹੀ ਨਹੀਂ ਲਗਦਾ । ਮਨੋਵਿਗਿਆਨਕ ਇਹ ਜਾਣ ਕੇ ਹੈਰਾਨ ਹੋ ਗਏ ਕਿ ਬੱਚੇ ਨੂੰ ਪਹਿਲਾਂ ਦੂਸਰੇ ਦਾ ਅਹਿਸਾਸ ਹੁੰਦਾ ਹੈ ਪਿਛੋਂ ਆਪਣਾ । ਦੂਸਰਿਆਂ ਦਾ ਸਰੀਰ ਦੇਖ ਕੇ ਬੱਚੇ ਨੂੰ ਆਪਣੇ ਸਰੀਰ ਬਾਰੇ ਪਤਾ ਲਗਦਾ ਹੈ । ਪਰ ਰਬ ਕੋਲ ਤਾਂ ਸੰਸਾਰ ਰਚਨਾ ਵੇਲੇ ਕੋਈ ਦੂਸਰਾ ਨਹੀਂ ਸੀ । ਗੁਰਵਾਕ ਹੈ—

ਆਪਣਾ ਆਪੁ ਉਪਾਇਓਨੁ ਤਦਹੁ ਹੋਰ ਨ ਕੋਈ ॥
ਮਤਾ ਮਸੂਰਤਿ ਆਪਿ ਕਰੇ ਜੋ ਕਰੇ ਸੁ ਹੋਈ ॥

(ਪੰਨਾ ੫੦੯)

ਕਰਤਾ ਪੁਰਖ ਆਪ ਹੀ ਸ੍ਰਿਸ਼ਟੀ ਨੂੰ ਪੈਦਾ ਕਰਦਾ ਹੈ, ਆਪੇ ਹੀ ਸਾਜਦਾ ਹੈ, ਆਪੇ ਹੀ ਸੰਭਾਲਦਾ ਹੈ, ਆਪੇ ਹੀ ਜੀ-ਜੰਤ ਬਣਾਂਦਾ ਹੈ, ਤੇ ਪਾਲਦਾ ਹੈ । ਕਿਸੇ ਹੋਰ ਨੂੰ ਕੁਝ ਕਹਿ ਨਹੀਂ ਸਕਦਾ ਕਿਉਂਕਿ ਹੋਰ ਕੋਈ ਨਹੀਂ ਸੀ । ਉਹ ਆਪ ਹੀ ਆਪ ਸੀ । ਆਸਾ ਦੀ ਵਾਰ ਦਾ ਅਖੀਰਲਾ ਸ਼ਲੋਕ ਇਸੇ ਖਿਆਲ ਨੂੰ ਪਕਿਆਂ ਕਰਦਾ ਹੈ—

ਆਪੇ ਸਾਜੇ ਕਰੇ ਆਪਿ ਜਾਈ ਭਿ ਰਖੈ ਆਪਿ ॥
ਤਿਸੁ ਵਿਚਿ ਜੰਤ ਉਪਾਇ ਕੈ ਦੇਖੈ ਥਾਪਿ ਉਥਾਪਿ ॥

(ਪੰਨਾ ੪੭੫)

ਕਿਸ ਨੋ ਕਹੀਐ ਨਾਨਕਾ ॥
ਸਭੁ ਕਿਛੁ ਆਪੇ ਆਪਿ ॥ ਪਉੜੀ ॥

ਕਰਤਾ ਦੇ ਕਰਮ ਹਨ ਪਰ ਉਹ ਇਛਾ-ਰਹਿਤ ਤੇ ਅਹੰਕਾਰ-ਰਹਿਤ ਹਨ । ਇਦਾਂ ਹੀ ਅਸੀਂ ਵੀ ਕਰਮ ਕਰਨੇ ਹਨ । ਕਰਮ ਨਹੀਂ ਛਡਣੇ । ਅਸਲ ਵਿਚ ਕਰਮ ਛਡਿਆ ਵੀ ਨਹੀਂ ਜਾ ਸਕਦਾ । ਆਲਸੀ ਤੋਂ ਆਲਸੀ ਮਨੁਖ ਨੂੰ ਵੀ ਕੋਈ ਨਾ ਕੋਈ ਕਰਮ ਤਾਂ ਕਰਨਾ ਹੀ ਪੈਂਦਾ ਹੈ । ਘਰ ਛਡ ਕੇ ਦੌੜ ਜਾਣ ਵਾਲੇ



Digitized by Panjab Digital Library | www.panjabdigilib.org

ਸੰਨਿਆਸੀ ਨੂੰ ਵੀ ਕੋਈ ਨ ਕੋਈ ਕਰਮ ਤਾਂ ਕਰਨਾ ਹੀ ਪੈਂਦਾ ਹੈ। ਸੰਨਿਆਸੀ ਤੇ ਸਸਾਰੀ ਦੋਵੇਂ ਕਰਮ ਕਰਦੇ ਹਨ ਪਰ ਉਨ੍ਹਾਂ ਕਰਮਾਂ ਦੇ ਰੂਪ ਬਦਲ ਜਾਂਦੇ ਹਨ। ਸੋ ਅਸੀਂ ਕਰਮ ਤਾਂ ਕਰਦੇ ਹੀ ਹਾਂ ਪਰ ਉਸ ਵਿਚ ਆਪਣੀ ਕਰਤੇ-ਪਣ ਦੀ ਇਛਾ ਰਲਾ ਲੈਂਦੇ ਹਾਂ। ਇਹ ਠੀਕ ਨਹੀਂ। ਅਸੀਂ ਸਿਰਫ ਕਰਮ ਕਰਨੇ ਹਨ ਤੇ ਬਾਕੀ ਸਭ ਉਸ ਦੇ ਹੁਕਮ (ਕਿਰਪਾ) ਤੇ ਛਡ ਦੇਣਾ ਹੈ। 'ਕਰਤਾ-ਪੁਰਖ' ਸ਼ਬਦ ਨੂੰ ਮੂਲ-ਮੰਤ੍ਰ ਵਿਚ ਜੋੜਣ ਪਿਛੇ ਇਹੀ ਉਦੇਸ਼ ਹੈ ਕਿ ਅਸੀਂ ਕਰਤਾ-ਰਹਿਤ ਹੋ ਜਾਈਏ। ਕਰਮ ਕਰੀਏ ਪਰ ਫਲ-ਮੰਗਤਾ ਨਾ ਰਹੀਏ। ਸਾਡਾ ਕਰਮ ਇਛਾ-ਰਹਿਤ ਤੇ ਅਹੰਕਾਰ-ਰਹਿਤ ਹੋ ਜਾਏ।



Digitized by Panjab Digital Library | www.panjabdigilib.org

## ੪. ਕਰਮ ਦਿਸਦਾ ਹੈ ਪਰ ਕਰਤਾ ਨਹੀਂ ਦਿਸਦਾ :

ਕਰਮ ਹੀ ਦਿਸਦਾ ਹੈ ਕਰਤਾ ਪੁਰਖ ਨਹੀਂ ਦਿਸਦਾ। ਇਦਾਂ ਸਮਝੋ ਇਕ ਪੇੜ ਹੈ। ਇਸ ਦੇ ਪੱਤੇ-ਫੁੱਲ-ਫਲ ਦਿਸਦੇ ਹਨ ਪਰ ਇਸ ਦਾ ਕਰਤਾ (ਜੜ) ਨਹੀਂ ਦਿਸਦਾ। ਪੱਤੇ ਕਟ ਦਿਉ, ਹੋਰ ਆ ਜਾਣਗੇ। ਫੁੱਲ ਤੋੜ ਲਉ, ਹੋਰ ਲਗ ਜਾਣਗੇ। ਕਿਉਂਕਿ ਜੜ੍ਹ ਰੂਪੀ ਕਰਤਾ ਜੀਉਂਦਾ ਹੈ। ਜੜ ਕਟ ਦੇਉ, ਫੁੱਲ-ਫਲ ਨਹੀਂ ਆਣਗੇ, ਕਿਉਂਕਿ ਕਰਤਾ ਨਹੀਂ ਰਿਹਾ। ਤੇ ਬਿਨਾ ਕਰਤਾ ਦੇ ਕਰਮ ਹੋ ਨਹੀਂ ਸਕਦਾ। ਸਾਨੂੰ ਪੱਤੇ ਫੁੱਲ-ਫਲ (ਕਰਮ) ਹੀ ਦਿਸਦੇ ਹਨ ਤੇ ਜੜ (ਕਰਤਾ) ਨਹੀਂ ਦਿਸਦੀ। ਇਕ ਮੋਤੀਆਂ ਦੀ ਮਾਲਾ ਹੈ। ਸਾਨੂੰ ਮੋਤੀ ਦਿਸਦੇ ਹਨ ਪਰ ਉਨ੍ਹਾਂ ਨੂੰ ਇਕ ਸੂਤ ਵਿਚ ਪਰੋਏ ਰਖਣ ਵਾਲਾ ਧਾਗਾ ਨਹੀਂ ਦਿਸਦਾ। ਮਾਲਾ ਦਾ ਸਾਰਾ ਵਜੂਦ ਧਾਗੇ ਕਰਕੇ ਹੈ। ਧਾਗਾ ਨ ਹੋਏ ਤਾਂ ਮੋਤੀਆਂ ਨੂੰ ਮਾਲਾ ਨਹੀਂ ਕਹਿੰਦੇ। ਦ੍ਰਿਸ਼ ਦਾ ਆਧਾਰ ਆਦ੍ਰਿਸ਼ ਉਧਰ ਹੈ। ਇਦਾਂ ਹੀ ਸਾਡਾ ਵਜੂਦ, ਸਾਡੀ ਹਸਤੀ, ਸਾਡਾ ਦਿਸਣ ਵਾਲਾ ਕਰਮ-ਸ਼ੀਲ ਸਰੀਰ, ਅਣਦਿਸ ਆਤਮਾ ਤੇ ਨਿਰਭਰ ਹੈ। ਉਹੀ (ਆਤਮਾ-ਪ੍ਰਮਾਤਮਾ) ਸਭ ਕਰਾਂਦਾ ਹੈ ਪਰ ਮਨੁਖ ਆਪਣੇ ਕਰਮ ਕਰਕੇ ਆਪਣੇ ਆਪ ਨੂੰ ਆਪਣੇ ਕਰਮਾਂ ਦਾ ਫਲ-ਦਾਤਾ ਮਨ ਲੈਂਦਾ ਹੈ। ਹੁੰਦਾ ਉਹੀ ਹੈ ਜੋ ਅਣ-ਦਿਖ ਕਰਦਾ ਹੈ, ਪਰ ਅਸੀਂ ਆਪਣੀ ਅਗਿਆਨਤਾ ਕਰਕੇ ਆਪਣੇ ਆਪ ਨੂੰ ਕਰਤਾ ਤੇ ਭੁਗਤਾ ਮੰਨ ਲੈਂਦੇ ਹਾਂ। ਹੋਰ ਸਮਝੋ। ਮੇਰੇ ਪੈਰ ਤੇ ਸਟ ਲਗ ਗਈ। ਡਾਕਟਰ ਨੇ ਦਰਦ ਦੂਰ ਕਰਨ ਦੀ ਸੂਈ ਲਾ ਦਿਤੀ। ਹੁਣ ਮੈਨੂੰ ਦਰਦ ਮਹਿਸੂਸ ਨਹੀਂ ਹੁੰਦਾ। ਦਰਦ ਤਾਂ ਹੈ ਪਰ ਮਹਿਸੂਸ ਨਹੀਂ ਹੁੰਦੀ। ਚੇਤਨਾ ਨੂੰ ਦਰਦ ਦੀ ਖਬਰ ਨ ਮਿਲੇ ਤਾਂ ਦਰਦ ਹੁੰਦਿਆਂ ਹੋਇਆਂ ਵੀ ਦਰਦ ਦਾ ਪਤਾ ਨਹੀਂ ਚਲਦਾ। ਤੇ ਜੇ ਚੇਤਨਾ ਨੂੰ ਖਬਰ ਮਿਲ ਜਾਏ ਤਾਂ



Digitized by Panjab Digital Library | www.panjabdigilib.org

ਦਰਦ ਦੇ ਨਾ ਹੁੰਦਿਆਂ ਵੀ ਦਰਦ ਮਹਿਸੂਸ ਹੋ ਸਕਦੀ ਹੈ। ਮਨ ਰਾਹੀਂ ਪੈਦਾ ਕੀਤੀਆਂ ਬੀਮਾਰੀਆਂ ਦਾ ਇਹ ਕਾਰਣ ਹੈ। ਇਕ ਮਾਨਸਕ ਰੋਗੀ ਕਮਰੇ ਵਿਚ ਸੱਪ ਦੇਖ ਕੇ ਸ਼ਾਕ ਖਾ ਜਾਂਦਾ ਹੈ ਤੇ ਬੀਮਾਰ ਹੋ ਜਾਂਦਾ ਹੈ। ਸੱਪ ਹੈ ਨਹੀਂ ਪਰ ਉਸ ਨੂੰ ਦਿਸਦਾ ਹੈ। ਇਕ ਵਾਰੀਂ ਇਕ ਆਦਮੀ ਦੀ ਟੰਗ ਕਟ ਦਿਤੀ ਗਈ। ਉਹ ਕਹਿੰਦਾ ਹੈ ਕਿ ਮੇਰੇ ਪੈਰ ਦੇ ਅੰਗੂਠੇ ਵਿਚ ਦਰਦ ਹੈ। ਉਹ ਕਹਿੰਦਾ ਹੈ ਕਿ ਮੈਨੂੰ ਦਿਸ ਰਿਹਾ ਹੈ ਕਿ ਮੇਰੀ ਟੰਗ ਨਹੀਂ ਹੈ। ਪਰ ਮੈਂ ਸੱਚ ਕਹਿ ਰਿਹਾ ਹਾਂ ਕਿ ਮੈਨੂੰ ਉਸ ਕਟੇ ਹੋਏ ਪੈਰ ਦੇ ਅੰਗੂਠੇ ਵਿਚ ਦਰਦ ਹੋ ਰਿਹਾ ਹੈ। ਪ੍ਰਿਖਿਆ ਬਾਅਦ ਡਾਕਟਰਾਂ ਨੇ ਕਿਹਾ ਕਿ ਦਰਦ ਦਾ ਅਹਿਸਾਸ ਸਰੀਰ ਨਾਲ ਨਹੀਂ ਚੇਤਨਾ ਨਾਲ ਹੈ। ਜਿੰਨੀ ਦੇਰ ਚੇਤਨਾ ਨੂੰ ਦਰਦ ਦੇ ਸਿਗਨਲ ਮਿਲਦੇ ਰਹਿਣਗੇ ਉਹ ਦਰਦ ਮਹਿਸੂਸ ਕਰਦੀ ਰਹੇਗੀ ਭਾਵੇਂ ਦਰਦ ਵਾਲੀ ਥਾਂ ਰਹੇ ਭਾਵੇਂ ਨਾ। ਦ੍ਰਿਸ਼ ਨਹੀਂ, ਪਰ ਅਦ੍ਰਿਸ਼ ਮਹਿਸੂਸ ਕਰਦਾ ਹੈ। ਇਸੇ ਤੱਤ ਦੇ ਆਧਾਰ ਤੇ ਬਾਬਾ ਦੀਪ ਸਿੰਘ ਜੀ ਸ਼ਹੀਦ ਦਾ ਕਈ ਮੀਲ ਤਕ ਬਿਨਾ ਸਿਰ ਲੜਾਈ ਲੜੀ ਜਾਣਾ ਤੇ ਤੁਰੀ ਜਾਣਾ, ਸਮਝਿਆ ਜਾ ਸਕਦਾ ਹੈ। ਸਿਰ ਨਹੀਂ ਹੈ ਪਰ ਚੇਤਨਾ ਨੂੰ ਸਭ ਸੁਨੇਹੇ ਮਿਲ ਰਹੇ ਹਨ। ਇਸੇ ਲਈ ਸਾਡਾ ਸਰੀਰ ਕੰਮ ਕਰੀ ਜਾ ਰਿਹਾ ਹੈ ਭਾਵੇਂ ਦ੍ਰਿਸ਼ ਕਾਰਣ ਨਹੀਂ ਹੈ। ਮੇਰੀ ਗੱਲ ਦਾ ਭਾਵ ਇਹ ਹੈ ਕਿ ਅਸਲੀ ਕਰਤਾ ਅਦ੍ਰਿਸ਼ ਹੈ। ਕਰਮ ਹੋਈ ਜਾ ਰਹੀ ਹੈ ਤੇ ਕਰਤਾ ਦਾ ਪਤਾ ਨਹੀਂ। ਇਦਾਂ ਹੀ ਦ੍ਰਿਸ਼ ਸੰਸਾਰ ਚਲ ਰਿਹਾ ਤੇ ਇਸ ਦਾ ਕਰਤਾ (ਵਾਹਿਗੁਰੂ) ਅਦ੍ਰਿਸ਼ ਹੈ।



Digitized by Panjab Digital Library | www.panjabdigilib.org

## ਪ. ਕਰਤਾ ਅਕਰਤਾ ਹੈ ?

ਵਾਹਿਗੁਰੂ ਕਰਤਾ ਹੈ ਪਰ ਅਸਲ ਵਿਚ ਉਹ ਕਰ ਕੁਝ ਵੀ ਨਹੀਂ ਰਿਹਾ। ਸਾਡੇ ਕੰਮ ਉਸ ਦੀ ਹੋਂਦ ਕਰਕੇ ਹੋਈ ਜਾਂਦੇ ਹਨ। ਉਸਦੀ ਹੋਂਦ ਵਿਚ ਹੀ ਸਾਰੀ ਵਿਵਸਥਾ ਹੈ। ਇਦਾਂ ਸਮਝੋ। ਇਕ ਘਰ ਵਿਚ ਪਿਉ ਸ਼ਰਾਬ ਪੀ ਕੇ ਬਹਿਸ ਕਰ ਰਿਹਾ ਹੈ। ਭੈਣ ਭਰਜਾਈ ਨਾਲ ਗੁਸੇ ਹੋ ਰਹੀ ਹੈ। ਮਾਂ ਬੱਚਿਆਂ ਨੂੰ ਡਾਂਟ-ਡਪਟ ਕਰ ਰਹੀ ਹੈ, ਬੱਚੇ ਆਪਸ ਵਿਚ ਲੜ ਰਹੇ ਹਨ। ਘਰ ਵਿਚ ਕਾਂ-ਗਰੋਲਾ ਪਿਆ ਹੋਇਆ ਹੈ। ਫਿਰ ਘਰ ਦੇ ਵਡੇ ਭਾਈਆ ਜੀ ਦੇ ਬੂਹੇ ਤੇ ਖੰਘਣ ਦੀ ਆਵਾਜ਼ ਆਂਦੀ ਹੈ। ਭਾਈਆ ਜੀ ਘਰ ਵਿਚ ਆ ਜਾਂਦੇ ਹਨ। ਹੁਣ ਸੀਨ ਬਦਲ ਜਾਂਦਾ ਹੈ। ਸ਼ਰਾਬ ਦੀ ਬੋਤਲ ਮੇਜ਼ ਥੱਲੇ ਚਲੀ ਜਾਂਦੀ ਹੈ, ਭੈਣ ਪਿਆਰ ਨਾਲ ਬੋਲਣ ਲਗ ਪੈਂਦੀ ਹੈ, ਮਾਂ ਦੀ ਅਵਾਜ਼ ਮੱਧਮ ਹੋ ਜਾਂਦੀ ਹੈ, ਬੱਚੇ ਚੁਪ ਹੋ ਜਾਂਦੇ ਹਨ। ਘਰ ਇਕ ਸ਼ਾਂਤਮਈ ਵਿਵਸਥਾ ਵਿਚ ਆ ਜਾਂਦਾ ਹੈ। ਸਿਰਫ ਭਾਈਆ ਜੀ ਦੇ ਆਣ ਕਰਕੇ। ਭਾਈਆ ਜੀ ਨੇ ਕੁਝ ਨਹੀਂ ਕੀਤਾ ਪਰ ਸਭ ਕੁਝ ਹੋ ਗਿਆ। ਭਾਈਆ ਜੀ ਦੀ ਮਜੂਦਗੀ (ਜਾਂ ਕਹਿ ਲਉ ਉਸ ਦਾ ਭੈ) ਸਾਰੀ ਵਿਵਸਥਾ ਬਨਾਣ ਲਈ ਕਾਫੀ ਹੈ। ਇਦਾਂ ਹੀ ਕਰਤਾ-ਪੁਰਖ ਰਬ ਦੇ ਕਰਮ ਸਮਝੋ। ਉਹ ਕੁਝ ਨਹੀਂ ਕਰਦਾ ਪਰ ਉਸ ਦੀ ਮੌਜੂਦਗੀ ਦੇ ਕਾਰਣ ਸਭ ਕੁਝ ਹੋ ਜਾਂਦਾ ਹੈ। ਉਹ ਗੈਰ-ਮੌਜੂਦਾ ਹੋਏ ਤਾਂ ਵਿਵਸਥਾ ਨਹੀਂ ਰਹਿੰਦੀ। ਉਹ ਮੌਜੂਦ ਹੋਏ ਤਾਂ ਸਭ ਕੁਝ ਆਪਣੇ ਆਪਣੇ ਆਪ ਸੂਤ ਹੋ ਜਾਂਦਾ ਹੈ। ਇਸ ਨੂੰ ਸਾਇੰਸ ਦੀ ਭਾਸ਼ਾ ਵਿਚ ਕੈਟੇ ਲੈਕਟਿਕ ਏਜੈਂਟ (Catalytic Agent) ਕਹਿੰਦੇ ਹਨ। ਇਹ ਕੁਝ ਨਹੀਂ ਕਰਦਾ ਪਰ ਇਸ ਦੇ ਨਾ ਹੋਣ ਕਰਕੇ ਕੁਝ ਨਹੀਂ ਹੁੰਦਾ। ਮਸਲਨ, ਦੋ ਹਿੱਸੇ ਹਾਈਡਰੋਜਨ ਗੈਸ ਤੇ ਇਕ ਹਿੱਸਾ ਆਕਸੀਜਨ ਗੈਸ



Digitized by Panjab Digital Library | www.panjabdigilib.org

ਦੇ ਰਲਣ ਨਾਲ ਪਾਣੀ ਬਣ ਜਾਂਦਾ ਹੈ। ਪਰ ਸਿਰਫ ਦੋਵੇਂ ਗੈਸਾਂ ਦੇ ਮਿਲਣ ਨਾਲ ਕੁਝ ਨਹੀਂ ਹੁੰਦਾ। ਇਨ੍ਹਾਂ ਦੋਨਾਂ ਦੇ ਵਿਚੋਂ ਬਿਜਲੀ ਦਾ ਲੰਘਣਾ ਜ਼ਰੂਰੀ ਹੈ। ਬਿਜਲੀ ਕੁਝ ਨਹੀਂ ਕਰਦੀ। ਸਾਇੰਸ ਨੇ ਬਹੁਤ ਪਰਖਿਆ ਹੈ ਪਰ ਇਸ ਦਾ ਪਾਣੀ ਬਨਾਣ ਵਿਚ ਕੋਈ ਹੱਥ ਨਹੀਂ ਦਿਸਦਾ। ਪਰ ਫਿਰ ਵੀ ਇਸ ਦੇ ਬਗੈਰ ਪਾਣੀ ਨਹੀਂ ਬਣਦਾ। ਪਾਣੀ ਬਨਾਣ ਲਈ ਇਸ ਬਿਜਲੀ ਦੀ ਸਿਰਫ ਮੌਜੂਦਗੀ ਹੀ ਚਾਹੀਦੀ ਹੈ। ਇਸ ਮੌਜੂਦਗੀ ਨੂੰ ਗੁਰਬਾਣੀ ਵਿਚ "ਭੈ" ਕਿਹਾ ਹੈ। ਉਸ ਦੀ ਮੌਜੂਦਗੀ "ਭੈ" ਕਰਕੇ ਪਾਣੀ ਵਗੀ ਜਾਂਦਾ ਹੈ, ਦਰਿਆ ਤੁਰੀ ਜਾਂਦੇ ਹਨ, ਅਗਨੀ ਸੇਵਾ ਕਰੀ ਜਾਂਦੀ ਹੈ, ਧਰਤੀ ਭਾਰ ਚੁਕੀ ਫਿਰਦੀ ਹੈ, ਚੰਨ ਤਾਰੇ ਅਨੰਤ ਸਫਰ ਤੇ ਤੁਰੀ ਜਾਂਦੇ ਹਨ, ਆਕਾਸ਼ ਟਿਕਿਆ ਹੋਇਆ ਹੈ, ਤੇ ਮਨੁਖ ਵਖ ਵਖ ਕਰਮ ਕਰੀ ਜਾਂਦੇ ਹਨ। ਆਸਾ ਦੀ ਵਾਰ ਵਿਚ ਆਂਦਾ ਹੈ—

ਭੈ ਵਿਚਿ ਪਵਣੁ ਵਹੈ ਸਦਵਾਉ ॥
ਭੈ ਵਿਚਿ ਚਲਹਿ ਲਖ ਦਰੀਆਉ ॥
ਭੈ ਵਿਚਿ ਅਗਨਿ ਕਢੈ ਵੇਗਾਰਿ ॥
ਭੈ ਵਿਚਿ ਧਰਤੀ ਦਬੀ ਭਾਰ ॥
ਭੈ ਵਿਚਿ ਇੰਦੁ ਫਿਰੈ ਸਿਰ ਭਾਰਿ ॥
ਭੈ ਵਿਚਿ ਰਾਜਾ ਧਰਮ ਦੁਆਰੁ ॥
ਭੈ ਵਿਚ ਸੂਰਜ, ਭੈ ਵਿਚ ਚੰਨੁ ॥
ਕੋਹ ਕਰੋੜੀ ਚਲਤ ਨ ਅੰਤੁ ॥
ਭੈ ਵਿਚਿ ਸਿਧ ਬੁਧ ਸੁਰ ਨਾਥ ॥
ਭੈ ਵਿਚਿ ਆਡਾਣੇ ਆਕਾਸ ॥
ਭੈ ਵਿਚਿ ਜੋਧ ਮਹਾਬਲ ਸੂਰ ॥
ਭੈ ਵਿਚਿ ਆਵਹਿ ਜਾਵਹਿ ਪੂਰ ॥



Digitized by Panjab Digital Library | www.panjabdigilib.org

ਸਗਲਿਆਂ ਭਉ ਲਿਖਿਆ ਸਿਰਿ ਲੇਖੁ ॥
ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ ॥

(ਪੰਨਾ ੪੬੪)

ਇਦਾਂ ਸਮਝੋ । ਤੁਹਾਨੂੰ ਭੁੱਖ ਲਗਦੀ ਹੈ । ਅਸਲ ਵਿਚ ਭੁਖ ਸਰੀਰ ਨੂੰ ਲਗਦੀ ਹੈ ਤੁਹਾਨੂੰ ਨਹੀਂ । ਪਰ ਤੁਹਾਡੀ ਮੌਜੂਦਗੀ ਕਾਰਣ ਹੀ ਸਰੀਰ ਨੂੰ ਭੁੱਖ ਮਹਿਸੂਸ ਹੁੰਦੀ ਹੈ । ਮਨ ਲਉ ਇਕ ਆਦਮੀ ਮਰ ਗਿਆ (ਯਾਨੀ ਮੌਜੂਦ ਨਹੀ) । ਹੁਣ ਉਸ ਦੇ ਸਰੀਰ ਨੂੰ ਭੁਖ ਕਿਉਂ ਨਹੀਂ ਲਗਦੀ ? ਕਿਉਂਕਿ ਕਰਤਾ ਮੌਜੂਦ ਨਹੀਂ ਹੈ । ਕਰਤਾ ਸੀ ਤਾਂ ਗਰਮੀ-ਸਰਦੀ, ਭੁਖ-ਤ੍ਰੇਹ ਸਭ ਸੀ । ਕਰਤਾ ਨਹੀਂ ਤਾਂ ਕੁਝ ਨਹੀਂ ਹਾਲਾਂਕਿ ਸਰੀਰ ਉਹੀ ਹੈ । ਇਸੇ ਲਈ ਕਰਤੇ ਦੀ ਮੌਜੂਦਗੀ ਹੀ ਸਭ ਕੁਝ ਹੈ । ਉਹ ਹੈ ਤਾਂ ਤੁਹਾਡੇ ਅੰਦਰ ਦੀ ਸਾਰੀ ਵਿਵਸਥਾ ਆਪੇ ਬਣੀ ਰਹਿੰਦੀ ਹੈ । ਦਿਲ ਧੜਕਦਾ ਰਹਿੰਦਾ ਹੈ, ਸਾਹ ਚਲਦੀ ਰਹਿੰਦੀ ਹੈ, ਖਾਣਾ ਪਚਦਾ ਰਹਿੰਦਾ ਹੈ, ਲਹੂ ਦੌੜਦਾ ਰਹਿੰਦਾ ਹੈ, ਦਿਮਾਗ ਕੰਮ ਕਰਦਾ ਰਹਿੰਦਾ ਹੈ । "ਸਭ ਆਪੇ ਹੀ ਹੋਈ ਜਾ ਰਿਹਾ ਹੈ ਕਿਉਂਕਿ ਕਰਤਾ ਘਰ ਅੰਦਰ ਮੌਜੂਦ ਹੈ ।" ਕਰਤਾ ਕਰਦਾ ਕੁਝ ਨਹੀਂ । ਸਿਰਫ ਕਰਤੇ ਦੀ ਮੌਜੂਦਗੀ ਨਾਲ ਹੀ ਸਭ ਕੁਝ ਕੰਮ ਹੋਈ ਜਾਂਦੇ ਹਨ । ਇਦਾਂ ਹੀ ਸੰਸਾਰ ਚਲ ਰਿਹਾ ਹੈ ਕਿਉਂਕਿ ਕਰਤਾ ਹੈ । ਇਹੀ ਅਰਥ ਹਨ ਕਰਤਾ ਦੇ । ਉਹ ਕੁਝ ਨਹੀਂ ਕਰ ਰਿਹਾ ਤੇ ਸਭ ਕੁਝ ਹੋਈ ਜਾ ਰਿਹਾ ਹੈ । ਕਰਤਾ ਅਕਰਤਾ ਹੈ ।



Digitized by Panjab Digital Library | www.panjabdigilib.org

## ੬. ਕਰਤਾ ਵਿਨਾਸ਼ੀ ਵੀ ਹੈ !

ਵਾਹਿਗੁਰੂ ਸੰਸਾਰ ਦਾ ਕਰਤਾ ਹੈ। ਇਹ ਗੱਲ ਤਾਂ ਸਾਰੇ ਧਰਮ ਮੰਨਦੇ ਹਨ। ਪਰ ਇਹ ਗੱਲ ਘਟ ਹੀ ਮੰਨੀ ਜਾਂਦੀ ਹੈ ਕਿ ਉਹ ਵਿਨਾਸ਼ ਦਾ ਵੀ ਕਰਤਾ ਹੈ। ਘੜਦਾ ਵੀ ਹੈ, ਭੰਨਦਾ ਵੀ ਹੈ। ਆਮ ਕਰਕੇ ਭੰਨਣਾ ਮਾੜਾ ਕੰਮ ਗਿਣਿਆ ਜਾਂਦਾ ਹੈ। ਤੋੜਣ-ਵਿਗਾੜਣ ਵਾਲੇ ਨੂੰ ਅਸੀਂ ਮੰਦਾ ਕਰਕੇ ਮੰਨਦੇ ਹਾਂ। ਕਿਸੀ ਚੀਜ਼ ਨੂੰ ਤੋੜਨ ਵਾਲੇ ਨੂੰ ਅਸੀਂ ਕਦੀ ਚੰਗਾ ਨਹੀਂ ਜਾਣਦੇ। ਇਸੇ ਲਈ ਕਈ ਧਰਮਾਂ ਨੇ ਤੋੜਣ ਦਾ ਕੰਮ ਰਬ ਨੂੰ ਨਹੀਂ ਦਿਤਾ। ਹਿੰਦੂ ਧਰਮ ਵਿਚ ਸ਼ਿਵ ਜੀ ਨੂੰ ਵਿਨਾਸ਼ ਦਾ ਦੇਵਤਾ ਮੰਨਿਆ ਹੈ। ਪਰ ਸਿਖੀ ਵਿਚ ਘੜਣ-ਭਨਣ ਵਾਲਾ ਇਕੋ ਵਾਹਿਗੁਰੂ ਹੀ ਹੈ। ਉਹੀ ਚੰਗਾ ਕਰਦਾ ਹੈ, ਉਹੀ ਮੰਦਾ ਕਰਦਾ ਹੈ। ਉਹ ਉਹੀ ਕਰਦਾ ਹੈ ਜੋ ਉਹ ਠੀਕ ਸਮਝਦਾ ਹੈ। ਗੁਰੂਵਾਕ ਹੈ—

ਭਨਿ ਭਨਿ ਘੜੀਐ ਘੜਿ ਭਜੈ ॥
ਢਾਹਿ ਉਸਾਰੈ ਉਸਰੇ ਢਾਹੇ ॥
ਸਰ ਭਰਿ ਸੋਖੈ ਭੀ ਭਰਿ ਪੋਖੈ ਸਮਰਥ ਵੇਪਰਵਾਹੇ ॥

(ਪੰਨਾ ੯੩੫)

ਜਬ ਉਦਕਰਖ ਕਰਾ ਕਰਤਾਰਾ ॥
ਪ੍ਰਜਾ ਧਰਤ ਤਬ ਦੇਹ ਅਪਾਰਾ ॥
ਜਬ ਆ ਕਰਖ ਕਰਤ ਹੋ ਕਬਹੂੰ ॥
ਤੁਮ ਮੈ ਮਿਲਤ ਦੇਹ ਧਰ ਸਭਹੂੰ ॥੧੩॥

(ਚੌਪਈ ਪਾਤਸ਼ਾਹੀ ਦਸਵੀਂ)

ਇਹ ਗੱਲ ਸਾਡੀ ਸਮਝ ਵਿਚ ਨਹੀਂ ਆਂਦੀ ਕਿਉਂਕਿ ਸਾਡੇ ਵਿਨਾਸ ਦੇ ਕੰਮ ਵਿਚ ਹਮੇਸ਼ਾ ਮੰਦ ਭਾਵਨਾ ਰਲੀ ਰਹਿੰਦੀ ਹੈ। ਅਸੀਂ ਕਿਸੇ ਦੇ ਜਾਨ-ਮਾਲ ਦੀ ਤੋੜ-ਫੋੜ ਕਦੀਂ ਚੰਗਾ ਕਰਕੇ ਨਹੀਂ ਕਰਦੇ। ਸਾਡੀ ਭਾਵਨਾ ਸਦਾ ਉਸ ਦੇ



Digitized by Panjab Digital Library | www.panjabdigilib.org

ਨੁਕਸਾਨ ਕਰਨ ਵਲ ਹੁੰਦੀ ਹੈ। ਸਾਡਾ ਕਰਮ ਹਿਤਕਰ ਨਹੀਂ ਹੁੰਦਾ, ਹਮੇਸ਼ਾ ਅਹਿਤਕਰ ਹੁੰਦਾ ਹੈ। ਪਰ ਵਾਹਿਗੁਰੂ ਵਲੋਂ ਵਿਨਾਸ਼ ਸਾਡੇ ਹਿਤ ਲਈ ਹੁੰਦਾ ਹੈ। ਜੀਵਨ ਦਾ ਅੰਤ ਮੌਤ ਵਿਚ ਬਣਾਇਆ ਤਾਂਕਿ ਅਸੀਂ ਲੰਬੀ ਯਾਤਰਾ ਦੇ ਬਾਅਦ ਆਰਾਮ ਕਰ ਸਕੀਏ। ਇਸੇ ਲਈ ਮੌਤ ਵਿਚ ਥੋੜਾ ਸੁਖ ਮਿਲ ਜਾਂਦਾ ਹੈ। ਜਿਹੜਾ ਮੌਤ ਤੋਂ ਡਰਦਾ ਡਰਦਾ ਜੀਂਦਾ ਹੈ, ਉਸ ਦਾ ਜੀਵਨ ਵੀ ਦੁਖਮਈ ਹੈ ਤੇ ਮੌਤ ਵੀ। ਜਿਹੜਾ ਜੀਉਂਦਿਆਂ ਜੀ ਮੌਤ ਤੋਂ ਨਿਡਰ ਹੋਣਾ ਸਿਖ ਲੈਂਦਾ ਹੈ, ਉਸ ਦਾ ਹਥਲਾ ਜੀਵਨ ਵੀ ਸੁਖੀ ਰਹਿੰਦਾ ਹੈ ਤੇ ਮੌਤ ਵੀ ਸੁਹੇਲੀ ਹੁੰਦੀ ਹੈ। ਇਦਾਂ ਹੀ ਸਾਰੀ ਸ੍ਰਿਸ਼ਟੀ ਦੀ ਦੌੜ ਵਿਚ ਇਕ ਮਿਹਨਤ ਹੈ ਤੇ ਪ੍ਰਲੋ ਇਕ ਵਿਸ਼ਰਾਮ। ਦਿਨ ਦੀ ਸਮਾਪਤੀ ਰਾਤ ਵਿਚ ਹੁੰਦੀ ਹੈ ਤੇ ਰਾਤ ਦੀ ਦਿਨ ਵਿਚ। ਇਸੇ ਲਈ ਸ੍ਰਿਸ਼ਟੀ ਨੂੰ ਬ੍ਰਹਮਾ ਦਾ ਦਿਨ ਤੇ ਪਰਲੋ ਨੂੰ ਬ੍ਰਹਮਾ ਦੀ ਰਾਤ ਕਹਿੰਦੇ ਹਨ। ਪਰਲੋ ਯਾਨੀ ਰਾਤ, ਯਾਨੀ ਆਰਾਮ। ਕਰਤਾ ਵਿਚ ਕੌੜਾ, ਖੱਟਾ, ਮਿੱਠਾ, ਸਾਰੇ ਸਵਾਦ ਸ਼ਾਮਲ ਹਨ। ਇਸ ਵਿਚ ਅੰਮ੍ਰਿਤ ਤੇ ਵਿਸ਼ ਦੋਨ੍ਹਾ ਦਾ ਸੰਗਮ ਹੈ। ਇਕੋ ਵਜੂਦ (Personality) ਦੇ ਦੋ ਰੂਪ ਹਨ, ਦੋ ਵਜੂਦ ਨਹੀਂ ਹਨ। ਅਸੀਂ ਰੱਬ ਦੇ ਰੂਪ ਨੂੰ ਤੋੜ ਕੇ ਆਪਣੇ ਆਪ ਨੂੰ ਤੋੜ ਲੈਂਦੇ ਹਾਂ। ਉਹ ਕਰਤਾ-ਪੁਰਖ ਹੀ ਦੁਖ ਦੇਂਦਾ ਹੈ, ਉਹੀ ਸੁਖ ਦੇਂਦਾ ਹੈ। ਦੋਵੇਂ ਉਸ ਦੇ ਹੀ ਰੂਪ ਹਨ। ਉਸ ਨੇ ਹੀ ਜੀਵ ਰੂਪ ਭਾਂਡੇ ਸਾਜੇ ਹਨ ਤੇ ਉਨ੍ਹਾਂ ਨੂੰ ਚੰਗੇ ਗੁਣ ਰੂਪੀ ਦੁੱਧ ਤੇ ਮੰਦੇ ਅਵਗੁਣ ਰੂਪੀ ਈਰਖਾ ਦੀ ਅਗ ਵਿਚ ਸਾੜਦਾ ਹੈ। ਅਸੀਂ ਆਸਾ ਦੀ ਵਾਰ ਵਿਚ ਰੋਜ ਇਸੇ ਵਿਚਾਰ ਤੇ ਭੋਗ ਪਾਂਦੇ ਹਾਂ—

ਆਪੇ ਭਾਡੇ ਸਾਜਿਅਨੁ ਆਪੇ ਪੂਰਣੁ ਦੇਇ ॥
ਇਕਨੀ ਦੁਧੁ ਸਮਾਈਐ ਇਕਿ ਚੁਲ੍ਹੈ ਰਹਨਿ ਚੜੇ ॥
ਇਕ ਨਿਹਾਲੀ ਪੈ ਸਵਨਿ ਇਕਿ ਉਪਰਿ ਰਹਨਿ ਖੜੇ ॥
ਤਿਨਾ ਸਵਾਰੇ ਨਾਨਕਾ ਜਿਨਿ ਕਉ ਨਦਰਿ ਕਰੇ ॥

(ਪੰਨਾ ੪੭੫)

ਸੋ ਵਾਹਿਗੁਰੂ ਚੰਗੇ-ਮੰਦੇ ਦੋਨਾਂ ਦਾ ਕਰਤਾ ਹੈ ਤੇ ਜਿਹੜਾ ਕਰਤਾ-ਪੁਰਖ ਦੇ ਦੋਨੋ ਗੁਣ ਮੰਨਣ ਨੂੰ ਤਿਆਰ ਹੈ, ਉਸ ਦੇ ਦੁਖੀ ਹੋਣ ਦਾ ਕੋਈ ਕਾਰਣ ਨਹੀਂ।



Digitized by Panjab Digital Library | www.panjabdigilib.org

## ੭: ਕਿਰਤ ਕਰਤੇ ਦੀ ਲੀਲਾ ਹੈ :

ਲੀਲਾ ਦਾ ਅਰਥ ਹੈ ਖੇਡ-ਤਮਾਸ਼ਾ, ਡਰਾਮਾ। ਇਸ ਤਮਾਸ਼ੇ ਵਿਚ ਕੋਈ ਰਾਜੇ ਦਾ ਕੰਮ ਕਰਦਾ ਹੈ, ਕੋਈ ਰੰਕ ਦਾ, ਕੋਈ ਦੁਖੀ ਦਾ ਕੋਈ ਸੁਖੀ ਦਾ। ਗੁਰਵਾਕ ਹੈ —

ਰਾਜ ਲੀਲਾ ਤੇਰੈ ਨਾਮਿ ਬਨਾਈ ॥
ਜੋਗ ਬਨਿਆ ਤੇਰਾ ਕੀਰਤਨੁ ਗਾਈ ॥੧॥
ਸਰਬ ਸੁਖਾ ਬਨੇ ਤੇਰੈ ਓਲ੍ਹੈ ॥
ਭਰਮ ਕੇ ਪਰਦੇ ਸਤਿਗੁਰ ਖੋਲ੍ਹੈ ॥

(ਪੰਨਾ ੨੮੫)

ਰਾਜ ਲੀਲਾ ਰਾਜਨ ਕੀ ਰਚਨਾ ਕਰਿਆ ਹੁਕਮੁ ਅਫਾਰਾ ॥
ਸੇਜ ਸੋਹਨੀ ਚੰਦਨ ਚੋਆ ਨਰਕ ਘੋਰ ਦਾ ਦੁਆਰਾ ॥

(ਪੰਨਾ ੬੪੨)

ਇਸ ਡਰਾਮੇ ਵਿਚ ਜੋ ਵੀ ਪਾਰਟ ਕਿਸੇ ਲਈ ਪ੍ਰਭੂ ਨੇ ਪਹਿਲਾਂ ਤੋਂ ਹੀ ਲਿਖ ਦਿਤਾ ਹੈ, ਮਨੁਖ ਨੂੰ ਉਹੀ ਨਿਭਾਣਾ ਪੈਂਦਾ ਹੈ। ਉਸ ਨਿਰਦੇਸ਼ਕ ਦੇ ਹੁਕਮ ਅਨੁਸਾਰ ਕਿਸੇ ਨੇ ਸੋਹਣੀ ਸੇਜ ਉਤੇ ਚੰਦਨ-ਢੋਏ ਨਾਲ ਸਜਾਇਆ ਜਾਂਦਾ ਹੈ ਤੇ ਕਿਸੇ ਨੂੰ ਨਰਕ ਪਏ ਦੁਖੀ ਦਾ ਕੰਮ ਕਰਨਾ ਪੈਂਦਾ ਹੈ। ਪਰ ਹੈ ਸਭ ਖੇਡ ਹੀ ਕਿਉਂਕਿ —

ਕਰਮ ਸੁਕਰਮ ਕਰਾਏ ਆਪੇ ਕੀਮਤਿ ਕਉਣ ਅਭੇਵਏ ॥

(ਪੰਨਾ ੭੬੬)



Digitized by Panjab Digital Library | www.panjabdigilib.org

ਖੇਡ ਵਿਚ ਜਿਤਣਾ ਕੀ ਤੇ ਹਾਰਨਾ ਕੀ, ਸੁਖ ਕੀ ਤੇ ਦੁਖ ਕੀ। ਅਸਲ ਵਿਚ ਤਾਂ ਅਸੀਂ ਪ੍ਰਮਾਤਮਾ ਦਾ ਅੰਸ਼ ਹੀ ਰਹਿੰਦੇ ਹਾਂ। ਵਕਤੀ ਤੌਰ ਤੇ ਕੁਝ ਪਾਰਟ ਮਿਲਦਾ ਹੈ ਤੇ ਅਸੀਂ ਉਸ ਨੂੰ ਨਿਭਾ ਦੇਂਦੇ ਹਾਂ। ਫਿਲਮ ਵਿਚ ਕੋਈ ਕਿਸੇ ਦੀ ਇਜਤ ਲੁਟ ਰਿਹਾ ਹੈ ਤੇ ਕੋਈ ਇਜਤ ਦਾ ਸੌਦਾ ਕਰ ਰਿਹਾ ਹੈ। ਇਕ ਇਸਤਰੀ ਕਦੀਂ ਸੀਤਾ ਬਣਦੀ ਹੈ ਤੇ ਕਦੀਂ ਲਾਟਰੀ ਵੇਚਦੀ ਹੈ। ਪਰ ਜ਼ਰੂਰੀ ਨਹੀਂ ਕਿ ਆਪਣੀ ਨਿੱਜੀ ਜ਼ਿੰਦਗੀ ਵਿਚ ਐਨੇ ਭੈੜੇ (ਜਾਂ ਸੀਤਾ ਵਰਗੇ ਐਨੇ ਪਵਿਤਰ) ਹੋਣ। ਅਸਲ ਵਿਚ ਉਹ ਵੀ ਘਰ-ਗ੍ਰਿਸਤੀ ਵਾਲੇ, ਧੀਆਂ-ਭੈਣਾਂ ਵਾਲੇ ਹੁੰਦੇ ਹਨ। ਇਕ ਪਾਰਟ ਸੀ ਜੋ ਨਿਭਾ ਦਿਤਾ ਗਿਆ। ਬਸ, ਗੱਲ ਖਤਮ ਹੋ ਗਈ। ਪੁਤਲੀ ਨੇ ਆਪਣਾ ਨਾਚ ਦਿਖਾ ਦਿਤਾ। ਹੁਣ ਅਗੇ ਬਾਜ਼ੀਗਰ ਨਾਚ ਨਚਾਣ ਵਾਲਾ ਜਾਣੇ।

ਕਾਠ ਦੀ ਪੁਤਰੀ ਕਹਾ ਕਰੈ ਬਪੁਰੀ ਖਿਲਾਵਨ ਹਾਰ ਜਾਨੈ ॥

(ਪੰਨਾ ੨੦੬)

ਅਛਾ ਕਲਾਕਾਰ ਉਹੀ ਹੈ ਜਿਹੜਾ ਆਪਣੇ ਦਿਤੇ ਹੋਏ ਪਾਰਟ ਨੂੰ ਬੜੀ ਸੂਝ ਬੂਝ ਨਾਲ ਨਿਭਾਏ। ਵੇਖਣ ਵਾਲਿਆਂ ਨੂੰ ਅਸਲੀ ਲਗੇ ਪਰ ਕਲਾਕਾਰ ਆਪਣੇ ਅੰਦਰ ਜਾਣਦਾ ਰਹੇ ਕਿ ਉਹ ਸਿਰਫ ਨਕਲ ਕਰ ਰਿਹਾ ਹੈ। ਜੇ ਉਸ ਦੀ ਨਕਲ ਵਿਚ ਕਸਰ ਰਹਿ ਜਾਏ ਤਾਂ ਉਹ ਸਫਲ ਕਲਾਕਾਰ ਨਹੀਂ ਗਿਣਿਆ ਜਾਂਦਾ। ਜੇ ਉਹ ਭੁਲ ਜਾਏ ਕਿ ਉਹ ਸਿਰਫ ਨਕਲ ਕਰ ਰਿਹਾ ਹੈ ਤਾਂ ਵੀ ਉਹ ਸਫਲ ਕਲਾਕਾਰ ਨਹੀਂ ਮੰਨਿਆ ਜਾਂਦਾ। ਸਫਲਤਾ ਲਈ ਬਾਹਰੋਂ ਆਪਣੇ ਆਪ ਨੂੰ ਭੁਲਿਆ ਰਹਿਣਾ ਹੈ ਤੇ ਅੰਦਰੋਂ ਜਾਗਦੇ ਰਹਿਣਾ ਹੈ। ਬਾਹਰੋਂ ਪੱਕਾ ਸ਼ਰਾਬੀ ਦਿਸੇ ਤੇ ਅੰਰੋਂ ਪੂਰਾ ਹੋਸ਼-ਮੰਦ। ਸਾਡੀ ਮੁਸ਼ਕਲ ਇਹ ਹੈ ਕਿ ਅਸੀਂ ਭੁਲ ਜਾਂਦੇ ਹਾਂ ਕਿ ਅਸੀਂ ਇਕ ਨਕਲ ਕਰ ਰਹੇ ਹਾਂ। ਅਸੀਂ ਨਕਲ ਨੂੰ ਅਸਲ ਸਮਝ ਲੈਂਦੇ ਹਾਂ ਤੇ ਦੁਖੀ ਹੁੰਦੇ ਹਾਂ। ਜਦੋਂ ਜੀਵਨ ਵਿਚ ਦੁਖ ਆਂਦਾ ਹੈ ਤਾਂ ਅਸੀਂ ਭੁਲ ਜਾਂਦੇ ਹਾਂ ਕਿ ਅਸੀ ਇਕ ਪਾਰਟ ਕਰ ਰਹੇ ਹਾਂ। ਅਸੀਂ ਆਪਣੇ ਆਪ ਨੂੰ, ਨਿਰਦੇਸ਼ਕ (ਵਾਹਿਗੁਰੂ) ਵਲੋਂ ਦਿਤੇ ਪਾਰਟ ਨੂੰ ਪਾਰਟ ਨ ਸਮਝ, ਉਸ ਦਾ ਹਿੱਸਾ ਸਮਝਣ ਲਗਦੇ ਹਾਂ। ਅਸੀਂ ਭੁਲ ਜਾਂਦੇ ਹਾਂ ਕਿ ਅਸੀਂ ਉਸਦੇ ਹੁਕਮ ਵਿਚ ਦਿਤੇ ਸੁਖ-ਦੁਖ ਦਾ ਪਾਰਟ ਕਰ ਰਹੇ। ਜੇ ਇਹ ਸਮਝ ਆ ਜਾਏ ਤਾਂ ਫਿਰ ਅਸੀਂ ਵੀ ਉਸ



Digitized by Panjab Digital Library | www.panjabdigilib.org

ਐਕਟਰ ਵਾਂਗ ਦੁਖੀ ਨਹੀਂ ਹੋਵਾਂਗੇ ਜਿਹੜਾ ਪੜ੍ਹਦੇ ਤੇ ਹੋਰਨਾ ਨੂੰ ਰੁਆ ਕੇ ਆਪ ਪਰਦੇ ਦੇ ਪਿਛੇ ਹਸਦਾ ਰਹਿੰਦਾ ਹੈ। ਫਰਕ ਇਨਾ ਹੈ ਕਿ ਉਸ ਐਕਟਰ ਨੂੰ ਅਸਲੀਅਤ ਦਾ ਪਤਾ ਹੈ ਤੇ ਸਾਨੂੰ ਨਹੀਂ। ਗੁਰੂ ਸੰਤ ਆਪਣੇ ਆਪ ਨੂੰ ਰਬੀ-ਰਚਾਈ ਲੀਲਾ ਵਿਚ ਇਕ ਕਲਾਕਾਰ ਤੋਂ ਜਿਆਦਾ ਕੁਝ ਨਹੀਂ ਜਾਣਦੇ, ਪਰ ਅਸੀਂ ਆਪਣੇ ਆਪ ਨੂੰ ਇਸ ਲੀਲਾ ਦਾ ਹਿੱਸਾ ਸਮਝ ਲੈਂਦੇ ਹਾਂ। ਇਹੀ ਦੁਖ ਦਾ ਕਾਰਣ ਹੈ। ਇਹ ਭੁਲ ਕਿਉਂ ਹੁੰਦੀ ਹੈ ?

ਅਸੀਂ ਰਾਮ ਲੀਲਾ ਜਾਂ ਰਾਸ ਲੀਲਾ ਨਾਲ ਮੋਹੇ ਜਾਂਦੇ ਹਾਂ। ਇਸ ਮੋਹ ਕਰਕੇ ਹੀ ਸਾਨੂੰ ਸੰਸਾਰ ਸਚਾ ਲਗਾ ਹੈ, ਮਾਇਆ ਨਹੀਂ ਲਗਦੀ। ਇਸ ਮਾਇਆ ਨੇ ਸਾਰਾ ਜਗਤ ਮੋਹਿਆ ਹੋਇਆ ਹੈ। ਗੁਰਵਾਕ ਹੈ—

ਮਾਇਆ ਮੋਹੁ ਜਗਤੁ ਸਬਾਇਆ ॥
ਤ੍ਰੈ ਗੁਣ ਦੀਸਹਿ ਮੋਹੇ ਮਾਇਆ ॥

(ਪੰਨਾ ੧੨੯)

ਮਾਇਆ ਮੋਹਿ ਸਭੋ ਜਗੁ ਸੋਇਆ ॥
ਇਹ ਭਰਮੁ ਕਹਹੁ ਕਿਉ ਜਾਈ ॥

(ਪੰਨਾ ੨੦੫)

ਇਸ ਮੋਹ ਨੂੰ ਮੋਹਨ ਜਾਂ ਮਨਮੋਹਨ (Hypnotism) ਵੀ ਕਹਿੰਦੇ ਹਨ। ਕਿਸੇ ਬੰਦੇ ਨੂੰ ਮਨਮੋਹਨ ਕਰ ਕੇ ਉਸ ਕੋਲੋਂ ਕਈ ਕੰਮ ਕਰਾਏ ਜਾ ਸਕਦੇ ਹਨ। ਸਰਦੀ ਦੀ ਰੁਤ ਵਿਚ ਉਸ ਨੂੰ ਕਹੋ, "ਸਖਤ ਗਰਮੀ ਹੈ, ਕਪੜੇ ਲਾਹ ਦੇ।" ਉਹ ਲਾਹ ਦੇਏਗਾ। ਉਸ ਨੂੰ ਕਹੋ, "ਸੰਗੀਤ ਵਜ ਰਿਹਾ ਹੈ। ਨਾਚ ਕਰ।" ਉਹ ਨੱਚਣ ਲਗੇਗਾ। ਉਸ ਨੂੰ ਮਿਟੀ ਦਾ ਢੇਲਾ ਦੇਉ ਤੇ ਕਹੋ, "ਲੱਡੂ, ਹੈ, ਖਾ ਲੈ।" ਉਹ ਬੜੇ ਸਆਦ ਨਾਲ ਖਾ ਲਏਗਾ। ਉਸ ਨੂੰ ਕਦੇ ਵੀ ਪਤਾ ਨਹੀਂ ਚਲੇਗਾ ਕਿ ਉਹ ਮਿਟੀ ਖਾ ਰਿਹਾ ਹੈ। ਉਸ ਦੀਆਂ ਅੱਖਾਂ ਖੁਲੀਆਂ ਹਨ, ਉਹ ਹੋਸ ਵਿਚ ਹੈ, ਉਹ ਸਭ ਦੇਖ ਰਿਹਾ ਹੈ, ਉਹ ਗਲਬਾਤ ਸੁਣ ਰਿਹਾ ਹੈ। ਪਰ ਉਹ ਮਨਮੋਹਨ ਰਾਹੀਂ ਇਨਾ ਮੋਹਤ ਹੋ ਗਿਆ ਹੈ ਕਿ ਉਹ ਅਸਲੀਅਤ (ਮਿਟੀ ਦੇ ਢੇਲੇ) ਨੂੰ ਦੇਖ ਨਹੀਂ ਸਕਦਾ। ਇਹ ਹਾਲ ਸਾਡਾ ਹੈ। ਅਸੀਂ ਮਾਇਆ ਰਾਹੀਂ ਮਨਮੋਹਨ ਹੋਏ ਹੋਏ ਹਾਂ। ਅਸੀਂ ਹੋਸ਼ ਵਿਚ ਹਾਂ ਪਰ ਹੋਸ਼-ਪੂਰਨ ਨਹੀਂ ਹਾਂ। ਅਖਾਂ ਖੁਲੀਆਂ



Digitized by Panjab Digital Library | www.panjabdigilib.org

ਹਨ ਪਰ ਮਾਇਆ ਦੇ ਭਰਮ ਵਿਚ ਫਸਿਆ ਮਨੁਖ ਅਸਲੀਅਤ ਤਕ ਨਹੀਂ ਪਹੁੰਚ ਸਕਦਾ 'ਮਾਇਆ ਮੋਹਿ ਭਰਮਿ ਨ ਪਾਏ'। ਇਸ ਮਨਮੋਹਨ ਅਵਸਥਾ ਵਿਚ ਅਸੀਂ ਰੋਂਦੇ ਹਾਂ, ਹਸਦੇ ਹਾਂ, ਦੁਖ-ਸੁਖ ਮਹਿਸੂ ਕਰਦੇ ਹਾਂ। ਜਿਸ ਦਿਨ ਇਸ ਮਨਮੋਹਨ ਦਾ ਅਸਰ ਟੁਟੇਗਾ, ਅਸੀਂ ਜਾਣਾਂਗੇ ਕਿ ਆਤਮਾ ਨਾ ਦੁਖੀ ਹੈ ਨਾ ਸੁਖੀ ਹੈ, ਨਾ ਨਾ ਮਰਦੀ ਹੈ, ਨਾ ਜਨਮਦੀ ਹੈ। ਸਿਰਫ ਮਾਇਆ ਦਾ ਮੋਹਨ ਹੈ 'ਮਾਇਆ ਮਨਸਾ ਮੋਹਣੀ'। ਇਸੇ ਲਈ ਸੰਸਾਰ ਨੂੰ ਮਾਇਆ ਕਿਹਾ ਹੈ ਕਿਉਂਕਿ ਮਾਇਆਂ ਦੇ ਮੋਹ ਕਰਕੇ ਸਾਨੂੰ ਉਹ ਦਿਸਦਾ ਹੈ ਜੋ ਅਸਲ ਵਿਚ ਨਹੀਂ ਹੈ 'ਮਾਇਆ ਮੋਹਿ ਜਗੁ ਭਰਿਆ'। ਇਹ ਭਰਮ ਗੁਰਬਾਣੀ ਵਿਚਾਰਨ, ਗੁਰਮਤਿ ਅਪਨਾਣ ਤੇ ਨਾਮ-ਸਿਮਰਨ ਰਾਹੀਂ ਹੀ ਟੁਟਦਾ ਹੈ। ਗੁਰਵਾਕ ਹੈ—

ਮਾਇਆ ਮੋਹੁ ਸਬਦਿ ਜਲਾਇਆ ॥
ਸਚੋ ਸਚਾ ਵੇਖਿ ਸਾਲਾਹੀ ਗੁਰ ਸਬਦੀ ਸਚੁ ਪਾਵਣਿਆ ॥
(ਪੰਨਾ ੧੨੫)

ਇਸ ਮਾਇਆ ਦੇ ਮੋਹ ਦੇ ਲਹਿਣ ਨਾਲ ਕਰਤਾ ਭਾਵ ਵੀ ਗਿਰ ਜਾਂਦਾ ਹੈ। ਸਾਨੂੰ ਸਮਝ ਆ ਜਾਂਦੀ ਹੈ ਕਿ ਕਰਤਾ ਤਾਂ ਇਕੋ ਹੀ ਹੈ। ਅਸੀਂ ਤਾਂ ਕਰਤੇ ਰਾਹੀਂ ਪਹਿਲਾਂ ਤੋਂ ਰਚੇ ਡਰਾਮੇ ਵਿਚ ਸਿਰਫ ਪਾਰਟ ਕਰ ਰਹੇ ਹਾਂ। ਚੰਗਾ ਐਕਟਰ ਰੋਣ ਵੇਲੇ, ਦੁਖੀ ਹੋਣ ਵੇਲੇ, ਆਪਣੇ ਆਪ ਵਿਚ ਦੁਖੀ ਨਹੀਂ ਹੁੰਦਾ ਕਿਉਂਕਿ ਜਾਣਦਾ ਹੈ ਕਿ ਉਹ ਸਿਰਫ ਡਰਾਮਾ ਹੈ ਹਕੀਕਤ ਨਹੀਂ। ਜਿਦਣ ਸਾਨੂੰ ਇਹ ਪਤਾ ਚਲ ਜਾਏਗਾ ਸਾਨੂੰ ਦੁਖੀ ਹੋਣ ਦਾ ਕੋਈ ਕਾਰਣ ਨਹੀਂ ਰਹੇਗਾ।



Digitized by Panjab Digital Library | www.panjabdigilib.org

## ੮. ਕਰਤਾ ਕਿਰਤ ਵਿਚ ਹੈ ?

ਕਰਤੇ ਦਾ ਕਿਰਤ ਨਾਲ ਕੋਈ ਸਬੰਧ ਹੈ ਕਿ ਨਹੀਂ ? ਜੇ ਹੈ ਤਾਂ ਕਿਦਾਂ ਦਾ ਹੈ ? ਉਹ ਕਿਰਤ ਦੇ ਕਿਨਾਂ ਨੇੜੇ ਹੈ ਤੇ ਕਿਨਾ ਦੂਰ ? ਇਸ ਬਾਰੇ ਤਿੰਨ ਵਿਚਾਰ ਚਲਦੇ ਹਨ। ਇਕ ਵਿਚਾਰ ਹੈ ਕਿ ਕਰਤੇ ਨੇ ਤਿੰਨ ਦੇਵਤੇ ਬਣਾਏ ਤੇ ਉਨ੍ਹਾਂ ਦੇ ਜ਼ੁਮੇਂ ਅਗੋਂ ਸੰਸਾਰ ਦੇ ਬਨਾਣ (ਬ੍ਰਹਮਾ), ਸੰਸਾਰ ਦੇ ਸੰਭਾਲਣ (ਵਿਸ਼ਨੂੰ) ਤੇ ਸੰਸਾਰ ਦੇ ਸੰਘਾਰਣ (ਸ਼ਿਵ) ਦਾ ਕੰਮ ਲਾ ਦਿਤਾ। ਇਸ ਵਿਚਾਰ ਵਾਲੇ ਕਰਤੇ ਦਾ ਆਪਣੀ ਕਿਰਤ ਨਾਲ ਕੋਈ ਸਿਧਾ ਸਬੰਧ ਨਹੀਂ ਮੰਨਦੇ। ਇਸ ਲਈ ਇਸ ਵਿਚਾਰਧਾਰਾ ਵਾਲਿਆਂ ਨੂੰ ਆਪਣੇ ਇਸ਼ਟ ਦੇਵਤਿਆਂ ਨੂੰ ਖੁਸ਼ ਕਰਨਾ ਪੈਂਦਾ ਹੈ ਤੇ ਫਿਰ ਕਰਤੇ ਨਾਲ ਰਾਬਤਾ ਬਣਦਾ ਹੈ।

ਦੂਸਰਾ ਵਿਚਾਰ ਹੈ ਕਿ ਕਰਤੇ ਨੇ ਆਪ ਸੰਸਾਰ ਬਣਾਇਆ ਤੇ ਫਿਰ ਉਸ ਨਾਲੋਂ ਅਡ ਹੋ ਗਿਆ। ਹੁਣ ਉਹ ਪਰਲੋ ਵਾਲੇ ਦਿਨ ਸੰਸਾਰ ਦਾ ਨਾਸ ਕਰੇਗਾ ਤੇ ਮਨੁਖਾਂ ਨਾਲ ਉਸ ਸਮੇਂ ਸਬੰਧ ਜੋੜੇਗਾ। ਕਈ ਕਹਿੰਦੇ ਹਨ ਕਿ ਕਰਤਾ ਮਨੁਖ ਦੇ ਮਰਣ ਬਾਅਦ ਉਸ ਨਾਲ ਸਬੰਧ ਜੋੜੇਗਾ ਤੇ ਉਸ ਦੇ ਕਰਮਾਂ ਦਾ ਹਿਸਾਬ ਮੰਗੇਗਾ। ਯਾਨੀ ਕਰਤਾ ਜੀਵਨ ਭਰ ਮਨੁਖ ਨਾਲ ਕੋਈ ਸਬੰਧ ਨਹੀਂ ਰਖਦਾ ਤੇ ਸਿਰਫ ਮਰਣ ਉਪਰੰਤ ਸਬੰਧ ਜੋੜਦਾ ਹੈ।

ਇਦਾਂ ਸਮਝੋ ਕਿ ਘੁਮਿਆਰ ਨੇ ਘੜਾ ਬਣਾਇਆ। ਘੜਣ ਬਾਅਦ ਘੁਮਿਆਰ ਦਾ ਘੜੇ ਨਾਲ ਕੋਈ ਸਬੰਧ ਨਹੀਂ ਰਹਿੰਦਾ। ਦੋਨਾਂ ਦੀ ਹਸਤੀ ਅਲਗ ਅਲਗ ਹੋ ਜਾਂਦੀ ਹੈ। ਘੜਾ ਘੁਮਿਆਰ ਬਗੈਰ ਤੇ ਘੁਮਿਆਰ ਘੜੇ ਬਗੈਰ ਰਹਿ ਸਕਦਾ ਹੈ। ਘੜੇ ਦੇ ਭਜਣ ਨਾਲ ਘੁਮਿਆਰ ਤੇ ਕੋਈ ਪ੍ਰਭਾਵ ਨਹੀਂ ਤੇ ਘੁਮਿਆਰ ਦੇ ਮਿਲਣ ਨਾਲ ਘੜੇ ਤੇ ਕੋਈ ਅਸਰ ਨਹੀਂ।

ਤੀਸਰਾ ਵਿਚਾਰ ਹੈ ਕਿ ਕਰਤਾ ਕਿਰਤ ਨਾਲੋਂ ਕਦੀਂ ਵੀ ਅਡ ਨਹੀਂ ਹੁੰਦਾ। ਹਮੇਸ਼ਾ ਸਬੰਧ ਬਣਾਈ ਰਖਦਾ ਹੈ। ਜਿਦਾਂ ਰਾਗ ਤੇ ਗਵਈਏ ਦਾ, ਕੀਰਤਨ ਤੇ ਰਾਗੀ ਦਾ। ਕੀਰਤਨ ਰਾਗੀ ਬਿਨਾ ਨਹੀਂ ਹੋ ਸਕਦਾ ਤੇ ਰਾਗੀ



Digitized by Panjab Digital Library | www.panjabdigilib.org

ਬਿਨਾ ਕੀਰਤਨ ਨਹੀਂ ਰਹਿੰਦਾ। ਕੀਰਤਨ ਬਿਨਾ ਰਾਗੀ ਇਕ ਆਮ ਮਨੁਖ ਨਾਲੋਂ ਵਖ ਨਹੀਂ ਹੁੰਦਾ। ਇਸ ਵਿਚਾਰ ਦੀ ਕਮਜ਼ੋਰੀ ਇਹ ਹੈ ਕਿ ਕਿਰਤ ਕਰਤੇ ਦੇ ਵਜੂਦ ਬਿਨਾ ਨਹੀਂ ਰਹਿੰਦੀ। ਰਾਗੀ ਨੂੰ ਆਪਣੀ ਹਸਤੀ ਕੀਰਤਨ ਰਾਹੀਂ ਕਾਇਮ ਰਖਣੀ ਪੈਂਦੀ ਹੈ। ਇਸ ਹਿਸਾਬੇ ਰਬ ਨੂੰ ਆਪਣੀ ਹਸਤੀ ਕਿਰਤ ਦੇ ਸਹਾਰੇ ਕਾਇਮ ਰਖਣੀ ਪਵੇਗੀ। ਜੇ ਵਾਹਿਗੁਰੂ ਸ੍ਰਿਸ਼ਟੀ ਨਾ ਬਣਾਏ ਤਾਂ ਉਸ ਦੀ ਹੋਂਦ ਨਹੀਂ ਰਹੇਗੀ। ਇਸ ਲਈ ਇਹ ਵਿਚਾਰ ਗੁਰਮਤਿ ਵਿਚ ਪੂਰਾ ਪਰਵਾਨ ਨਹੀਂ। ਗੁਰਮਤਿ ਅਨੁਸਾਰ ਕਰਤਾ ਕਿਰਤ ਵਿਚ ਜ਼ਰੂਰ ਹੈ ਪਰ ਕਿਰਤ ਤੋਂ ਬਿਨਾ ਵੀ ਉਸ ਦੀ ਹਸਤੀ ਹੈ। ਕਿਰਤ ਨਾ ਵੀ ਕਰੇ ਤਾਂ ਵੀ ਕਰਤਾ ਰਹਿੰਦਾ ਹੈ। ਰਚਨਾ ਤੇ ਰਚਣਹਾਰ ਦਾ ਸਬੰਧ ਗੁਰੂ ਜੀ ਇਦਾਂ ਦਸਦੇ ਹਨ ਜਿਦਾਂ ਲਹਿਰ ਦਾ ਸਾਗਰ ਨਾਲ, ਨਦੀ ਦਾ ਸਾਗਰ ਨਾਲ, ਤੇ ਬੇਲ-ਬੂਟੇ ਦਾ ਬਦਲ ਨਾਲ। ਪਹਿਲੇ (ਲਹਿਰ, ਨਦੀ, ਬੇਲ) ਦਾ ਜੀਵਨ ਅਧਾਰ ਦੂਸਰਾ (ਸਾਗਰ, ਬਦਲ) ਹੈ। ਪਹਿਲੇ ਦੀ ਹਸਤੀ ਦੂਸਰੇ ਬਿਨਾ ਨਹੀਂ ਹੋ ਸਕਦੀ ਹਾਲਾਂਕਿ ਦੂਸਰੇ ਦੀ ਹਸਤੀ ਪਹਿਲੇ ਬਿਨਾ ਰਹਿ ਸਕਦੀ ਹੈ। ਗੁਰਵਾਕ ਹੈ—

ਸਾਗਰ ਲਹਿਰ ਸਮੁੰਦ ਸਰ ਵੇਲਿ ਵਰਸ ਵਰਾਹ ॥
ਆਖਿ ਖੜੋਵਹਿ ਆਪਿ ਕਰਿ ਆਪੀਣੈ ਆਪਾਹ ॥

(ਪੰਨਾ ੭੮੮)

ਕਰਤਾ ਕਿਰਤ ਵਿਚ ਆ ਖਲੋਂਦਾ ਹੈ ਪਰ ਉਸ ਦਾ ਆ ਖਲੋਣਾ ਸਾਡੇ ਤੇ ਨਿਰਭਰ ਨਹੀਂ। ਖੁਸ਼ਬੂ ਬਿਨਾ ਫੁਲ ਨਹੀਂ ਹੋ ਸਕਦੀ ਪਰ ਫੁਲ ਖੁਸ਼ਬੂ ਬਿਨਾ ਹੋ ਸਕਦਾ ਹੈ। ਛਾਈ ਸ਼ੀਸ਼ੇ ਬਿਨਾ ਨਹੀਂ ਹੋ ਸਕਦੀ ਪਰ ਸ਼ੀਸ਼ਾ ਬਿਨਾ ਛਾਈ ਹੋ ਸਕਦਾ ਹੈ। ਗੁਰਵਾਕ ਹੈ—

ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ ॥
ਤੈਸੇ ਹੀ ਹਰੀ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ ॥

(ਪੰਨਾ ੬੮੪)

ਸੋ ਗੁਰਮਤਿ ਅਨੁਸਾਰ ਕਰਤਾ ਬਿਨਾ ਕਿਰਤ ਦੇ ਹੋ ਸਕਦਾ ਹੈ। ਉਹ ਆਪੇ ਹੀ ਸਭ ਬਣਾਂਦਾ ਤੇ ਢਾਂਦਾ ਹੈ—

ਭਜਨ ਗੜਣ ਸਮਥੁ ਤਰਣ ਤਾਰਣ ਪ੍ਰਭੁ ਸੋਈ ॥

(ਪੰਨਾ ੧੪੦੪)



Digitized by Panjab Digital Library | www.panjabdigilib.org

[੫]

# ਨਿਰਭਉ

## ਭੈ ਭੰਜਨ ਪ੍ਰਭ ਮਨਿ ਨ ਵਸਾਹੀ

### ੧. ਭਉ ਦੇ ਕਾਰਣ

ਵਾਹਿਗੁਰੂ ਨਿਰਭਉ ਹੈ ਪਰ ਮਨੁਖ (ਉਸ ਦੀ ਰਚਨਾ) ਭਉ ਦਾ ਪੁਤਲਾ ਹੈ। ਵਾਹਿਗੁਰੂ ਨਿਡਰ ਹੈ ਪਰ ਮਨੁਖ ਡਰ ਦਾ ਮੁਜਸਮਾਂ ਹੈ। ਵਾਹਿਗੁਰੂ ਭੈ ਰਹਿਤ ਹੈ ਤੇ ਮਨੁਖ ਭੈ-ਭੀਤ ਹੈ। ਕਿਉਂ ?

ਇਸ ਦਾ ਮੂਲ ਕਾਰਣ ਹੈ ਮਨੁਖ ਦਾ ਆਪਣੇ ਮੂਲ ਨੂੰ ਵਿਸਰ ਜਾਣਾ। ਉਸਨੂੰ ਚੇਤੇ ਹੀ ਨਹੀਂ ਰਹਿੰਦਾ ਕਿ ਉਹ ਨਿਰਭਉ ਦੀ ਕਿਰਤ ਹੈ ਤੇ ਉਸ ਦਾ ਭਉ ਨਾਲ ਕੋਈ ਸਬੰਧ ਨਹੀਂ। ਇਹ ਵਿਸਰਨ, ਇਹ ਭੁਲਣ, ਜਨਮਾਂ-ਜਨਮਾਂ ਦੇ ਚੱਕਰ ਵਿਚ ਐਨਾ ਪੱਕਾ ਹੋ ਗਿਆ ਹੈ ਕਿ ਮਨੁਖ ਆਪਣੀ ਨਿਰਭਉ ਅਵਸਥਾ ਤਾਂ ਬਿਲਕੁਲ ਅਣਜਾਣ ਹੋ ਗਿਆ ਹੈ।

ਨਿਰਭਉ ਅਵਸਥਾ ਆਂਦੀ ਹੈ ਆਪਣੇ ਅਸਲੀ ਸੁਭਾ ਨੂੰ ਪਛਾਨਣ ਨਾਲ ਤੇ ਇਸੁ ਪਛਾਣ ਲਈ ਜਰੂਰੀ ਹੈ ਕਿ ਮਨੁੱਖ ਆਪਣੇ ਦੁਆਲੇ ਪਾਏ ਪਰਦਿਆ ਨੂੰ ਹਟਾਏ ਆਪਣੇ ਉਤੋਂ ਮਨ ਦੀ ਇੰਦਰੀਆਂ ਦੀ, ਬੁੱਧੀ ਦੀ, ਪਕੜ ਹੌਲੀ ਕਰੇ। ਆਪਣੇ ਆਪ ਨੂੰ ਉਸ ਵਾਹਿਗੁਰੂ ਦੇ ਆਸਰੇ ਛੱਡ ਦੇਏ। ਪਰ ਇਸ ਤੋਂ ਮਨੁਖ ਡਰਦਾ ਹੈ। ਇਸ ਕਲੇ-ਪਣ ਵਿਚ ਉਸਨੂੰ ਆਪਣੀ ਮੌਤ ਦਿਸਦੀ ਹੈ। ਇਸ ਤੋਂ ਬਚਣ ਲਈ



Digitized by Panjab Digital Library | www.panjabdigilib.org

ਉਹ ਸਾਥੀ ਲੱਭਦਾ ਹੈ । ਰੱਬ ਦਾ ਸਾਥ ਨਾ ਸਮਝਣ ਕਰਕੇ ਉਹ ਯਾਰਾਂ-ਦੋਸਤਾਂ ਦੀ ਭੀੜ ਕੱਠੀ ਕਰਦਾ ਹੈ, ਧਨ-ਦੌਲਤ ਦਾ ਢੇਰ ਲਾਂਦਾ ਹੈ, ਪਦ-ਪਦਵੀ ਦੀ ਚਮਕ ਪੈਦਾ ਕਰਦਾ ਹੈ । ਪਰ ਇਸ ਯਤਨ ਦੇ ਬਾਵਜੂਦ ਵੀ ਉਹ ਅੰਦਰੋਂ ਡਰਦਾ ਰਹਿੰਦਾ ਹੈ ਕਿਉਂਕਿ ਇਨ੍ਹਾਂ ਦੇ ਖੁਸ ਜਾਣ ਨੂੰ ਇਨ੍ਹਾਂ ਦੀ ਅਸਥਾਈ ਅਵਸਥਾ ਨੂੰ, ਉਹ ਜਾਣਦਾ ਹੈ । ਇਨ੍ਹਾਂ ਸੰਸਾਰੀ ਸਾਥੀਆ ਨੂੰ ਕੱਚਾ ਜਾਣ ਕੇ ਮਨੁਖ ਧਰਮ ਦਾ ਸਾਥ ਲੱਭਦਾ ਹੈ । ਉਹ ਸਮਾਧੀਆਂ ਲਾਣ ਲੱਗ ਪੈਂਦਾ ਹੈ, ਤੀਰਥ-ਬਰਤ ਕਰਣ ਲੱਗ ਪੈਂਦਾ ਹੈ । ਧਰਮ ਪੁਸਤਕਾਂ ਨੂੰ ਪੜ੍ਹਕੇ ਲੈਕਚਰ-ਬਾਜ਼ੀ ਵਿਚ ਪੈ ਜਾਂਦਾ ਹੈ । ਪਰ ਫਿਰ ਵੀ ਉਸ ਦਾ ਆਂਤਰਕ ਡਰ ਨਹੀਂ ਜਾਂਦਾ । ਉਹ ਨਿਰਭਉ ਨਹੀਂ ਬਣਦਾ ।

ਕਿਸੇ ਧਨਵਾਨ ਕੋਲ ਬੇ-ਮਿਸਾਲ ਸਜੇ ਹੋਏ ਸੋਣੇ ਹਾਥੀ ਹਨ ਤੇ ਤੇਜ਼ ਰਫਤਾਰ ਕਰੋੜਾਂ ਘੋੜੇ ਹਨ, ਵੱਡੇ-ਵੱਡੇ ਰਾਜੇ ਉਸਦੀ ਈਨ ਮੰਨਦੇ ਹਨ । ਯਾਨੀ ਉਹ ਬਹੁਤ ਧਨਵਾਨ ਤੇ ਬਲਵਾਨ ਹੈ । ਪਰ ਉਹ ਵੀ ਭੈ-ਭੀਤ ਹੈ ਕਿਉਂਕਿ ਉਹ ਜਾਣਦਾ ਹੈ ਕਿ ਅੰਤ ਨੂੰ ਉਹ ਕੱਲ੍ਹਾ ਹੀ ਰਹਿ ਜਾਏਗਾ । ਤੇ ਅਕੇਲਾ-ਪਨ ਉਸ ਦੀ ਮੌਤ ਸਮਾਨ ਹੈ । ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ :—

ਮਾਤੇ ਮਤੰਗ ਜਰੇ ਜਰ ਸੰਗ ਅਨੂਪ ਉਤੰਗ ਸੁਰੰਗ ਸਵਾਰੇ ॥
ਕੋਟ ਤੁਰੰਗ ਕੁਰੰਗ ਸੇ ਕੂਦਤ ਪਉਨ ਕੇ
ਗਉਨ ਕੋ ਜਾਤ ਨਿਵਾਰੇ ॥
ਭਾਰੀ ਭੁਜਾਨ ਕੇ ਭੂਪ ਭਲੀ ਬਿਧਿ
ਨਿਆਵਤ ਸੀਸ ਨ ਜਾਤ ਬਿਚਾਰੇ ॥
ਏਤੇ ਭਏ ਤੋ ਕਹਾਂ ਭਏ ਭੂਪਤਿ ਅੰਤ ਕੋ ॥
ਨਾਂਗੇ ਹੀ ਪਾਇ ਪਧਾਰੇ ।੨।

(ਸਲਯੇ ਪਾਤਸ਼ਾਹੀ ਦਸਵੀਂ)

ਕੋਈ ਬਹੁਤ ਪਦ-ਪਦਵੀ ਵਾਲੇ, ਰੁਤਬੇ ਵਾਲੇ ਹਨ । ਉਨ੍ਹਾਂ ਕਈ ਦੇਸ਼ਾਂ ਤੇ ਆਪਣਾ ਰਾਜ ਸਥਾਪਨ ਕਰ ਲਿਆ ਹੈ । ਉਨ੍ਹਾਂ ਦੀ ਸਲਾਮੀ ਵਿਚ ਕਈ ਸੁੰਦਰ ਹਾਥੀ ਤੇ ਘੋੜੇ ਹਨ । ਪਰ ਇਹ ਵੀ ਭੈ-ਭੀਤ ਹਨ ਕਿਉਂਕਿ ਆਪਣੀ ਪਦ-ਪਦਵੀ ਦੀ ਅਸਥਿਰਤਾ ਤੋਂ ਵਾਕਫ ਹਨ । ਅਖੀਰ ਵਿਚ ਕਲ੍ਹੇ ਰਹਿਣ ਤੇ ਮੌਤ ਨੂੰ ਗਲੇ ਲਾਣ


Digitized by Panjab Digital Library | www.panjabdigilib.org

ਤੋਂ ਡਰਦੇ ਹਨ। ਗੁਰੂ ਜੀ ਕਹਿੰਦੇ ਹਨ—

ਜੀਤ ਫਿਰੈ ਸਭ ਦੇਸ ਦਿਸਾਨ ਕੋ ॥
ਬਾਜਤ ਢੋਲ ਮ੍ਰਿਦੰਗ ਨਗਾਰੇ ॥

ਗੁੰਜਤ ਗੂੜ ਗਜਾਨ ਕੇ ਸੁੰਦਰ ਹਿੰਸਤ
ਹੈ ਹਯਰਾਜ ਹਜਾਰੇ ॥

ਭੂਤ ਭਵਿਖ ਭਵਾਨ ਕੇ ਭੂਪਤ ਕਉਨੁ ਗਨੈ
ਨਹੀਂ ਜਾਤ ਬਿਚਾਰੇ ॥

ਸ੍ਰੀ ਪਤਿ ਸ੍ਰੀ ਭਗਵਾਨ ਭਜੇ ਬਿਨੁ
ਅੰਤ ਕੌ ਅੰਤ ਕੇ ਧਾਮ ਸਿਧਾਰੇ ।੩।

(ਸਵਯੇ-ਪਤਸ਼ਾਹੀ ਦਸਵੀਂ)

ਬਹੁਤੇ ਧਨਵਾਨ ਤੇ ਪਦ-ਪਦਵੀ ਵਾਲੇ ਹੀ ਨਹੀਂ, ਧਰਮ-ਕਰਮ ਵਾਲੇ ਵੀ ਕਲ੍ਹੇ ਹੀ ਰਹਿ ਜਾਂਦੇ ਹਨ। ਤੀਰਥਾਂ ਦੇ ਇਸ਼ਨਾਨ ਕਰਨ ਵਾਲੇ, ਦਇਆ ਧਰਮ ਕਰਨ ਵਾਲੇ, ਵਿਚਾਰਾਂ ਤੇ ਕਾਬੂ ਪਾਣ ਵਾਲੇ, ਸਾਧਨਾਂ-ਧਿਆਨ-ਸਮਾਧੀ ਲਾਣ ਵਾਲੇ, ਉੱਚੇ ਨੇਮ ਪਾਲਣ ਵਾਲੇ, ਸਭ ਭੈ-ਭੀਤ ਹੀ ਰਹਿੰਦੇ ਹਨ ਕਿਉਂਕਿ ਉਹ ਨਿਰਭਉ ਨੂੰ ਨਹੀਂ ਪਛਾਂਣਦੇ। ਗੁਰੂ ਜੀ ਕਹਿੰਦੇ ਹਨ—

ਤੀਰਥ ਨਾਨ ਦਇਆ ਦਮ ਦਾਨ ॥
ਸੁ ਸੰਜਮ ਨੇਮ ਅਨੇਕ ਬਿਸੇਖੈ ॥

ਬੇਦ ਪੁਰਾਨ ਕਤੇਬ ਕੁਰਾਨ ਜਮੀਨ
ਜਮਾਨ ਸਬਾਨ ਕ ਪੇਖੇ ॥

ਪਉਨ ਅਹਾਰ ਜਤੀ ਜਤ ਧਾਰਿ
ਸਬੈ ਸੁ ਵਿਚਾਰ ਹਜਾਰ ਕੁ ਦੇਖੇ ॥



Digitized by Panjab Digital Library | www.panjabdigilib.org

ਸ੍ਰੀ ਭਗਵਾਨ ਭਜੇ ਬਿਨੁ ਭੂਪਤਿ ॥
ਏਕ ਰਤੀ ਬਿਨੁ ਏਕ ਨ ਲੇਖੇ ॥

(ਸਵਾਯੇ-ਪਾਤਸ਼ਾਹੀ ਦਸਵੀਂ)

ਮਨੁਖ ਨਿਰਭਉ ਹੋਣ ਲਈ ਸਭ ਕੁਝ ਕਰਦਾ ਹੈ ਪਰ ਉਹ ਨਹੀਂ ਕਰਦਾ ਜਿਸਦੇ ਕਰਣ ਨਾਲ ਉਹ ਨਿਰਭਉ ਹੋ ਜਾਏ । ਉਹ ਨਿਰਭਉ-ਵਾਹਿਗੁਰੂ ਨਾਲ ਇਕ ਰਤੀ ਵੀ ਪਿਆਰ ਨਹੀਂ ਪਾਂਦਾ । ਉਸਦੇ ਨਿਰਭਉ ਬਨਣ ਵਾਲੇ ਸਾਰੇ ਕਰਮ ਇਕ ਰਤੀ ਦਾ ਮੁੱਲ ਵੀ ਨਹੀਂ ਰਖਦੇ 'ਏਕ ਰਤੀ ਬਿਨੁ ਏਕ ਨ ਲੇਖੇ' ।



Digitized by Panjab Digital Library | www.panjabdigilib.org

## ੨. ਭਉ ਦੇ ਕਾਰਣ

ਭਉ ਦਾ ਪਹਿਲਾ ਕਾਰਣ ਹੈ ਦੂਸਰੇ ਦਾ ਹੋਣਾ। ਆਦਮੀ ਆਪਣੇ ਕਲ੍ਹੇਪਨ ਤੋਂ ਡਰ ਕੇ ਦੂਸਰੇ ਨੂੰ ਖੋਜਦਾ ਹੈ ਤੇ ਫਿਰ ਦੂਸਰੇ ਦੇ ਮਿਲਣ ਤੇ ਉਸ ਕੋਲੋਂ ਡਰਦਾ ਹੈ। ਉਹ ਦੂਸਰੇ ਦੇ ਨੇੜੇ ਜਾਣਾ ਲੋੜਦਾ ਹੈ ਤੇ ਨੇੜੇ ਪਹੁੰਚ ਕੇ ਪਰ੍ਹਾਂ ਭਜਣਾ ਚਾਹੁੰਦਾ ਹੈ। ਧਨ ਦੇ ਦਖਾਵੇ ਲਈ ਦੂਸਰੇ ਦੀ ਤਲਾਸ਼ ਕਰਦਾ ਹੈ। ਫਿਰ ਉਸ ਕੋਲੋਂ ਡਰਦਾ ਹੈ ਕਿ ਕਿਤੇ ਉਹ ਉਸਦਾ ਧਨ ਖੋਹ ਨ ਲਏ, ਉਹ ਉਸ ਨੂੰ ਧੋਖਾ ਨ ਦੇ ਜਾਏ, ਉਹ ਬੇਈਮਾਨੀ ਨ ਕਰ ਜਾਏ। ਜੇ ਕਿਸੇ ਕੋਲ ਪਦ ਹੈ ਤਾਂ ਉਹ ਡਰਦਾ ਹੈ ਕਿ ਕੋਈ ਉਸ ਦੀ ਪਦ-ਪਦਵੀ ਨੂੰ ਹਾਨੀ ਨ ਪਹੁੰਚਾਏ, ਕੋਈ ਉਸ ਤੋਂ ਉੱਚੇ ਪਦ ਤੇ ਨ ਪਹੁੰਚ ਜਾਏ। ਜੇ ਉਸ ਕੋਲ ਮਿੱਤਰ ਹਨ, ਸੰਗੀ-ਸਾਥੀ ਹਨ, ਤਾਂ ਉਹ ਡਰਦਾ ਹੈ ਕਿ ਕੋਈ ਉਸ ਦੇ ਮਿੱਤਰ ਉਸ ਕੋਲੋਂ ਤੋੜ ਨ ਲਏ। ਡਰਦਾ ਹੈ ਕਿ ਕੋਈ ਉਸ ਦੀ ਜਾਨ ਨ ਲੈ ਲਏ। ਅਮਰੀਕੀ ਫੌਜੀ ਜਹਾਜ ਦੇ ਕਪਤਾਨ ਨੇ ਇਕ ਗੈਰ-ਫੌਜੀ ਜਹਾਜ ਨੂੰ ਗੋਲੀ ਮਾਰ ਦਿਤੀ ਜਿਸ ਕਾਰਣ ੩੦੦ ਆਦਮੀ ਮਾਰੇ ਗਏ। ਪੁਛਣ ਤੇ ਕਪਤਾਨ ਨੇ ਕਿਹਾ, "ਮੈਨੂੰ ਡਰ ਸੀ ਕਿ ਉਹ ਹਵਾਈ ਜਹਾਜ ਮੇਰੇ ਤੇ ਹਮਲਾ ਕਰਨ ਦੀ ਤਿਆਰੀ ਕਰ ਰਿਹਾ ਸੀ।" ਦੂਸਰੇ ਦਾ ਡਰ। ਨੌਕਰ ਆਪਣੇ ਮਾਲਕ ਕੋਲੋਂ ਡਰਦਾ ਹੈ, ਹੱਟੀ ਵਾਲਾ ਸਰਕਾਰੀ ਅਫਸਰਾਂ ਕੋਲੋਂ ਡਰਦਾ ਹੈ। ਮਨੁਖ ਹਰ ਵੇਲੇ ਕੰਬਦਾ ਹੈ। ਪਰ ਵਾਹਿਗੁਰੂ ਦੀ ਇਹੀ ਸਿਫਤ ਹੈ ਕਿ ਉਹ ਕਲ੍ਹਾ ਹੈ, ਉਸ ਦਾ ਤਾਂ ਕੋਈ ਮਾਲਕ ਨਹੀਂ। ਗੁਰਵਾਕ ਹੈ।

ਗੁਣੁ ਏਹ ਹੋਰੁ ਨਾਹੀ ਕੋਇ ॥
ਨਾ ਕੋ ਹੋਆ ਨਾ ਕੋ ਹੋਇ ॥

(ਪੰਨਾ ੩੪੯)



Digitized by Panjab Digital Library | www.panjabdigilib.org

ਤੂ ਆਦਿ ਪੁਰਖ ਅਪਰੰਪਰੁ ਕਰਤਾ ਜੀ
ਤੁਧ ਜੇਵਡ ਅਵਰੁ ਨ ਕੋਈ ॥

(ਪੰਨਾ ੪੬੨)

ਤਿਸ ਤੇ ਊਪਰਿ ਨਾਹੀ ਕੋਇ ॥
ਕਉਣ ਡਰੈ ਡਰ ਕਿਸ ਕਾ ਹੋਇ ॥

(ਪੰਨਾ ੮੪੨)

ਰੱਬ ਨਿਰਭਉ ਹੈ ਕਿਉਂਕਿ ਉਸ ਨਾਲ ਦੂਸਰਾ ਨਹੀਂ । ਅਸੀਂ ਵੀ ਨਿਰਭਉ ਹੋ ਜਾਵੇਗਾ, ਜਦੋਂ ਅਸੀਂ ਦੂਸਰੇ ਨਾਲੋਂ ਤੋੜ ਕੇ ਉਸ ਇਕ ਵਿਚ ਇਕ-ਮਿਕ ਹੋ ਜਾਵਾਂਗੇ ।

ਭਉ ਦਾ ਦੂਸਰਾ ਕਾਰਣ ਹੈ ਸਮੇਂ । ਬੀਤ ਗਏ ਕਲ੍ਹ ਦਾ ਭਉ ਹੈ, ਆਣ ਵਾਲੇ ਕਲ੍ਹ ਦਾ ਭਉ ਹੈ । ਕਲ੍ਹ ਤੁਸੀਂ ਕੋਈ ਕੰਮ ਕੀਤਾ । ਕੰਮ ਪੂਰਾ ਹੋ ਗਿਆ ਹੈ ਪਰ ਹੁਣ ਤੁਹਾਨੂੰ ਉਸਦੇ ਫਲ ਦਾ ਡਰ ਹੈ । ਜਾਂ ਤੁਸੀਂ ਕਿਸੇ ਸਮੇਂ ਵਿਚ ਰਪਿਆ ਲਾਇਆ । ਹੁਣ ਪੈਸੇ ਡੁਬਣ ਦਾ ਭਉ ਖਾਈ ਜਾ ਰਿਹਾ ਹੈ । ਡੁਬਦਾ ਹੈ ਤਾਂ ਡੁਬੇਗਾ ਨਹੀਂ ਡੁਬਣਾ ਤਾਂ ਨਹੀਂ ਡੁਬੇਗਾ । ਪਰ ਉਸ ਅਣ-ਘਟੀ (ਨਾ-ਹੋਈ) ਘਟਨਾ ਦੇ ਫਲ ਬਾਰੇ ਸੋਚ-ਸੋਚ ਕੇ ਡਰੀ ਜਾ ਰਿਹਾ ਹੈ । ਜੇ ਮਨ ਹੁਣ ਹੀ ਘੜੀ ਵਿਚ ਟਿਕ ਜਾਏ । ਬਾਨੀ ਨ ਬੀਨੇ ਕਲ ਦਾ ਗ਼ਮ ਕਰੇ ਤੇ ਆਣ ਵਾਲੇ ਕਲ ਦਾ, ਤਾਂ ਫਿਰ ਭਉ ਕੀ ਹੈ । ਮਨ ਸਮੇਂ ਵਿਚ ਭਉ ਨਾਲ ਡੋਲਦਾ ਹੈ 'ਡੋਲਿ ਡੋਲਿ ਮਰਾ ਦੁੱਖ ਪਾਇਐ' ਪਰ ਉਸ ਨਾਲ ਲੜੀ ਨਹੀਂ ਜੋੜਦਾ ਜਿਹੜਾ ਨਿਰਭਉ ਹੈ । ਜਿਹੜਾ ਕਾਲਾ ਅਤੀਤ ਹੈ । ਰੱਬ ਸਮੇਂ ਦੇ ਚਕਰ ਤੋਂ ਪਰੇ ਹੈ ਤੇ ਇਸ ਲਈ ਨਿਰਭਉ ਹੈ, ਭਉ ਸਮੇਂ ਦੇ ਗੇੜ ਵਿਚ ਹੈ । ਮਨ ਦੀ ਦੌੜ ਰੁਕ ਜਾਣ ਨਾਲ ਸਮੇਂ ਵੀ ਰੁਕ ਜਾਂਦਾ ਹੈ ਤੇ ਭਉ ਵੀ ਰੁਕ ਜਾਂਦਾ ਹੈ । ਮਨੁਖ ਦਾ ਅਤੀਤ ਭਵਿੱਖ ਦਾ ਭਉ ਉਸ ਨਿਰਭਉ ਉਤੇ ਭਰੋਸਾ ਲਿੰਘਣ ਨਾਲ ਮਿੱਟ ਜਾਂਦਾ ਹੈ । ਉਸ ਦਾ ਡੋਲਣਾ ਬੰਦ ਹੋ ਜਾਂਦਾ ਹੈ—

ਤੂੰ ਕਾਹੇ ਡੋਲਹਿ ਪ੍ਰਾਣੀਆ
ਤੁਧੁ ਰਾਖੈਗਾ ਸਿਰਜਣਹਾਰੁ ॥



Digitized by Panjab Digital Library | www.panjabdigilib.org

ਜਿਨਿ ਪੈਦਾਇਸਿ ਤੂ ਕੀਆ
ਸੋਈ ਦੇਇ ਆਧਾਰੁ ॥

(ਪੰਨਾ ੭੨੪)

ਜਿਨਿ ਕੀਆ ਤਿਨਿ ਦੇਖਿਆ
ਕਿਆ ਕਹੀਐ ਰੇ ਭਾਈ ॥
ਆਪੇ ਜਾਣੈ ਕਰੇ ਆਪਿ
ਜਿਨਿ ਵਾੜੀ ਹੈ ਲਾਈ ॥

(ਪੰਨਾ ੭੨੪)

ਸੰਸਾਰ ਦੀ ਵਾੜੀ ਉਸ ਨਿਰਭਉ ਨੇ ਲਾਈ ਹੈ ਤੇ ਉਹ ਹੀ ਇਸ ਦੀ ਦੇਖ-ਭਾਲ ਕਰਦਾ ਹੈ। ਮਨੁਖ ਐਵੇਂ ਮਨ ਦੇ ਮਗਰ ਲੱਗ ਕੇ ਡਰਦਾ ਫਿਰਦਾ ਹੈ।

ਭਉ ਦਾ ਤੀਸਰਾ ਕਾਰਣ ਹੈ ਚੁਨਾਉ ਇਕ ਨੂੰ ਪਕੜਨਾ ਇਕ ਨੂੰ ਛਡਣਾ, ਇਕ ਨੂੰ ਚਾਹਣਾ ਇਕ ਨੂੰ ਨਾ ਚਾਹਣਾ, ਇਕ ਨੂੰ ਪੁਚਕਾਰਨਾ ਇਕ ਨੂੰ ਦੁਤਕਾਰਨਾ। ਮਨੁਖ ਸੁਖ ਚਾਹੁੰਦਾ ਹੈ, ਦੁਖ ਤੋਂ ਭਉ ਖਾਂਦਾ ਹੈ. ਜੀਵਨ ਦੀ ਇੱਛਾ ਹੈ ਮੌਤ ਤੋਂ ਡਰ ਹੈ, ਧਨ ਪਸੰਦ ਕਰਦਾ ਹੈ ਗਰੀਬ ਹੋਣ ਤੋਂ ਡਰਦਾ ਹੈ। ਬਸ ਪ੍ਰਭੂ ਦੇ ਨਿਜ਼ਾਮ ਵਿਚ ਦੋਵੇਂ ਨਾਲ-ਨਾਲ ਹਨ। ਇਕੋ ਸਿੱਕੇ ਦੇ ਦੋ ਪਾਸੇ ਹਨ। ਤੁਸੀਂ ਸਿਕੇ ਦਾ ਇਕ ਪਾਸਾ ਨਹੀਂ ਰੱਖ ਸਕਦੇ। ਇਕ ਦੇ ਆਂਦਿਆਂ ਦੂਸਰਾ ਨਾਲ ਹੀ ਆ ਜਾਂਦਾ ਹੈ। ਦੋਨੋ ਅੰਗ-ਸੰਗ ਹਨ। ਇਹ ਨਿਰਭਉ (ਵਾਹਿਗੁਰੂ) ਦਾ ਅਸੂਲ ਹੈ ਪਰ ਅਸੀਂ ਇਸ ਅਸੂਲ ਨੂੰ ਸਮਝਦੇ ਨਹੀਂ ਜਾਂ ਮੰਨਦੇ ਨਹੀਂ। ਤੇ ਇਹੀ ਸਾਡੇ ਡਰ ਦਾ ਕਾਰਣ ਹੈ। ਧਨ ਦਾ ਸੁਖ ਹਾਲੀਂ ਮਿਲਦਾ ਨਹੀਂ ਕਿ ਉਸੇ ਦੇ ਹਥੋਂ ਜਾਣ ਦਾ ਡਰ ਆ ਘੇਰਦਾ ਹੈ। ਜੁਆਨੀ ਹਲੀਂ ਮਾਣੀ ਨਹੀਂ ਕਿ ਬੀਮਾਰੀਆਂ ਦਾ ਡਰ ਪਕੜ ਲੈਂਦਾ ਹੈ। ਬੁਢਾਪਾ ਆਇਆ ਨਹੀਂ ਕਿ ਮੌਤ ਦਾ ਡਰ ਸਾਹ ਸੁਕਾ ਦੇਂਦਾ ਹੈ। ਅਸੀਂ ਮਾਨ ਚਾਹੁੰਦੇ ਹਾਂ ਤੇ ਅਪਮਾਨ ਤੋਂ ਡਰਦੇ ਹਾਂ। ਪਰ ਇਹ ਹੋ ਨਹੀਂ ਸਕਦਾ ਕਿਉਂਕਿ ਇਹ ਇਕੋ ਸੋਟੀ ਦੇ ਦੋ ਸਿਰੇ ਹਨ। ਤੁਸੀਂ ਉਸਤਤ ਦੇ ਚਾਹਵਾਨ ਹੋ ਤੇ ਨਿੰਦਾ ਤੋਂ ਭੈ ਖਾਂਦੇ ਹੋ। ਇਹ ਮੁਮਕਿਨ ਨਹੀਂ। ਜੇ ਨਿਰਭਉ ਹੋਣਾ ਹੈ ਤਾਂ ਦੋਹਾਂ ਨੂੰ ਇਕ ਸਮਝਣਾ ਪਏਗਾ।



Digitized by Panjab Digital Library | www.panjabdigilib.org

ਸੁਖੁ ਦੁਖੁ ਦੋਨੋ ਸਮ ਕਹਿ ਜਾਨੈ
ਅਉਰ ਮਾਨੁ ਅਪਮਾਨਾ ॥

ਹਰਖ ਸੋਗ ਤੇ ਰਹੇ ਅਤੀਤਾ
ਤਿਨਿ ਜਗਿ ਤਤੁ ਪਛਾਨਾ ॥

ਉਸਤਿਤਿ ਨਿੰਦਾ ਦੋਊ ਤਿਆਗੈ
ਖੋਜੈ ਪਦ ਨਿਰਬਾਨਾ ॥

ਜਨ ਨਾਨਕ ਇਹੁ ਖੇਲੁ ਕਠਿਨੁ
ਕਿਨਹੁ ਗੁਰਮੁਖਿ ਜਾਨਾ ॥

(ਪੰਨਾ ੨੧੯)

ਰਬ ਨੂੰ ਦੁਖ-ਸੁਖ ਦਾ ਕੋਈ ਭਉ ਨਹੀਂ ਇਸ ਲਈ ਉਹ ਨਿਰਭਉ ਹੈ। ਤੁਹਾਨੂੰ ਭਉ ਹੈ ਤੁਸੀਂ ਦੁਖ-ਸੁਖ, ਮਾਨ-ਅਪਮਾਨ, ਉਸਤਤ-ਨਿੰਦਾ ਦਾ ਭਉ ਛਡ ਦੇਉ ਦੋਹਾਂ ਨੂੰ ਇਕ ਸਮਾਨ ਸਮਝ ਲਉ ਤਾਂ ਤੁਸੀਂ ਵੀ ਨਿਰਭਉ ਹੋ ਜਾਉਗੇ।

ਭਉ ਦਾ **ਚੌਥਾ** ਕਾਰਣ ਹੈ ਅਗਿਆਨਤਾ। ਭਵਿੱਖ ਦਾ ਗਿਆਨ ਨਹੀਂ ਇਸ ਲਈ ਡਰ ਰਹਿੰਦਾ ਹੈ ਕਿ ਪਤਾ ਨਹੀਂ ਕਲ ਕੀ ਹੋ ਜਾਏ। ਜਿੱਨ-ਭੂਤ ਦਾ ਡਰ ਹੈ ਕਿਉਂਕਿ ਉਨ੍ਹਾਂ ਦੀ ਹਸਤੀ ਤੇ ਉਨ੍ਹਾਂ ਦੀ ਸ਼ਕਤੀ ਦਾ ਪਤਾ ਨਹੀਂ। ਮੌਤ ਦਾ ਡਰ ਹੈ ਕਿਉਂਕਿ ਪਤਾ ਨਹੀਂ ਕਿ ਮਰਣ ਦੇ ਸਮੇਂ ਤੇ ਮਰਣ ਦੇ ਬਾਅਦ ਕੀ ਹੁੰਦਾ ਹੈ। ਅਸਲ ਵਿਚ ਰਬ ਦਾ ਡਰ ਵੀ ਮੌਤ ਦੇ ਡਰ ਕਰਕੇ ਹੈ। ਜੇ ਪੱਕਾ ਪਤਾ ਹੋ ਜਾਏ ਕਿ ਤੁਸੀਂ ਮਰਣਾ ਨਹੀਂ ਤਾਂ ਮੈਂ ਨਹੀਂ ਸਮਝਦਾ ਕਿ ਤੁਸੀਂ ਰਬ ਕੋਲੋਂ ਡਰੋਗੇ। ਜੇ ਅਸੀਂ ਅਮਰ ਹਾਂ ਤਾਂ ਰਬ ਨਾਲ ਕੀ ਲੈਣਾ-ਦੇਣਾ ਹੈ। ਹਲੀਂ ਵੀ ਅਸੀਂ ਇਸ ਸਚਾਈ ਨੂੰ ਸਵੀਕਾਰਦੇ ਨਹੀਂ ਕਿ ਅਸੀਂ ਮਰਾਂਗੇ! ਅਸੀਂ ਇਹ ਸਮਝਕੇ ਸਰੀਰ ਦੀ ਸੇਵਾ ਕਰਦੇ ਹਾਂ ਜਿਦਾਂ ਇਹ ਅਮਰ ਹੈ। ਇਹ ਭੁਲ ਹੀ ਜਾਂਦੇ ਹਾਂ ਕਿ ਇਹ ਸ਼ਰੀਰ ਕੱਚੇ ਘੜੇ ਵਾਂਗ ਹੈ ਤੇ ਕਦੀ ਵੀ ਟੁੱਟ ਸਕਦਾ। ਇਹੀ ਭੁਲ ਹੈ ਕਬੀਰ ਜੀ ਇਸੇ ਵਲ ਇਸ਼ਾਰਾ ਕਰਦੇ ਹਨ—



Digitized by Panjab Digital Library | www.panjabdigilib.org

ਅਮਰ ਜਾਨਿ ਸਨਚੀ ਇਹ ਕਾਇਆ
ਇਹ ਮਿਥਿਆ ਕਾਚੀ ਗਗਰੀ ॥

ਜਿਨਹਿ ਨਿਵਾਜਿ ਸਾਜਿ ਹਮ ਕੀਏ
ਤਿਸਹਿ ਬਿਸਾਰਿ ਅਵਰ ਲਗਰੀ ॥

(ਪੰਨਾ ੮੫੬)

ਜੇ ਅਸੀਂ ਨਿਰਭਉ ਕਾ ਲੜ ਫੜ ਲਈਏ ਜਿਹੜਾ ਸਰਬ ਗਿਆਨੀ ਹੈ, ਜਿਹੜਾ ਘਟ-ਘਟ ਦਾ ਜਾਨਣਹਾਰ ਹੈ ਤਾਂ ਫਿਰ ਭਉ ਕਿਹਣਾ। ਗਿਆਨ ਦਾ ਸੁਰਮਾ ਪਾਣ ਨਾਲ ਅੱਖਾਂ ਵਿਚ ਅਗਿਆਨ ਦਾ ਹਨੇਰਾ ਮਿਟ ਜਾਂਦਾ ਹੈ। ਗੁਰਵਾਕ ਹੈ—

ਗਿਆਨ ਅੰਜਨੁ ਗੁਰਿ ਦੀਆ
ਅਗਿਆਨ ਅੰਧੇਰ ਬਿਨਾਸੁ ॥

(ਪੰਨਾ ੨੯੩)



Digitized by Panjab Digital Library | www.panjabdigilib.org

## ੩. ਨਿਰਭਉ ਤੇ ਨਿੱਡਰ :

ਨਿਰਭਉ ਦਾ ਅਰਥ ਨਿਡਰ ਨਹੀਂ। ਨਿਡਰ ਭੈ-ਭੀਤ ਹੋ ਸਕਦਾ ਹੈ ਪਰ ਨਿਰਭਉ ਭੈ-ਭੀਤ ਨਹੀਂ ਹੁੰਦਾ। ਨਿਡਰ ਉਹ ਹੈ ਜਿਹੜਾ ਡਰਦਾ ਹੈ ਪਰ ਡਰ ਨੂੰ ਛੁਪਾ ਲੈਂਦਾ ਹੈ। ਨਿਰਭਉ ਉਹ ਹੈ ਜਿਹੜਾ ਡਰ ਨੂੰ ਜਾਣਦਾ ਹੀ ਨਹੀਂ। ਨਿਰਭਉ ਦੇ ਅੰਦਰ ਡਰ ਦਾ ਵਜੂਦ ਹੀ ਨਹੀਂ ਹੁੰਦਾ, ਉਹ ਡਰ ਤੋਂ ਖਾਲੀ ਹੈ। ਨਿੱਡਰ ਦੇ ਅੰਦਰ ਡਰ ਹੈ ਪਰ ਉਸ ਨੇ ਡਰ ਨੂੰ ਦਬਾਇਆ ਹਇਆ ਹੈ। ਇਕ ਮਾਸੂਮ ਬੱਚਾ ਸੱਪ ਨਾਲ ਖੇਡਦਾ ਹੈ। ਉਹ ਨਿਰਭਉ ਹੈ। ਇਕ ਸਪੇਰਾ ਸੱਪ ਨਾਲ ਖੇਡਦਾ ਹੈ। ਉਹ ਨਿਰਭਉ ਨਹੀਂ, ਨਿੱਡਰ ਹੈ। ਸਪੇਰੇ ਦੇ ਅੰਦਰ ਡਰ ਹੈ ਪਰ ਉਸ ਨੇ ਆਪਣੇ ਅੰਦਰਰੇ ਡਰ ਨੂੰ ਸਿਖਿਆ ਤੇ ਅਭਿਆਸ ਰਾਹੀਂ ਦਬਾਇਆ ਹੋਇਆ ਹੈ। ਜੇ ਸੱਪ ਗੁੱਸੇ ਵਿਚ ਆ ਜਾਏ ਤਾਂ ਨਿੱਡਰ ਸਪੇਰਾ ਭਜ ਜਾਏਗਾ, ਪਰ ਨਿਰਭਉ ਬੱਚਾ ਖੇਡਦਾ ਰਹੇਗਾ ਅੰਜਾਮ ਤੋਂ ਬੇਖਬਰ ਬੇਪਰਵਾਹ।

ਚਾਰ ਪ੍ਰਕਾਰ ਦੇ ਮਨੁਖ ਹਨ—ਡਰਪੋਕ, ਮਾੜੇ—ਨਿਡਰ, ਚੰਗੇ, ਨਿਡਰ ਤੇ ਨਿਰਭਉ। ਧਨ ਚਲਾ ਜਾਏ ਤਾਂ ਤੁਸੀਂ ਡਰਦੇ ਹੋ ਕਿ ਹੁਣ ਜੀਣ ਦਾ ਕੋਈ ਹਾਲ ਨਹੀਂ। ਪਦ ਚਲਾ ਜਾਏ ਤਾਂ ਤੁਸੀਂ ਲੋਕਾਂ ਦੀ ਰਾਏ ਤੋਂ ਐਨਾ ਭੈ-ਭੀਤ ਹੋ ਜਾਂਦੇ ਹੋ ਕਿ ਆਤਮ-ਹਤਿਆ ਕਰਨੋ ਵੀ ਨਹੀਂ ਡਰਦੇ। ਮੌਤ ਦਾ ਡਰ ਸਾਹਮਣੇ ਹੋਏ ਤਾਂ ਤੁਸੀਂ ਐਨੇ ਡਰ ਜਾਂਦੇ ਹੋ ਕਿ ਤੁਸੀਂ ਝੂਠ, ਫਰੇਬ, ਬਈਮਾਨੀ ਅਪਨਾਣ ਤੋਂ ਵੀ ਬਾਜ ਨਹੀਂ ਆਂਦੇ। ਇਕ ਘਟਨਾ ਦਾ ਜਿਕਰ ਮੈਂ ਗੁਰ-ਇਤਹਾਸ ਵਿਚੋਂ ਕਰਦਾ ਹਾਂ। ਗੁਰੂ ਹਰਿ ਰਾਏ ਜੀ ਦੇ ਵੱਡੇ ਪੁਤਰ ਬਾਬਾ ਰਾਮ ਰਾਇ ਕੋਲੋਂ ਔਰੰਗਜੇਬ ਨੇ ਪੁਛਿਆ, "ਗੁਰਬਾਣੀ ਵਿਚ ਲਿਖੇ 'ਮਿਟੀ ਮੁਸਲਮਾਨ ਕੀ ਪੇੜੇ ਪਈ ਕਮਿਆਰ' ਦਾ ਕੀ ਅਰਥ ਹੈ।" ਬਾਬਾ ਜੀ ਡਰ ਗਏ ਤੇ ਕਿਹਾ ਕਿ ਅਸਲੀ ਸਬਦ ਮੁਸਲਮਾਨ



Digitized by Panjab Digital Library | www.panjabdigilib.org

ਨਹੀਂ ਬੇਈਮਾਨ ਹੈ। ਡਰ ਨਾਲ ਗੁਰਬਾਣੀ ਦਾ ਸ਼ਬਦ ਬਦਲ ਦਿਤਾ। ਇਸ ਮਨੋ-ਦਸ਼ਾ ਵਾਲਾ ਮਨੁਖ ਡਰਪੋਕ ਹੈ।

ਇਕ ਗੁੰਡਾ ਹੈ। ਉਹ ਮਰਨ ਮਾਰਣ ਤੋਂ ਨਹੀਂ ਡਰਦਾ। ਉਸ ਨੂੰ ਚਾਕੂ-ਛੁਰੀ, ਗੋਲੀ-ਬੰਦੂਕ, ਕੋਲੋਂ ਡਰ ਨਹੀਂ ਲਗਦਾ। ਉਹ ਅੰਦਰੋਂ ਤਾਂ ਡਰਿਆ ਹੋਇਆ ਹੈ ਪਰ ਆਪਣੇ ਅੰਦਰਲੇ ਡਰ ਨੂੰ ਛੁਪਾ ਲੈਂਦਾ ਹੈ। ਉਹ ਨਿਡਰ ਹੈ ਪਰ ਮੰਦਾ ਨਿਡਰ।

ਇਕ ਫੌਜੀ ਸਿਪਾਹੀ ਹੈ। ਉਹ ਆਪਣੇ ਸੀਨੇ ਤੇ ਗੋਲੀ ਖਾਣ ਨੂੰ ਤਿਆਰ ਉਸ ਨੂੰ ਮਰਣ ਦਾ ਡਰ ਨਹੀਂ। ਇਕ ਧਾਰਮਕ ਮਨੁਖ ਹੈ। ਉਹ ਆਪਣੇ ਧਰਮ ਦੀ ਰਖਿਆ ਲਈ ਜੂਝਣ ਨੂੰ ਤਿਆਰ ਹੈ। ਉਹ ਫਾਂਸੀ ਤੇ ਚੜ੍ਹਣ ਤੋਂ ਵੀ ਨਹੀਂ ਡਰਦਾ। ਉਹ ਵੀ ਡਰਦਾ ਹੈ ਪਰ ਉਸ ਦੇ ਮਿਸ਼ਨ ਦੀ ਸਚਾਈ, ਉਸ ਦੇ ਧਰਮ ਦੀ ਸਚਾਈ, ਉਸ ਨੂੰ ਆਪਣੇ ਡਰ ਤੇ ਕਾਬੂ ਪਾ ਕੇ ਨਿਡਰ ਬਨਣ ਲਈ ਤਿਆਰ ਕਰਦੀ ਹੈ। ਉਹ ਚੰਗਾ ਨਿਡਰ ਹੈ।

ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਿਹ ਸਿੰਘ (ਗੁਰੂ ਗੋਬਿੰਦ ਸਿੰਘ ਜੀ ਦੇ ਸਹਿਬਜ਼ਾਦੇ) ਕੰਧਾਂ ਵਿਚ ਚਿਨਾੜ ਵੇਲੇ ਪੁਛਿਆ ਜਾਂਦਾ ਹੈ,"ਜੇ ਤੁਹਾਨੂੰ ਛਡ ਦੇਈਏ, ਤਾਂ ਤੁਸੀਂ ਕੀ ਕਰੋਗੇ ?" ਉਨ੍ਹਾਂ ਕਿਹਾ, "ਸਿੱਖ ਕਠੇ ਕਰਾਂਗੇ ਤੇ ਜ਼ੁਲਮ ਦੇ ਖਿਲਾਫ ਲੜਾਂਗੇ।" ਇਹੀ ਬੱਚੇ ਆਪਣੀ ਮਾਤਾ ਨੂੰ ਕਹਿੰਦੇ ਹਨ—

ਧਰਮ ਭਾਗ ਹਮਾਰੇ ਹੈ ਮਾਈ ॥
ਧਰਮ ਹੇਤ ਤਨ ਜੇ ਕਰ ਜਾਈ ॥

ਇਹ ਨਿਰਭਉ ਮਨੁਖ ਦੇ ਬਿਆਨ ਹਨ ਨਿੱਡਰ ਦੇ ਨਹੀਂ। ਪੰਜ ਪਿਆਰੇ ਸੀਸ ਭੇਟਾ ਕਰਨ ਨੂੰ ਤਿਆਰ ਹਨ। ਕੋਈ ਮਜਬੂਰੀ ਨਹੀਂ, ਕਿਸੇ ਨੇ ਜੋਰ ਨਹੀਂ ਪਾਇਆ ਕਿ ਸੀਸ ਦੇਣਾ ਹੀ ਪਏਗਾ। ਕਈ ਹਜ਼ਾਰ ਲੋਕ ਚੁਪ-ਚਾਪ ਬੈਠੇ ਹਨ। ਇਹ ਵੀ ਬੈਠੇ ਰਹਿ ਸਕਦੇ ਸਨ। ਪਰ ਉਨ੍ਹਾਂ ਨੇ ਸੀਸ ਭੇਟਾ ਕੀਤਾ ਕਿਉਂਕਿ ਉਨ੍ਹਾਂ ਦੇ ਅੰਦਰ ਭਉ ਨਹੀਂ ਸੀ। ਉਹ ਨਿਰਭਉ ਸਨ। ਨਿਡਰ ਬਹੁਤ ਮਿਲ ਜਾਣਗੇ। ਨਿਰਭਉ ਵਿਰਲਾ ਹੀ ਹੁੰਦਾ ਹੈ। ਪਰ ਸਿਮਰਨ ਅਭਿਆਸੀ ਨੂੰ ਨਿਰਭਉ ਹੋਣਾ ਬਹੁਤ ਜ਼ਰੂਰੀ ਹੈ।



Digitized by Panjab Digital Library | www.panjabdigilib.org

## ੪. ਨਿਰਭਉ ਹੋਣ ਦੀ ਲੋੜ ਕਿਉਂ

ਸਿਮਰਨ ਅਭਿਆਸੀ ਨੂੰ ਇਕ ਸਟੇਜ ਤੇ ਅਪੜ ਕੇ ਮੌਤ ਦਾ ਭਉ ਪਕੜ ਲੈਂਦਾ ਹੈ। ਮੈਂ ਇਥੇ ਸਰੀਰਕ ਮੌਤ ਦੀ ਗਲ ਨਹੀਂ ਕਰ ਰਿਹਾ। ਮੈਂ ਜੀਉਂਦੇ ਜੀ ਮਰਨ ਦੀ ਗਲ ਕਰ ਰਿਹਾ ਹਾਂ। ਜੀਉਂਦੇ ਜੀ ਮਨ ਦੀ ਮੌਤ ਹੁੰਦੀ ਹੈ। ਸਰੀਰ ਦੀ ਮੌਤ ਨਾਲ ਮਨ ਦੀ ਮੌਤ ਨਹੀਂ ਹੁੰਦੀ। ਮਰਣ ਮਗਰੋਂ ਅਸੀਂ ਫਿਰ ਨਵਾਂ ਸਰੀਰ ਧਾਰਣ ਕਰ ਲੈਂਦੇ ਹਾਂ ਤੇ ਉਸ ਨਵੇਂ ਸਰੀਰ ਦੀ ਚੋਣ ਸਾਡੇ ਮਨ ਦੀ ਬਣਤਰ ਤੇ ਨਿਰਭਰ ਕਰਦੀ ਹੈ। ਸਾਡਾ ਮਨ ਚੰਗਾ ਹੈ ਤਾਂ ਸਾਡਾ ਨਵਾਂ ਸਰੀਰ ਵੀ ਚੰਗਾ ਹੋਏਗਾ। ਸਾਡਾ ਮਨ ਮਾੜਾ ਹੈ ਤਾਂ ਸਾਡਾ ਨਵਾਂ ਸਰੀਰ ਵੀ ਮਾੜਾ ਹੋਏਗਾ। ਮਨ ਦੇ ਰਹਿਣ ਨਾਲ ਸਰੀਰ ਮਿਲਦੇ ਰਹਿਣਗੇ। ਪਰ ਮਨ ਦੇ ਨਾਂ ਰਹਿਣ ਨਾਲ ਇਹ ਸਰੀਰ ਤਾਂ ਰਹੇਗਾ ਪਰ ਨਵਾਂ ਸਰੀਰ ਨਹੀਂ ਮਿਲੇਗਾ। ਮਨ ਦੀ ਮੌਤ ਇਸ ਸਰੀਰ ਦੀ ਮੌਤ ਨਹੀਂ, ਬਲਕਿ ਅਗਲੇ ਸਰੀਰ ਦੀ ਮੌਤ ਹੈ। ਤੇ ਸਰੀਰ ਦੀ ਮੌਤ ਨਾਲ ਨਾ ਅਗਲੇ ਸਰੀਰ ਦੀ ਮੌਤ ਹੈ ਨ ਅਗਲੇ ਸਨ ਦੀ। ਇਸ ਲਈ ਧਾਰਮਕ ਮਨੁੱਖ ਨੂੰ ਮਨ ਦੀ ਮੌਤ ਤੋਂ ਨਿਰਭਉ ਹੋਣਾ ਹੈ, ਸਰੀਰ ਦੀ ਮੌਤ ਤੋਂ ਨਹੀਂ। ਮਨ ਦੀ ਮੌਤ ਤੋਂ ਨਿਰਭਉ ਹੋਣ ਨਾਲ ਤੁਸੀਂ ਆਪੇ ਹੀ ਸਰੀਰਕ ਮੌਤ ਤੋਂ ਨਿਰਭਉ ਹੋ ਜਾਂਦੇ ਹੋ। ਸਾਡੇ ਗੁਰੂਆਂ ਤੇ ਗੁਰਸਿਖਾਂ ਨੇ ਮਨ ਦੀ ਮੌਤ ਤੋਂ ਨਿਰਭੈਅਤਾ ਪਾਈ ਸੀ। ਇਸ ਲਈ ਧਰਮ ਹੇਤ ਸਰੀਰ ਦੇਣ ਤੋਂ ਭੈ-ਭੀਤ ਨਹੀਂ ਹੋਏ। ਕਬੀਰ ਜੀ ਜਦੋਂ ਕਹਿੰਦੇ ਹਨ ਕਿ ਲੋਕੀਂ ਮਰਣ ਤੋਂ ਡਰਦੇ ਹਨ ਪਰ ਮੇਰੇ ਮਨ ਵਿਚ ਉਸ ਮਰਣ ਨਾਲ ਅਨੰਦ ਆਂਦਾ ਹੈ ਤਾਂ ਉਹ ਸਰੀਰਕ ਮੌਤ ਦੀ ਗਲ ਨਹੀਂ ਕਰ ਰਹੇ। ਉਹ ਮਨ ਦੀ ਮੌਤ ਦੀ ਗਲ ਕਰ ਰਹੇ ਹਨ। ਅਗਲੀ ਤੁਕ ਵਿਚ ਉਹ ਇਸ ਖਿਆਲ ਦੀ ਪੁਸ਼ਟੀ ਕਰਦੇ ਹਨ। ਉਹ ਕਹਿੰਦੇ ਹਨ ਕਿ ਮਰਣ ਨਾਲ ਹੀ ਪੂਰਣ



Digitized by Panjab Digital Library | www.panjabdigilib.org

ਵਾਹਿਗੁਰੂ ਮਿਲਦਾ ਹੈ। ਸਰੀਰਕ ਮੌਤ ਨਾਲ ਵਾਹਿਗੁਰੂ ਮਿਲਦਾ ਹੁੰਦਾ ਤਾਂ ਸਾਰਿਆ ਨੇ ਉਸ ਨੂੰ ਪਾ ਲਿਤਾ ਹੁੰਦਾ ਕਿਉਂਕਿ ਮਰਦੇ ਤਾਂ ਸਭੀ ਹਨ। ਨਹੀਂ, ਉਸ ਦੀ ਪ੍ਰਾਪਤੀ ਲਈ ਮਨ ਦੀ ਮੌਤ ਤੋਂ ਨਿਰਭਉ ਹੋਣਾ ਚਾਹੀਦਾ ਹੈ। ਕਬੀਰ ਜੀ ਕਹਿੰਦੇ ਹਨ—

ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ ॥
ਮਰਨੇ ਤੇ ਹੀ ਪਾਈਐ ਪੂਰਨੁ ਪਰਮਾਨੰਦੁ ॥

(ਪੰਨਾ ੧੩੬੫)

ਮਨ ਦੇ ਮਰਨ ਨਾਲ ਹੀ ਪ੍ਰਮਾਨੰਦ ਮਿਲਦਾ ਹੈ। ਸਰੀਰਕ ਤੌਰ ਤੇ ਤਾਂ ਸਾਰਾ ਜਗ ਮਰਦਾ ਹੈ ਪਰ ਮਨ ਦੀ ਮੌਤ ਮਰਨਾ ਨਹੀਂ ਜਾਣਦਾ। ਮਰਣਾਂ ਉਹ ਹੈ ਜਿਸ ਮਰਣ ਬਾਦ ਮੁੜ ਮਰਨਾ ਨਾ ਪਵੇ। ਯਾਨੀ ਮੁੜ ਜੰਮਣਾ ਨ ਪਵੇ ਕਿਉਂਕਿ ਜਮੌਗੇ ਤਾਂ ਮਰੋਗੇ ਵੀ—

ਕਬੀਰ ਮਰਤਾ ਮਰਤਾ ਜਗੁ ਮੁਆ
ਮਰਿ ਭਿ ਨ ਜਾਨੈ ਕਇ ॥
ਐਸੀ ਮਰਨੀ ਜੋ ਮਰੈ ਬਹੁਰਿ ਨ ਮਰਨਾ ਹੋਇ ॥

(ਪੰਨਾ ੫੫੫)

ਇਸ ਖਿਆਲ ਦੀ ਪੁਸ਼ਟੀ ਗੁਰੂ ਜੀ "ਜੀਵਤ ਮਰੈ" ਕਰਕੇ ਕਰਦੇ ਹਨ। ਜੀਉਂਦਿਆਂ ਜੀ ਤਾਂ ਮਨ ਹੀ ਮਰ ਸਕਦਾ ਹੈ ਸਰੀਰ ਨਹੀਂ। ਸਰੀਰ ਤਾਂ ਸਭ ਸਾਂਭਣਾ ਚਾਹੁੰਦੇ ਹਨ, ਕੋਈ ਮਰਣਾ ਨਹੀਂ ਚਾਹੁੰਦਾ। ਪਰ ਜੇ ਮਨ ਦੀ ਮੌਤ ਤੋਂ, ਗੁਰੂ ਦੀ ਕਿਰਪਾ ਨਾਲ, ਨਿਰਭਉ ਹੋ ਜਾਈਏ ਤਾਂ ਸਰੀਰ ਦੀ ਮੌਤ ਤੋਂ ਵੀ ਭੈ-ਰਹਿਤ ਹੋ ਜਾਈਦਾ ਹੈ ਤੇ ਅਮਰ ਹੋ ਜਾਈਦਾ ਹੈ। ਗੁਰੂ ਜੀ ਫਰਮਾਂਦੇ ਹਨ—

ਮਰਣੈ ਤੇ ਜਗਤੁ ਡਰੈ ਜੀਵਿਆ ਲੋੜੈ ਸਭੁ ਕੋਇ
ਗੁਰਪਸਾਦੀ ਜੀਵਤੁ ਮਰੈ ਹੁਕਮੈ ਬੂਝੈ ਸੋਇ ॥
ਨਾਨਕ ਐਸੀ ਮਰਨੀ ਜੋ ਮਰੈ ਤਾਂ ਸਦ ਜੀਵਣ ਹੋਇ ॥

(ਪੰਨਾ ੫੫੫)

ਇਸ ਲਈ ਨਿਰਭਉ ਸਰੀਰ ਦੀ ਮੌਤ ਤੋਂ ਨਹੀਂ ਮਨ ਦੀ ਮੌਤ ਤੋਂ ਹੋਣਾ



Digitized by Panjab Digital Library | www.panjabdigilib.org

ਹੈ। ਮਨ ਦੀ ਮੌਤ ਹੁੰਦੀ ਹੈ ਸਿਮਰਨ ਰਾਹੀਂ। ਜਿਹੜੇ ਵੀ ਸਿਮਰਨ ਵਿਚ ਗਹਿਰੇ ਗਏ ਹਨ ਉਨਾਂ ਨੂੰ ਮੌਤ ਦਾ ਸਾਹਮਣਾ ਕਰਨਾ ਪਿਆ ਹੈ। ਸਿਮਰਨ ਅਭਿਆਸੀ ਤਿਨ ਪ੍ਰਕਾਰ ਦੇ ਹਨ। ਇਕ ਹਨ ਉਪਰੋਂ ਉਪਰੋਂ ਸਿਮਰਨ ਕਰਨ ਵਾਲੇ ਸਾਗਰ ਦੀ ਲਹਿਰ ਵਾਂਗ ਉਪਰ ਉਪਰ ਰਹਿਣ ਵਾਲੇ। ਵਾਹਿਗੁਰੂ ਵਾਹਿਗੁਰੂ ਕਰ ਲਿਆ। ਇਹ ਸਿਮਰਨ ਰਾਹੀਂ ਮਨ-ਇੰਦਰੀਆ-ਬੁੱਧੀ ਤੇ ਕਾਬੂ ਪਾਣ ਦੀ ਕੋਸ਼ਿਸ਼ ਨਹੀਂ ਕਰਦੇ। ਇਨ੍ਹਾਂ ਲਈ ਧਿਆਨ ਇਕ ਪ੍ਰਕਾਰ ਦਾ ਕਰਮ-ਕਾਂਡ ਹੈ। ਇਹ ਨਿਰਭਉ ਨੂੰ ਮਨ ਵਿਚ ਵਸਾਣ ਦੀ ਸੱਚੀ ਏ ਸੁੱਚੀ ਕੋਸ਼ਿਸ ਨਹੀਂ ਕਰਦੇ। ਇਸ ਲਈ ਸਿਮਰਨ ਦੇ ਬਾਵਜੂਦ ਇਹ ਸਾਰਾ ਜੀਵਨ ਡਰ-ਡਰ ਕੇ ਹੀ ਗੁਜ਼ਾਰਦੇ ਹਨ। ਉਨ੍ਹਾ ਲਈ ਗੁਰਵਾਕ ਹੈ—

> ਭੈ ਭੰਜਨ ਪ੍ਰਭੁ ਮਨਿ ਨ ਬਸਾਹੀ॥
> ਡਰਪਤ ਡਰਪਤ ਜਨਮ ਬਹੁਤੁ ਜਾਹੀ॥

(ਪੰਨਾ ੧੯੭)

ਦੂਸਰੇ ਹਨ ਜਿਹੜੇ ਗਹਿਰੇ ਸਾਗਰ ਵਿਚ ਉਤਰਦੇ ਹਨ। ਇਹ ਮਨ ਦੇ ਅੰਦਰ ਜਾਂਦੇ ਹਨ। ਇਹ ਮਨ ਨੂੰ ਸਮਝਣੇ ਤੇ ਉਸ ਉਤੇ ਕਾਬੂ ਪਾਣ ਦਾ ਯਤਨ ਕਰਦੇ ਹਨ। ਇਜੇਹੇ ਅਭਿਆਸੀ ਦੇ ਜੀਵਨ ਵਿਚ ਇਕ ਸਮਾਂ ਆਂਦਾ ਹੈ ਜਦੋਂ ਉਸ ਨੂੰ ਮੌਤ ਦੇ ਆਮਣੇ-ਸਾਮਣੇ ਹੋਣਾ ਪੈਂਦਾ ਹੈ। ਉਸ ਵੇਲੇ ਗੁਰੂ ਦਾ ਲੜ ਮਜਬੂਤੀ ਨਾਲ ਪਕੜਣਾ ਪੈਂਦਾ ਹੈ। ਜਿਸ ਨੇ ਪਾਠ ਨਿਸ਼ਚੇ ਨਾਲ ਕੀਤਾ ਹੈ ਤੇ ਗੁਰੂ ਗਰੰਥ ਸਾਹਿਬ ਜੀ ਦੀ ਅਗਵਾਈ ਵਿਚ ਅਟੁਟ ਨਿਸਚੇ ਰਖਿਆ ਹੈ, ਉਹ ਮੌਤ ਦੇ ਦੁਆਰੇ ਤੋਂ ਲੰਘ ਕੇ ਗੁਰੂਦੁਆਰੇ ਅੰਦਰ ਦਾਖਲ ਹੋ ਜਾਂਦੇ ਹਨ। ਗੁਰ-ਦੁਆਰੇ ਤਾਂ ਅਸੀਂ ਰੋਜ਼ ਜਾਂਦੇ ਹਾਂ ਪਰ ਸਿਮਰਨ ਦੀ ਇਸ ਘੜੀ ਵਿਚ ਸਾਡੇ ਨਿਸਚੇ ਦਾ ਇਮਤਿਹਾਨ ਹੁੰਦਾ ਹੈ। ਇਹ ਵੀ ਇਕ ਦੁਆਰ ਹੈ। ਨਿਰਭਉ (ਜਿਨਾ ਭਉ ਤਿਨੑ ਨਾਹਿ ਭਉ) ਹੋ ਕੇ ਇਸ ਦੁਆਰ ਚੋਂ ਲੰਘ ਕੇ ਸਚੇ ਅਰਥ ਵਿਚ ਗੁਰਦੁਆਰੇ ਪਹੁੰਚ ਗਏ। ਜੇ ਡਰ ਕੇ ਪਿਛਾਂ ਮੁੜ ਗਏ ਤਾਂ ਵਾਪਸ ਸੰਸਾਰ ਦੇ ਨਰਕ ਵਿਚ ਆ ਗਏ। ਜਿਨੀ ਸਾਡੀ ਸਰਧਾ ਪੱਕੀ ਹੋਏਗੀ ਉਨ੍ਹਾਂ ਹੀ ਅਸੀਂ ਨਿਰਭਉ ਹੋਵਾਂਗੇ। ਜੇ ਪਾਰ ਲੰਘ ਗਏ ਤਾਂ ਅਮ੍ਰਿਤ ਪਾਲਿਆ। ਆਨੰਦ ਪਾ ਲਿਆ, ਜੀਵਨ-ਮੁਕਤੀ ਪਾ ਲਈ। ਫਿਰ ਨਿਰਭਉ ਹੋ ਗਏ, ਰੋਗ-ਰਹਿਤ ਹੋ ਗਏ, ਆਤਮ ਪ੍ਰਗਾਸ਼ ਹੋ



Digitized by Panjab Digital Library | www.panjabdigilib.org

ਗਏ ।—

ਭਉ ਚੂਕਾ ਨਿਰਭਉ ਹੋਇ ਬਸੇ ॥
ਸਗਲ ਬਿਆਧਿ ਮਨ ਤੇ ਖੈ ਨਸੇ ॥

(ਪੰਨਾ ੨੮੭)

ਭਉ ਨਾਠਾ ਭ੍ਰਮ ਮਿਟਿ ਗਇਆ ਰਵਿਆ ਨਿਤ ਨਾਮ ॥

(ਪੰਨਾ ੮੭੯)

ਭਉ ਬਿਨਸੈ ਪੂਰਨ ਹੋਇ ਆਸ ॥
ਭਗਤਿ ਭਾਇ ਆਤਮ ਪ੍ਰਗਾਸ ॥

(ਪੰਨਾ ੨੮੮)

ਜੇ ਉਰਵਾਰ ਰਹਿ ਗਏ ਤਾਂ ਮੁੜ ਜਨਮ-ਮਰਨ ਦੇ ਚੱਕਰ ਵਿਚ ਚਲੇ ਗਏ । ਜ਼ਿਹੜਾ ਉਰਵਾਰ ਰਹਿ ਗਿਆ ਉਹ ਨਾ ਅਗੇ ਜਗਾ ਰਿਹਾ ਨਾ ਪਿਛੇ ਜੋਗਾ । ਅਗੇ ਜੋਗਾ ਰਹਿੰਦਾ ਨਹੀਂ ਕਿਉ ਕਿ ਉਹ ਡਰ ਕੇ ਪਿਛੇ ਹਟ ਗਿਆ । ਤੇ ਜਦੋਂ ਵੀ ਉਹ ਮੁੜ ਅਗੇ ਜਾਣ ਦੀ ਸੋਚੇਗਾ ਉਸ ਨੂੰ ਮੌਤ ਦਾ ਡਰ ਪਕੜ ਲਏਗਾ । ਪਿਛੇ ਜੋਗਾ ਵੀ ਨਹੀਂ ਰਹਿੰਦਾ ਕਿਉਂਕਿ ਹੁਣ ਉਸ ਨੂੰ ਹਰ ਸ਼ਮੇਂ ਮੌਤ ਦੇ ਪਰਛਾਂਵੇ ਹੇਠ ਰਹਿਣਾ ਪੈਂਦਾ ਹੈ । ਉਹ ਜੀਏਗਾ ਪਰ ਡਰਿਆ ਡਰਿਆ ਅਧ-ਮੋਇਆ ਹੋਇਆ ।

**ਤੀਸਰਾ** ਅਭਿਆਸੀ ਉਹ ਹੈ ਜਿਸਨੇ ਮੌਤ ਨੂੰ ਅੱਖਾਂ ਵਿਚ ਅੱਖਾਂ ਪਾ ਕੇ ਵੇਖ ਲਿਆ । ਹੁਣ ਉਹ ਨਿਰਭਉ ਪਦ ਨੂੰ ਪ੍ਰਾਪਤ ਹੋਇਆ । ਉਸਨੇ ਮੌਤ ਦੀ ਸਚਾਈ ਨੂੰ ਪਾ ਲਿਆ । ਉਸਨੇ ਜਾਣ ਲਿਆ ਕਿ ਉਹ ਤਾਂ ਅਮਰ ਹੈ । ਉਹ ਕਾਲ-ਰਹਿਤ ਹੈ । ਉਹ ਤਾਂ 'ਅਮਰ ਥੀਆ ਫਿਰਿ ਨ ਮੂਆ' ਹੋ ਗਿਆ । ਉਹ ਨਿਰਭਉ ਹੋ ਕੇ ਨਿਰਭਉ ਵਾਹਿਗੁਰੂ ਨਾਲ ਜਾ ਰਲਿਆ ।



Digitized by Panjab Digital Library | www.panjabdigilib.org

## ੫. ਨਿਰਭਉ ਕਿਦਾਂ ਹੋਈਏ ?

ਜਿਦਾਂ ਮੈਂ ਹੁਣੇ ਕਿਹਾ ਮਨੁਖ ਆਪਣੇ ਕਲ੍ਹੇ-ਪਣ ਤੋਂ ਡਰਦਾ ਹੈ ਤੇ ਇਸ ਡਰ ਤੋਂ ਬਚਣ ਲਈ ਧਨ-ਦੌਲ, ਪਦ-ਪਦਵੀ, ਸੰਗੀ-ਸਾਥੀ ਲਭਦਾ ਹੈ। ਇਨ੍ਹਾਂ ਦੇ ਮਿਲਣ ਬਾਦ ਇਨ੍ਹਾਂ ਦੇ ਖੁਸ਼ ਜਾਣ ਤੋਂ ਡਰਦਾ ਹੈ। ਉਹ ਹਰ ਹਾਲ ਵਿਚ ਡਰਦਾ ਹੈ। ਉਹ ਅੰਦਰੋਂ ਵੀ ਡਰਦਾ ਹੈ ਤੇ ਬਾਹਰੋਂ ਵੀ। ਨਿਰਭਉ ਦੇ ਅਭਿਲਾਸ਼ੀ ਨੂੰ ਪਹਿਲਾਂ ਆਪਣਾ ਅੰਦਰਲਾ ਡਰ ਕਬੂਲਣਾ ਪਏਗਾ। ਉਸ ਨੂੰ ਆਪਣਾ ਇਕਲ੍ਹਾ-ਪਨ ਕਬੂਲਣਾ ਪਏਗਾ। ਇਸ ਦੇ ਫਲ-ਸਰੂਪ ਉਸ ਨੂੰ ਅੰਦਰਲੇ ਡਰ ਤੋਂ ਬਚਣ ਲਈ ਬਾਹਰਲਿਆਂ ਸਹਾਰਿਆਂ ਦੀ ਲੋੜ ਨਹੀਂ ਰਹੇਗੀ। 'ਧਨ-ਪਦ-ਸੰਗ' ਦੀ ਦੌੜ ਸੁਕ ਜਾਏਗੀ। ਇਹ ਹੈ ਤਾਂ ਵੀ ਠੀਕ ਹੈ, ਨਹੀਂ ਹੈ ਤਾਂ ਵੀ ਠੀਕ ਹੈ। ਆਏ ਦਾ ਦਮ ਨਹੀਂ, ਗਏ ਦਾ ਗਮ ਨਹੀਂ। ਉਸ ਦਾ ਬਾਹਰ ਦਾ ਡਰ ਮਰ ਜਾਏਗਾ। ਹੁਣ ਰਹਿ ਗਿਆ ਸਿਰਫ ਅੰਦਰ ਦਾ ਡਰ।

ਆਪਣੇ ਅੰਦਰਲੇ ਡਰ ਬਾਰੇ ਇਹ ਜਾਨਣਾ ਜਰੂਰੀ ਹੈ ਕਿ ਇਸ ਦੀ ਕੋਈ ਅਡ ਹਸਤੀ ਨਹੀਂ। ਇਹ ਡਰ ਸਿਰਫ ਮਨ ਦਾ ਸ਼ੋਰ ਹੈ। ਇਸ ਦੀ ਕੋਈ ਹਕੀਕਤ ਨਹੀਂ। ਗੁਰਵਾਕ ਹੈ—

ਡਰੀਐ ਜੇ ਡਰੁ ਹੋਵੈ ਹੋਰੁ ॥
ਡਰਿ ਡਰਿ ਡਰਣਾ ਮਨ ਕਾ ਸੋਰੁ ॥

(ਪੰਨਾ ੧੫੧੪)

ਇਸ ਮਨ ਦੇ ਡਰ ਤੋਂ ਘਬਰਾਣਾ ਨਹੀਂ ਹੈ। ਇਸ ਡਰ ਦਾ ਸਾਹਮਣਾ ਕਰਨਾ ਹੈ। ਇਹ ਨਿਰੀ ਮਨ ਦੀ ਖੇਡ ਹੈ। ਸਿਮਰਨ ਕਰੀ ਜਾਣਾ ਹੈ ਤੇ ਜਿਹੜਾ



Digitized by Panjab Digital Library | www.panjabdigilib.org

ਡਰ ਮਨ ਸਾਹਮਣੇ ਆਏ ਉਸ ਵਿਚ ਨਿਰਭੈਤਾ ਨਾਲ ਅਖਾ ਗਡੀ ਰਖਣੀਆਂ ਹਨ। ਡਰ ਨੂੰ ਉਪਰ ਉਠਣ ਦੇਣਾ ਹੈ ਤਾਂਕਿ ਉਸ ਨਾਲ ਆਮਣਾ ਸਾਮਣਾ ਹੋ ਜਾਏ। ਇਹ ਦੁਸ਼ਮਨ ਹੈ, ਇਸ ਨੂੰ ਅਚੇਤ ਮਨ ਵਿਚ ਲੁਕਣ ਨਹੀਂ ਦੇਣਾ। ਛੁਪ ਗਿਆ ਤਾਂ ਇਹ ਲੁਕ ਛੁਪ ਕੇ ਡਰਾਂਦਾ ਰਹੇਗਾ। ਛੁਪੇ ਦੁਸ਼ਮਨ ਦਾ ਟਾਕਰਾ ਕਰਨਾ ਔਖਾ ਹੁੰਦਾ ਹੈ। ਸਿਮਰਨ ਨਾਲ ਮਨ ਦਾ ਡਰ ਬਾਹਰ ਨਿਕਲੇਗਾ। ਉਸਨੂੰ ਮੁੜ ਅਚੇਤ ਮਨ ਵਿਚ ਨ ਜਾਣ ਦੇਉ। ਉਸ ਨੂੰ ਪਕੜ ਕੇ ਸਾਹਮਣੇ ਲਿਆਉ, ਡਰ ਆਪੇ ਹੀ ਡਰ ਜਾਏਗਾ। ਗੁਰਵਾਕ ਹੈ—

ਡਰਿ ਘਰੁ ਘਰਿ ਡਰੁ ਡਰਿ ਜਰੁ ਜਾਇ ॥
ਸੋ ਡਰੁ ਕੇਹਾ ਜਿਤੁ ਡਰਿ ਡਰੁ ਪਾਇ ॥

(ਪੰਨਾ (੧੫੧)

ਅੰਦਰਲੇ ਡਰ ਦਾ ਸਾਹਮਣਾ ਕਰਨ ਲਈ ਸਿਮਰਨ ਦਾ ਸਹਾਰਾ ਲੈਣਾ ਪੈਂਦਾ ਹੈ। ਗਰਬਾਣੀ ਵਿਚ ਸ਼ਰਧਾ ਮਜ਼ਬੂਤ ਕਰਨੀ ਪੈਂਦੀ ਹੈ, ਗਰੂ ਗਰੰਥ ਸਾਹਿਬ ਜੀ ਵਿਚ ਪੂਰਨ ਵਿਸ਼ਵਾਸ਼ ਬਨਾਣਾ ਪੈਂਦਾ ਹੈ। ਇਹ ਯਕੀਨ ਰਖਣਾ ਹੈ ਕਿ ਜਦੋਂ ਅਸਲੀ ਭਉ ਦਾ ਸਾਹਮਣਾ ਕਰਨਾ ਪਵੇਗਾ ਤਾਂ ਨਿਰਭਉ ਵਾਹਿਗੁਰੂ ਹਥ ਪਕੜ ਕੇ ਪਾਰ ਉਤਾਰ ਦੇਏਗਾ। ਉਹ ਸਾਨੂੰ ਡੁਬਣ ਨਹੀਂ ਦੇਏਗਾ। ਛੋਟੀ ਜਿਹੀ ਕਿਸਤੀ ਨਾਲ ਮਹਾਂਸਾਗਰ ਵਿਚ ਉਤਰ ਜਾਈਐ ਤਾਂ ਡਰ ਦਾ ਹੋਣਾ ਸੁਭਾਵਿਕ ਹੈ। ਇਕ ਦੋ ਮੀਟਰ ਦੀ ਕਿਸ਼ਤੀ ਤੇ ਅੰਤਹੀਨ ਵਿਸ਼ਾਲ ਸਾਗਰ, ਪਾਣੀ ਹੀ ਪਾਣੀ, ਲਹਿਰਾਂ ਹੀ ਲਹਿਰਾਂ। ਕਿਸ਼ਤੀ ਦਾ ਡੋਲਣਾ, ਮੌਤ ਦੀ ਖ਼ਬਰ ਹੀ ਦੇਂਦਾ ਹੈ। ਪਰ ਤੁਸੀਂ ਦ੍ਰਿੜ ਕਰੀ ਜਾਣਾ ਹੈ ਕਿ ਤੁਸੀਂ ਨਾ ਮਰ ਸਕਦੇ ਹੋ ਨਾ ਡੁਬ ਸਕਤੇ ਹੋ। ਸਭ ਕੁਝ ਉਸ ਦੇ ਹੁਕਮ ਵਿਚ ਹੋ ਰਿਹਾ ਹੈ—

ਨਾ ਜੀਓ ਮਰੈ ਨਾ ਡੂਬੈ ਡਰੈ ॥
ਜਿਨਿ ਕਿਛੁ ਕੀਆ ਸੋ ਕਿਛ ਕਰੈ ॥

(ਪੰਨਾ ੧੫੧)

ਸਿਮਰਨ ਛਡਣਾ ਨਹੀਂ। ਜੇ ਉਸ ਦੇ ਹੁਕਮ ਵਿਚ ਮੌਤ ਹੈ ਤਾਂ ਮੌਤ ਦਾ ਡਰ ਕਿਉਂ? ਡਰ ਕੇ ਸਿਮਰਨ ਨਹੀਂ ਛਡਣਾ, ਪਿਛਾਂ ਨਹੀਂ ਭਜਣਾ। ਆਪਣੀ ਮਰਜ਼ੀ ਨਾਲ ਸਿਮਰਨ ਦੇ ਸਾਗਰ ਵਿਚ ਉਤਰੇ ਹੋ, ਹੁਣ ਜੋ ਹੋਏ ਸੋ ਹੋਏ। ਪਿਛਾਂ ਮੁੜਣ



Digitized by Panjab Digital Library | www.panjabdigilib.org

ਵਿਚ ਖਤਰਾ ਹੈ। ਉਸ ਖਤਰੇ ਨੂੰ ਨਹੀਂ ਸਹੇੜਨਾ। ਸਿਮਰਨ ਵਿਚ ਅਗੇ ਵਧਦੇ ਜਾਣਾ ਹੈ। ਖਤਰੇ ਆਣਗੇ, ਦੁਖ ਆਵਣਗੇ, ਮੁਸ਼ਕਲਾਂ ਆਣ ਗੀਆਂ। ਮਨ ਕਈ ਤਰੀਕਿਆਂ ਨਾਲ ਭਉ ਪੈਦਾ ਕਰੇਗਾ। ਪਿਛ ਭਜਣ ਲਈ ਉਕਸਾਏ ਗਾ, ਪੁਚਕਾਰੇ ਗਾ, ਡਰਾਏ ਗਾ। ਤੁਹਾਡਾ ਸਿਮਰਨ ਵਿਚ ਅਗੇ ਵਧਣਾ ਮਨ-ਬਧੀ-ਇੰਦ੍ਰੀ ਦੀ ਮੌਤ ਹੈ। ਮਨ ਮਰਣ ਤੋਂ ਪਹਿਲਾਂ ਅਖੀਰਲਾ ਭਿਆਨਕ ਹਲਾ ਕਰੇਗਾ। ਮੌਤ ਦੀ ਖਾਈ ਸਾਹਣੇ ਦਿਸੇਗੀ। ਵਾਹਿਗੁਰੂ ਦਾ ਸਾਹਰਾ ਲੈ ਕੇ ਛਾਲ ਮਾਰ ਦੇਉ। ਜਿਹੜੀ ਮੌਤ ਦੀ ਖਾਈ ਦਿਸਦੀ ਹੈ ਉਹੀ ਅੰਮ੍ਰਿਤ ਦਾ ਕੁੰਡਾ ਹੈ। ਜਿਸਨੇ ਉਹ ਅੰਮ੍ਰਿਤ ਛਕ ਲਿਆ, ਉਹ ਅਮਰ ਹੋ ਗਿਆ। ਉਹ ਨਿਰਭਉ ਹੋ ਗਿਆ। ਹੁਣ ਉਹ ਨਾ ਕਿਸੇ ਤੋਂ ਡਰਦਾ ਹੈ, ਨਾ ਕਿਸੇ ਨੂੰ ਡਰਾਂਦਾ ਹੈ। ਇਜੇਹੇ ਮਨੁਖ ਲਈ ਗੁਰਵਾਕ ਹੈ—

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥

(ਪੰਨਾ ੧੪੨੭)



Digitized by Panjab Digital Library | www.panjabdigilib.org

[੬]

# ਨਿਰਵੈਰ

## ਬੈਰੀ ਮੀਤ ਭਏ ਸੰਮਾਨ

### ੧. ਨਿਰਵੈਰਤਾ ਕੀ ਹੈ?

ਵਾਹਿਗੁਰੂ ਨਿਰਵੈਰ ਹੈ ਕਿਉਂਕਿ ਉਹ ਨਿਰਭਉ ਹੈ। ਉਸ ਨੂੰ ਕਿਸੇ ਦਾ ਡਰ ਨਹੀਂ, ਇਸੇ ਲਈ ਉਸ ਦਾ ਕਿਸੇ ਨਾਲ ਵੈਰ ਨਹੀਂ। ਮੂਲ ਮੰਤ੍ਰ ਵਿਚ ਗੁਰੂ ਜੀ ਨਿਰਵੈਰ ਨੂੰ ਨਿਰਭਉ ਦੇ ਬਾਅਦ ਗਿਣਦੇ ਹਨ ਕਿਉਂਕਿ ਜਿਹੜਾ ਨਿਰਭਉ ਹੈ ਉਹ ਆਪੇ ਹੀ ਨਿਰਵੈਰ ਹੋ ਜਾਂਦਾ ਹੈ। ਨਿਰਵੈਰ ਹੋਣ ਲਈ ਲਾਜ਼ਮੀ ਪਹਿਲੀ ਸ਼ਰਤ ਨਿਰਭਉ ਹੋਣਾ ਹੈ। ਪਰ ਨਿਰਵੈਰ ਭਾਵ ਹੈ ਕੀ ?

ਨਿਰਭਉ ਹੋਣਾ ਅੰਦਰਲਾ ਗੁਣ ਹੈ, ਨਿਰਵੈਰ ਹੋਣਾ ਬਾਹਰਲਾ। ਨਿਰਭਉ ਜ਼ਾਹਰ ਨਹੀਂ, ਨਿਰਵੈਰ ਜ਼ਾਹਰ ਹੈ। ਨਿਰਭਉ ਫੁੱਲ ਵਿਚ ਛੁਪੀ ਸੁਗੰਧ ਤੇ ਨਿਰਵੈਰ ਉਸ ਦਾ ਪ੍ਰਗਟਾਵਾ ਹੈ। ਨਿਰਭਉ ਅਵਸਥਾ ਵਿਚ ਤੁਸੀਂ ਹੋ ਦੂਸਰਾ ਨਹੀਂ, ਨਿਰਵੈਰ ਅਵਸਥਾ ਵਿਚ ਤੁਸੀਂ ਵੀ ਹੋ ਦੂਸਰਾ ਵੀ ਹੈ। ਜਦੋਂ ਤੁਹਾਡੇ ਅੰਦਰੋਂ ਡਰ ਨਿਕਲ ਜਾਂਦਾ ਹੈ ਤਾਂ ਤੁਹਾਡੇ ਆਲੇ-ਦੁਆਲੇ ਵੈਰੀ ਵੀ ਜਾਦੇ ਰਹਿੰਦੇ ਹਨ। ਤੁਹਾਡੇ ਵੈਰੀ ਨਹੀਂ ਰਹਿੰਦੇ। ਪਰ ਵੈਰ ਦਾ ਨਾ ਹੋਣਾ ਨਿਰਵੈਰ ਅਵਸਥਾ ਨਹੀਂ ਹੈ ਕਿਉਂਕਿ ਇਹ ਆਰਜ਼ੀ ਹੈ। ਇਹ ਅਵਸਥਾ ਕੱਚੀ ਹੈ। ਅੱਜ ਕੋਈ ਵੈਰੀ ਨਹੀਂ, ਕਲ ਹੋ ਵੀ ਸਕਦਾ ਹੈ। ਇਸ ਪ੍ਰਕਾਰ ਦਾ ਕੱਚਾ 'ਵੈਰੀ ਹੋਣਾ ਜਾਂ ਨਾ ਹੋਣਾ ਸਾਡੀ ਗਰਜ ਤੇ



Digitized by Panjab Digital Library | www.panjabdigilib.org

ਮਨੋਹਸਰ ਹੈ। ਇਹ ਇਸ ਪ੍ਰਕਾਰ ਦਾ ਰਿਸ਼ਤਾ ਹੈ ਜਿਸ ਦਾ ਆਧਾਰ ਤੁਹਾਡੀ ਗਰਜ ਤੇ ਹੈ। ਤੁਹਾਡੀ ਕਿਸੇ ਨਾਲ ਗਰਜ ਹੈ ਇਸੇ ਲਈ ਤੁਸੀਂ ਉਸ ਨੂੰ ਵੈਰੀ ਨਹੀਂ ਬਣਾਦੇ। ਪਰ ਲੋੜ ਮੁਕ ਜਾਣ ਤੇ ਉਸ ਨੂੰ ਵੈਰੀ ਬਣਾਇਆ ਜਾ ਸਕਦਾ ਹੈ। ਕਹਿੰਦੇ ਹਨ ਕਿ ਰਾਜਨੀਤੀ ਵਿਚ ਕੋਈ ਸਥਾਈ ਮਿਤਰ ਜਾਂ ਵੈਰੀ ਨਹੀਂ ਹੁੰਦਾ। ਸਿਰਫ ਸਥਾਈ ਹਿਤ ਹੁੰਦੇ ਹਨ। ਜਦੋਂ ਤਕ ਕਿਸ ਦੀ ਮਿਤਰਤਾ ਤੁਹਾਡ ਹਿਤ ਵਿਚ ਹੈ ਤੁਸੀਂ ਉਸ ਦੇ ਵੈਰੀ ਨਹੀਂ। ਜਦੋਂ ਉਸ ਸਬੰਧ ਵਿਚ ਤੁਹਾਨੂੰ ਆਪਣਾ ਅਹਿਤ ਦਿਸੇਗਾ, ਉਹੀ ਤੁਹਾਡਾ ਵੈਰੀ ਹੋ ਜਾਏਗਾ। ਇਦਾ ਸਮਝੋ, ਕੁਝ ਸਮੇਂ ਪਹਿਲਾਂ ਹਿੰਦੀ-ਚਿੰਨੀ ਭਾਈ-ਭਾਈ ਸਨ। ਇਹ ਸਾਡੇ ਉਸ ਸਮੇਂ ਦੇ ਸਬੰਧ ਦਰਸਾਂਦਾ ਹੈ। ੧੯੬੨ ਵਿਚ ਚੀਨ ਨੇ ਸਾਡੇ ਦੇਸ਼ ਤੇ ਹਮਲਾ ਕਰ ਦਿਤਾ। ਹਲੀਂ ਵੀ ਸਾਡੀਆਂ ਫੌਜਾਂ ਕਹਿਰ ਦੀ ਬਰਫੀਲੀ ਠੰਢ ਵਿਚ ਚੀਨੀ ਫੌਜ ਦੇ ਸਾਹਮਣੇ ਬੰਦੂਕਾਂ ਤਾਣ ਕੇ ਖਲੋਤੀਆਂ ਹਨ। ਅਸੀਂ ਦੋਵੇਂ ਇਕ ਦੂਜੇ ਦੀ ਜਾਨ ਦੇ ਵੈਰੀ ਹੋ ਗਏ। ਹੁਣ ਫੇਰ ਹਵਾ ਬਦਲ ਰਹੀ ਹੈ ਤੇ ਵੈਰ ਮਿਤਰਤਾ ਵਿਚ ਬਦਲ ਰਿਹਾ ਹੈ। ਪਿਛਲੇ ਮਹਾ-ਯੁੱਧ ਵਿਚ ਅਮਰੀਕਾ ਤੇ ਰੂਸ ਇਕ ਦੂਸਰੇ ਦੇ ਮਿਤਰ ਸਨ। ਲੜਾਈ ਦੇ ਅਖੀਰਲੇ ਦਿਨਾਂ ਵਿਚ ਇਸ ਦੋਸਤੀ ਵਿਚ ਤਰੇੜ ਆ ਗਈ ਜਦੋਂ ਇਨਾਂ ਮੁਲਕਾਂ ਦੀਆਂ ਫੌਜਾਂ ਨੇ ਹਾਰੀ ਫੌਜ (ਜਰਮਨੀ) ਦੇ ਜ਼ਿਆਦਾ ਤੋਂ ਜ਼ਿਆਦਾ ਇਲਾਕੇ ਨੂੰ ਵਖ ਕਬਜੇ ਵਿਚ ਲੈਣਾ ਚਾਹਿਆ। ਫਲਸਰੂਪ ਇਕ ਪਾਸੇ ਬਰਲਨ ਸ਼ਹਿਰ ਤੇ ਅਮਰੀਕੀ ਫੌਜਾਂ ਦਾ ਕਬਜ਼ਾ ਹੋ ਗਿਆ ਤੇ ਬਾਕੀ ਦੇ ਅੱਧੇ ਉਤੇ ਰੂਸ ਦਾ। ਇਨ੍ਹਾਂ ਦੋਸਤਾਂ ਨੇ ਨਾ ਸਿਰਫ ਸ਼ਹਿਰ ਹੀ ਵੰਡ ਦਿਤਾ ਬਲਕਿ ਸ਼ਹਿਰ ਦੇ ਵਿਚੋ ਵਿਚ ਇਕ ਉਚੀ-ਲੰਬੀ ਕੰਧ ਖੜੀ ਕਰ ਦਿਤੀ ਤਾਂ ਕਿ ਇਕ ਪਾਸੇ ਦੇ ਸ਼ਹਿਰੀ ਦੂਜੇ ਪਾਸੇ ਦੇ ਭਰਾਵਾਂ ਨਾਲ ਮਿਲਣਾ ਤਾਂ ਕਿਤੇ ਰਿਹਾ, ਗੱਲ ਬਾਤ ਵੀ ਨ ਕਰ ਸਕਣ। ਹਣ ਅਮਰੀਕੀ ਤੇ ਰੂਸੀ ਇਕ ਦੂਸਰੇ ਨੂੰ ਆਪਣੇ ਮਿਤਰ ਨਹੀਂ ਸਮਝਦੇ। ਤੁਹਾਡੇ ਰੋਜ਼ਾਨਾ ਜੀਵਨ ਵਿਚ ਹੀ ਵੈਰੀ ਮਿਤਰ ਬਣਦੇ ਰਹਿੰਦੇ ਹਨ ਤੇ ਮਿਤਰ ਵੈਰੀ। ਅਜ ਦੇ ਭਰਾ ਕਲ ਦੇ ਜਾਨੀ ਦੁਸ਼ਮਣ ਬਣ ਜਾਂਦੇ ਹਨ।

ਗੁਰੂ ਜੀ ਇਸ ਕਚੀ ਨਿਰਵੈਰ ਅਵਸਥਾ ਦੀ ਗਲ ਨਹੀਂ ਕਰ ਰਹੇ। ਨਿਰਵੈਰ ਹੋਣਾ ਵੈਰ ਦਾ ਨਾ ਹੋਣਾ ਨਹੀਂ ਹੈ। ਇਹ ਤਾਂ ਸਿਕੇ ਦਾ ਇਕ ਰੂਪ ਹੈ। ਇਕ ਪਾਸੇ ਵੈਰ ਲਿਖਿਆ ਹੋਇਆ ਹੈ ਤੇ ਦੂਜੇ ਪਾਸੇ ਅਵੈਰ। ਜਦੋਂ ਤਕ ਇਹ ਸਿਕਾ ਸਾਡੇ ਕੋਲ ਹੈ ਵੈਰ ਤੇ ਅਵੈਰ ਦੋਨੋ ਸਾਡੇ ਕੋਲ ਹਨ। ਇਕ ਪ੍ਰਗਟ ਰੂਪ ਵਿਚ ਹੈ, ਇਕ



Digitized by Panjab Digital Library | www.panjabdigilib.org

ਅਪ੍ਰਗਟ ਰੂਪ ਵਿਚ। ਅਜ ਤੁਸੀਂ ਕਿਸੇ ਦੇ ਮਿਤਰ ਹੋ, ਕਲ ਤੁਸੀਂ ਉਸ ਦੇ ਹੀ ਵੈਰੀ ਹੋਣ ਵਾਲੇ ਹੋ ਕਿਉਂਕਿ ਇਹ ਮਿਤਰਤਾ ਦੈਵੀ ਗੁਣਾਂ ਤੇ ਨਹੀਂ ਬਲਕਿ ਮਤਲਬੀ ਗੁਣਾਂ ਤੇ ਆਧਾਰਤ ਹੈ। ਇਨ੍ਹਾਂ ਗੁਣਾਂ ਦੇ ਮਿਟਦਿਆਂ ਮਿਤ੍ਰਤਾ ਵੀ ਮਿਟ ਜਾਂਦੀ ਹੈ। ਜਿਸ ਸਬੰਧ ਦਾ ਆਧਾਰ ਕਚਾ ਹੈ, ਉਸ ਸਬੰਧ ਵਿਚ ਪਕਿਆਈ ਨਹੀਂ ਆ ਸਕਦੀ। ਨਿਰਵੈਰ ਹੋਣਾ ਉਸ ਪਕਿਆਈ ਨੂੰ ਪਕੜਨਾ ਹੈ ਜਿਸ ਵਿਚ ਕੋਈ ਕਚਿਆਈ ਨਹੀਂ, ਕਈ ਅਸਥਿਰਤਾ ਨਹੀਂ। ਤੁਸੀਂ ਉਸ ਸਿਕੇ ਨੂੰ ਹੀ ਸੁਟ ਦੇਉ ਜਿਸ ਉੱਤੇ ਵੈਰ ਤੇ ਅ-ਵੈਰ ਲਿਖਿਆ ਹੋਇਆ ਹੈ। ਹੁਣ ਕੋਈ ਵੈਰ ਨਹੀਂ ਕੋਈ ਬਿਗਾਨਾ ਨਹੀਂ। ਹੁਣ ਸਾਰੇ ਆਪਣੇ ਹੀ ਹਨ। ਨਿਰਵੈਰ ਅਵਸਥਾ ਨੂੰ ਗੁਰਬਾਣੀ ਵਿਚ ਇਸ ਤਰ੍ਹਾਂ ਕਿਹਾ ਹੈ।

ਬਿਸਰਿ ਗਈ ਸਭ ਤਾਤਿ ਪਰਾਈ ॥
ਜਬ ਤੇ ਸਾਧ ਸੰਗਤਿ ਮੋਹਿ ਪਾਈ ॥ਰਹਾਉ॥
ਨਾ ਕੋ ਬੈਰੀ ਨਹੀ ਬਿਗਾਨਾ ॥
ਸਗਲ ਸੰਗਿ ਹਮ ਕਉ ਬਨਿ ਆਈ ॥

(ਪੰਨਾ ੧੨੯੯)

ਨਾ ਕੋ ਮੇਰਾ ਦੁਸਮਨ ਰਹਿਆ
ਨਾ ਹਮ ਕਿਸ ਕੈ ਬੈਰਾਈ ॥

(ਪੰਨਾ ੬੭੧)

ਸਭੁ ਕੋ ਮੀਤ ਹਮ ਆਪਨ ਕੀਨਾ
ਹਮ ਸਭਨਾ ਕੇ ਸਾਜਨ ॥

(ਪਨਾ ੬੭੧)

ਬੈਰੀ ਮੀਤ ਹੋਏ ਸਮਾਨ ॥
ਸਰਬ ਮਹਿ ਪੂਰਨ ਭਗਵਾਨ ॥

(ਪੰਨਾ ੧੧੪੭)

ਸੋ ਮੂਲ ਮੰਤਰ ਵਿਚ ਨਿਰਵੈਰ ਸ਼ਬਦ ਕਾ ਅਰਥ ਵੈਰ ਦਾ ਨਾ ਹੋਣਾ ਨਹੀਂ ਹੈ। ਸਗੋਂ ਵੈਰ ਭਾਵ ਦਾ ਨਾ ਹੋਣਾ ਹੈ। ਮਨ ਦੇ ਕਿਸੇ ਤਲ ਤੇ ਵੀ ਵੈਰ ਭਾਵਨਾ



Digitized by Panjab Digital Library | www.panjabdigilib.org

ਨਹੀਂ । ਗੁਰਸਿਖ ਦੀ ਡਿਕਸ਼ਨਰੀ ਵਿਚੋਂ ਵੈਰ ਸ਼ਬਦ ਹੀ ਕਢ ਦਿਤਾ ਗਿਆ ਹੈ । ਉਹ ਜਾਣਦਾ ਹੀ ਨਹੀਂ ਵੈਰ ਕੀ ਹੈ । ਉਸਦੇ ਮਨ ਉਤੇ ਵੈਰ ਦੀ ਮੈਲ ਨਹੀਂ । ਉਸ ਦਾ ਮਨ ਨਿਰਮਲ ਹੋ ਗਿਆ ਹੈ । ਉਸ ਲਈ ਹੁਣ "ਬੈਰੀ ਸਭਿ ਹੋਵਹਿ ਮੀਤ ।"

ਵਾਹਿਗੁਰੂ ਨੇ ਮਨੁਖ ਨੂੰ ਨਿਰਵੈਰ ਹੀ ਬਣਾਇਆ ਹੈ । ਜਦੋਂ ਮਨੁਖ ਸਤਿਨਾਮ ਦੀ ਕਿਰਤ ਹੈ ਤਾਂ ਉਸ ਵਿਚ ਵੈਰ ਕਿਦਾਂ ਆ ਸਕਦਾ ਹੈ । ਜਦੋਂ ਕਰਤਾ ਨਿਰਵੈਰ ਹੈ ਤਾਂ ਉਸ ਦੇ ਸਜਾਏ ਭਾਂਡੇ ਵਿਚ ਪੇਚ (ਖਰਾਬੀ) ਕਿਥੋਂ ਆ ਸਕਦੀ ਹੈ ।

ਨਾ ਕਛੁ ਪੋਚ ਮਾਟੀ ਕੇ ਭਾਂਡੇ ਨਾ ਕਛੁ ਪੋਚੁ ਕੁੰਭਾਰੈ ॥

(ਪੰਨਾ ੧੩੫੦)

ਇਸ ਸਚਾਈ ਨੂੰ ਜਾਨਣ ਵਾਲਾ ਮਨੁਖ ਚਾਹ ਕੇ ਵੀ ਵੈਰ ਨਹੀਂ ਕਮਾ ਸਕਦ । ਉਹ ਜਾਣਦਾ ਹੀ ਨਹੀਂ ਵੈਰ ਕੀ ਹੈ । ਉਹ ਬਚੇ ਵਾਂਗ ਨਿਰਛਲ ਹੈ ਜਿਹੜਾ ਵੈਰੀ ਤੇ ਮੀਤ ਵਿਚ ਫਰਕ ਕਰਣਾ ਹਲੀਂ ਨਹੀਂ ਜਾਣਦਾ । ਮਿਤਰਤਾ ਉਸ ਸੁਭਾ ਬਣ ਗਿਆ ਹੈ । ਉਸ ਅੰਦਰ ਗਿਆਨ ਦਾ ਸੋਮਾ ਫੁਟ ਪਿਆ ਹੈ ਤੇ ਉਹ ਹਰ ਪ੍ਰਾਣੀ ਨਾਲ ਨਿਰਵੈਰ ਹੋ ਜਾਂਦਾ ਹੈ । ਇਸੇ ਪਿਆਰੇ ਪੁਰਖ ਕੋਲੋਂ ਨਾ ਸਿਰਫ ਮਨੁਖ ਬਲਕਿ ਪਸ਼ੂ-ਪੰਛੀ ਵੀ ਨਿਰਭਉ ਹੋ ਜਾਂਦੇ ਹਨ । ਅਸੀਂ ਇਤਹਾਸ ਵਿਚ ਪੜ੍ਹਦੇ ਹਾਂ ਕਿ ਗੁਰੂ ਨਾਨਕ ਦੇਵ ਜੀ ਦੇ ਸਿਰ ਉਤੇ ਪੈਂਦੀ ਧੁੱਪ ਨੂੰ ਰੋਕਣ ਲਈ ਸੱਪ ਨੇ ਆਪਣੇ ਫਨ ਖਿਲਾਰ ਕੇ ਛਤਰ-ਛਾਇਆ ਕਰ ਦਿਤੀ ਸੀ । ਕਿਉ ? ਕਿਉਂਕਿ ਸੱਪ ਗੁਰੂ ਜੀ ਕੋਲੋਂ ਡਰਿਆ ਨਹੀਂ ਸੀ । ਆਮ ਕਰਕੇ ਆਦਮੀ ਤੇ ਸੱਪ ਦਾ ਇਟ-ਵਟੇ ਦਾ ਵੈਰ ਹੈ । ਮਨੁਖ ਸੱਪ ਨੂੰ ਦੇਖਦੇ ਸਾਰ ਮਾਰਨ ਨੂੰ ਤਿਆਰ ਹੋ ਜਾਦਾ ਹੈ ਤੇ ਸੱਪ ਵਾਹ ਲਗਦਿਆਂ ਡੰਗ ਮਾਰਨੋ ਨਹੀਂ ਰਹਿੰਦਾ । ਮਨੁਖ ਨੇ ਸੱਪ ਨਾਲ ਆਪਣੇ ਵੈਰ ਦੀ ਹੱਦ ਟਪ ਲਈ ਹੈ । ਜ਼ਪਾਨ ਵਿਚ ਦਿਸੰਬਰ ਦੇ ਮਹੀਨੇ ਜਦੋਂ ਸੂਰਜ ਚਲ ਕੇ, ਸੱਪ ਦੀ ਰਾਸੀ ਵਿਚ ਆ ਜਾਂਦਾ ਹੈ ਤਾਂ ਉਸ ਸਮੇਂ ਸੱਪ ਦਾ ਖਾਣਾ ਸ਼ੁਭ ਸਮਝਿਆ ਜਾਂਦਾ ਹੈ । ਹੋਟਲਾਂ ਵਿਚ ਗ੍ਰਾਹਕਾਂ ਸਾਹਮਣੇ ਜੀਉਂਦੇ ਸੱਪ ਦੀ ਸਿਰੀ ਕਟ ਕੇ ਉਸ ਦਾ ਖੂਨ ਗਲਾਸ ਵਿਚ ਪਾ ਕੇ ਪੀਣ ਨੂੰ ਦਿਤਾ ਜਾਂਦਾ ਹੈ ਤੇ ਫਿਰ ਗ੍ਰਾਹਕ ਦੀ ਮਰਜੀ ਅਨੁਸਾਰ ਸੱਪ ਦੇ ਸ਼ਰੀਰ ਨੂੰ ਸੇਕਿਆ, ਭੁਨਿਆ ਜਾਂ ਤਲਿਆ ਜਾਦਾ ਹੈ । ਇਸ ਨੂੰ ਬੜੇ ਸਵਾਦ ਨਾਲ ਖਾਇਆ ਜਾਂਦਾ ਹੈ । ਐਨੀ ਵੈਰ ਭਾਵਨਾ । ਪਰ ਸੱਪ



Digitized by Panjab Digital Library | www.panjabdigilib.org

ਗੁਰੂ ਜੀ ਕੋਲੋਂ ਨਹੀਂ ਡਰਦਾ ਬਲਕਿ ਉਨ੍ਹਾ ਦੀ ਸੇਵਾ ਵਿਚ ਜੁਟ ਜਾਂਦਾ ਹੈ। ਇਸ ਦਾ ਕਾਰਣ ਇਹੀ ਹੈ ਕਿ ਗੁਰੂ ਜੀ ਦੇ ਪਵਿਤਰ ਸ਼ਰੀਰ ਚੋਂ ਨਿਰਵੈਰ ਦੀਆਂ ਤਰੰਗਾਂ ਹੀ ਨਿਕਲਦੀਆਂ ਹਨ। ਇਹ ਨਿਰਵੈਰ ਦੀਆਂ ਤਰੰਗਾਂ ਜ਼ਹਿਰੀਲੇ ਸੱਪ ਨੂੰ ਵਿਸ਼ਵਾਸ ਦੁਆਂਦੀਆਂ ਹਨ ਕਿ ਉਸ ਕੋਲੋਂ ਕੋਈ ਖਤਰਾ ਨਹੀਂ, ਉਸ ਕੋਲੋਂ ਨਿਰੋਲ ਪਿਆਰ ਹੀ ਮਿਲੇਗਾ। ਪਿਆਰ ਦੀਆਂ ਨਿਰਵੈਰਤਾ ਦੀਆਂ ਤਰੰਗਾਂ ਨੂੰ ਸਮਝਣ ਲਈ ਭਾਸ਼ਾ ਦੀ ਕੋਈ ਲੋੜ ਨਹੀਂ। ਇਹ ਤਰੰਗਾਂ ਸਿਧਾ ਅਸਰ ਕਰਦੀਆਂ ਹਨ। ਸੱਪ ਮਨੁਖ ਦੀ ਭਾਸ਼ਾ ਨਹੀਂ ਜਾਣਦਾ ਪਰ ਮਨੁਖੀ ਪਿਆਰ ਦੀਆਂ ਤਰੰਗਾਂ ਨੂੰ ਤਾਂ ਪਛਾਣਦਾ ਹੀ ਹੈ। ਹੋਰ ਸਮਝੋ ਕੌਡਾ ਰਾਖਸ਼ ਗੁਰੂ ਜੀ ਦੇ ਸਾਹਮਣੇ ਆਂਦਿਆਂ ਹੀ ਸ਼ਾਂਤ ਹੋ ਜਾਂਦਾ ਹੈ। ਉਸ ਦੀ ਵੈਰ ਭਾਵਨਾ ਮਨੁਖਾਂ ਨੂੰ ਮਾਰਣ ਤੇ ਖਾਣ ਦੀ ਭਾਵਨਾ ਮਿਟ ਜਾਂਦੀ ਹੈ ਕਿਉਂਕਿ ਉਸ ਨੂੰ ਗੁਰੂ ਜੀ ਕੋਲੋਂ ਨਿਕਲੀਆਂ ਨਿਰਵੈਰ ਦੀਆਂ ਤਰੰਗਾਂ ਪ੍ਰਭਾਵਤ ਕ੍ਰਨੋ ਨਹੀਂ ਰਹਿੰਦੀਆਂ। ਇਜੇਹੇ ਪਿਆਰੇ ਕੋਲੋਂ ਕੌਣ ਡਰੇਗਾ ਤੇ ਕਿਉਂ ਵੈਰ ਕਮਾਏਗਾ। ਇਸ ਦੀ ਸੰਗਤ ਵਿਚ ਤਾਤ ਪਰਾਈ, ਈਰਖਾ, ਵੈਰ, ਭਉ, ਸਭ ਮਿਟ ਜਾਂਦੇ ਹਨ ਕਿਉਂਕਿ ਉਸ ਨੂੰ ਸਭ ਵਿਚ ਉਹ ਨਿਰਭਉ-ਨਿਰਵੈਰ ਹੀ ਦਿਸਦਾ ਹੈ। ਗੁਰੂ ਜੀ ਮੂਲ ਮੰਤਰ ਵਿਚ ਇਸ ਪ੍ਰਕਾਰ ਦੇ ਨਿਰਵੈਰ ਹੋਣ ਦੀ ਗੱਲ ਕਰਦੇ ਹਨ।



Digitized by Panjab Digital Library | www.panjabdigilib.org

## ੨. ਅਸੀਂ ਨਿਰਵੈਰ ਕਿਉਂ ਨਹੀਂ?

### (ੳ) ਡਰ ਕਰਕੇ ਨਿਰਵੈਰ ਨਹੀਂ :

ਸਭ ਨੂੰ ਸਭ ਵਿਚ ਵੈਰੀ ਹੀ ਦਿਸਦੇ ਹਨ। ਸਾਨੂੰ ਲਗਦਾ ਹੈ ਕਿ ਹਰ ਦੂਸਰਾ ਪ੍ਰਾਣੀ ਸਾਨੂੰ ਹਾਨੀ ਪਹੁੰਚਾਣ ਦੀਆਂ ਸਕੀਮਾਂ ਬਣ ਰਿਹਾ ਹੈ। ਅਸੀਂ ਨਿਰਵੈਰ ਦੇ ਗੁਣ ਲੈ ਕੇ ਹੀ ਜੀਵਨ ਸ਼ੁਰੂ ਕੀਤਾ ਸੀ ਪਰ ਸਾਡਾ ਉਹ ਦੇਵੀ ਗੁਣ, ਸਾਡਾ ਅਸਲੀ ਰੂਪ, ਸਾਡਾ ਅਸਲਾ, ਸਾਡਾ ਸੁਭਾ, ਸਾਥੋਂ ਜੁਦਾ ਹੋ ਗਿਆ ਹੈ। ਸਾਡਾ ਇਹ ਗੁਣ ਬਰਬਾਦ ਹੋ ਗਿਆ ਹੈ। ਗੁਰਬਾਣੀ ਵਿਚ ਆਂਦਾ ਹੈ।

ਚਿਤ ਚੇਤਸਿ ਕੀ ਨਹੀ ਬਾਵਰਿਆ ॥
ਹਰਿ ਬਿਸਰਤ ਤੇਰੇ ਗੁਣ ਗਲਿਆ ॥

(ਪੰਨਾ ੬੯੦)

ਨਿਰਵੈਤਰਾ ਦਾ ਗੁਣ ਸਾਡੇ ਚਿਤ-ਚੇਤੇ ਵਿਚ ਹੀ ਨਹੀਂ ਰਿਹਾ। ਅਸੀਂ ਡਰੇ ਹੋਏ ਹਾਂ ਤੇ ਡਰ ਦਾ ਪੁਤਰ ਵੈਰ ਹੈ। ਡਰ ਤੋਂ ਵੈਰ ਦਾ ਜਨਮ ਹੁੰਦਾ ਹੈ। ਇਸੇ ਲਈ ਗੁਰੂ ਜੀ ਨਿਡਰ ਹੋਣ ਨੂੰ ਕਹਿੰਦੇ ਹਨ ਕਿਉਂਕਿ ਨਿਡਰ ਹੀ ਨਿਰਵੈਰ ਹੋ ਸਕਦਾ ਹੈ। ਡਰ ਹੈ ਕਿ ਕੋਈ ਤੁਹਾਡਾ ਕੁਝ ਖੋਹ ਨ ਲਏ। ਇਸੇ ਲਈ ਤੁਸੀਂ ਸਭ ਨੂੰ ਆਪਣਾ ਵੈਰੀ ਸਮਝਦੇ ਹੋ। ਵੈਰੀ ਉਹ ਹੀ ਨਹੀਂ ਜਿਸ ਨਾਲ ਸਾਡਾ ਜ਼ਾਹਰਾ ਵੈਰ ਹੈ, ਬਲਕਿ ਉਹ ਵੀ ਵੈਰੀ ਹੈ ਜਿਸ ਕੋਲੋਂ ਸਾਨੂੰ ਕਦੀ ਕੋਈ ਖਤਰਾ ਹੋ ਸਕਦਾ ਨੂੰ। ਕਾਨੂੰਨ ਵਿਚ ਵਰਤੇ ਵੈਰੀ ਸ਼ਬਦ ਦੀ ਵਿਆਖਿਆ ਕਰਦੇ ਹੋਏ ਇਕ ਹਾਈ ਕੋਰਟ ਦੇ ਜੱਜ ਨੇ ਬੜੀ ਅਦਭੁਤ ਗੱਲ ਕਹੀ। ਉਸ ਕਿਹਾ, "ਵੈਰੀ ਸ਼ਬਦ ਦੇ ਅਰਥ ਵਿਚ ਉਹੀ ਨਹੀਂ ਆਂਦਾ ਜ਼ਿਸ ਨਾਲ ਸਾਡੀ ਅਜ ਦੁਸ਼ਮਣੀ ਹੈ। ਹਰ ਉਹ ਮਨੁਖ

ਜਿਸ ਨਾਲ ਅਸੀਂ ਕਦੀ ਵੈਰ ਪਾਲ ਸਕਦੇ ਹਾਂ, ਸਾਡਾ ਵੈਰੀ ਮਨਿਆ ਜਾਏਗਾ।" ਇਹ ਵਿਆਇਆ ਥੋੜੀ ਅਜੀਬ ਲਗੇਗੀ ਖਾਸ ਕਰਕੇ ਇਕ ਜੱਜ ਦੇ ਮੂੰਹੋਂ ਪਰ ਕੀ ਇਹ ਸਾਡੀ ਸੱਚੀ ਦਸ਼ਾ ਨਹੀਂ ਦਰਸਾਂਦੀ ? ਕੀ ਅਸੀਂ ਆਪਣੇ ਹਰ ਨਿਕਟ ਵਰਤੀ ਨੂੰ ਵੈਰੀ ਜਾਂ ਭਾਵੀ ਵੈਰੀ ਨਹੀਂ ਸਮਝਦੇ। ਠੀਕ ਹੈ ਕਿ ਅਸੀਂ ਉਸ ਨਾਲ ਉਪਰੋਂ ਕੋਈ ਵੈਰ ਨਹੀਂ ਕਮਾਂਦੇ ਪਰ ਕੀ ਸਾਡੇ ਵਿਚ ਸੂਖਮ ਰੂਪ ਵਿਚ ਡਰ ਜਾਂ ਵੈਰ ਨਹੀਂ ਛਪਿਆ ਰਹਿੰਦਾ। ਜਦੋਂ ਇਕ ਸਿਖ ਦੀ ਸਹਾਇਤਾ ਕਰਨੋਂ ਇਕ ਸਿਖ ਡਰਦਾ ਹੈ ਜਦੋਂ ਇਕ ਭਰਾ ਦੂਜੇ ਭਰਾ ਦੀ ਸਹਾਇਤਾ ਕਰਨੋ ਝਿਝਕਦਾ ਹੈ ਤਾਂ ਕੀ ਕਿਤੇ ਉਸ ਦੇ ਮਨ ਦੀ ਗਹਿਰਾਈ ਵਿਚ ਦੂਸਰੇ ਦੇ ਵੈਰ ਦਾ ਡਰ ਤਾਂ ਨਹੀਂ ਹੁੰਦਾ ?

ਅਸੀਂ ਵਿਅਕਤੀਗਤ ਰੂਪ ਵਿਚ ਡਰੇ ਹਾਂ ਤੇ ਇਸ ਡਰ ਦਾ ਸਾਮੂਹਕ ਰੂਪ ਇਕ ਧਰਮ ਦੇ ਦੂਸਰੇ ਧਰਮ ਵਾਲਿਆਂ ਤੋਂ ਡਰਨਾ ਹੈ। ਮੁਗਲ ਬਾਦਸ਼ਾਹਾਂ ਨੇ ਹਿੰਦੂਆਂ ਨੂੰ ਵੈਰੀ ਜਾਣਿਆ ਤੇ ਇਸੇ ਲਈ ਉਨ੍ਹਾਂ ਨੇ ਹਿੰਦੂਆਂ ਨੂੰ ਮੁਸਲਮਾਨ ਬਨਾਣ ਲਈ ਜਰ ਦਿਤਾ, ਜਬਰਦਸਤੀ ਕੀਤੀ। ਅੰਗਰੇਜ਼ਾਂ ਨੇ ਹਿੰਦੂਆਂ ਨੂੰ ਇਸਾਈ ਬਨਾਣ ਲਈ ਪਿਆਰ ਦਾ ਹਥਿਆਰ ਵਰਤਿਆ ਕਿਉਂਕਿ ਹਿੰਦੂਆਂ ਵਿਚ ਉਨ੍ਹਾਂ ਨੂੰ ਆਪਣਾ ਵੈਰੀ ਦਿਸਿਆ। ਪਰ ਇਹ ਸਭ ਮਨੁੱਖ ਦੀ ਮਨੋਦਸ਼ਾ ਨੂੰ ਭੁਲ ਜਾਂਦੇ ਹਨ। ਕਿਸੇ ਹਿੰਦੂ ਦੇ ਮੁਸਲਾਮ ਹੋਣ ਜਾਂ ਕਿਸੇ ਹਿੰਦੂ ਦੇ ਇਸਾਈ ਹੋਣ ਨਾਲ ਅੰਦਰਲਾ ਵੈਰ, ਅੰਦਰਲਾ ਡਰ, ਕਿਦਾਂ ਚਲਾ ਜਾਏਗਾ ? ਵੈਰੀ ਦੂਸਰਾ ਨਹੀਂ, ਵੈਰੀ ਸਾਡਾ ਅੰਦਰਲਾ ਮਨ ਹੈ। ਸਾਡੇ ਮਨ ਵਿਚ ਵੈਰ ਭਾਵਨਾ ਰਹਿੰਦਿਆਂ ਧਰਮ ਬਦਲਣ ਨਾਲ ਕੀ ਹੋਏਗਾ ? ਕੀ ਮੁਸਲਮਾਨ ਦੇਸ਼ਾਂ ਵਿਚ ਮੁਸਲਮਾਨ ਸ਼ਹਿਰੀ ਇਕ ਦੂਜੇ ਦੇ ਵੈਰੀ ਨਹੀਂ ਬਣਦੇ ? ਪਾਕਿਸਤਾਨ ਵਿਚ ਸਿੰਧੀ ਮੁਸਲਮਾਨ ਤੇ ਬਿਹਾਰੀ ਮੁਸਲਮਾਨ ਕਿਉਂ ਇਕ ਦੂਜੇ ਦੀ ਜਾਨ ਦੇ ਵੈਰੀ ਹਨ ? ਕਿਉਂ ਇਰਾਨ ਤੇ ਇਰਾਕ ਦੋਵੇਂ ਮੁਸਲਮਾਨ ਇਕ ਦੂਸਰੇ ਦੇ ਵੈਰੀ ਹਨ। ਅਜ ਤੋਂ 2000 ਸਾਲ ਪਹਿਲਾਂ ਚੀਨ ਨੇ ੬੭੦੦ ਕਿਲੋਮੀਟਰ ਲੰਬੀ ਕੰਧ ਬਣਾਈ। ਇਹ ਕੰਧ ਐਨੀ ਚੌੜੀ ਹੈ ਕਿ ਇਸ ਉਤੇ ਨਾਲ ਨਾਲ ਸਤ ਘੋੜੇ ਦੌੜ ਸਕਦੇ ਹਨ। ਇਹ ਦੁਨੀਆਂ ਦੀ ਸਭ ਤੋਂ ਲੰਬੀ ਤੇ ਪੁਰਾਣੀ ਦੀਵਾਰ ਹੈ। ਪਰ ਕੀ ਇਹ ਚੀਨ ਦਾ ਦੂਸਰਿਆਂ ਨੂੰ ਵੈਰੀ ਸਮਝਣ ਦਾ ਸਬੂਤ ਨਹੀਂ ?

ਕੀ ਇਸ ਲੰਬੇ ਸਮੇਂ ਵਿਚ ਸਾਡਾ ਡਰ ਘਟ ਗਿਆ ਹੈ ? ਨਹੀਂ। ਇਹ ਹੋਰ ਵਧ ਗਿਆ ਹੈ। ਅਮਰੀਕਾ ਅਗਲੇ ਪੰਜ ਸਾਲਾਂ ਵਿਚ ਆਪਣੀ ਰਖਿਆ ਲਈ



Digitized by Panjab Digital Library | www.panjabdigilib.org

੫੫, ੦੦੦,੦੦੦,੦੦੦,੦੦੦ ਡਾਲਰ ਮਾਰੂ ਹਰਿਆਰਾਂ ਦੇ ਬਨਾਣ ਤੇ ਵਿਚਕਾਰ ਤੇ ਖਰਚ ਕਰੇਗਾ। ਇਸ ਦਾ ਕੀ ਅੰਤ ਹੋਏਗਾ ? ਐਨਾ ਡਰ। ਇਸ ਲੋਕ ਦੀ ਗੱਲ ਛਡੋ। ਕੀ ਦੇਵਤਿਆਂ ਦਾ ਰਾਜਾ ਇੰਦਰ ਦੂਸਰੇ ਦੇਵਤਿਆਂ ਨੂੰ ਆਪਣਾ ਵੈਰੀ ਨਹੀਂ ਜਾਣਦਾ ? ਜਦੋਂ ਕਿਸੇ ਦੀ ਭਗਤੀ ਸ਼ਕਤੀ ਸ਼ਾਲੀ ਹੁੰਦੀ ਜਾਂਦੀ ਹੈ ਤਾਂ ਇਸ ਨੂੰ ਆਪਣਾ ਸਿੰਘਾਸਨ ਡੋਲਦਾ ਦਿਸਦਾ ਹੈ। ਇਹ ਰਿਸ਼ੀਆਂ ਮੁਨੀਆਂ ਦੀ ਤਪਸਿਆ ਭੰਗ ਕਰਨ ਦੇ ਜਤਨ ਕਰਦਾ ਹੈ। ਇਸ ਕੰਮ ਲਈ ਇਹ ਸੁੰਦਰ ਅਪਛਰਾਂ ਦੀ ਵਰਤੋਂ ਵੀ ਕਰਦਾ ਹੈ। ਆਪਣੇ ਪਦ ਦੇ ਖੁਸ ਜਾਣ ਦੇ ਡਰੋਂ ਉਹ ਭਲੇ ਭਗਤਾਂ ਨਾਲ ਵੀ ਵੈਰ ਕਮਾਣੋਂ ਨਹੀਂ ਰਹਿੰਦਾ।

## (ਕ) ਅਹੰਕਾਰ ਕਰਕੇ ਨਿਰਵੈਰ ਨਹੀਂ :

ਅਸੀਂ ਆਪਣੇ ਨਿਕੇ ਜਿਹੇ ਵਜੂਦ ਨੂੰ ਬੜੀ ਅਹਿਮੀਅਤ ਦੇਂਦੇ ਹਾਂ। ਸੰਸਾਰ ਦੀ ਮਨੁਖੀ ਆਬਾਦੀ ਕਰੀਬਨ ੫੦੦,੦੦,੦੦,੦੦੦ ਹੈ। ਐਨੀ ਵਡੀ ਗਿਣਤੀ ਵਿਚ ਮੈਂ ਕੀ ਹਾਂ ਮੇਰੀ ਹਸਤੀ ਕੀ ਹੈ ? ਪਰ ਅਸੀਂ ਆਪਣ ਆਪ ਨੂੰ ਬਹੁਤ ਕੁਝ ਸਮਝਦੇ ਹਾਂ। ਸਾਡੀ ਹਸਤੀ ਸਾਗਰ ਵਿਚ ਇਕ ਲਹਿਰ ਨਾਲੋਂ ਵਧ ਨਹੀਂ। ਇਹ ਪਲ ਪਲ ਬਣਦੀ-ਵਿਗੜਦੀ ਰਹਿੰਦੀ ਹੈ। ਹਵਾ ਦਾ ਇਕ ਝਕਾ ਹੈ ਜਿਹੜਾ ਪਾਣੀ ਦੀਆਂ ਕੁਝ ਬੂੰਦਾਂ ਨੂੰ ਉਪਰ ਚੁਕੀ ਫਿਰਦਾ ਹੈ। ਉਸ ਨਾਲ ਇਕ ਆਕਾਰ ਬਣਦਾ ਹੈ ਜਿਸ ਨੂੰ ਅਸੀਂ ਲਹਿਰ ਕਹਿੰਦੇ ਹਾਂ। ਇਦਾਂ ਹੀ ਉਸ ਪ੍ਰਭੂ ਦੀ ਅਪਾਰ ਸ਼ਕਤੀ ਦਾ ਕੁਝ ਹਿੱਸਾ ਸਾਨੂੰ ਘੇਰੀ ਫਿਰਦਾ ਹੈ ਤੇ ਸਾਡਾ ਰੂਪ ਬਣਾਦਾ ਹੈ। ਇਸੇ ਲਈ ਪੁਰਾਣੇ ਧਰਮ ਗਰੰਥਾਂ ਵਿਚ ਮਨੁਖ ਨੂੰ (ਸਗੋਂ ਹਰ ਵਸਤੂ ਨੂੰ) 'ਨਾਮ-ਰੂਪ' ਗਿਆ ਹੈ। ਯਾਨੀ ਉਹ ਰੂਪ ਜਿਹੜਾ ਨਾਮ ਦੇ ਸਹਾਰੇ ਬਣਿਆ ਹੋਇਆ ਹੈ। ਜਿੰਨੀ ਦੇਰ ਸਾਨੂੰ ਨਾਮ ਦਾ ਚੇਤਾ ਨਹੀਂ, ਸਾਨੂੰ ਆਪਣਾ ਰੂਪ ਹੀ ਚੇਤੇ ਰਹੇਗਾ। ਫਲ-ਸਰੂਪ ਅਸੀਂ ਆਪਣੇ ਅਹੰਕਾਰ ਨੂੰ ਪਾਲਾਂਗੇ। ਹਰ ਉਹ ਪ੍ਰਾਣੀ ਜਿਹੜਾ ਸਾਡੇ ਨਾਲੋਂ ਜਿਆਦਾ ਸ਼ਕਤੀ-ਸ਼ਾਲੀ ਹੈ, ਜ਼ਿਆਦਾ ਧੰਨਵਾਨ ਹੈ, ਵਡੀ ਪਦ-ਪਦਵੀ ਵਾਲਾ ਹੈ, ਸਾਡੇ ਅਹੰਕਾਰ ਨੂੰ ਸੱਟ ਮਾਰੇਗਾ ਤੇ ਸਾਡਾ ਵੈਰੀ ਹੋ ਜਾਏਗਾ। ਸਾਨੂੰ ਗਾਲ੍ਹ ਕਢਣ ਵਾਲਾ ਸਾਡਾ ਵੈਰੀ ਇਸ ਕਰਕੇ ਹੋ ਜਾਂਦਾ ਹੈ ਕਿਉਂ-ਕਿ ਉਸ ਦੀ ਗਾਲ੍ਹ ਸਾਡੇ ਆਕਾਰ ਨੂੰ ਸੱਟ ਮਾਰਦੀ ਹੈ। ਨਹੀਂ ਤਾਂ ਗਾਲ ਵਿਚ ਐਡਾ ਕੀ ਹੈ ਜਿਹੜਾ ਸਾਨੂੰ ਉਕਸਾ ਦੇਂਦਾ ਹੈ। ਜਦੋਂ ਗੁਰੂ ਅੰਗਦ ਦੇਵ ਜੀ ਦੇ



Digitized by Panjab Digital Library | www.panjabdigilib.org

ਪੁੱਤਰ ਦਾਤੂ ਨੂੰ ਗੁਰਗਦੀ ਨਹੀਂ ਦਿਤੀ ਗਈ ਤਾਂ ਉਹ ਬਹੁਤ ਨਾਰਾਜ ਹੋਇਆ। ਉਸਨੇ ਗੁਰੂ ਅਮਰਦਾਸ ਜੀ ਨਾਂਲ ਵੈਰ ਕਮਾਇਆ ਤੇ ਇਕ ਦਿਨ ਜਦੋਂ ਗੁਰੂ ਜੀ ਸਾਧ-ਸੰਗਤ ਵਿਚ ਗੁਰਗਦੀ ਤੇ ਬੈਠੇ ਸਨ, ਆਕੇ ਗੁਰੂ ਜੀ ਦੀ ਛਾਤੀ ਤੇ ਲਤ ਕਢ ਮਾਰੀ ! ਨਿਰਵੈਰਤਾ ਦੇ ਪੁੰਜ ਗੁਰੂ ਜੀ ਸ਼ਾਂਤ ਰਹੇ ਤੇ ਕਹਿਣ ਲਗੇ, "ਮੇਰੀਆਂ ਹਡੀਆਂ ਸਖਤ ਹਨ। ਆਪ ਜੀ ਦੇ ਪੈਰ ਕੂਲੇ। ਚੋਟ ਤਾਂ ਨਹੀਂ ਲਗੀ।" ਇਸ ਹਾਲਤ ਵਿਚ ਓਹੀ ਨਿਰਵੈਰ ਰਹਿ ਸਕਦਾ ਹੈ ਜਿਸਨੇ ਆਪਣੇ ਅਸਲੀ ਸੁਭਾ ਨੂੰ ਪਾ ਲਿਆ ਹਵੇ। ਇਕ ਹੋਰ ਸਾਖੀ ਵੀ ਹੈ। ਗੁਰੂ ਜੀ ਬਾਰੇ। ਕਿਸੇ ਸਿਖ ਨੇ ਗੁਰੂ ਜੀ ਕੋਲੋਂ ਪੁਛਿਆ "ਕੋਈ ਵੈਰ ਕਮਾਏ ਤਾਂ ਅਸੀਂ ਕੀ ਕਰੀਏ ?" ਗੁਰੂ ਜੀ ਨੇ ਕਿਹਾ, "ਨਿਰਵੈਰ ਰਹੋ"। ਸਿਖ ਨੇ ਫਿਰ ਕਿਹਾ, "ਜੇ ਉਹ ਵੈਰ ਕਰੀ ਜਾਏ ਤਾਂ ?" ਗੁਰੂ ਜੀ ਨੇ ਉਸ ਨੂੰ ਕਿਹਾ, "ਤੁਸੀਂ ਨਿਰਵੈਰ ਬਣੇ ਰਹੋ ! ਜੇ ਬੁਰਾ ਆਪਣੀ ਬੁਰਾਈ ਨੂੰ ਛਡਣ ਲਈ ਤਿਆਰ ਨਹੀਂ ਤਾਂ ਤੁਸੀਂ ਕਿਉਂ ਆਪਣੀ ਭੁਲਿਆਈ ਛਡੋ ?" ਇਹ ਬਚਨ ਉਸੇ ਦੇ ਹੋ ਸਕਦੇ ਹਨ ਜਿਸ ਵਿਚੋਂ ਵੈਰ ਭਾਵ ਦਾ ਬੀਜ ਹੀ ਮੁਕ ਗਿਆ ਹੋਏ। ਜਿਹੜਾ ਵੈਰ ਸ਼ਬਦ ਦੇ ਅਰਥ ਹੀ ਭੁਲ ਗਿਆ ਹੋਏ। ਧੀਰ ਮਲ ਨੇ ਆਪਣੇ ਭਰੋਸੇ ਵਾਲੇ ਸਾਥੀ ਕੋਲੋਂ ਗਰੂ ਤੇਗ ਬਹਾਦਰ ਸਾਹਿਬ ਉਤੇ ਗੋਲੀ ਚਲਵਾਈ। ਗੋਲੀ ਕੱਨ ਨੂੰ ਚੀਰਦੀ ਹੋਈ ਲੰਘ ਗਈ। ਪਰ ਗੁਰੂ ਜੀ ਦੇ ਚਿਤ ਵਿਚ ਜਰਾ ਜਿਨਾਂ ਵੀ ਵੈਰ ਨਹੀਂ ਜਾਗਿਆ। ਸਾਂਤ ਸਭਾ ਵਿਚ ਰਹੇ ਅਤੇ ਉਨ੍ਹਾਂ ਦੇ ਮੂੰਹੋਂ ਨਿਕਲਿਆ, "ਭਲੇ ਧੀਰਮਲ ਭਲੇ ਜੀ, ਭਲੇ ਧੀਰ ਮਲ।" ਲਤ ਮਾਰਨ ਦੀ ਜਾਂ ਗੋਲੀ ਮਾਰਨ ਦੀ ਘਟਨਾ ਕਿਉਂ ਗੁਰੂਆਂ ਨੂੰ ਬੁਰੀ ਨਹੀਂ ਲਗਦੀ ? ਕਿਉਂਕਿ ਉਨ੍ਹਾਂ ਵਿਚ ਅਹੰਕਾਰ ਭਾਵ ਰਹਿਆ ਹੀ ਨਹੀਂ। ਐਨੀ ਵਡੀ ਪਦਵੀ ਹੋਂਦਿਆ, ਐਨੇ ਸਾਰੇ ਅਣੱਖ ਵਾਲੇ ਸਿਖ ਹੋਂਦਿਆਂ, ਐਨੀ ਮਾਣ-ਮਾਣਤਾ ਹੋਂਦਿਆਂ ਗੁਰੂਆਂ ਵਿਚ ਕੋਈ ਵੈਰ ਭਾਵਨਾ ਨਹੀਂ ਜਾਗੀ ਕਿਉਂਕਿ ਉਹ ਅਹੰਕਾਰ ਰਹਿਤ ਸਨ। ਘੁਰਸਿਖਾਂ ਨੂੰ ਸੱਟ ਲਗੀ ਕਿਉਂਕਿ ਉਨ੍ਹਾਂ ਦੇ ਅਹੰ ਭਾਵ ਨੂੰ ਸੱਟ ਲਗੀ ਕਿ ਕੋਈ ਸਾਡੇ ਗੁਰੂ ਨੂੰ ਲਤ ਮਾਰ ਦਏ। ਸੋ ਨਿਰਵੈਰ ਹੋਣ ਲਈ ਨਿਰ-ਅਹੰਕਾਰ ਹੋਣਾ ਜਰੂਰੀ ਹੈ।

### (ਅ) ਵਿਰਾਟ ਨਾਲੋਂ ਟੁੱਟਣ ਕਰਕੇ ਨਿਰਵੈਰ ਨਹੀਂ :

ਅਸੀਂ ਆਪਣੇ ਅਹੰਕਾਰ ਵਿਚ ਐਨੇ ਬੇਸੁਧ ਹੋ ਜਾਂਦੇ ਹਾਂ ਕਿ ਅਸੀਂ 'ਨਾਮ'



Digitized by Panjab Digital Library | www.panjabdigilib.org

ਨੂੰ ਭੁਲ ਜਾਂਦੇ ਹਾਂ। ਸਾਨੂੰ ਆਪਣਾ ਰੂਪ ਹੀ ਚੇਤੇ ਰਹਿੰਦਾ ਹੈ। ਅਸੀਂ ਭੁਲ ਜਾਂਦੇ ਹਾਂ ਕਿ ਅਸੀਂ ਵਿਰਾਟ ਦਾ ਇਕ ਹਿੱਸਾ ਹਾਂ। ਸਾਡੀ ਹੋਂਦ ਉਸ ਵਿਰਾਟ ਦੀ ਹੋਂਦ ਨਾਲ ਜੁੜੀ ਹੋਈ ਹੈ। ਅਸੀਂ ਹਾਂ ਕਿਉਂਕਿ ਸਾਡੇ ਹੋਣ ਵਿਚ ਉਸ ਵਿਰਾਟ ਦੀ ਸਹਾਇਤਾ ਹੈ। ਅਸੀਂ ਨਹੀਂ ਸਾਂ ਤਾ ਵੀ ਵਿਰਾਟ ਸੀ। ਅਸੀਂ ਨਹੀਂ ਹਵਾਂਗੇ ਤਾਂ ਵੀ ਵਿਰਾਟ ਰਹੇਗਾ। ਸੂਰਜ ਦੀ ਉਪਰਲੀ ਸਤਹ ਦੀ ਗਰਮੀ ੧੨,੦੦੦ ਫਾ. ਡਿਗਰੀ ਹੁੰਦੀ ਹੈ। ਇਸ ਗਰਮੀ ਵਿਚ ਲੋਹਾ ਵੀ ਪਿਘਲ ਜਾਂਦਾ ਹੈ ਤੇ ਆਦਮੀ ਇਕ ਪਲ ਵਿਚ ਸੜ-ਸੁਆਂ ਹੋ ਜਾਏ। ਪਰ ਨਾਮੀ ਨੇ ਸਾਨੂੰ ਬਚਾਣ ਨਹੀਂ, ਸਾਡੀ ਧਰਤੀ ਦੇ ਆਲੇ-ਦੁਆਲੇ ੫੦ ਮੀਲ ਦੀ ਦੂਰੀ ਤੇ ਇਕ ਲਛਮਣ-ਰੇਖਾ ਖਿਚੀ ਹੋਈ ਹੈ। ਸੂਰਜ ਦੀ ਸਾਰੀ ਗਰਮੀ ਤੇ ਉਸ ਤੋਂ ਨਿਕਲੀਆਂ ਭਿਆਨਕ ਗੈਸਾ ਇਸ ਰੇਖਾ ਨੂੰ ਪਾਰ ਨਹੀਂ ਕਰ ਸਕਦੀਆਂ। ਸੂਰਜ ਦੀ ਸਾਰੀ ਗਰਮੀ ਤੇ ਉਸ ਤੋਂ ਨਿਕਲਦੀਆਂ ਗੈਸਾਂ ਧਰਤੀ ਤੋਂ ੫੦ ਮੀਲ ਪਰੇ ਹੀ ਰਹਿ ਜਾਂਦੀਆਂ ਹਨ। ਹਵਾ ਵਿਚ ਇਕ ਗੈਸ ਹੁੰਦੀ ਹੈ ਜਿਹੜੀ ਸਾਡੇ ਵਧਣ-ਫੂਲਣ ਵਿਚ ਮਦਦ ਕਰਦੀ ਹੈ। ਜੇ ਇਹ ਗੈਸ ਨ ਹੋਏ ਤਾਂ ਮਨੁਖ ਦਾ ਨਾ ਕਦ ਵਧੇ ਤੇ ਨ ਵਜਨ। ਇਹ ਗੈਸ ਹਵਾ ਵਿਚੋਂ ਮਿਟੀ ਵਿਚ ਜਾਂਦੀ ਹੈ। ਮਿਟੀ ਵਿਚੋਂ ਇਹ ਸਾਗ-ਸਬਜ਼ੀ ਵਿਚ ਆ ਜਾਂਦੀ ਹੈ। ਤੇ ਸਬਜ਼ੀ ਦੀ ਵਰਤੋਂ ਰਾਹੀਂ ਅਸੀਂ ਉਹ ਗੈਸ ਆਪਣੇ ਅੰਦਰ ਲੈ ਜਾਂਦੇ ਹਾਂ। ਇਹੀ ਸਾਡੇ ਵਧਣ ਵਿਚ ਮਦਦ ਕਰਦੀ ਹੈ। ਇਸ ਗੈਸ ਦਾ ਭੰਡਾਰ ਮੁਕਦਾ ਨਹੀਂ ਕਿਉਂਕਿ ਅਸੀਂ ਇਸ ਗੈਸ ਨੂੰ ਟੱਟੀ-ਪਿਸ਼ਾਬ ਰਾਹੀਂ ਬਾਹਰ ਕਢ ਦੇਂਦੇ ਹਾਂ ਤੇ ਇਹ ਫਿਰ ਮਿਟੀ ਵਿਚ ਜਾ ਰਲਦੀ ਹੈ। ਇਹ ਚੱਕਰ ਚਲਦਾ ਰਹਿੰਦਾ ਹੈ। ਜਦੋਂ ਦੀ ਦੁਨੀਆਂ ਬਣੀ ਹੈ ਹਵਾ ਵਿਚ ਇਸ ਗੈਸ ਦੀ ਮਿਕਦਾਰ ੭੮% ਹੀ ਰਹੀ ਹੈ। ਇਹ ਨਾ ਘੱਟਦੀ ਹੈ ਨਾ ਵਧਦੀ ਹੈ। ਇਹੀ ਹਾਲ ਪਾਣੀ ਦਾ ਹੈ। ਤੁਹਾਨੂੰ ਸ਼ਾਇਦ ਪਤਾ ਹੋਏਗਾ ਕਿ ਕਰੀਬਨ ਪਿਛਲੇ ੫, ੫੦,੦੦,੦੦੦,੦੦੦ ਸਾਲਾਂ ਤੋਂ (ਇਹ ਸਾਡੀ ਧਰਤੀ ਦੀ ਉਮਰ ਦਸੀ ਜਾਂਦੀ ਹੈ) ਸਾਡੀ ਧਰਤੀ ਤੇ ਪਾਣੀ ਦੀ ਮਿਕਦਾਰ ਵਿਚ ਕੋਈ ਫਰਕ ਨਹੀਂ ਪਿਆ। ਇਸ ਵਿਚ ਨਾ ਘਾਟ ਹੈ ਨਾ ਵਾਧ ਹੈ ਘਾਟ ਨ ਵਾਧ ਹੋਤ ਹੈ।" ਕਈ ਅਰਬਾਂ ਸਾਲਾਂ ਵਿਚ ਪਾਣੀ ਦੀ ਇਕ ਬੂੰਦ ਵੀ ਘਟ ਨਹੀਂ ਹੋਈ। ਹਵਾ ਵਿਚ ਇਕ ਹੋਰ ਗੈਸ ਸਾਨੂੰ ਜੀਣ ਵਿਚ ਮਦਦ ਕਰਦੀ ਹੈ। ਜੇ ਰਬ ਸੂਰਜ ਦੀ ਗਰਮੀ ਨੂੰ ਨ ਸਾਂਭੇ ਤਾਂ ਅਸੀਂ ਸੜ ਸੁਆਹ ਹੋ ਜਾਈਏ। ਜੇ ਸੂਰਜ ਗਰਮੀ ਦੇਣਾ ਬੰਦ ਕਰ ਦੇਏ ਤਾਂ ਅਸੀਂ ਠੰਢ ਨਾਲ ਜਮ ਜਾਈਏ ਤੇ ਸਾਡੀਆਂ



Digitized by Panjab Digital Library | www.panjabdigilib.org

ਨਸਾਂ ਵਿਚ ਲਹੂ ਜਮ ਜਾਏ । ਜੇ ਪਹਿਲੀ ਗੈਸ ਨ ਹੋਏ ਤਾਂ ਅਸੀਂ ਫਲ-ਫੁਲ ਨਾ ਸਕੀਏ ਤੇ ਜੇ ਦੂਸਰੀ ਗੈਸ ਨ ਹੋਏ ਤਾਂ ਅਸੀਂ ਬਿਨਾ ਸਾਹ ਲਿਆ ਹੀ ਮਰ ਜਾਈਏ । ਇਹ ਹੈ ਸਾਡੇ ਜੀਵਨ ਵਿਰਾਟ ਦਾ ਲੁਕਿਆ ਹੱਥਾ ਪਰ ਅਸੀਂ ਉਸਨੂੰ ਭੁਲੇ ਬੈਠੇ ਹਾਂ । ਅਸੀਂ ਭੁਲੇ ਬੈਠੇ ਹਾਂ ਕਿ ਉਹੀ ਸਭ ਵਿਚ ਹੈ, ਉਹੀ ਸਭ ਦੇ ਪਿਛੇ ਹੈ । ਕਿਤੇ ਉਸ ਦਾ ਹਥ ਪ੍ਰਗਟ ਦਿਸਦਾ ਹੈ ਤੇ ਕਿਤੇ ਨਹੀਂ । ਉਹੀ ਖਾਲਕ ਖਲਕ ਵਿਚ ਹੈ । ਉਹੀ ਮੇਰੇ ਵਿਚ ਹੈ ਉਹੀ ਤੁਹਾਡੇ ਵਿਚ ਹੈ । ਫਰੀਦ ਜੀ ਕਹਿੰਦੇ ਹਨ—

ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ ॥
ਮੰਦਾ ਕਿਸ ਨੂੰ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ ॥

(ਪੰਨਾ ੧੩੮੧)

ਸਰਬ ਨਿਵਾਸੀ ਸਦਾ ਅਲੇਪਾ ਸਭ ਮਹਿ ਰਹਿਆ ਸਮਾਇਓ ॥

(ਪੰਨਾ ੬੧੭)

ਘਟਿ ਘਟਿ ਮਹਿ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ ।

(ਪੰਨਾ ੧੪੨੬)

ਉਹ ਹਰੀ, ਉਹ ਰਾਮ, ਸਿਰਫ ਮਨੁੱਖ ਅੰਦਰ ਹੀ ਨਹੀਂ ਬਲਕਿ ਹਰ ਪ੍ਰਾਣੀ ਵਿਚ ਹੈ । ਉਹ ਵੱਡੇ ਤੋਂ ਵੱਡੇ ਹਾਥੀ ਤੇ ਛੋਟੀ ਤੋਂ ਛੋਟੀ ਕੀੜੀ ਵਿਚ ਹੈ । ਉਹ ਕੀੜਿਆਂ ਵਿਚ ਹੈ, ਪਤੰਗਿਆ ਵਿਚ ਹੈ, ਲਤਾਂ ਵਾਲੇ ਪ੍ਰਾਣੀਆਂ ਵਿਚ ਹੈ, ਬਿਨਾਂ ਲਤਾਂ ਵਾਲੇ ਪੇੜ-ਪ੍ਰਬਤ ਵਿਚ ਹੈ । ਸਭ ਵਿਚ ਉਹੀ ਰਾਮ ਹੀ ਹੈ । ਭਗਤ ਨਾਮ ਦੇਵ ਜੀ ਕਹਿੰਦੇ ਹਨ—

ਸਭੈ ਘਟ ਰਾਮ ਬੋਲੈ, ਰਾਮਾ ਬੋਲੈ ।
ਰਾਮ ਬਿਨਾ ਕੋ ਬੋਲੇ ਰੇ ॥ਰਹਾਉ॥
ਏਕਲ ਮਾਟੀ ਕੁੰਚਰ ਚੀਟੀ ਭਾਜਨ ਹੈ ਬਹੁ ਨਾਨਾ ਰੇ ॥
ਅਸਥਾਵਰ ਜੰਗਮ ਕੀਟ ਪਤੰਗਮ
ਘਟਿ ਘਟਿ ਰਾਮ ਸਮਾਨ ਰੇ ॥

(ਪੰਨਾ ੯੮੮)



Digitized by Panjab Digital Library | www.panjabdigilib.org

## (ਸ) ਭੇਖ ਕਰਕੇ ਨਿਰਵੈਰ ਨਹੀਂ :

ਸਾਡਾ ਅਸਲੀ ਸਰੂਪ ਤਾਂ ਨਿਰਵੈਰ ਹੋਣਾ ਹੀ ਹੈ। ਪਰ ਸੰਸਾਰ ਦੀ ਸਿਖਲਾਈ ਤੇ ਸਾਡੇ ਆਪਣੇ ਅਨੁਭਵ ਨੇ ਸਾਨੂੰ ਦੋਹਰੀ ਪਾਲਿਸੀ ਅਪਨਾਣਾ ਸਿਖਾ ਦਿਤਾ ਹੈ। ਸਾਨੂੰ ਸਿਖਾਣ ਵਾਲੇ ਸਾਨੂੰ ਸਿਖਾਂਦੇ ਕੁਝ ਹਨ ਤੇ ਕਰਦੇ ਕੁਝ ਹਨ। ਸਾਡੇ ਸਾਧ-ਸੰਤ ਤੇ ਧਾਰਮਕ ਆਗੂ ਨਿਰਵੈਰ ਹੋਣ ਦਾ ਸਬਕ ਦੇਂਦੇ ਹਨ ਪਰ ਖੁਦ ਇਸ ਉਪਦੇਸ਼ ਨਾ ਪਾਲਣ ਨਹੀਂ ਕਰਦੇ। ਅਸੀਂ ਆਪਣੀ ਵੈਰ ਭਾਵਨਾ ਛੁਪਾ ਲੈਂਦੇ ਹਾਂ ਤੇ ਮੂੰਹ ਤੇ ਨਿਰਵੈਰਤਾ ਦਾ ਮਖੌਟਾ ਚੜਾ ਲੈਂਦੇ ਹਾਂ। ਅਸੀਂ ਬਾਹਰੋਂ ਨਿਰਵੈਰਤਾ ਦਾ ਚੋਗਾ ਪਾ ਲੈਂਦੇ ਹਾਂ ਤੇ ਅੰਦਰੋਂ ਵੈਰ ਪਾਲੀ ਰਖਦੇ ਹਾਂ। ਆਪਣੇ ਸਮੇਂ ਦੇ ਬਰਾਹਮਣਾ ਦਾ ਜ਼ਿਕਰ ਕਰਦੇ ਹੋਏ ਗੁਰੂ ਨਾਨਕ ਦੇਵ ਜੀ ਦਸਦੇ ਹਨ ਕਿ ਉਹ ਉਪਰੋਂ ਤਾਂ ਗਾਂ ਦੀ ਇਜ਼ਤ ਕਰਦੇ ਹਨ ਤੇ ਉਸ ਦੇ ਗੋਹੇ ਦਾ ਲੇਪ ਕਰਕੇ ਥਾਂ ਪਵਿਤਰ ਕਰਦੇ ਹਨ ਤੇ ਅੰਦਰੋਂ ਗਾਂ ਖਾਣ ਵਾਲਿਆਂ ਨਾਲ ਮਿਲ-ਵਰਤਣ ਰਖਦੇ ਹਨ, ਉਹ ਉਪਰੋਂ ਧਾਰਮਕ ਭੇਖ ਬਣਾਈ ਰਖਦੇ ਹਨ (ਸੁਥਰੀ ਧੋਤੀ, ਮਥੇ ਤਿਲਕ ਤੇ ਹਥ ਮਾਲਾ) ਤੇ ਅੰਦਰੋਂ ਧਰਮ ਦੇ ਵਿਰੋਧੀਆਂ ਕੋਲੋਂ ਪੈਸੇ ਲੈਂਦੇ ਹਨ, ਉਹ ਬਾਹਰੋਂ ਆਪਣੇ ਬ੍ਰਹਮਣੀ ਧਰਮ ਦੇ ਗਰੰਥਾਂ ਦੀ ਪੂਜਾ ਕਰਦੇ ਹਨ ਤੇ ਅੰਦਰੋਂ ਇਸੇ ਧਰਮ ਦੇ ਮੁਖਾਲਫਾਂ ਵਾਲੀ ਰਹਿਣੀ ਬਹਿਣੀ ਬਣਾਈ ਰਖਦੇ ਹਨ। ਗੁਰੂ ਜੀ ਇਸ ਪਾਖੰਡੀ ਜੀਵਨ ਦਾ ਜਿਕਰ ਕਰਦੇ ਹੋਏ ਕਹਿੰਦੇ ਹਨ—

ਗਊ ਬਿਰਾਹਮਣ ਕਉ ਕਰ ਲਾਵਹੁ ਗੋਬਰਿ ਤਰਣੁ ਨ ਜਾਈ ॥
ਧੋਤੀ ਟਿਕਾ ਤੈ ਜਪਮਾਲੀ ਧਾਨੁ ਮਲੇਛਾਂ ਖਾਈ ॥
ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾਂ ਭਾਈ ॥
ਛੋਡੀਲੇ ਪਾਖੰਡਾ ਨਾਮਿ ਲਇਐ ਜਾਹਿ ਤਰੰਦਾ ॥

(ਪੰਨਾ ੪੭੧)

ਆਪਣੇ ਸਾਥੀਆਂ ਦੀ ਅਗਵਾਈ ਦਾ ਭੇਖ ਵੀ ਬਣਾਈ ਰਖਦੇ ਹਨ ਤੇ ਉਨ੍ਹਾ ਨਾਲ ਅੰਦਰੋਂ ਵੈਰ ਵੀ ਕਮਾਂਦੇ ਰਹਿੰਦੇ ਹਨ। ਸਾਡੇ ਦੇਸ ਦੇ ਇਕ ਸੰਤ ਨੇ ਅਮਰੀਕਾ ਵਿਚ ਪਾਣੀ ਵਿਚ ਦਵਾਈ ਮਿਲਾ ਕੇ ਮੁਖਾਲਫ ਪਾਰਟੀ ਦੇ ਲੋਕਾਂ ਨੂੰ ਬੀਮਾਰ ਕਰ ਦਿਤਾ ਤਾਂ ਕਿ ਉਹ ਹੋਣ ਵਾਲੀਆਂ ਚੋਣਾਂ ਵਿਚ ਵੋਟ ਨਾ ਪਾ ਸਕਣ ਤੇ ਉਸ



Digitized by Panjab Digital Library | www.panjabdigilib.org

ਇਸੇ ਵਿਚਾਰ ਨੂੰ ਦ੍ਰਿੜ ਕਰਨ ਲਈ ਸਾਡੇ ਦੇਸ ਵਿਚ ਪੱਥਰ ਦੀਆਂ ਕਈ ਮੂਰਤੀਆ ਵਿਚ ਨਰ ਤੇ ਪਸ਼ੂ ਦਾ ਸਾਂਝਾ ਰੂਪ ਦਰਸਾਇਆ ਜਾਂਦਾ ਹੈ। ਜਿਦਾਂ ਗਣਪਤੀ ਦੇਵਤਾ ਦਾ ਸਿਰ ਹਾਥੀ ਦਾ ਹੈ ਤੇ ਸਰੀਰ ਮਨੁਖ ਦਾ, ਨਰਸਿੰਘ ਭਗਵਾਨ ਦਾ ਸਿਰ ਸੇਰ ਦਾ ਹੈ ਤੇ ਸ਼ਰੀਰ ਮਨੁਖ ਦਾ। ਇਹ ਪ੍ਰਤੀਕ ਹਨ ਸਾਡੀ ਸਾਂਝੀ-ਵਾਲਤਾ ਦੇ। ਇਹ ਮੂਰਤੀਆਂ ਇਹੀ ਦਰਸਾਂਦੀਆਂ ਹਨ ਕਿ ਸਭ ਵਿਚ ਉਹੀ ਹੈ। ਅਸੀਂ ਉਸ ਵਿਰਾਟ ਨਾਲ ਜੁੜੇ ਹੋਏ ਹਾਂ, ਇਸ ਲਈ ਅਸੀਂ ਕਿਸੇ ਦੇ ਵੈਰੀ ਕਿਦਾਂ ਹੋ ਸਕਦੇ ਹਾਂ ? ਬ੍ਰਹਮ ਦੇਵਤਾ ਦਾ ਸਾਥੀ ਕਮਲ ਦਾ ਫੂਲ ਬਨਸਪਤੀ ਹੈ, ਵਿਸ਼ਨੂੰ ਦਾ ਗਰੁੜ (ਪੰਖੀ) ਤੇ ਸ਼ਿਵ ਜੀ ਦਾ ਸੱਪ (ਪਸ਼ੂ) ਹੈ। ਇਹ ਸਭ ਸਾਨੂੰ ਅਨੇਕਤਾ ਵਿਚ ਏਕਤਾ ਦਰਸਾਣ ਲਈ ਹਨ। ਇਹੀ ਸਾਨੂੰ ਸਭ ਜੀਵਾਂ ਤੇ ਅਜੀਵਾਂ ਵੱਲ ਨਿਰਵੈਰ ਭਾਵਨਾ ਰੱਖਣਾ ਸਿਖਾਂਦੇ ਹਨ। ਗਹਿਰੀ ਸਮਝ ਪੈਣ ਨਾਲ ਪਤਾ ਲਗ ਜਾਂਦਾ ਹੈ ਕਿ ਦੂਸਰੇ ਨਾਲ ਵੈਰ ਅਸਲ ਵਿਚ ਸਾਡਾ ਆਪਣੇ ਆਪ ਨਾਲ ਹੀ ਵੈਰ ਹੈ ਕਿਉਂਕਿ ਦੂਸਰਾ ਵੀ ਸਾਡੇ ਵਾਂਗ ਉਸ ਅਨੰਤ ਦਾ ਇਕ ਅੰਗ ਹੀ ਹੈ। ਇਕ ਹਥ ਦੂਸਰੇ ਹਥ ਦਾ ਵੈਰੀ ਕਿਦਾਂ ਹੋ ਸਕਦਾ ਹੈ ?

## (ੲ) ਪਿਆਰ ਦੀ ਘਾਟ ਕਰਕੇ ਨਿਰਵੈਰ ਨਹੀ:

ਅਸੀਂ ਵਿਰਾਟ ਨਾਲ ਤਾਂ ਕੀ ਜੁੜਨਾ ਹੈ, ਅਸੀਂ ਆਪਣੇ ਨਾਲੋਂ ਵੀ ਟੁਟੇ ਹੋਏ ਹਾਂ। ਅਸੀਂ ਕਿਸੇ ਨਾਲ ਕੀ ਪਿਆਰ ਪਾਣਾ ਹੈ ਅਸੀਂ ਆਪਣੇ ਨਾਲ ਹੀ ਪਿਆਰ ਨਹੀਂ ਪਾ ਸਕੇ। ਤੁਹਾਨੂੰ ਪਤਾ ਹੈ ਆਤਮਾ ਹੱਤਿਆ ਦੀਆਂ ਵਾਰਦਾਤਾਂ ਦਿਨ ਬ-ਦਿਨ ਵਧ ਰਹੀਆਂ ਹਨ। ੧੯੮੬ ਦੇ ਸਰਵੇ ਅਨੁਸਾਰ ਦੁਨੀਆਂ ਵਿਚ ਸਭ ਤੋਂ ਜਿਆਦਾ ਆਤਮ-ਹਤਿਆਵਾਂ ਹੰਗਰੀ ਦੇਸ਼ ਵਿਚ ਹੋਇਆ ਅਤੇ ਉਸ ਦਾ ਦਰ ੪੩ ਪ੍ਰਤੀ ਲਖ ਸੀ। ਆਦਮੀ ਆਪਣੇ ਨਾਲੋਂ ਟੁਟ ਰਿਹਾ ਹੈ ਤੇ ਜੀਵਨ ਨੂੰ ਅਰਥ-ਹੀਨ ਸਮਝਣ ਲਗ ਪਿਆ ਹੈ। ਉਸਨੂੰ ਜੀਵਨ ਦੀ ਸੇਧ ਨਹੀਂ ਮਿਲ ਰਹੀ। ਇਛਾਵਾਂ ਦੀ ਅਪੂਰਤੀ ਥੋੜੇ ਜਿਹੇ ਸਰੀਰਕ, ਮਾਨਸਕ ਤੇ ਮਾਇਕ ਦੁਖ ਤੇ ਸਾਨੂੰ ਜੀਵਨ ਡੁਬਦਾ ਦਿਸਦਾ ਹੈ। ਮਨੁਖ ਭੁਲ ਜਾਂਦਾ ਹੈ ਕਿ 'ਮਾਨਸ ਦੇਹ ਬਹੁਰਿ ਨਹਿ ਪਾਵਹਿ ਕਛੂ ਉਪਾਉ ਮੁਕਤਿ ਕਾ ਕਰੁ ਹੇ ॥

ਇਸ ਮਨੋਦਸ਼ਾ ਵਾਲਾ ਮਨੁਖ ਜੇ ਆਪਣੀ ਜਾਨ ਨ ਲਵੇ ਤਾਂ ਦੂਸਰੇ ਦੀ ਜਾਨ ਲੈਣ ਨੂੰ ਤਿਆਰ ਰਹਿੰਦਾ ਹੈ। ਸਾਡੇ ਦੇਸ਼ ਵਿਚ ਖੂਨ-ਖਰਾਬਾ ਵਧ ਰਿਹਾ



Digitized by Panjab Digital Library | www.panjabdigilib.org

ਹੈ। ਲੋਕੀਂ ਐਨੀਂ ਟੈਨਸ਼ਨ (Tension) ਵਿਚ ਹਨ ਕਿ ਨਿਕੀ ਜਿਹੀ ਗਲ ਦਾ ਹੋਣਾ ਜਾਂ ਨਾ ਹੋਣਾ ਖ਼ੂਨ-ਖਰਾਬੇ ਦਾ ਕਾਰਣ ਬਣ ਜਾਂਦਾ ਹੈ। ਤੁਹਾਡਾ ਹਥ ਕਿਸੇ ਨੂੰ ਲਗਣਾ, ਤੁਹਾਡੀ ਕਾਰ ਨਾ ਕਿਸੇ ਨੂੰ ਛੋ ਜਾਣਾ, ਤੁਹਾਡਾ ਦੂਸਰੇ ਧਰਮ ਜਾਂ ਜਾਤ ਦਾ ਨਾ ਹੋਵੇ, ਵੈਰ ਪਾਣ ਲਈ ਕਾਫੀ ਹੈ। ਥੋੜ੍ਹੇ ਜਿਹੇ ਧਨ ਦੀ ਖਾਤਰ ਜਨਾਨੀਆਂ ਨੂੰ ਸਾੜ ਦੇਣਾ ਸਾਡੇ ਦੇਸ਼ ਵਿਚ ਆਮ ਗਲ ਸੰਮਝੀ ਜਾਂਦੀ ਹੈ।

ਇਕ ਸਰਵੇ ਅਨੁਸਾਰ ਬੰਗਲੌਰ ਸ਼ਹਿਰ ਦੇ ਹਸਪਤਾਲਾ ਵਿਚ ੧੯੬੬ ਵਿਚ ਜਿਹੜੇ ਸੜਣ ਦੇ ਕੇਸ ਹੋਏ ਉਨ੍ਹਾਂ ਵਿਚੋਂ ੯੦% ਜਨਾਨੀਆਂ ਸਨ ਤੇ ਵਿਆਹੀਆਂ ਹੋਈਆਂ ਸਨ। ਤੇ ਉਨ੍ਹਾਂ ਦੀ ਉਮਰ ੩੫ ਸਾਲ ਤੋਂ ਘੱਟ ਸੀ। ਕਿਉਂ ਸੜਣ ਵਾਲੀਆਂ ਜਨਾਨੀਆਂ ਵੀ ਸਨ, ਜਵਾਨ ਸਨ ਤੇ ਵਿਆਹੀਆਂ ਹੋਈਆਂ ਸਨ ? ਇਹ ਵੈਰ ਕਿਉਂ ? ਇਹ ਜ਼ੁਲਮ ਕਿਉਂ ? ਇਹ ਬੀਮਾਰੀ ਮਨ ਦੀ ਉਪਜ ਹੈ। ਇਸਾਈ ਲੋਗ ਨਵੰਬਰ ਮਹੀਨੇ ਦੇ ਅਖੀਰਲੇ ਵੀਰਵਾਰ ਨੂੰ (ਕਰੀਬਨ ਕ੍ਰਿਸਮਿਸ ਤੋਂ ਮਹੀਨਾ ਪਹਿਲਾ) ਰਬ ਦਾ ਸ਼ੁਕਰਾਨਾ ਕਰਦੇ ਹਨ ਕਿ ਉਸ ਨੇ ਮਨੁਖਤਾ ਦੇ ਭਲੇ ਲਈ ਅਹਿੰਸਾ ਦੇ ਪੈਗੰਬਰ ਈਸਾ ਨੂੰ ਭੇਜਿਆ। ਉਸ ਖ਼ੁਸ਼ੀ ਵਾਲੇ ਪਵਿਤ੍ਰ ਦਿਨ ਅਮਰੀਕਾ ਵਿਚ ਇਕ ਕਰੋੜ ਦੇ ਕਰੀਬ ਮੁਰਗੇ ਵਢੇ ਤੇ ਖਾਧੇ ਜਾਂਦੇ ਹਨ। ਇਹ ਹੈ ਸਾਡਾ ਨਿਰਵੈਰ ਭਾਵ, ਇਹ ਹੈ ਸਾਡਾ ਰਬ ਦਾ ਸ਼ੁਕਰਾਨਾ ਕਰਨ ਦਾ ਢੰਗ !! ਕੋਈ ਹੈਰਾਨੀ ਨਹੀਂ ਕਿ ਅਜੇਹਾ ਅਮੀਰ ਸਿਖਅਤ ਦੇਸ਼ ਦਿਸਾ-ਹੀਨ ਹੋ ਗਿਆ ਹੈ ਤੇ ਵਿਨਾਸ ਦੀ ਰਾਹੇ ਪਿਆ ਹੈ। ਉਸ ਦੇਸ਼ ਦੇ ਮਸ਼ਹੂਰ ਅਖਬਾਰ ਨੇ ਲਿਖਿਆ ਹੈ ਕਿ ੫੯% ਅਮਰੀਕਨ ਜਾਣਦੇ ਹਨ ਕਿ ਉਨ੍ਹਾਂ ਦਾ ਦੇਸ਼ ਗਲਤ ਰਾਹ ਤੇ ਹੈ ਪਰ ਉਹ ਨਹੀਂ ਜਾਣਦੇ ਕਿ ਕੀ ਕਰਨ। ਲੋਕੀਂ ਭੰਬਲ-ਭੂਸੇ ਵਿਚ ਪਏ ਹਨ। ਇਸ ਦਿਸ਼ਾ-ਹੀਨ ਹਾਲਤ ਵਿਚ ਕੌਣ ਕਿਸੇ ਨੂੰ ਪਿਆਰ ਕਰ ਸਕਦਾ ਹੈ ਕੌਣ ਦੂਸਰੇ ਦੇ ਬਾਰੇ ਸੋਚ ਸਕਦਾ ਹੈ। ਕੌਣ ਨਿਰਵੈਰ ਭਾਵ ਕਮਾ ਸਕਦਾ ਹੈ। ਵੈਰ ਨੂੰ ਮੁਕਾਣ ਲਈ ਪਿਆਰ ਦੀ ਖੁਸ਼ਬੋ ਵੰਡਣੀ ਪੈਂਦੀ ਹੈ। ਜਿਉਂ-ਜਿਉਂ ਪਿਆਰ ਵਧਦਾ ਹੈ ਵੈਰ ਘਟਦਾ ਹੈ ਤੇ ਇਕ ਸਮੇਂ ਸਾਰੀ ਮਨੁਖਤਾ, ਸਾਰੇ ਦੇਸ਼, ਗੁਰੂ ਆਸੇ ਅਨੁਸਾਰ ਨਿਰਵੈਰ ਹੋ ਜਾਂਦੇ ਹਨ। ਸਿਖੀ ਦਾ ਵੀਜ਼ਾ ਹੀ ਪਿਆਰ ਵੰਡਣਾ ਹੈ। ਗੁਰੂ ਗੋਬਿੰਦ ਸਿੰਘ ਜੀ ਤਾਂ ਰਬ ਨੂੰ ਮਿਲਣ ਦਾ ਤਰੀਕਾ ਹੀ ਪਿਆਰ ਦਸਦੇ ਹਨ। ਆਪ ਕਹਿੰਦੇ ਹਨ—

ਸਾਚ ਕਹੋਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ
ਤਿਨ ਹੀ ਪ੍ਰਭ ਪਾਇਓ ॥੯॥

(ਸਵੈਯੇ—ਪਾਤਸ਼ਾਹੀ ਦਸਵੀਂ)



Digitized by Panjab Digital Library | www.panjabdigilib.org

ਸੰਤ ਦੇ ਸਾਥੀ ਚੁਨਾਉ ਜਿੱਤ ਗਏ। ਉਸਨੂੰ ਅਦਾਲਤ ਨੇ ਕਈ ਕਰੋੜ ਰੁਪਏ ਦਾ ਜੁਰਮਾਨਾ ਕੀਤਾ ਤੇ ਅਮਰੀਕਾ ਛਡ ਦੇਣ ਦਾ ਹੁਕਮ ਦਿਤਾ। ਉਸ ਸੰਤ ਦੀ ਮਹਾਨਤਾ ਦੀ ਪਕੜ ਐਸੀ ਸੀ ਕਿ ਲੋਕਾਂ ਨੂੰ ਰਤੀ ਭਰ ਵੀ ਸ਼ੱਕ ਨਹੀਂ ਹੋਇਆ ਕਿ ਉਹ ਇਨਾਂ ਫਰੇਬੀ ਤੇ ਨਿਰਦਈ ਹੋ ਸਕਦਾ ਹੈ। ਬੰਬਈ ਦੇ ਕੋਲ ਇਕ ਪਿੰਡ ਦੇ ਧਾਰਮਕ ਪੁਜਾਰੀ ਜਿਸਦੀ ਬੜੀ ਮਹਾਨਤਾ ਸੀ ਨੇ ਇਕ ਨਿੱਕੀ ਜਿਹੀ ਬਾਲੜੀ ਨੂੰ (ਜਿਹੜੀ ਉਸ ਕੋਲੋਂ ਪ੍ਰਸ਼ਾਦ ਲੈਣ ਆਈ ਸ।) ਮਾਰ ਕੇ ਦੇਵੀ ਅਗੇ ਉਸ ਦੀ ਬਲੀ ਚੜਾ ਦਿਤੀ। ਉਸ ਪੁਜਾਰੀ ਦੀ ਐਨੀ ਮਹਾਨਤਾ ਸੀ ਕਿ ਕਿਸੇ ਨੇ ਵੀ ਉਸ ਉਤੇ ਸ਼ਕ ਨਹੀਂ ਕੀਤਾ ਤੇ ਪਤਾ ਲੱਗ ਜਾਣ ਦੇ ਬਾਦ ਵੀ ਪੁਲਿਸ ਨੂੰ ਰਿਪੋਰਟ ਨਹੀਂ ਕੀਤੀ। ਪੁਲਿਸ ਉਤੇ ਵੀ ਉਸਦਾ ਪ੍ਰਭਾਵ ਐਨਾ ਸੀ ਕਿ ਉਨ੍ਹਾਂ ਨੇ ਕੇਸ ਦੀ ਪੈਰਵੀ ਚੰਗੀ ਤਰ੍ਹਾਂ ਨਹੀਂ ਕੀਤੀ

ਇਨ੍ਹਾਂ ਆਗੂ ਨੂੰ ਦੇਖ ਕੇ ਅਸੀਂ ਵੀ ਉਹੀ ਢੰਗ ਅਪਨਾ ਲੈਂਦੇ ਹਾਂ। ਅਸੀਂ ਵੀ ਬਾਹਰੋਂ ਨਿਰਵੈਰ ਹੋਣ ਦਾ ਢੋਂਗ ਰਚਾਈ ਰਖਦੇ ਹਾਂ ਤੇ ਅੰਦਰੋਂ ਵੈਰ ਦੀ ਕਮਾਈ ਕਰੀ ਜਾਂਦੇ ਹਾਂ। ਮਨੋਵਿਗਿਆਨਕਾਂ ਦਾ ਮਤ ਹੈ ਕਿ ਇਸ ਭੇਖ ਨੂੰ ਨਿਭਾਣ ਲਈ ਅਸੀਂ ਨਿਰਵੈਰਤਾ ਨੂੰ ਸੁਚੇਤ ਮਨ ਵਿਚ ਸਾਂਭੀ ਰਖਦੇ ਹਾਂ ਤੇ ਵੈਰ ਨੂੰ ਅਚੇਤ ਮਨ ਵਿਚ ਲੁਕਾ ਲੈਂਦੇ ਹਾਂ। ਸਮਝੋ ਅਸੀਂ ਕੁਝ ਕਰਨਾ ਚਾਹੁੰਦੇ ਹਾਂ ਪਰ ਸੰਸਾਰੀ ਨਿਯਮ ਉਹ ਕਰਨ ਦੀ ਆਗਿਆ ਨਹੀਂ ਦੇਂਦਾ। ਅਸੀਂ ਉਸ ਭਾਵਨਾ ਨੂੰ ਅਚੇਤ ਮਨ ਵਿਚ ਧਕ ਦੇਂਦੇ ਹਾਂ। ਇਹ ਦੋਗਲਾਪਣ ਹੀ ਸਾਡੇ ਦੁਖ ਦਾ ਕਾਰਣ ਹੈ ਤੇ ਇਹੋ ਨਿਰਵੈਰ ਭਾਵ ਦੇ ਜਗਾਣ ਵਿਚ ਰੋੜਾ ਅਟਕਾਂਦਾ ਹੈ। ਅਸੀਂ ਵੈਰ ਪਾਲਦੇ ਹਾਂ ਪਰ ਮਨਦੇ ਨਹੀਂ ਕਿ ਅਸੀਂ ਇਦਾਂ ਕਰ ਰਹੇ ਹਾਂ। ਮਨ ਦਾ ਇਕ ਹੋਰ ਗੁਣ ਇਹ ਹੈ ਕਿ ਇਹ ਆਪਣੇ ਅਚੇਤ ਵਿਚ ਛੁਪੇ ਵਿਕਾਰਾਂ ਨੂੰ ਦੂਸਰੇ ਦੇ ਮਥੇ ਮੜ੍ਹਦਾ ਹੈ। ਇਸਨੂੰ ਮਨੋਵਿਗਿਆਨਕ ਪਰੋਜੈਕਸਨ (Projeetion) ਕਹਿੰਦੇ ਹਨ। ਜਿੜੀਆਂ ਬੁਰਾਈਆਂ ਸਾਡੇ ਵਿਚ ਹਨ ਉਸ ਕੋਲੋਂ ਅਸੀਂ ਮੁਨਕਰ ਹੋ ਜਾਂਦੇ ਹਾਂ ਤੇ ਉਨ੍ਹਾਂ ਨੂੰ ਅਸੀਂ ਦੂਸਰੇ ਵਿਚ ਦੇਖਣ ਲਗਦੇ ਹਾਂ। ਅਸੀਂ ਦਾਵਾ ਕਰਦੇ ਹਾਂ ਕਿ ਅਸੀਂ ਨਿਰਵੈਰ ਹਾਂ ਤੇ ਵੈਰ ਦਾ ਮੂਲ ਕਾਰਣ ਦੂਸਰਾ ਹੈ। ਪਿਛਲੇ ਦੋ ਮਹਾਂ ਯੁਧਾਂ ਵਿਚ ੧੯੧੪—੧੯ ਤੇ ੧੯੩੯—੪੫ ਵਿਚ ਕਰੀਬਨ ਨੌ ਕਰੋੜ ਪ੍ਰਾਣੀ ਮਾਰੇ ਗਏ। ਐਨੀ ਵਡੀ ਗਿਣਤੀ ਵਿਚ ਹਤਿਆ ਲਈ ਕੌਣ ਜੁੰਮੇਵਾਰ ਹੈ ? ਹਰ ਦੇਸ਼ ਆਪਣੇ ਆਪ ਨੂੰ ਨਿਰਵੈਰ ਦਸਦਾ ਹੈ ਤੇ ਲੜਈ ਲਈ ਦੂਸਰੇ ਨੂੰ ਹੀ



Digitized by Panjab Digital Library | www.panjabdigilib.org

ਜ਼ਿੰਮੇਵਾਰ ਦਰਸਾਂਦਾ ਹੈ। ਜੇ ਕਦੀ ਸਾਨੂੰ ਜ਼ੁੰਮੇਵਾਰੀ ਮਨਣੀ ਵੀ ਪੈ ਜਾਏ ਤਾਂ ਉਸਨੂੰ ਅਸੀਂ ਦੇਸ਼-ਰਖਿਆ ਆਦਿ ਦੇ ਸਨਹਿਰੀ ਸ਼ਬਦਾਂ ਵਿਚ ਵਲੇਟ ਦੇਂਦੇ ਹਾਂ। ਮਸਲਨ, ਅਮਰੀਕਾ ਕਹਿ ਰਿਹਾ ਹੈ ਕਿ ਲੀਬੀਆ ਦੇਸ਼ ਕੋਲ ਜ਼ਹਿਰੀਰੀ ਗੈਸ ਬਨਾਣ ਦਾ ਕਾਰਖਾਨਾ ਹੈ ਤੇ ਉਹ ਇਸ ਕਾਰਖਾਨੇ ਨੂੰ ਸੰਸਾਰ ਦੀ ਰਖਿਆ ਹਿਤ ਬਰਬਾਦ ਕਰ ਦੇਣਾ ਚਾਹੁੰਦਾ ਹੈ। ਲੀਬੀਆ ਦਾ ਕਹਿਣਾ ਹੈ ਕਿ ਉਸ ਕੋਲ ਕੋਈ ਐਸਾ ਕਾਰਖਾਨਾ ਨਹੀਂ, ਸਗੋਂ ਅਮਰੀਕਾ ਵਿਚ ੧੨ ਇਜੇਹੇ ਕਾਰਖਾਨੇ ਹਨ। ਕੋਈ ਵੀ ਸਚ ਕਬੂਲਣ ਨੂੰ ਤਿਆਰ ਨਹੀਂ। ਪਹਿਲੇ ਮਹਾਂ ਯੁੱਧ ਵਿਚ ਅੰਗਰੇਜ਼ਾਂ ਨੇ ਜਹਿਰੀਲੀ ਗੈਸ ਰਾਹੀਂ ਇਕ ਲੱਖ ਬੰਦਿਆਂ ਨੂੰ ਮਾਰ ਮੁਕਾਇਆ ਤੇ ੨੦ ਲੱਖ ਤੋਂ ਉਪਰ ਨੂੰ ਸ਼ਰੀਰਕ ਨੁਕਸਾਨ ਪਹੁੰਚਾਇਆ। ਤੇ ਇਸ ਦਾ ਦਾਵਾ ਹੈ ਕਿ ਪਹਿਲ ਜਰਮਨੀ ਨੇ ਕੀਤੀ ਉਸ ਨੇ ਨਹੀਂ ਤੇ ਸਾਨੂੰ ਮਜਬੂਰੀ ਦੀ ਹਾਲਤ ਵਿਚ ਵੈਰਾ ਕਮਾਣਾ ਪਿਆ। ਸਾਡਾ ਆਪਣਾ ਅਨੁਭਵ ਵੀ ਇਦਾਂ ਦਾ ਹੀ ਹੈ। ਕਦੀ ਅਸੀਂ ਮੰਨਿਆ ਹੈ ਕਿ ਕਿਸੇ ਲੜਾਈ ਝਗੜੇ ਵਿਚ, ਕਿਸੇ ਵੈਰ-ਵਿਰੋਧ ਦੇ ਅਸੀਂ ਜ਼ੁੰਮੇਵਾਰ ਸਾਂ? ਹਮੇਸ਼ਾਂ ਅਸੀਂ ਦੂਸਰੇ ਨੂੰ ਹੀ ਕਸੂਰ-ਵਾਰ ਦਸਦੇ ਹਾਂ, ਹਰ ਇਕ ਨਿਰਵੈਰ ਹੈ ਤੇ ਫਿਰ ਵੀ ਵੈਰ ਦਾ ਅੰਤ ਨਹੀਂ।

ਅਸੀਂ ਨਿਰਵੈਰ ਨਹੀਂ ਹੋ ਸਕਦੇ ਜਦੋਂ ਤਕ ਅਸੀਂ ਅੰਦਰੋਂ ਇਕ ਨਹੀਂ ਹੋ ਜਾਂਦੇ। ਜਦੋਂ ਤਕ ਕਥਨੀ ਤੇ ਕਰਣੀ ਵਿਚ ਫਰਕ ਹੈ ਇਹ ਦੋਗਲਾ-ਪਣ ਬਣਿਆ ਰਹੇਗਾ। ਤੇ ਨਿਰਵੈਰ ਭਾਵ ਨਹੀਂ ਉਪਜੇਗਾ।



Digitized by Panjab Digital Library | www.panjabdigilib.org

## ੩. ਨਿਰਵੈਰ ਕਿਦਾਂ ਹੋਈਏ :

ਇਸ ਲਈ ਜ਼ਰੂਰੀ ਹੈ ਕਿ ਅਸੀਂ ਆਪਣਾ ਦੋਗਲਾ-ਪਣ ਛਡ ਦੇਈਏ ਤੇ ਆਪਣੇ ਵੈਰ ਭਾਵ ਨੂੰ ਅਚੇਤ ਮਨ ਵਿਚ ਨਾ ਲੁਕਾ ਰਖੀਏ। ਆਪਣੇ ਵੈਰ ਤੇ ਹੋਰ ਬੁਰਾਈਆਂ ਨੂੰ ਅਚੇਤ ਮਨ ਵਿਚ ਲੁਕਾਣ ਦੀ ਬਜਾਏ ਉਨ੍ਹਾਂ ਨੂੰ ਉਭਾਰ ਕੇ ਸੁਚੇਤ ਮਨ ਵਿਚ ਲਿਆਈਏ ਤੇ ਉਨ੍ਹਾਂ ਦਾ ਸਾਹਮਣਾ ਕਰੀਏ। ਅਸੀਂ ਜੋ ਵੀ ਕਰੀਏ ਉਸ ਨੂੰ ਛੁਪਾਈਏ ਨਾ। ਸਿਮਰਨ ਰਾਹੀਂ ਸਾਡੇ ਵਿਚਾਰ ਅਚੇਤ ਮਨ ਤੋਂ ਨਿਕਲ ਕੇ ਬਾਹਰ ਆਣਗੇ ਤੇ ਹੌਲੀ-ਹੌਲੀ ਆਪਣੀ ਮੌਤ ਮਰ ਜਾਣਗੇ। ਇਹ ਸਿਮਰਨ ਸ਼ਕਤੀ ਦਾ ਚਮਤਕਾਰ ਹੈ। ਇਸ ਰਾਹੀਂ ਅੰਦਰੋਂ-ਬਾਹਰੋਂ ਇਕ ਹੋ ਜਾਵਾਂਗ। ਸਾਡੀ ਸ਼ਖਸੀਅਤ ਇਕ ਹੋ ਜਾਏਗੀ।

ਇਸ ਲਈ ਆਪਣਾ ਸਵਾਰਥ ਪਿਛੇ ਰਖਣ ਤੇ ਦੂਸਰੇ ਦਾ ਹਿਤ ਅਗੇ ਰਖਣ ਨਾਲ ਮਦਦ ਮਿਲਦੀ ਹੈ ਗੁਰੂ ਤੇਗ ਬਹਾਦਰ ਜੀ ਨੇ ਆਪਣਾ ਸੀਸ ਕਿਉਂ ਭੇਟ ਕੀਤਾ ਉਨ੍ਹਾਂ ਦਾ ਇਸ ਵਿਚ ਕੀ ਸਵਾਰਥ ਸੀ ? ਉਨ੍ਹਾਂ ਨੇ ਦੂਸਰਿਆਂ ਦਾ ਹਿਤ ਅਗੇ ਰਖਿਆ ਉਨ੍ਹਾਂ ਆਪਣੇ ਜੀਵਨ ਦੀ ਘੱਟ ਤੇ ਦੂਸਰੇ ਦੇ ਤਿਲਕ-ਜਨੇਊ ਨੂੰ ਬਚਾਣ ਦੀ ਜ਼ਿਆਦਾ ਲੋੜ ਜਾਣੀ। ਇਸ ਬਾਰੇ ਗੁਰੂ ਗੋਬਿੰਦ ਜੀ ਲਿਖਦੇ ਹਨ :—

ਤਿਲਕ ਜੰਞੂ ਰਾਖਾ ਪ੍ਰਭ ਤਾਕਾ ॥
ਕੀਨੋ ਬਡੋ ਕਲੂ ਮਹਿ ਸਾਕਾ ॥
ਸਾਧਨਿ ਹੇਤਿ ਇਤਿ ਜਿਨ ਕਰੀ ॥
ਸੀਸ ਦੀਯਾ ਪਰ ਸੀ ਨ ਉਚਰੀ ॥



Digitized by Panjab Digital Library | www.panjabdigilib.org

ਧਰਮ ਹੇਤ ਸਾਕਾ ਜਿਨਿ ਕੀਆ ॥
ਸੀਸ ਦੀਯਾ ਪਰ ਸਿਰਰੁ ਨ ਦੀਆ ॥

ਆਪਣੇ ਹਿਤ, ਆਪਣੇ ਭਾਈਚਾਰਕ ਹਿਤ, ਆਪਣੇ ਦੇਸ਼ ਹਿਤ, ਆਪਣੇ ਧਰਮ ਹਿਤ, ਬਲੀਦਾਨ ਦੇਣ ਵਾਲੇ ਤਾਂ ਬਹੁਤ ਹਨ ਪਰ ਦੂਸਰੇ ਦੇ ਹਿਤ ਲਈ ਆਪਣਾ ਜੀਵਨ ਦੇ ਦੇਣਾ ਸਿਰਫ ਗੁਰੂ ਤੇਗ ਬਹਾਦਰ ਦੀ ਹੀ ਕਰਾਮਾਤ ਹੈ। ਇਹ ਤਾਂ ਹੀ ਹੋ ਸਕਣਾ ਜਦੋਂ ਕਹਿਣੀ ਤੇ ਕਰਣੀ ਦਾ ਭੇਦ ਮਿਟ ਜਾਏ, ਜਦੋਂ ਵੈਰੀ ਮੀਤ ਸਮਾਨ ਦਿਸਣ ਲੱਗ ਪਏ, ਜਦੋਂ ਅਹੰਕਾਰ ਦਾ ਬੀਜ ਨਾਸ਼ ਹੋ ਜਾਏ।

ਅਹੰਕਾਰ ਮਾਰਣ ਲਈ ਆਪਣੇ ਆਪ ਨੂੰ ਵਿਰਾਟ ਦਾ ਹਿੱਸਾ ਮੰਨਣਾ ਜ਼ਰੂਰੀ ਹੈ। ਹਲੀਂ 'ਮੈਂ' ਹਾਂ ਤੇ 'ਦੂਸਰੇ' ਹਨ। ਉਸ ਵਿਰਾਟ ਦੀ ਖੇਡ ਸਮਝਦਿਆਂ-ਸਮਝਦਿਆਂ ਹੀ ਸਮਝ ਆਂਦੀ ਹੈ ਕਿ ਉਹੀ ਹੈ ਮੈਂ ਨਹੀਂ। ਜਦੋਂ ਮੈਂ ਮੁਕ ਗਿਆ ਤਾਂ ਕੌਣ ਵੈਰ ਕਮਾਏਗਾ ਤੇ ਕਿਸ ਨਾਲ, ਕੌਣ ਬਿਗਾਨਾ ਰਹੇਗਾ ਤੇ ਕਿਸ ਦਾ ਕਿਉਂਕਿ—

ਨਾ ਕੋ ਦੂਤੁ ਨਹੀ ਬੈਰਾਈ ॥
ਗਲਿ ਮਿਲਿ ਚਾਲੇ ਏਕੈ ਭਾਈ ॥

(ਪੰਨਾ ੮੪੭)



Digitized by Panjab Digital Library | www.panjabdigilib.org

[੭]

# ਅਕਾਲ ਮੂਰਤਿ

## ਕਾਲੁ ਜਾਲੁ ਜਮੁ ਜੋਹਿ ਨ ਸਾਕੈ

### ੧. ਅਕਾਲ ਦਾ ਅਰਥ ਕੀ ਹੈ :

ਪਹਿਲਾਂ ਅਸੀਂ 'ਅਕਾਲ' ਸ਼ਬਦ ਨੂੰ ਸਮਝਦੇ ਹਾਂ। ਫਿਰ ਅਸੀਂ 'ਮੂਰਤਿ' ਸ਼ਬਦ ਬਾਰੇ ਗੱਲ ਕਰਾਂਗੇ। ਅਕਾਲ ਬਣਿਆ ਹੈ ਅ-ਕਾਲ ਤੋਂ। 'ਅ' ਦੇ ਅਰਥ ਹਨ ਬਿਨਾ, ਬਗੈਰ ਰਹਿਤ। ਸੋ ਜੋ ਕਾਲਿ-ਰਹਿਤ ਹੈ ਉਹ ਅਕਾਲ ਹੈ, ਜੋ ਕਾਲ ਦੀ ਪਹੁੰਚ ਤੋਂ ਪਰੇ ਹੈ ਉਹ ਅਕਾਲ ਹੈ। ਪਰ 'ਕਾਲ' ਦਾ ਕੀ ਅਰਥ ਹੈ ?

ਗੁਰਬਾਣੀ ਵਿਚ 'ਕਾਲ' ਸ਼ਬਦ ਤਿੰਨ ਅਰਥਾਂ ਵਿਚ ਵਰਤਿਆ ਗਿਆ ਹੈ— (ੳ) ਵਾਹਿਗੁਰੂ ਲਈ (ਅ) ਮੌਤ ਲਈ (ੲ) ਸਮੇਂ ਲਈ। ਰਹਿਰਾਸ ਸਾਹਿਬ ਜੀ ਵਿਚ ਅਸੀਂ ਰੋਜ਼ ਪੜ੍ਹਦੇ ਹਾਂ ਕਿ ਕਾਲ ਅਰਥਾਤ ਵਾਹਿਗੁਰੂ ਦਾ ਹੁਕਮ ਪਾ ਕੇ ਬ੍ਰਹਮਾਂ ਨੇ ਸ਼ਰੀਰ ਸਾਜਿਆ ਕਾਲ ਦਾ ਹੁਕਮ ਪਾ ਕੇ ਸ਼ਿਵ ਜੀ ਨੇ ਅਵਤਾਰ ਧਾਰਿਆਂ, ਕਾਲ ਦੀ ਆਗਿਆ ਅਨੁਸਾਰ ਵਿਸ਼ਨੂੰ ਦਾ ਪ੍ਰਕਾਸ਼ ਹੋਇਆ ਤੇ ਇਹ ਸਾਰਾ ਜਗਤ ਤਮਾਸਾ ਕਾਲ ਦਾ ਹੀ ਕੀਤਾ ਹੋਇਆ ਹੈ। ਗੁਰੂ ਸ਼ਬਦਾ ਵਿਚ—

ਕਾਲ ਪਾਇ ਬ੍ਰਹਮਾ ਬਪੁ ਧਰਾ ॥
ਕਾਲ ਪਾਇ ਸਿਵਜੂ ਅਵਤਰਾ ॥



Digitized by Panjab Digital Library | www.panjabdigilib.org

ਕਾਲ ਪਾਇ ਕਰ ਬਿਸਨੁ ਪ੍ਰਕਾਸਾ ॥
ਸਕਲ ਕਾਲ ਕਾ ਕੀਆ ਤਮਾਸਾ ॥੭॥
ਜਵਨ ਕਾਲ ਜੋਗੀ ਸਿਵ ਕੀਓ ॥
ਬੇਦ ਰਾਜ ਬ੍ਰਹਮਾ ਜੂ ਥੀਓ ॥
ਜਵਨ ਕਾਲ ਸਭ ਲੋਕ ਸਵਾਰਾ ॥
ਨਮਸਕਾਰ ਹੈ ਤਾਹਿ ਹਮਾਰਾ ॥੮॥
ਜਵਨ ਕਾਲ ਸ਼ਭ ਜਗਤ ਬਨਾਯੋ ॥
ਦੇਵ ਦੈਤ ਜਛਨ ਉਪਜਾਯੋ ॥
ਆਦਿ ਅੰਤ ਏਕੈ ਅਵਤਾਰਾ ॥
ਸੋਈ ਗੁਰੂ ਸਮਝਿਯਹੁ ਹਮਾਰਾ ॥੯॥

(ਚੌਪਾਈ ਪਾਤਸ਼ਾਹੀ ਦਸਵੀਂ)

ਉਹ ਕਾਲ ਸ੍ਰਿਸ਼ਟੀ ਰਚਨ ਦੇ ਆਰੰਭ ਵਿਚ ਵੀ ਸੀ ਤੇ ਸ੍ਰਿਸ਼ਟੀ ਦੇ ਅੰਤ ਤੋਂ ਬਾਅਦ ਵੀ ਰਹੇਗਾ। **ਉਹ ਕਾਲ ਵਾਹਿਗੁਰੂ ਹੀ ਹੈ :—**

**(ਅ) ਮੌਤ ਲਈ**—ਜਦੋਂ ਤਕ ਬੁਢੇਪਾ ਨਹੀਂ ਅਇਆ, ਸ਼ਰੀਰ ਕਮਜ਼ੋਰ ਨਹੀਂ ਹੋਇਆ ਤੇ, ਕਾਲ ਨੇ ਸ਼ਰੀਰ ਨੂੰ ਆਪਣੀ ਪਕੜ ਵਿਚ ਨਹੀਂ ਲੈ ਲਿਆ, ਵਾਹਿਗੁਰੂ ਨੂੰ ਚੇਤੇ ਕਰ ਲਉ ਕਿਉਂਕਿ ਜਦੋਂ ਅੰਤ ਆ ਜਾਏਗਾ ਤਾਂ ਭਜਨ ਨਹੀਂ ਹੋ ਸਕੇਗਾ। ਗੁਰਵਾਕ ਹੈ—

ਜਬ ਲਗੁ ਜਰਾ ਰੋਗੁ ਨਹੀ ਆਇਆ ॥
ਜਬ ਲਗ ਕਾਲਿ ਗ੍ਰਸੀ ਨਹੀ ਕਾਇਆ ॥
ਜਬ ਲਗੁ ਬਿਕਲ ਭਈ ਨਹੀ ਬਾਨੀ ॥
ਭਜਿ ਲੇਹਿ ਰੇ ਮਨ ਸਾਰਿੰਗਪਾਨੀ ॥

(ਪੰਨਾ ੧੧੫੯)

**ਇਥੇ ਕਾਲਿ ਤੋਂ ਅਰਥ ਮੌਤ ਹੈ :**—ਮਨੁਖ ਧਨ-ਦੌਲਤ, ਰਾਜ-ਪਾਟ,



Digitized by Panjab Digital Library | www.panjabdigilib.org

ਨਾਲ ਬਹੁਤ ਪਿਆਰ ਪਾਂਦਾ ਹੈ। ਪਰ ਜਦੋਂ ਕਾਲ-ਫਾਸ ਗਲੇ ਪੈ ਜਾਂਦਾ ਹੈ ਤਾਂ ਸਭ ਪਰਾਇਆ ਹੋ ਜਾਂਦਾ ਹੈ—

ਕਾਲ ਫਾਸ ਜਬਿ ਲਗਿ
ਪਰੀ ਸਭ ਭਇਓ ਪਰਾਇਓ ॥

(ਪੰਨਾ ੭੨੭)

ਜਿਹੜਾ ਸਚੇ ਵਾਹਿਗੁਰੂ ਨਾਲ ਪ੍ਰੇਮ ਪਾ ਲੈਂਦਾ ਹੈ ਉਸ ਨੂੰ ਕਾਲ (ਮੌਤ) ਦਾ ਜਮਦੂਤ ਵੀ ਆਪਣੇ ਜਾਲ ਵਿਚ ਨਹੀਂ ਫਸਾ ਸਕਦਾ—

ਕਾਲੁ ਜਾਲੁ ਜਮੁ ਜੋਹਿ ਨ ਸਾਕੈ ॥
ਸਾਚੇ ਸਿਉ ਲਿਵ ਲਾਈ ਹੇ ॥

(ਪੰਨਾ ੧੦੨੦)

ਇਥੇ ਵੀ ਕਾਲ ਦਾ ਅਰਥ ਮੌਤ ਹੈ। ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ ਕਿ ਜਿਹੜਾ ਕਾਲ ਰੂਪੀ ਵਾਹਿਗੁਰੂ ਨੂੰ ਚੇਤੇ ਰਖਦਾ ਹੈ ਉਸ ਦੇ ਨੇੜੇ ਕਾਲ ਰੂਪੀ ਮੌਤ ਆ ਹੀ ਨਹੀਂ ਸਕਦੀ। ਆਪ ਫਰਮਾਂਦੇ ਹਨ—

ਜੋ ਕਲਿ ਇਕ ਬਾਰ ਧਿਐ ਹੈ
ਤਾ ਕੇ ਕਾਲ ਨਿਕਟਿ ਨਹੀ ਐ ਹੈ ॥

**(ੲ) ਸਮੇਂ ਲਈ**—

ਗੁਰੂ ਨਾਨਕ ਦੇਵ ਜੀ ਕਾਲ ਦਾ ਅਰਥ ਸਮੇ ਦੇ ਰੂਪ ਵਿਚ ਇਦਾਂ ਕਰਦੇ ਹਨ—

ਕਾਲੁ ਨਾਹੀ ਜੋਗੁ ਨਾਹੀ ਨਾਹੀ ਸਚ ਕਾ ਢਬੁ ॥

(ਪੰਨਾ ੬੬੨)

ਇਸ ਤੁਕ ਵਿਚ ਕਾਲ ਸ਼ਬਦ ਨੂੰ ਸਮੇਂ ਲਈ ਵਰਤਿਆ ਗਿਆ ਹੈ। ਯਾਨੀ ਅਜ ਦੇ ਸਮੇਂ ਵਿਚ ਨਾ ਕੋਈ ਜੋਗੀ ਹੈ ਤੇ ਨਾ ਕੋਈ ਸਚੇ ਚ੍ਰਿਤਰ ਵਾਲਾ।

ਗੁਰਬਾਣੀ ਨੂੰ ਗਹਿਰਾਈ ਨਾਲ ਵਿਚਾਰਿਆ ਜਾਏ ਤਾਂ ਕਾਲ ਰੂਪੀ ਮੌਤ ਕਾਲ ਰੂਪੀ ਸਮੇਂ ਦਾ ਹੀ ਅੰਗ ਹੈ। ਆਖੀਰ ਸਭ ਕੁਝ ਸਮੇਂ ਵਿਚ ਹੀ ਘਟਦਾ ਹੈ। ਮੌਤ ਕੀ ਹੈ? ਜੀਵਨ ਦਾ ਅੰਤ ਕੁਝ ਸਮੇਂ ਬਾਅਦ ੬੦ ਸਾਲ, ੭੦ ਸਾਲ, ੧੦੦

Digitized by Panjab Digital Library | www.panjabdigilib.org

ਸਾਲ। ਇਸ ਲਈ ਮੌਤ ਸਮੇਂ ਅਧੀਨ ਨਹੀਂ ਹੈ। ਮੌਤ ਘੱਟ ਜਾਂਦੀ ਹੈ ਤਾਂ ਵੀ ਸਮੇਂ ਚਲਦਾ ਹੈ। ਮੌਤ ਨਾਲ ਸਮੇਂ ਦਾ ਵੇਗ ਬੰਦ ਨਹੀਂ ਹੋ ਜਾਂਦਾ। ਮੌਤ ਨਹੀਂ ਹੈ ਤਾਂ ਵੀ ਸਮੇਂ ਹੈ। ਇਸੇ ਲਈ ਆਮ ਕਰਕੇ ਕਾਲ ਦਾ ਅਰਥ ਸਮੇਂ ਕਰਣਾ ਹੀ ਠੀਕ ਹੈ। ਸੰਸਾਰ ਦੇ ਪ੍ਰਸਿੱਧ ਸਾਇੰਸਦਾਨ ਆਇਨਸਟਾਈਨ ਨੇ ਵਸਤੂਆਂ ਦੇ ਚੌਥੇ ਪਹਿਲੂ ਦੀ ਗੱਲ ਕੀਤੀ। ਆਮ ਕਰਕੇ ਚੀਜ਼ਾਂ ਦਾ ਅਕਾਰ ਤਿੰਨ ਪਹਿਲੂਆਂ ਵਿਚ ਸਮਝਿਆ ਜਾਂਦਾ ਹੈ। ਲੰਬਾਈ-ਚੌੜਾਈ ਤੇ ਉਚਾਈ। ਕੋਈ ਵੀ ਵਸਤੂ ਲਉ ਉਸ ਦਾ ਵਜੂਦ ਤਿੰਨ ਵਿਚ ਹੀ ਮਹਿਦੂਦ ਹੈ। ਪਰ ਇਸ ਸਾਇੰਸਦਾਨ ਨੇ ਕਿਹਾ ਕਿ ਵਸਤੂਆਂ ਨੂੰ ਹੋਂਦ ਵਿਚ ਆਣ ਲਈ ਚੌਥੇ ਪਹਿਲੂ ਦੀ ਵੀ ਲੋੜ ਹੈ। ਉਪ ਪਹਿਲੂ ਹੈ ਸਮਾਂ (ਕਾਲ)। ਸਮੇਂ ਤੋਂ ਬਾਹਰ ਕੁਝ ਵੀ ਨਹੀਂ ਜਨਮਦਾ। ਇਸ ਦੇ ਅੰਦਰ ਹੀ ਸਭ ਘਟਦਾ ਹੈ ਤੇ ਭਜਦਾ ਹੈ। ਸਭ ਦੀ ਮੌਤ ਸਮੇਂ ਦੇ ਅੰਤਰਗਤ ਹੈ। ਸੋ ਅਕਾਲ ਦਾ ਅਰਥ ਹੋਏਗਾ ਉਹ ਜੋ ਸਮੇਂ ਦੇ ਪਰੇ ਹੈ। ਅਸੀਂ ਕਾਲ ਦੇ ਇਸੀ ਅਰਥ (ਸਮੇਂ) ਬਾਰੇ ਵਿਚਾਰ ਕਰਾਂਗੇ।


Digitized by Panjab Digital Library | www.panjabdigilib.org

## ੨. ਅਕਾਲ ਅਸਥਿਰ ਹੈ

ਸਮੇਂ ਪ੍ਰਵਰਤਨਸ਼ੀਲ ਹੈ। ਇਹ ਹਰ ਪਲ ਬਦਲਦਾ ਰਹਿੰਦਾ ਹੈ ਤੇ ਇਸ ਵਿਚ ਘਟੀ ਹਰ ਘਟਨਾ ਬਦਲਦੀ ਰਹਿੰਦੀ ਹੈ। ਸਮੇਂ ਵਿਚ ਜੰਮਦਾ, ਪਲਦਾ ਤੇ ਮਰਦਾ ਹੈ। ਮਨੁਖ ਦਾ ਜੀਵਨ ਇਕ ਬੂੰਦ ਤੋਂ ਸ਼ੁਰੂ ਹੁੰਦਾ ਹੈ (ਜਿਹੜੀ ਐਨੀ ਛੋਟੀ ਹੁੰਦੀ ਹੈ ਕਿ ਨੰਗੀ ਅੱਖ ਨਾਲ ਦੇਖੀ ਨਹੀਂ ਜਾ ਸਕਦੀ) ਤੇ ਅੰਤ ਇਕ ਰਾਖ ਦੇ ਕਿਣਕੇ ਤੇ ਹੁੰਦਾ ਹੈ। ਇਸ ਵਿਚਕਾਰ ਇਹ ਬੂੰਦ ਦਾ ਤੁਬਕਾ ਵਧਦਾ ਵਧਦਾ ੬ ਫੁੱਟ ਉੱਚਾ ਤੇ ੯੦ ਕਿਲੋ ਭਾਰਾ ਹੋ ਜਾਂਦਾ ਹੈ !! ਇਕ ਨਾ ਦਿਸਣ ਵਾਲੀ ਬੂੰਦ ਤੇ ਭਰਪੂਰ ਜਵਾਨ ਗਭਰੂ ਵਿਚ ਕੁਝ ਸਾਂਝਾ ਨਹੀਂ। ਕੀ ਸਾਨੂੰ ਲਗਦਾ ਹੈ ਇਕ ਨਿਕੇ ਜਿਹੇ ਬੀ ਵਿਚ ਲੰਬਾ ਦਰਖਤ ਛੁਪਿਆ ਹੈ। ਬੇਅੰਤ ਚੰਨ ਸੂਰਜ ਹਨ ਜਿਹੜੇ ਬਣ ਰਹੇ ਹਨ, ਟੁਟ ਰਹੇ ਹਨ। ਇੰਦਾਜ਼ਾ ਹੈ ਕਿ ਬ੍ਰਹਮੰਡ ਵਿਚ ਕੋਈ ੪,00,00,00,000 ਸੂਰਜ ਹਨ ਤੇ ਫਿਰ ਹਰ ਇਕ ਸੂਰਜ ਦੇ ਆਪਣੇ ਚੰਨ ਹਨ ਤੇ ਆਪਣੀਆਂ ਧਰਤੀਆਂ ਹਨ। ਸਭ ਵਿਚ ਪ੍ਰਤੀ ਸੈਕੰਡ ਬਦਲਾਹਟ ਹੋ ਰਹੀ। ਜਿਦਾਂ ਪਾਣੀ ਦੇ ਬੁਲਬੁਲੇ ਸਣਦੇ ਹਨ, ਢੇਂਦੇ ਹਨ ਇਦਾਂ ਹੀ ਸੰਸਾਰ ਦੀ ਰਚਨਾ ਹੈ—

> ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ ॥
> ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ ॥

(ਪੰਨਾ ੧੪੨੭)

ਜਗ ਦੀ ਰਚਨਾ ਵੀ ਐਸੀ ਹੀ ਹੈ। ਬਣਨਾ-ਬਿਗਣਾ ਇਸ ਦਾ ਸੁਭਾ ਹੈ। ਜਿਦਾਂ ਨਾ ਬੱਦਲ ਇਕ ਸੁਕਲ ਵਿਚ ਰਹਿੰਦਾ ਹੈ ਤੇ ਨਾ ਇਸ ਦੀ ਪਰਛਾਂਈ, ਇਦਾਂ ਹੀ ਸੰਸਾਰ ਤੇ ਇਸ ਵਿਚ ਬਣਦੀਆਂ-ਭਜਦੀਆਂ ਚੀਜ਼ਾਂ ਦਾ ਹਾਲ ਹੈ। ਅਸੀਂ



Digitized by Panjab Digital Library | www.panjabdigilib.org

ਬੱਦਲ ਦਾ ਅਕਾਰ ਚੰਗੀ ਤਰ੍ਹਾਂ ਦੇਖ ਵੀ ਨਹੀਂ ਸਕਦੇ ਕਿ ਉਹ ਬਦਲ ਜਾਂਦਾ ਹੈ। ਅਸੀਂ ਉਸ ਦੀ ਪਰਛਾਈਂ ਪਕੜਨ ਦੀ ਕੋਸ਼ਿਸ਼ ਕਰਦੇ ਹਾਂ ਪਰ ਉਹ ਨਿਰੰਤਰ ਰੂਪ ਵਟਾਂਦੀ ਰਹਿੰਦੀ। ਇਹ ਧੂੰਏਂ ਦਾ ਪਹਾੜ ਹੈ। ਜਿਹੜਾ ਨਿਤ ਰੂਪ ਵਟਾਂਦਾ ਰਹਿਦਾ ਹੈ। ਕੁਝ ਸਦੀਵੀ ਨਹੀਂ। ਸਭ ਕੁਝ ਸਮਾਂ ਪਾ ਕੇ ਬਦਲ ਜਾਂਦਾ ਹੈ: ਗੁਰਵਾਕ ਹੈ:—

ਜੋ ਦੀਸੈ ਸੋ ਸਗਲ ਬਿਨਾਸੈ ॥
ਜਿਉ ਬਾਦਰ ਕੀ ਛਾਹੀ ॥

(ਪੰਨਾ ੧੨੩੧)

ਇਹ ਜਗੁ ਧੂਏ ਕਾ ਪਹਾਰ ॥
ਤੈ ਸਾਚਾ ਮਾਨਿਆ ਕਿਹ ਬਿਚਾਰਿ ॥

(ਪੰਨਾ ੧੧੮੭)

ਇਸ ਸਦਾ ਬਦਲਣ ਵਾਲੇ ਸਮੇਂ ਵਿਚ ਇਕ ਹਸਤੀ ਹੈ ਜਿਹੜੀ ਨਹੀਂ ਬਦਲਦੀ, ਜਿਹੜੀ ਸਮੇਂ ਤੋਂ ਪਾਰ ਹੈ, ਜਿਹੜੀ ਨਾਲ ਤਾਂ ਪਰੇ ਹੈ। ਉਹ ਹੈ ਅਕਾਲ, ਉਹ ਹੈ ਵਾਹਿਗੁਰੂ।

ਆਮ ਧਾਰਨਾ ਹੈ ਕਿ ਵਾਹਿਗੁਰੂ ਸਮਝਿਆ ਨਹੀਂ ਜਾ ਸਕਦਾ ਪਰ ਸਾਇੰਸ ਨੂੰ ਸਮਝਿਆ ਜਾ ਸਕਦਾ ਹੈ ਕਿ ਕਿਉਂਕਿ ਉਸ ਦੇ ਅਸੂਲ ਹਨ, ਉਸ ਦੇ ਆਧਾਰ ਸਾਇੰਸ ਨੂੰ ਆਪਣੀ ਖੋਜ ਦੇ ਅਸਥਿਰ ਹੋਣ ਦਾ ਭੁਲੇਖਾ ਹੈ। ਅਸਲ ਵਿਚ ਜਿਨਾਂ ਜਾਣਿਆ ਹੈ ਉਹ ਕਹਿੰਦੇ ਹਨ ਕਿ ਵਾਹਿਗੁਰੂ ਨੂੰ ਸਮਝਣਾ ਅਸਾਨ ਹੈ ਕਿਉਂਕਿ ਉਹ ਅਸਥਿਰ ਹੈ ਤੇ ਸਾਇੰਸ ਨੂੰ ਸਮਝਣਾ ਬੜਾ ਮੁਸਕਲ ਹੈ ਕਿਉਂਕਿ ਇਸ ਦੀ ਖੋਜ ਬਦਲਦੀ ਰਹਿੰਦੀ ਹੈ। ਜਿਨ੍ਹਾਂ ਨੇ ਕਿਸੇ ਧਾਤੂ (ਮਨ ਲਉ ਲੋਹਾ) ਨੂੰ ਤੋੜਿਆ ਹੈ ਉਨ੍ਹਾਂ ਦੇਖਿਆ ਹੈ ਕਿ ਅਖੀਰ ਵਿਚ ਧਾਤ ਅਲੋਪ ਹੋ ਜਾਂਦੀ ਹੈ ਤੇ ਸ਼ਿਰਫ ਸ਼ਕਤੀ ਰਹਿ ਜਾਂਦੀ ਹੈ। ਐਟਮ (ਦੂਰਬੀਨ ਰਾਹੀਂ ਦਿਸਣ ਵਾਲਾ ਨਿਕੇ ਤੋਂ ਨਿਕਾ ਕਿਣਕਾ) ਟੁਟ ਕੇ ਨਾ ਦਿਸਣ ਵਾਲੀ ਸ਼ਕਤੀ ਵਿਚ ਜਾਂਦਾ ਹੈ। ਹਲੀਂ ਤਕ ਸਾਇੰਸ ਦਾ ਦਾਵਾ ਸੀ ਕਿ ਮੈਟਰ ਦਾ ਨਾਸ ਨਹੀਂ ਹੁੰਦਾ। ਹੁਣ ਮੈਟਰ ਗੁੰਮ ਹੋ ਜਾਂਦਾ ਹੈ। ਹੁਣ ਬੁਧੀ ਨੂੰ ਸਵੀਕਾਰਨਾ ਪੈਂਦਾ ਹੈ ਕਿ ਦਿਸਣ ਵਾਲੀ ਵਸਤੂ ਅਣ-ਦਿਸਣ ਵਾਲੀ ਹੋ ਜਾਂਦੀ ਹੈ, ਅਦ੍ਰਿਸ਼ ਹੋ ਜਾਂਦੀ ਹੈ। ਦ੍ਰਿਸ਼ ਮੈਟਰ ਦਾ ਅਦ੍ਰਿਸ਼ ਹੋ ਜਾਣਾ ਤੁਕ-ਯੁਕਤ



Digitized by Panjab Digital Library | www.panjabdigilib.org

ਨਹੀਂ, ਪਰ ਸੱਚ ਹੈ। ਇਸ ਬਾਰੇ ਡਾਕਟਰ ਪਲਾਕੇ ਨੇ ਕਿਹਾ, "ਜਦੋਂ ਤਕ ਮੈਨੂੰ ਪਤਾ ਨਹੀਂ ਸੀ, ਮੈਂ ਪ੍ਰਯੋਗ ਨਹੀਂ ਕੀਤਾ ਸੀ, ਉਦੋਂ ਤਕ ਮੈਂ ਵੀ ਇਹੀ ਕਹਿਦਾ ਸਾਂ। ਹੁਣ ਮੈਂ ਤੁਹਾਨੂੰ ਐਨਾ ਹੀ ਕਹਿ ਸਕਦਾ ਹਾਂ ਕਿ ਇਹ ਸਾਡੇ ਵਸ ਵਿਚ ਨਹੀਂ। ਪਰਮਾਣ ਦਾ ਵਿਉਹਾਰ ਹੀ ਐਸਾ ਹੈ ਕਿ ਉਹ ਟੁਟਦੇ ਹੀ ਅਲੋਪ ਹੋ ਜ਼ਾਂਦਾ ਹੈ। ਹੁਣ ਜੇ ਇਹ ਗੱਲ ਤਰਕ-ਹੀਨ ਹੈ ਤਾਂ ਸਾਨੂੰ ਆਪਣੇ ਤਰਕ ਨੂੰ ਬਦਲਣਾ ਚਾਹੀਦਾ ਹੈ। ਹੋਰ ਕੋਈ ਰਾਹ ਨਹੀਂ।" ਸਾਇੰਸ ਦੇ ਸਿਧਾਂਤ ਬਦਲਦੇ ਰਹਿੰਦੇ ਹਨ। ਅਗੇ ਕਹਿੰਦੇ ਸਨ ਕਿ ਇਕ ਸਿਧੀ ਲਕੀਰ ਨੂੰ ਕਿੰਨਾ ਵੀ ਵਡਾ ਕਰੋ ਉਸ ਦੇ ਸਿਰੇ ਆਪਸ ਵਿਚ ਨਹੀਂ ਮਿਲਦੇ। ਹੁਣ ਇਹ ਵਿਚਾਰ ਬਦਲ ਗਿਆ ਹੈ। ਜ਼ਮੀਨ ਗੋਲ ਹੈ। ਜੇ ਕਿਸ਼ੇ ਲਕਾਰ ਨੂੰ ਲੰਬਾ ਕਰੀ ਜਾਉਗੇ ਤਾਂ ਉਹ ਜ਼ਮੀਨ ਦਾ ਚੱਕਰ ਲਾ ਕੇ ਜ਼ਰੂਰ ਦੂਸਰੇ ਸਿਰੇ ਨਾਲ ਜਾ ਰਲੇਗੀ। ਅੰਤਰਕਸ਼ ਵਿਚ ਵੀ ਸਿਧੀ ਲਕੀਰ ਨਹੀਂ ਖਿਚੀ ਜਾ ਸਕਦੀ ਕਿਉਂਕਿ ਕੋਈ ਹੋਰ ਚੀਜ਼ ਗੋਲ ਘੁੰਮ ਰਹੀ ਹੈ। ਕੋਈ ਦੂਸਰਾ ਸੂਰਜ ਸਾਡੇ ਅੰਤਰਕਸ਼ ਵਿਚ ਖਿਚੀ ਲਕੀਰ ਨੂੰ ਆਪਣੇ ਵਲ ਖਿਚ ਲਏਗਾ ਤੇ ਇਹ ਲਕੀਰ ਸਿਧੀ ਨਹੀਂ ਰਹੇਗੀ। ਇਥੋਂ ਤਕ ਕਿ ਇਕ ਤੇ ਇਕ ਦੋ ਨਹੀਂ ਹੋ ਸਕਦੇ ਕਿਉਂਕਿ ਕੋਈ ਦੋ ਚੀਜ਼ਾਂ ਇਕੋ ਜਿਹੀਆਂ ਨਹੀਂ ਹੋ ਸਕਦੀਆਂ। ਸੂਖਮ/ਅਤੀ ਸੂਖਮ ਰੂਪ ਵਿਚ ਕੋਈ ਦੋ ਚੀਜ਼ਾਂ ਇਕੋ ਜਿਹੀਆਂ ਨਹੀਂ ਹੋ ਸਕਦੀਆਂ (ਰਬ ਇਦਾਂ ਕਰਦਾ ਹੀ ਨਹੀਂ। ਅਰਬਾਂ ਲੋਕ ਜੀਂਦੇ ਹਨ ਤੇ ਅਰਬਾਂ ਮਰ ਚੁੱਕੇ ਹਨ ਪਰ ਉਨ੍ਹਾਂ ਦੀਆਂ ਉਗਲੀਆਂ ਦੇ ਨਿਸ਼ਾਨ ਇਕ ਦੂਜੇ ਨਾਲ ਨਹੀਂ ਰਲਦੇ। ਇਸ ਲਈ ਜੇ ਦੋ ਚੀਜ਼ਾਂ ਇਕੋ ਜੇਹੀਆਂ ਨਹੀਂ ਤਾਂ ਉਨ੍ਹਾਂ ਦੋਨ੍ਹਾਂ ਦਾ ਟੋਟਲ ਦੋ ਨਹੀਂ ਹੋ ਸਕਦਾ—ਦੋ ਨਾਲੋਂ ਘੱਟ ਹੋ ਸਕਦਾ ਹੈ, ਵੱਧ ਹੋ ਸਕਦਾ ਹੈ, ਪਰ ਦੋ ਨਹੀਂ। ਕੰਮ ਚਲਾਣ ਨਈ ਇਕ ਤੇ ਇਕ ਦੋ ਠੀਕ ਹਨ। ਪਰ ਇਹ ਸਤਿ ਨਹੀਂ।

ਸਤਿ ਸਿਰਫ ਅਕਾਲ ਹੈ ਕਿਉਂਕਿ ਉਹੀ ਸਮੇਂ ਤੋਂ ਪਰੇ ਹੈ। ਕਾਲ ਵਿਚ ਸਭ ਪ੍ਰਵਰਤਨਸ਼ੀਲ ਹੈ। ਕਾਲ ਤੋਂ ਪਰੇ ਹੀ ਅਕਾਲ ਹੈ। ਇਕ ਉਹੀ "ਹੈ" ਬਾਕੀ ਸਭ ਹੋ ਰਿਹਾ ਹੈ। ਸਿਆਣੇ ਕਹਿੰਦੇ ਹਨ ਕਿ ਅਸਲ ਵਿਚ ਮਨੁਖ ਹੈ ਕਹਿਣਾ ਵੀ ਗਲਤ ਹੈ ਕਿਉਂਕਿ ਉਹ ਹੈ ਨਹੀਂ, ਉਹ ਹਰ ਪਲ ਬਦਲ ਰਿਹਾ ਹੈ। ਉਹ ਬਦਲੀ ਜਾ ਰਿਹਾ ਹੈ, ਉਹ ਨਵਾਂ ਰੂਪ ਧਾਰੀ ਜਾ ਰਿਹਾ ਹੈ। ਜੰਮਣ ਤੋਂ ਲੈ ਕੇ ਮਰਣ ਤਕ ਬਦਲਾਹਟ ਹੀ ਬਦਲਾਹਟ ਹੈ। ਉਹ ਹੈ, ਨਹੀਂ-ਹੋ ਰਿਹਾ ਹੈ।



Digitized by Panjab Digital Library | www.panjabdigilib.org

ਪਰ ਇਸ ਬਦਲਾਹਟ ਵਿਚ ਨਵਾਂ ਕੁਝ ਨਹੀਂ। ਉਹੀ ਘਟਨਾਵਾਂ ਮੁੜ-ਮੁੜ ਘਟਦੀਆਂ ਹਨ। ਮਨੁਖ ਜਮਦਾ ਹੈ, ਮਰਦਾ ਹੈ, ਫਿਰ ਜੰਮਦਾ ਹੈ। ਪਸ਼ੂ ਜੰਮਦੇ ਹਨ, ਫਿਰ ਮਰਦੇ ਹਨ, ਫਿਰ ਜੰਮਦੇ ਹਨ। ਬਨਸਪਤੀ ਉਪਜਦੀ ਹੈ, ਬਿਨਸਦੀ ਹੈ, ਫਿਰ ਉਪਜਦੀ ਹੈ। ਸੰਸਾਰ ਉਪਜਦਾ ਹੈ, ਬਿਨਸਦਾ ਹੈ, ਫਿਰ ਉਪਜਦਾ ਹੈ। ਇਹ ਇਸ ਦਾ ਨਿਤ ਦਾ ਕਰਮ ਹੈ। ਪਰ ਇਹ ਉਪਜ-ਪਰਲੋ ਕਰਣ ਵਾਲਾ ਕਾਲ ਤੋਂ ਪਰੇ ਹੈ। ਉਹ ਵਿਨਾਸ਼ ਨਹੀਂ ਹੁੰਦਾ। ਉਸ ਵਿਚ ਵਿਨਾਸ਼ ਦਾ ਗੁਣ ਨਹੀਂ—

ਓਪਤਿ ਪਰਲਉ ਖਿਨ ਮਹਿ ਕਰਤਾ ॥
ਆਪਿ ਅਲੇਪਾ ਨਿਰਗੁਨੁ ਰਹਤਾ ॥

(ਪੰਨਾ ੩੮੭)

### ੩. ਅਕਾਲ ਕਰਮਾਂ ਰਾਹੀਂ ਨਹੀਂ ਪਾਇਆ ਜਾ ਸਕਦਾ :—

ਸਾਡਾ ਜੀਵਨ ਜਿਆਦਾ ਤੋਂ ਜ਼ਿਆਦਾ ੧੦੦ ਸਾਲ ਮਨ ਲਉ। ਕੁਝ ਪਸ਼ੂਆਂ ਦਾ ੧੦੦ ਮਹੀਨੇ, ਕੁਝ ਪੰਛੀਆਂ ਦਾ ੧੦੦ ਹਫਤੇ ਤੇ ਕੁਝ ਪਤੰਗਿਆਂ ਦਾ ੧੦੦ ਦਿਨ। ਪਰ ਇਸ ੧੦੦ ਦਿਨਾਂ ਨੇ ਨਿਕੇ ਸਮੇਂ ਵਿਚ ਪਤੰਗਾ ਉਹੀ ਸਭ ਕਰਮ ਕਰ ਲੈਂਦਾ ਹੈ ਜਿਹੜਾ ਅਸੀਂ ਸੌ ਸਾਲਾਂ ਵਿਚ ਕਰਦੇ ਹਾਂ ਜਮਣਾ, ਜੁਆਨ ਹੋਣਾ, ਸੰਸਾਰ ਭੋਗਣਾ, ਬੱਚੇ ਜਮਣਾ ਮਰ ਜਾਣਾ। ਕਰਮ ਉਹੀ ਹਨ ਪਰ ਉਨ੍ਹਾਂ ਨੂੰ ਕਰਨ ਲਈ ਸਮੇਂ ਦੀ ਲੋੜ ਹਰ ਇਕ ਦੀ ਵਖੋ ਵਖਰੀ ਹੈ। ਉਹੀ ਕੰਮ ਕੋਈ ੧੦੦ ਸਾਲ ਵਿਚ ਕਰਨਾ ਹੈ, ਕੋਈ ੧੦੦ ਦਿਨਾਂ ਵਿਚ। ਇਸ ਲਈ ਕਰਮ ਰਾਹੀਂ ਕਿਦਾਂ ਸਮੇਂ ਕਾ ਇੰਦਾਜ਼ਾ ਲਾ ਸਕਦੇ ਹਾਂ। ਸਾਡੀ ਧਰਤੀ ਦੀ ਉਮਰ ਕਰੋੜਾਂ ਸਾਲ ਹੈ, ਭਾਵੇਂ ਇਸ ਦੀ ਵੀ ਪਰਲੋ ਅਏਗੀ। ਕਹਿੰਦੇ ਹਨ ਕਿ ਬ੍ਰਹਮਾ ਦਾ ਇਕ ਦਿਨ (ਸ੍ਰਿਸ਼ਟੀ ਦੀ ਉਮਰ) ਸਾਡੇ ਦਿਨ ਦੇ ਬਰਾਬਰ ਹੈ। ਯਾਨੀ ਸਾਡੇ ਬਾਰਾਂ ਘੰਟੇ ਬ੍ਰਹਮ ਦੇ ਕਰੋੜਾਂ ਸਾਲਾਂ ਦੇ ਬਰਾਬਰ ਹਨ। ਸੋ ਸਾਡੀ ਘੜੀ ਸਮੇਂ ਸਮਝਣ ਲਈ ਇਕ ਕੰਮ ਚਲਾਊ ਮਸ਼ੀਨ ਹੈ। ਇਹ ਬਹੁਤ ਭਰੋਸੇ ਵਾਲੀ ਨਹੀਂ। ਬ੍ਰਹਮੰਡ ਦਾ ਸਮਾਂ ਇਹ ਨਹੀਂ ਨਾਪ ਸਕਦੀ। ਇਸ ਲਈ ਅਕਾਲ (ਸਮੇਂ ਦੇ ਪਰੇ) ਨੂੰ ਨਾਪਣ ਦਾ ਕੋਈ ਰਾਹ ਨਹੀਂ, ਕੋਈ ਵਿਧੀ ਨਹੀਂ।



Digitized by Panjab Digital Library | www.panjabdigilib.org

## ੪. ਅਕਾਲ ਮਨ ਤੋਂ ਪਰੇ ਹੈ :

ਚਿਤ ਦੀ ਦਸਾ ਅਨੁਸਾਰ ਸਮੇਂ ਬਦਲਦਾ ਰਹਿੰਦਾ ਹੈ। ਇਸ ਲਈ ਇਹ ਠੀਕ ਤਰ੍ਹਾਂ ਮਾਪਿਆ ਨਹੀਂ ਜਾ ਸਕਦਾ। ਇਹ ਸਾਡੇ ਚਿਤ ਦੀ ਦਸਾ ਦੇ ਅਧੀਨ ਹੈ। ਉਸ ਨੂੰ ਇਕ ਮਸ਼ਹੂਰ ਸਾਇੰਸਦਾਨ ਨੇ ਆਪਣੀ ਥੀਉਰੀ ਔਫ ਰੈਲੇਟਿਵਟੀ (Theory of Relativety) ਵਿਚ ਦਸਿਆ ਹੈ। ਉਹ ਕਹਿੰਦਾ ਹੈ ਕਿ ਕਿਸੇ ਇਕ ਨੂੰ ਤੱਤੀ ਲੋਹ ਦੇ ਕੋਲ ਬਿਠਾ ਦੇਉ ਤੇ ਦੂਸਰੇ ਨੂੰ ਉਸਦੇ ਪ੍ਰੇਮੀ ਕੋਲ। ਪਹਿਲੇ ਨੂੰ ਪ ਮਿੰਟ ਅੱਧੇ ਘੰਟੇ ਬਰਾਬਰ ਲਗਣਗੇ ਤੇ ਦੂਸਰੇ ਨੂੰ ਇਕ ਘੰਟਾ ਪੰਜ ਮਿੰਟ ਬਰਾਬਰ। ਘੜੀ ਆਪਣੀ ਚਾਲੇ ਚਲੀ ਜਾਂਦੀ ਹੈ ਪਰ ਸਾਡਾ ਸਮੇਂ ਬਾਬਤ ਗਿਆਨ ਸਾਪੇਕਸ਼ਕ ਹੈ। ਸਮਾਂ ਸਾਡੀ ਚਿਤ ਦਸਾ ਅਨੁਸਾਰ ਬਦਲਦਾ ਰਹਿੰਦਾ ਹੈ। ਦੁਖ ਵਿਚ ਸਮਾਂ ਲੰਬਾ ਹੋ ਜਾਂਦਾ ਹੈ ਤੇ ਸੁਖ ਵਿਚ ਸਿਕੁੜ ਜਾਂਦਾ ਹੈ। ਹਸਪਤਾਲ ਵਿਚ ਕਿਸੇ ਮਰੀਜ ਕੋਲ ਬੈਠਿਆਂ ਰਾਤ ਬੀਤਦਿਆਂ ਨਹੀਂ ਬੀਤਦੀ ਤੇ ਬਾਗ ਵਿਚ ਕਿਸੇ ਪ੍ਰੇਮੀ ਨਾਲ ਗਲਾਂ ਕਰਦਿਆਂ ਕਰਦਿਆਂ ਰਾਤ ਐਨੀ ਜਲਦੀ ਮੁਕ ਜਾਂਦੀ ਹੈ ਜਿਦਾਂ ਪਰ ਲਾ ਕੇ ਉਡ ਗਈ ਹੋਏ। ਇਦਾਂ ਹੀ ਜੇ ਵੇਲ੍ਹੇ ਹੋਉ ਤਾਂ ਸਮੇਂ ਬੜਾ ਲੰਬਾ ਲਗਦਾ ਹੈ, ਮੁਕਦਾ ਹੀ ਨਹੀਂ। ਤੇ ਜੇ ਕੰਮ ਵਿਚ ਉਲਝੇ ਰਹੀਏ ਤਾਂ ਸਮੇਂ ਦਾ ਪਤਾ ਹੀ ਨਹੀਂ ਲਗਦਾ ਕਿ ਕਦੋਂ ਲੰਘ ਗਿਆ। ਸੋ ਸਮੇਂ ਦੀ ਪਕੜ ਸਾਡੇ ਮਨ ਦੀ ਪਕੜ ਤੇ ਨਿਰਭਰ ਹੈ। ਤੇ ਅਕਾਲ ਸਮੇਂ ਅਤੀਤ ਹੈ, ਮਨ ਅਤੀਤ ਹੈ। ਅਕਾਲ ਮਨ ਰਾਹੀਂ ਨਹੀਂ ਸਮਝਿਆ ਜਾ ਸਕਦਾ ਕਿਉਂਕਿ ਦੋਹਾਂ ਦੇ ਕੰਮ ਕਰਨ ਦੇ ਖੇਤਰ ਅਲਗ ਹਨ—ਮਨ ਸਮੇਂ ਅਧੀਨ ਹੈ ਤੇ ਅਕਾਲ ਮਨ ਤੋਂ ਪਾਰ।



Digitized by Panjab Digital Library | www.panjabdigilib.org

## ੫. ਅਕਾਲ ਦੀ ਪਰਛਾਈ ਸੰਸਾਰ ਹੈ :

ਅਸੀਂ ਸੰਸਾਰ ਨੂੰ ਸਮੇਂ ਦੇ 'ਦਰਪਣ ਵਿਚ ਦੇਖਦੇ ਹਾਂ। ਇਸ ਲਈ ਜੋ ਦੇਖਦੇ ਹਾਂ ਉਹ ਪਰਛਾਈ ਹੈ। ਸੰਸਾਰ ਨੂੰ ਇਸੇ ਲਈ ਮਾਇਆ ਕਿਹਾ ਗਿਆ ਹੈ ਕਿਉਂਕਿ ਇਹ ਸਤਿ ਨਹੀਂ, ਪਰਛਾਈ ਹੈ। ਇਹ ਇਕ ਪ੍ਰਕਾਰ ਦਾ ਸੁਪਨਾ ਹੈ, ਹਕੀਕਤ ਨਹੀਂ। ਇਹ ਗਲ ਨੂੰ ਸਮਝਣਾ ਮੁਸ਼ਕਲ ਹੋ ਜਾਂਦਾ ਹੈ ਕਿਉਂਕਿ ਅਸੀਂ ਸਮੇਂ ਵਿਚ ਹੀ ਸੋਚ ਸਕਦੇ ਹਾਂ। ਸਮੇਂ ਵਿਚ ਰਹਿ ਕੇ ਸਮੇ ਦੇ ਪਾਰ ਦਾ ਗਿਆਨ ਨਹੀਂ ਹੋ ਸਕਦਾ। ਸੁਪਨੇ ਵਿਚ ਰਹਿੰਦਿਆਂ ਕਿਦਾਂ ਪਤਾਂ ਚਲੇਗਾ ਕਿ ਅਸੀਂ ਸੁਪਨਾ ਦੇਖ ਰਹੇ ਹਾਂ। ਇਹ ਤਾਂ ਸੁਪਨਾ ਟੁਟਣ ਤੇ ਹੀ ਪਤਾ ਲਗੇਗਾ ਕਿ ਜੋ ਦੇਖ ਰਹੇ ਸਾਂ ਉਹ ਸੁਪਨਾ ਸੀ, ਮਾਇਆ ਸੀ, ਪਰਛਾਈ ਸੀ। ਗੁਰਵਾਕ ਹੈ—

ਇਹੁ ਜਗੁ ਹੈ ਸੰਪਤਿ ਸੁਪਨੇ ਦੀ ਦੇਖਿ ਕਹਾ ਐ ਡਾਨੋ ॥

(ਪੰਨਾ ੧੧੮੬)

ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ ॥
ਇਨ ਮਹਿ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ ॥

(ਪੰਨਾ ੧੪੨੭)

ਝੂਠੇ ਮਾਨੁ ਕਹਾ ਕਰੈ ਜਗੁ ਸੁਪਨੇ ਜਿਉ ਜਾਨਿ ॥
ਇਨ ਮਹਿ ਕਛੁ ਤੇਰੋ ਨਹੀ ਨਾਨਕ ਕਹਿਓ ਬਖਾਨਿ ॥

(ਪੰਨਾ ੧੪੨੮)



Digitized by Panjab Digital Library | www.panjabdigilib.org

ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ ॥
ਕਹਿ ਨਾਨਕ ਥਿਰੁ ਨਾ ਰਹੈ ਜਿਉ ਬਾਲੂ ਕੀ ਭੀਤਿ ॥

(ਪੰਨਾ ੧੪੨੯)

ਸਮੇਂ ਵਿਚ ਰਹਿੰਦਿਆਂ ਹੋਇਆਂ ਜਗ ਰਚਨਾ ਕੇ ਝੂਠ ਹੋਣ ਵਾਰੇ ਨਹੀਂ ਜਾਣਿਆ ਜਾ ਸਕਦਾ। ਇਸ ਸਚਾਈ ਨੂੰ ਜਾਨਣ ਲਈ ਸਾਨੂੰ ਸਮੇਂ ਦੇ ਪਾਰ ਜਾਣਾ ਪਏਗਾ। ਪਾਰ ਜਾਣ ਨਾਲ ਸੰਸਾਰ ਮਿਟ ਨਹੀਂ ਜਾਏਗਾ, ਪਰ ਇਸ ਦੇ ਸਚ ਹੋਣ ਦਾ ਭਰਮ ਮਿਟ ਜਾਏਗਾ। ਇਸ ਦੀ ਅਸਾਰਤਾ ਦਿਸ ਪਏਗੀ। ਸੁਪਨਾ ਟੁਟਣ ਨਾਲ ਸੁਪਨਾ ਭੁਲ ਨਹੀ ਜਾਂਦਾ ਸਿਰਫ ਇਸ ਦੇ ਝੂਠੇ ਹੋਣ ਦਾ ਗਿਆਨ ਹੋ ਜਾਂਦਾ ਹੈ। ਅਕਾਲ ਨੂੰ ਜਾਨਣ ਲਈ ਕਾਲ ਤੋਂ ਪਰੇ ਹੋਣਾ ਬਹੁਤ ਜ਼ਰੂਰੀ ਹੈ।

## ੬. ਅਕਾਲ ਕਾਲ ਦੀ ਸਮੇਂ ਵੰਡ ਤੋਂ ਪਰੇ ਹੈ :

ਅਸੀਂ ਸਮੇਂ ਨੂੰ ਤਿੰਨ ਭਾਗਾਂ ਵਿਚ ਹਾਂ—ਭੂਤ, ਭਵਿੱਖ ਤੇ ਵਰਤਮਾਨ। ਮਨ ਦਾ ਸੁਭਾ ਹੈ ਕਿ ਇਹ ਭੂਤ ਜਾਂ ਭਵਿੱਖ ਵਿਚ ਡੋਲਦਾ ਰਹਿੰਦਾ ਹੈ। ਇਹ ਵਰਤਮਾਨ ਵਿਚ ਨਹੀਂ ਟਿਕਦਾ। ਇਸ ਨੂੰ ਬੀਤੇ ਕਾਲ ਦੀਆਂ ਤੇ ਆਣ ਵਾਲੇ ਕਾਲ ਦੇ ਸੁਪਨੇ ਘੇਰੇ ਰਹਿੰਦੇ ਹਨ। ਇਹ ਲੰਘ ਗਏ ਦੁਖਾਂ ਨੂੰ ਯਾਦ ਕਰ ਕੇ ਰੋਂਦਾ ਹੈ ਤੇ ਆਣ ਵਾਲੇ ਦੁਖਾਂ ਦੀ ਕਲਪਨਾ ਕਰਕੇ ਦੁਖੀ ਹੁੰਦਾ ਹੈ। ਗਿਆ ਕਲ ਬਹੁਤ ਪਿਛੇ ਰਹਿ ਗਿਆ ਹੈ ਤੇ ਆਣ ਵਾਲਾ ਕਲ ਹਲੀ ਆਇਆ ਨਹੀਂ। ਸੋ ਇਸ ਵਿਚ ਜੀਣਾ ਕਿਉਂ। ਅਕਾਲ (ਵਾਹਿਗੁਰੂ) ਵਰਤਮਾਨ ਦੇ ਛੋਟੇ ਜਿਹੇ ਹਿੱਸੇ ਵਿਚ ਹੈ। ਇਸ ਲਈ ਉਸ ਨੂੰ ਸਮਝਣ ਲਈ ਤੁਸੀਂ ਵੀ ਆਪਣੇ ਵਰਤਮਾਨ ਨੂੰ ਸਮਝੋ। ਇਦਾਂ ਸਮਝੋ —ਕਿਸੀ ਚੀਜ (ਮਨ ਲਵੋ ਪਿਆਜ) ਛਿੱਲੀ ਜਾਉ ਤਾਂ ਅਖੀਰ ਵਿਚ ਕੁਝ ਨਹੀਂ ਬਚਦਾ। ਪਿਆਜ ਹੀ ਗੁਮ ਹੋ ਜਾਂਦਾ ਹੈ। ਇਦਾਂ ਹੀ ਸਮੇਂ ਨੂੰ ਭੂਤ-ਭਵਿਖ ਤੋਂ ਹਟਾ ਕੇ ਵਰਤਮਾਨ ਵਿਚ ਲਿਆਉਣ ਤੇ ਵਰਤਮਾਨ ਨੂੰ ਛੋਟਾ ਕਰੀ ਜਾਉ, ਹੋਰ ਛੋਟਾ ਕਰੀ ਜਾਉ, ਤਾਂ ਅਖੀਰ ਵਿਚ ਸਮਾਂ ਗੁਮ ਹੋ ਜਾਏਗਾ। ਕਾਲ (ਸਮਾ) ਅਕਾਲ (ਵਾਹਿਗੁਰੂ) ਵਿਚ ਜਾ ਰਲੇਗਾ। ਇਦਾਂ ਹੀ ਮਨ ਨੂੰ ਅਕਾਲ ਵਿਚ ਟਿਕਾਣ ਲਈ ਸਿਮਰਨ ਰਾਹੀਂ ਮਨ ਦੀਆਂ ਦੌੜਾਂ ਘਟ ਕਰਦਿਆਂ ਕਰਦਿਆਂ ਬਿਲਕੁਲ ਬੰਦ ਕਰਨੀਆਂ ਪੈਂਦੀਆਂ ਹਨ। ਸਿਮਰਨ ਅਭਿਆਸ ਵਿਚ ਮਨ ਐਨਾ ਟਿਕ ਜਾਣਾ ਚਾਹੀਦਾ ਹੈ ਕਿ ਇਕ ਅਖ-ਝਪਕੇ ਜਿਨਾਂ ਵੀ ਨ ਹਿਲੇ। ਅਕਾਲ ਦੇ ਖਿਆਲ ਤੋਂ ਛੁਟ ਹੋਰ ਸਾਰੇ ਖਿਆਲ ਮਿਟ ਜਾਣ। ਜਿਨ੍ਹਾਂ ਨੂੰ ਇਸ ਪ੍ਰਕਾਰ ਦੇ ਸਿਮਰਨ ਦਾ ਅਭਿਆਸ ਹੈ ਉਹ ਜਾਣਦੇ ਹਨ ਕਿ ਜਦੋਂ ਮਨ ਦੀ ਦੌੜ ਰੁਕ ਜਾਂਦੀ ਹੈ (ਭੂਤ-ਭਵਿਖ ਨਹੀ ਰਹਿੰਦਾ) ਤਾਂ ਇਕ ਐਸੀ ਸਟੇਜ ਆਂਦੀ ਹੈ ਜਦੋਂ ਸਮੇਂ ਦਾ ਪਤਾ ਨਹੀਂ ਚਗਦਾ। ਤੁਸੀਂ ਦੋ-ਤਿੰਨ ਘੰਟੇ ਸਿਮਰਨ ਵਿਚ ਬੈਠੇ ਰਹਿੰਦੇ ਹੋ ਤੇ ਸਮੇਂ ਦਾ ਪਤਾ ਨਹੀਂ ਲਗਦਾ। ਐਨੇ ਤਾਜਾ ਉਠਦੇ ਹੋ ਜਿਦਾਂ ਸਮੇਂ ਦਾ ਤੁਹਾਡੇ ਉਤੇ ਕੋਈ ਪ੍ਰਭਾਵ ਨ ਪਿਆ ਹੋਏ। ਤਿੰਨ ਘਟੇ ਇਦਾਂ ਲਗਦੇ ਹਨ ਜਿੰਦਾਂ ਹੁਣੇ ਹੀ ਸਿਮਰਨ ਵਿਚ ਬੈਠੇ ਸਾਂ। ਅਕਾਲ ਵਿਚ ਲੀਨ ਹੋਇਆ ਕਾਲ (ਸਮੇਂ) ਦਾ ਗਿਆਨ ਨਹੀਂ ਰਹਿੰਦਾ ਕਿਉਂਕਿ ਉਹ ਕਾਲ (ਸਮੇਂ) ਤੋਂ ਪਰੇ ਹੈ।



Digitized by Panjab Digital Library | www.panjabdigilib.org

## ੭. ਅਕਾਲ ਕਾਲ (ਮੌਤ) ਤੋਂ ਮੁਕਤ ਹੈ :

ਕਾਲ ਦਾ ਅਰਥ ਮੌਤ ਵੀ ਹੈ। ਇਸ ਲਈ ਮੌਤ ਬਾਰੇ ਵੀ ਥੋੜਾ ਸਮਝ ਲੈਣਾ ਚਾਹੀਦਾ ਹੈ। ਕਿਸੇ ਨੇ ਆਪਣੀ ਮੌਤ ਨਹੀਂ ਦੇਖੀ। ਸਭ ਨੇ ਦੂਸਰਿਆਂ ਦੀ ਮੌਤ ਹੀ ਦੇਖੀ ਹੈ। ਉਹ ਵੀ ਸਰੀਰ ਦੀ ਮੌਤ ਹੀ ਦੇਖੀ ਹੈ। ਬਾਹਰ ਦਾ ਦਰਸਨ ਕੀਤਾ ਹੈ। ਮੌਤ ਵੇਲੇ ਅੰਦਰ ਕੀ ਹੋਇਆ, ਉਸ ਦਾ ਪਤਾ ਨਹੀਂ। ਜਿਹੜਾ ਮਰਦਾ ਹੈ ਉਹ ਵੀ ਆਮ ਕਰਕੇ ਬੇਹੋਸ਼ੀ ਵਿਚ ਮਰਦਾ ਹੈ। ਇਸ ਲਈ ਜੇ ਉਹ ਕਿਸੇ ਤਰ੍ਹਾਂ ਵਾਪਸ ਵੀ ਆ ਜਾਏ ਤਾਂ ਵੀ ਉਹ ਨਹੀਂ ਦਸ ਸਕਦਾ ਕਿ ਮੌਤ ਕੀ ਹੈ। ਪਰ ਸਾਡੇ ਅੰਦਰ ਇਕ ਸੂਖਮ ਜਿਹਾ ਅਹਿਸਾਸ ਬਣਿਆ ਰਹਿੰਦਾ ਹੈ ਕਿ ਅਸੀਂ ਨਹੀਂ ਮਰਾਂਗੇ। ਉਹ ਅਹਿਸਾਸ ਯਕੀਨ ਦੁਆਈ ਰਖਦਾ ਹੈ ਕਿ ਅਸੀਂ ਨਹੀਂ ਮਰਾਂਗੇ। ਦੂਸਰਿਆਂ ਨੂੰ ਮਰਦੇ ਦੇਖ ਕੇ ਵੀ ਆਪਣੀ ਮੌਤ ਨਿਸਚੇ ਨਹੀਂ ਲਗਦੀ। ਇਸ ਦਾ ਕਾਰਣ ਹੈ ਸਾਡੇ ਅੰਦਰ ਅਕਾਲ ਦਾ ਵਾਸਾ। ਉਹ ਭਰੋਸਾ ਦੇਈ ਜਾਂਦਾ ਹੈ ਕਿ ਤੁਸੀਂ ਨਹੀਂ ਮਰ ਸਕਦੇ। ਸਿਆਣੇ ਕਹਿੰਦੇ ਹਨ ਕਿ ਮੌਤ ਇਕ ਲੰਬੀ ਨੀਂਦ ਹੈ। ਇਸ ਲਈ ਮੌਤ ਨੂੰ ਸਮਝਣ ਲਈ ਸਾਨੂੰ ਨੀਂਦ ਨੂੰ ਸਮਝਣਾ ਪਏਗਾ। ਨੀਂਦ ਵਿਚ ਹੋਸ਼ ਬਣਾਈ ਰਖਣਾ ਹੋਏਗਾ। ਅਸੀਂ ਸਿਮਰਨ ਕਰੀ ਜਾਵਾਂਗੇ ਤੇ ਨੀਂਦ ਆ ਜਾਏਗੀ। ਕੁਝ ਸਮੇਂ ਦੇ ਅਭਿਆਸ ਬਾਅਦ ਅਸੀਂ ਨੀਂਦ ਵਿਚ ਸੁਤੇ ਵੀ ਹੋਵਾਂਗੇ ਤੇ ਜਾਗਦੇ ਵੀ। ਸ਼ਰੀਰ ਤੇ ਮਨ ਸੌਂ ਜਾਣਗੇ ਪਰ ਚੇਤਨਾ ਜਾਗਦੀ ਰਹੇਗੀ। ਨੀਂਦ ਵਿਚ ਵੀ ਤੁਹਾਨੂੰ ਪਤਾ ਚਲਦਾ ਰਹੇਗਾ ਕਿ ਕੀ ਹੋ ਰਿਹਾ ਹੈ। ਤੁਸੀਂ ਆਪਣੇ ਆਪ ਨੂੰ ਸ਼ਰੀਰ ਨਾਲੋਂ ਵੱਖ ਜਾਣ ਲਉਗੇ। ਇਸ ਅਭਿਆਸ ਨਾਲ ਤੁਸੀਂ ਮੌਤ ਸਮੇਂ ਜਾਗ ਸਕੋਗੇ। ਮੌਤ ਵੇਲੇ ਤੁਸੀਂ ਬੇਹੋਸ਼ ਨਹੀਂ ਮਰੋਗੇ। ਸ਼ਰੀਰ ਮਰ ਰਿਹਾ ਹੋਏਗਾ ਅਤੇ ਤੁਹਾਡੀ ਚੇਤਨਾਂ ਇਸ ਨੂੰ ਦੇਖਦੀ ਰਹੇਗੀ। ਹੁਣ ਤੁਸੀਂ ਕਾਲ ਤੋਂ ਪਰੇ ਹੋ ਗਏ ਤੇ ਅਕਾਲ ਕੋਲ ਪਹੁੰਚ ਗਏ।



Digitized by Panjab Digital Library | www.panjabdigilib.org

## ੮. ਅਕਾਲ ਕਾਲ ਦਾ ਕਰਤਾ ਹੈ

ਸਮੇਂ ਦੀ ਧਾਰਾ ਵਿਚ ਘਟਨਾਵਾਂ ਘਟ ਰਹੀਆਂ ਹਨ। ਇਹ ਅਕਾਲ ਦੇ ਹੁਕਮ ਵਿਚ ਹੁੰਦੀਆਂ ਹਨ। ਇਸੇ ਲਈ ਜਪੁ ਜੀ ਸਾਹਿਬ ਦੀ ਪਹਿਲੀ ਪਉੜੀ ਵਿਚ ਦਰਸਾਇਆ ਹੈ ਹੁਕਮ ਰਜਾਈ ਚਲਣਾ। ਇਸ ਗੱਲ ਦਾ ਪੂਰਨ ਵਿਸ਼ਵਾਸ਼ ਹੋ ਜਾਣਾ ਕਿ ਉਸ ਅਕਾਲ ਦੇ ਹੁਕਮ ਵਿਚ ਕਈ ਮਨੁਖ ਚੰਗੇ ਬਣ ਜਾਂਦੇ ਹਨ, ਕਈ ਮਾੜੇ। ਉਸ ਦੇ ਹੁਕਮ ਵਿਚ (ਸਾਡੇ ਕਰਮਾਂ ਤੇ ਅਧਾਰਤ) ਸਾਨੂੰ ਦੁਖ ਤੇ ਸੁਖ ਮਿਲਦੇ ਹਨ। ਗੁਰਵਾਕ ਹੈ :—

ਹੁਕਮੇ ਧਾਰਿ ਅਧਰ ਰਹਾਵੈ ॥
ਹੁਕਮੇ ਉਪਜੈ ਹੁਕਮਿ ਸਮਾਵੈ ॥

(ਪੰਨਾ ੨੭੭)

ਕਰਨ ਕਰਾਵਨ ਕਰਨੈ ਜੋਗ ॥
ਜੋ ਤਿਸ ਭਾਵੈ ਸੋਈ ਹੋਗ ॥

(ਪੰਨਾ ੨੭੬)

ਹੁਕਮੀ ਉਤਮ ਨੀਚੁ ਹੁਕਮਿ
ਲਿਖਿ ਦੁਖ ਸੁਖ ਪਾਈਅਹਿ ॥
ਇਕਨਾ ਹੁਕਮੀ ਬਖਸੀਸ ॥
ਇਕਿ ਹੁਕਮੀ ਸਦਾ ਭਵਾਈਅਹਿ ॥

(ਪੰਨਾ ੧)

ਹੁਕਮੇ ਊਚ ਨੀਚ ਬਿਉਹਾਰ ॥
ਹੁਕਮੇ ਅਨਿਕ ਰੰਗ ਪਰਕਾਰ ॥

(ਪੰਨਾ ੨੭੭)



Digitized by Panjab Digital Library | www.panjabdigilib.org

ਜੋ ਭਾਵੈ ਸੋ ਕਾਰ ਕਰਾਵੈ ॥
ਨਾਨਕ ਦ੍ਰਿਸਟੀ ਅਵਰੁ ਨ ਆਵੈ ॥੨॥

(ਪੰਨਾ ੨੭੭)

ਕਹੁ ਮਾਨੁਖ ਤੇ ਕਿਆ ਹੋਇ ਆਵੈ ॥
ਜੋ ਤਿਸ ਭਾਵੈ ਸੋਈ ਕਰਾਵੈ ॥
ਇਸ ਕੈ ਹਾਥਿ ਹੋਇ ਤਾ ਸਭੁ ਕਿਛੁ ਲੇਇ ॥
ਜੋ ਤਿਸੁ ਭਾਵੈ ਸੋਈ ਕਰੇਇ ॥

(ਪੰਨਾ ੨੭੭)

ਸੁਖਮਨੀ ਸਾਹਿਬ ਦੀ ੧੪ ਈ: ਅਸਟਪਦੀ ਵਿਚ ਹੁਕਮ ਮੰਨਣ ਬਾਰੇ ਵਿਸਥਾਰ ਨਾਲ ਦਰਸਾਇਆ ਗਿਆ ਹੈ। ਅਸੀਂ ਇਸ ਬਾਣੀ ਦਾ ਪਾਠ ਰੋਜ਼ ਕਰਦੇ ਹਾਂ ਪਰ ਹੁਕਮ ਵਿਚ ਪੂਰਨ ਵਿਸ਼ਵਾਸ਼ ਘੱਟ ਰਖਦੇ ਹਾਂ। ਜੇ ਵਿਸ਼ਾਵਾਸ਼ ਆ ਜਾਏ ਹੁਕਮ ਵਿਚ, ਤਾਂ ਹੁਕਮੀ ਨੂੰ ਮਿਲਣਾ ਕੋਈ ਔਖਾ ਨਹੀਂ। ਪਰ ਸਾਡਾ ਵਿਸ਼ਵਾਸ਼ ਬਹੁਤਾ ਡੂੰਘਾ ਨਹੀਂ ਹੋਂਦਾ। ਅਸੀਂ ਆਪਣੇ ਆਪ ਨੂੰ ਕਰਤਾ ਮਿਥ ਲੈਂਦੇ ਹਾਂ। ਸਾਡੀ ਹਾਲਤ ਉਸ ਆਦਮੀ ਵਰਗੀ ਹੈ ਜਿਹੜਾ ਗੱਡੀ ਵਿਚ ਆਪਣੇ ਸਿਰ ਤੇ ਟਰੰਕ ਰੱਖ ਕੇ ਬੈਠਾ ਹੈ। ਗੱਡੀ ਚਲ ਰਹੀ ਹੈ। ਜੇ ਗੱਡੀ ਨੇ ਉਸ ਨੂੰ ਚੁਕਿਆ ਹੋਇਆ ਹੈ ਤਾਂ ਇਸ ਨੇ ਉਸ ਦੇ ਟਰੰਕ ਨੂੰ ਵੀ ਚੁਕਿਆ ਹੋਇਆ ਹੈ। ਉਹ ਮੁਸਾਫਰ ਟਰੰਕ ਭਾਵੇਂ ਆਪਣੇ ਸਿਰ ਤੇ ਰਖੇ ਤੇ ਭਾਵੇਂ ਫਰਸ਼ ਤੇ, ਚੁਕਣਾ ਤਾਂ ਗੱਡੀ ਨ ਹੀ ਹੈ। ਪਰ ਆਦਮੀ ਹਉਮੈਂ ਦੇ ਕਾਰਣ ਟਰੰਕ ਆਪਣੇ ਸਿਰ ਤੇ ਚੁਕੀ ਰਖਦਾ ਹੈ ਤੇ ਭ੍ਰਮ ਵਿਚ ਸੋਚਦਾ ਹੈ ਕਿ ਇਹ ਟਰੰਕ ਮੈਂ ਚੁਕਿਆ ਹੋਇਆ ਹੈ। ਇਹੀ ਹਾਲਤ ਸਾਡੀ ਸੰਸਾਰਕ ਵਿਉਹਾਰ ਵਿਚ ਹੈ। ਸਭ ਉਸ ਕਰਤੇ ਦੇ ਹੁਕਮ ਵਿਚ ਹੋ ਰਿਹਾ ਹੈ। ਪਰ ਅਸੀਂ ਆਪਣੇ ਆਪ ਨੂੰ ਕਰਤਾ ਜਾਣ ਕੇ ਵਾਪਰੀ ਘਟਨਾਵਾਂ ਰਾਹੀਂ ਦੁਖ-ਸੁਖੀ ਹੁੰਦੇ ਰਹਿੰਦੇ ਹਾਂ ਮੈਂ ਕਰਤਾ ਹਾਂ ਇਹ ਮਨੁਖ ਨੂੰ ਹੁਕਮ ਦੇ ਬਹਾਉ ਨਾਲ ਚਲਣ ਨਹੀਂ ਦੇਂਦਾ। ਅਹੰਕਾਰ ਟਾਧੇ ਨੂੰ ਨਦੀ ਦੇ ਉਲਟ ਤਰਨ ਵਿਚ ਮਜ਼ਾ ਆਂਦਾ ਹੈ। ਪਰ ਨਸ਼ੇ ਵਿਚ ਮਨੁਖ ਇਹ ਨਹੀਂ ਸਮਝਦਾ ਕਿ ਨਦੀ ਦੇ ਉਲਟ ਤਰਨ ਵਿਚ ਬੇਕਾਰ ਦੀ ਮਿਹਨਤ ਤੇ ਖਿਜਲਤਾ ਹੈ ਕਿਉਂਕਿ ਅਖੀਰ ਨਦੀ ਨੇ ਆਪਣੇ ਨਾਲ



Digitized by Panjab Digital Library | www.panjabdigilib.org

ਬਹਾ ਕੇ ਲੈ ਨੀ ਜ਼ਾਣਾ ਹੈ। ਨਦੀ ਦਾ ਬਹਾਉ ਸਾਡੀ ਕਮਜ਼ੋਰ ਬਾਹਾਂ ਨਾਲੋਂ ਕਿਤੇ ਸ਼ਕਤੀ-ਸ਼ਾਲੀ ਹੈ। ਸਾਨੂੰ ਜਿੱਤ ਨਹੀਂ ਖੁਆਰੀ ਹੀ ਮਿਲ ਸਕਦੀ ਹੈ। ਸਾਨੂੰ ਇਸ ਕੋਸ਼ਿਸ਼ ਵਿਚ ਸੁਖ ਨਹੀਂ ਦੁਖ ਹੀ ਮਿਲ ਸਕਦਾ ਹੈ। ਪਰ ਅਹੰਕਾਰ ਵਸ ਅਸੀਂ ਹੁਕਮ ਨਾਲ ਲੜਦੇ ਹਾਂ ਤੇ ਅਖੀਰ ਵਿਚ ਦੁਖੀ ਹੁੰਦੇ ਹਾਂ। ਜੇ ਉਸ ਦਾ ਹੁਕਮ ਚੇਤੇ ਰਖ ਸਕੀਏ ਤਾਂ ਮਨ ਵਿਚ ਐਸੇ ਗਿਆਨ ਦਾ ਚਾਨਣ ਉਪਜਦਾ ਹੈ ਜਿਹੜਾ ਸਾਡੇ ਦੁਖ ਮਿਟਾ ਦੇਂਦਾ ਹੈ ਤੇ ਘਰ ਵਿਚ ਸੁੱਖ ਦਾ ਵਾਸਾ ਕਰਾਂਦਾ ਹੈ। ਗੁਰਵਾਕ ਹੈ—

ਜਿਸ ਸਿਮਰਤ ਮਨਿ ਹੋਇ ਪ੍ਰਗਾਸੁ ॥
ਮਿਟਹਿ ਕਲੇਸ ਸੁਖ ਸਹਜਿ ਨਿਵਾਸੁ ॥

(ਪੰਨਾ ੧੧੪੮)

ਉਹ ਹੈ, ਸਿਮਰਨ ਨਾਲ ਹੀ ਸੁੱਖ ਹੈ ਤੇ ਪ੍ਰਮਗਤ ਹੈ! ਸਿਮਰਨ ਛਡ ਕੇ ਕੋਈ ਅਕਾਲ ਤਕ ਨਹੀਂ ਅਪੜ ਸਕਦਾ। ਅਕਾਰ ਸੰਸਾਰ ਰੂਪੀ ਬੂਟੇ ਦਾ ਮੂਲ ਹੈ, ਜੜ ਹੈ, ਤੇ ਅਸੀਂ ਉਸ ਦੀਆਂ ਟਹਿਣੀਆਂ ਹਾ। ਜਿਦਾਂ ਟਹਿਣੀਆਂ ਦਾਂ ਅਧਾਰ ਬੂਟੇ ਦੀ ਜੜ ਵਿਚ ਹੈ, ਇਦਾਂ ਹੀ ਮਨੁਖ ਦਾ ਮੂਲ ਅਕਾਲ ਦੇ ਵਿਚ ਹੈ। ਅਕਾਲ ਦਾ ਸਿਮਰਨ ਛਡ ਕੇ, ਉਸ ਦੇ ਹੁਕਮ ਨੂੰ ਭੁਲਾ ਕੇ, ਮਨੁਖ ਉਸ ਤਕ ਨਹੀਂ ਅਪੜ ਸਕਦਾ। ਅਸਲ ਵਿਚ ਉਸ ਦਾ ਵਜੂਦ ਹੀ ਨਹੀਂ ਰਹਿੰਦਾ :—

ਲਾਜ ਮਰੈ ਜੋ ਨਾਮੁ ਨ ਲੇਵੈ ॥
ਨਾਮ ਬਿਹੂਨ ਸੁਖੀ ਕਿਉ ਸੋਵੈ ॥
ਹਰਿ ਸਿਮਰਨੁ ਛਾਡਿ ਪਰਮਗਤਿ ਚਾਹੈ ॥
ਮੂਲ ਬਿਨਾ ਸਾਖਾ ਕਤ ਆਹੈ ॥

(ਪੰਨਾ ੧੧੪੬)



Digitized by Panjab Digital Library | www.panjabdigilib.org

## ੯. ਅਕਾਲ ਮੂਰਤ ਹੈ :

ਮੂਰਤ ਤੋਂ ਮਤਲਬ ਕਾਗਜ਼ ਜਾਂ ਕਪੜੇ ਤੇ ਬਣਾਈ ਗਈ ਤਸਵੀਰ ਹੈ, ਧਾਤੂਆਂ ਨਾਲ ਬਣਾਈ ਜਾਂ ਕੰਧਾਂ ਉਤੇ ਉਕਰੀ ਮੂਰਤੀ ਹੈ, ਜਾਂ ਕੈਮਰੇ ਨਾਲ ਲਈ ਗਈ ਫੋਟੋ ਹੈ : ਇਹ ਸਭ ਮੂਰਤੀਆਂ ਹਨ ਤੇ ਮਨੁਖੀ ਕਿਰਤ ਹਨ। ਇਨ੍ਹਾਂ ਨੂੰ ਮਨੁਖ ਨੇ ਬਣਾਇਆ ਹੈ। ਪਰ ਅਕਾਲ (ਵਾਹਿਗੁਰੂ) ਨਾਲ ਮੂਰਤ ਸ਼ਬਦ ਲਾਣ ਦਾ ਕੀ ਪ੍ਰਯੋਜਨ ਹੈ ? ਵਾਹਿਗੁਰੂ ਤਾਂ ਮਨੁਖ ਦਾ ਬਣਾਇਆ ਹੋਇਆ ਨਹੀਂ। ਉਹ ਤਾਂ ਮਨੁਖ ਕੋਲੋਂ ਬਣਾਇਆ ਹੀ ਨਹੀਂ ਜਾ ਸਕਦਾ ਕਿਉਂਕਿ ਉਹ ਆਪਣੇ ਆਪ ਤੋਂ ਹੈ। ਉਹ ਸੈਭੰ ਹੈ। ਉਹ ਤਾਂ "ਥਾਪਿਆ ਨ ਜਾਇ ਕੀਤਾ ਨ ਹੋਇ। ਆਪੇ ਆਪਿ ਨਿਰੰਜਨ ਸੋਇ" ਹੈ। ਜੇ ਉਹ ਬਣਾਇਆ ਨਹੀਂ ਜਾ ਸਕਦਾ ਤਾਂ ਉਸ ਨੂੰ ਮੂਰਤ ਕਹਿਣ ਦਾ ਕੀ ਅਰਥ ਹੈ ? ਕਿਉਂ ਗੁਰੂ ਜੀ ਵਾਹਿਗੁਰੂ ਨੂੰ 'ਅਕਾਲ ਮੂਰਤਿ' ਲਿਖਦੇ ਹਨ ?

ਪਹਿਲਾਂ, ਸਾਡੇ ਦੇਸ਼ ਵਿਚ ਮੂਰਤੀ ਪੂਜਾ ਆਮ ਹੈ। ਕਈ ਪ੍ਰਕਾਰ ਦੇ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਬਣਾ ਕੇ ਉਨ੍ਹਾਂ ਨੂੰ ਪੂਜਿਆ ਜਾਂਦਾ ਹੈ। ਕਈ ਮੂਰਤੀਆਂ ਰਬ ਦੇ ਮਨੁਖੀ ਜਾਮੇ ਵਿਚ ਅਵਤਾਰ ਧਾਰਣਾ (ਰਾਮ, ਕ੍ਰਿਸ਼ਨ) ਦਰਸਾਂਦੀਆਂ ਹਨ। ਇਹ ਮੂਰਤੀਆਂ ਰਬ ਦੀਆਂ ਮੰਨੀਆਂ ਜਾਂਦੀਆਂ ਹਨ। ਪਰ ਸਿਖ ਮਤ ਅਨੁਸਾਰ ਤਾਂ ਰਬ ਅਜੂਨੀ ਹੈ, ਉਹ ਜੰਮਦਾ ਮਰਦਾ ਨਹੀਂ। ਉਹ ਸ਼ਰੀਰ ਨਹੀਂ ਧਾਰਦਾ, ਉਹ ਨਿਰਾਕਾਰ ਹੈ, ਅਕਾਰ ਰਹਿਤ ਹੈ। ਫਿਰ ਸਿਖ ਕਿਹੜੀ ਮੂਰਤੀ ਦੀ ਪੂਜਾ ਕਰੇ ? ਸਿਖ ਉਸ ਮੂਰਤੀ ਦੀ ਪੂਜਾ ਕਰਨ ਜਿਹੜੀ ਅਕਾਲ ਹੈ, ਕਾਲ ਰਹਿਤ ਹੈ। ਸਮੇਂ ਤੋਂ ਪਰੇ ਹੈ, ਮੌਤ ਤੋਂ ਪਰੇ ਹੈ ਅਕਾਲ ਨਾਲ ਮੂਰਤ ਜੋੜ ਕੇ ਗੁਰੂ ਜੀ ਨੇ ਸਿਖਾਂ ਲਈ ਪੂਜਣ ਵਾਲੀ ਮੂਰਤੀ ਦੀ ਵਿਆਖਿਆ ਕਰ ਦਿਤੀ


Digitized by Panjab Digital Library | www.panjabdigilib.org

ਤਾਂ ਕਿ ਸਿਖ ਭੁਲੇਖੇ ਵਿਚ ਪੱਥਰ ਦੀ ਮੂਰਤੀ ਵਿਚ ਅਮੂਰਤ ਨੂੰ ਨਾ ਭਾਲਦੇ ਫਿਰਨ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਵਿਚਾਰ ਨੂੰ ਜਾਪ ਸਾਹਿਬ ਵਿਚ ਹੋਰ ਸਪਸ਼ਟ ਕੀਤਾ ਹੈ। ਆਪ ਜੀ ਕਹਿੰਦੇ ਹਨ ਕਿ ਨਾਸ-ਰਹਿਤ ਮੂਰਤਿ ਆਪਣੇ ਆਪ ਤੋਂ ਹੈ। ਜਿਸ ਦਾ ਆਪਣੇ ਬਾਰੇ ਅਨੁਭਵ ਆਪਣਾ ਹੈ ਜਿਸਦਾ ਪ੍ਰਕਾਸ਼ ਆਪਣਾ ਹੈ, ਜੋ ਕਿਸੇ ਪਰਕਾਸ਼ ਨਾਲ ਾਮਣਿਆ ਨਹੀਂ ਜਾ ਸਕਦਾ। ਗੁਰੂ ਜੀ ਕਹਿਦੇ ਹਨ ਜਦ ਜਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹੈ।

ਚਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ ॥
ਰੂਪ ਰੰਗ ਅਰੁ ਰੇਖ ਭੇਖ ਕਉ ਕਹਿ ਨ ਸਕਤ ਕਿਹ ॥
ਅਚਲ ਮੂਰਤਿ ਅਨਭਉ ਪ੍ਰਕਾਸ ਅਮਿਤੋਜਿ ਕਹਿਜੈ ॥

(ਜਾਪ ਸਾਹਿਬ)

ਦੂਸਰੇ ਮੂਰਤੀ ਅਸਲ ਨਹੀਂ ਹੁੰਦੀ ਹਮੇਸ਼ਾਂ ਅਸਲ ਦੀ ਨਕਲ ਹੁੰਦੀ ਹੈ। ਜਿਹੜੀ ਰਾਮ ਦੀ ਮੰਨੀ ਜਾਂਦੀ ਹੈ ਉਹ ਜ਼ਿਆਦਾ ਤੋਂ ਜ਼ਿਆਦਾ ਰਾਮ ਦੀ ਨਕਲ ਹੈ, ਰਾਮ ਨਹੀਂ ਹੈ। ਇਕ ਚੰਗੇ ਜਗਿਆਸੂ ਨੇ ਅਸਲੀ ਰਾਮ ਨੂੰ ਲਭਣਾ ਹੈ, ਨਕਲ ਨੂੰ ਨਹੀਂ ਫੜਣਾ। ਇਸੀ ਪ੍ਰਕਾਰ ਚੰਗੇ ਸਿਖ ਅਸਲ ਨੂੰ ਲੱਭਣਾ ਹੈ, ਅਕਾਲ ਹੀ ਮੂਰਤੀ ਤੇ ਨਹੀਂ। ਜੇ ਅਕਾਲ ਦੀ ਮੂਰਤੀ ਮਿਥ ਵੀ ਲਈ ਜਾਏ ਜਿਦਾਂ ਕਾਲ (ਮੌਤ) ਦੇ ਰਾਜਾ ਧਰਮਰਾਏ ਦੀ ਮੂਰਤੀ ਮਿਥੀ ਹੈ, ਤਾਂ ਵੀ ਸਚੇ ਸਿਖ ਨੂੰ ਨਕਲ ਨਾਲ ਕੋਈ ਸਰੋਕਾਰ ਨਹੀਂ। ਨਿਰਾਕਾਰ ਦੀ ਮੂਰਤੀ ਬਣਾ ਕੇ ਉਸਨੂੰ ਅਕਾਲ ਪੁਰਖ ਕਲਪਿਤ ਕਰਨਾ ਤਾਂ ਅਗਿਆਨਤਾ ਭਰੀ ਗੱਲ ਹੋਏਗੀ। ਇਸੇ ਲਈ ਰਹਿਰਾਸ ਸਾਹਿਬ ਦੀ ਬਾਣੀ ਵਿਚ ਆਂਦਾ ਹੈ :—

ਨਿਰੰਕਾਰ ਨ੍ਰਿਬਿਕਾਰ ਨਿਲੰਭ ॥
ਆਦਿ ਅਨਿਲ ਅਨਾਦਿ ਅਸੰਭ ॥
ਤਾਕਾ ਮੂੜ੍ਹ ਉਚਾਰਤ ਭੇਦਾ ॥
ਜਾ ਕੋ ਭੇਦ ਨਾ ਪਾਵਤ ਬੇਦਾ ॥੧੫॥



Digitized by Panjab Digital Library | www.panjabdigilib.org

ਤਾ ਕੋ ਕਹਿ ਪਾਹਨ ਅਨੁਮਾਨਤ ॥
ਮਹਾ ਮੂੜ ਕਛੁ ਭੇਦ ਨ ਜਾਨਤ ॥
ਮਹਾਂ ਦੇਵ ਕੋ ਕਹਤ ਸਦਾ ਸਿਵ ॥
ਨਿਰੰਕਾਰ ਕਾ ਚੀਨਤ ਨਹਿ ਭਿਵ ॥੧੬॥

(ਚੌਪਾਈ ਪਾਤਸ਼ਾਹੀ ਦਸਵੀਂ)

ਨਿਰੰਕਾਰ ਦੀ ਕਲਪਿਤ ਮੂਰਤੀ ਨੂੰ ਉਸ ਦਾ ਪ੍ਰਤੀਨਿਧ ਮਨਣਾ ਠੀਕ ਨਹੀਂ।

ਤੀਸਰੇ ਅਕਾਲ ਦੀ ਮੂਰਤ ਸਮੇਂ ਤੋਂ ਪਾਰ ਹੈ। "ਕਾਲ ਰਹਿਤ ਅਨਕਾਲ ਸਰੂਪਾਂ।" (ਜੋ ਮੂਰਤੀ ਬਣਾਂਦੇ ਹੋ ਉਹ ਸਮੇਂ ਦੇ ਗੇੜ ਅੰਦਰ ਢਹਿ ਜਾਂਦੀ ਹੈ। ਕੋਈ ਮੂਰਤੀ ਵੀ ਸਮੇਂ-ਅਤੀਤ ਨਹੀਂ। ਮਨੁਖ ਦੀਆਂ ਬਣਾਈਆਂ ਮੂਰਤੀਆਂ ਦੀ ਗੱਲ ਤਾਂ ਛਡੋ ਵਾਹਿਗੁਰੂ ਦੀ ਬਣਾਈ ਸੰਸਾਰ ਰੂਪੀ ਮੂਰਤੀ ਵੀ ਸਮੇਂ ਬਧ ਹੈ। ਉਸਦੀ ਵੀ ਪਰਲੋ ਆਂਦੀ ਹੈ, ਉਸ ਦਾ ਵੀ ਨਾਸ ਹੁੰਦਾ ਹੈ। ਸਾਇੰਸ ਤਾਂ ਕਹਿੰਦੀ ਹੈ ਕਿ ਰਬ ਦੇ ਬ੍ਰਹਮੰਡ ਵਿਚ ਕਈ ਗ੍ਰਹਿ (ਧਰਤੀ) ਬਣਦੇ-ਢਹਿੰਦੇ ਹਨ ਤੇ ਕਦੀ ਕਦਾਈ ਉਸ ਦੇ ਦੋ ਚਾਰ ਛੋਟੇ-ਵਡੇ ਟੋਟੇ (Mcotors) ਸਾਡੀ ਧਰਤੀ ਤੇ ਵੀ ਆ ਡਿਗਦੇ ਹਨ। ਇਹ ਸਭ ਕਿਰਤ ਭਾਵੇਂ ਮਨੁਖ ਦੀ ਹੋਏ ਭਾਵੇਂ ਰਬ ਦੀ, ਗ੍ਰਹਸ ਹੈ। ਵਿਨਾਸ਼ੀ ਹੈ 'ਸਭ ਕੋ ਕਾਲ ਸਭਨ ਕੋ ਕਰਤਾ'। ਜਿਸ ਸੂਰਜ ਰਾਹੀਂ ਅਸੀਂ ਸਮੇਂ ਦਾ ਇੰਦਾਜਾ ਲਗਾਂਦੇ ਹਾਂ ਉਹ ਆਪ ਨਾਸਵੰਤ ਹੈ। ਜਿਹੜਾ ਆਪ ਅਧੂਰਾ ਹੈ ਉਸ ਦਾ ਦਸਿਆ ਹੋਇਆ ਸਮੇਂ ਕਿਦਾਂ ਪੂਰਾ ਹੋ ਸਕਦਾ ਹੈ। ਸਮਾਂ ਕਿੰਨਾ ਹੀ ਲੰਬਾ ਹੋਏ ਉਹ ਮਿਟੇਗਾ ਹੀ। ਪਰ ਗੁਰੂ ਜੀ ਉਸ ਮੂਰਤ ਦੀ ਗਲ ਰਹੇ ਹਨ ਜਿਹੜੀ ਸਮੇਂ ਦੀ ਪਕੜ ਵਿਚ ਆਂਦੀ। ਉਹ ਅਕਾਲ ਹੈ। ਉਹ ਅਕਾਲ ਦੀ ਮੂਰਤ ਹੈ।

ਚੌਥੇ ਮੂਰਤ ਦਾ ਅਰਥ ਹਸਤੀ ਵੀ ਹੁੰਦਾ ਹੈ। ਵਾਹਿਗੁਰੂ ਦਾ ਅਕਾਰ ਕੋਈ ਨਹੀਂ ਪਰ ਫਿਰ ਵੀ ਉਹ ਹੈ। ਨਿਰਾਕਾਰ ਹੋਣ ਨਾਲ ਉਸ ਦੀ ਹੋਂਦ ਬਾਰੇ ਭੁਲੇਖਾ ਪੈਣ ਦਾ ਡਰ ਹੈ। ਜੇ ਉਸ ਦਾ ਅਕਾਰ ਹੀ ਨਹੀਂ, ਤਾਂ ਉਹ ਕਿਦਾਂ ਦਾ ਹੈ, ਹੈ ਵੀ ਕਿ ਨਹੀਂ। ਇਦਾਂ ਦੀਆਂ ਸ਼ੰਕਾਵਾਂ ਉਠਦੀਆਂ ਹਨ। ਇਸੇ ਲਈ ਗੁਰੂ ਜੀ



Digitized by Panjab Digital Library | www.panjabdigilib.org

ਮੂਰਤਿ ਸ਼ਬਦ ਵਰਤ ਕੇ ਦਸਦੇ ਹਨ ਕਿ ਉਹ ਉਸ ਦੀ ਹਸਤੀ ਹੈ। ਉਹ 'ਹੈਭੀ ਹੋਸੀ ਜਾਇ ਨ ਜਾਸੀ' ਦੇ ਗੁਣ ਦਾ ਮਾਲਕ ਹੈ। ਇਸੇ ਲਈ ਜੇ ਵਾਹਿਗੁਰੂ ਨੂੰ ਅਕਾਲ ਮੂਰਤਿ ਕਿਹਾ ਹੈ ਤਾਂ ਉਸ ਨੂੰ ਅਕਾਲ ਪੁਰਖ ਵੀ ਕਿਹਾ ਹੈ।

ਪੰਜਵੇਂ, ਜੇ ਇਹ ਮੂਰਤ ਨਾਸ਼ ਤੋਂ ਪਰੇ ਹੈ, ਅਕਾਰ ਤੋਂ ਪਰੇ ਹੈ, ਤਾਂ ਫਿਰ ਇਹ ਹੈ ਕੀ ? ਉਸਨੂੰ ਸਮਝਾਣ ਲਈ ਸਾਨੂੰ ਸਮੇਂ ਤੋਂ ਪਾਰ ਦੀ ਅਵਸਥਾ ਵਿਚ ਪਹੁੰਚਣਾ ਪਏਗਾ। ਇਹ ਹੋਏਗਾ ਸਿਮਰਨ ਰਾਹੀਂ। ਸਿਮਰਨ ਸਾਨੂੰ ਸਮੇਂ ਤੋਂ ਪਾਰ ਤੇ ਮੌਤ ਤੋਂ ਪਾਰ ਲੈ ਜਾਏਗਾ ਤੇ ਅਕਾਲ ਮੂਰਤਿ ਨਾਲ ਅਭੇਦ ਕਰੇਗਾ।



Digitized by Panjab Digital Library | www.panjabdigilib.org

[੮]

# ਅਜੂਨੀ

ਆਇ ਨ ਜਾਈ ਰਹਿਆ ਸਮਾਈ ॥

## ੧. ਵਾਹਿਗੁਰੂ ਅਜੂਨੀ ਹੈ :

ਵਾਹਿਗੁਰੂ ਅਜੂਨੀ ਹੈ। ਉਹ ਜੂਨ ਤੋਂ ਬਾਹਰ ਹੈ। ਜੂਨ ਤੋਂ ਮੁਰਾਦ ਹੈ 'ਗਰਭ'। ਵਾਹਿਗੁਰੂ ਗਰਭ ਤੋਂ ਪਰੇ ਹੈ। ਉਹ ਗਰਭ ਵਿਚ ਨਹੀਂ ਆਂਦਾ। ਉਹ ਜੰਮਦਾ ਨਹੀਂ, ਇਸ ਲਈ ਉਹ ਮਰਦਾ ਵੀ ਨਹੀਂ। ਇਸ ਲਈ ਅਜੂਨੀ ਵਾਹਿਗੁਰੂ ਅਵਤਾਰ ਨਹੀਂ ਧਾਰਦਾ। ਸ਼ਰੀਰ ਧਾਰਨ ਕਰਕੇ ਸੰਸਾਰ ਵਿਚ ਨਹੀਂ ਆਂਦਾ। ਉਹ ਕ੍ਰਿਸ਼ਨ ਦੇ ਰੂਪ ਵਿਚ ਅਸ਼ਟਮੀ ਵਾਲੇ ਦਿਨ ਨਹੀਂ ਜੰਮਿਆ। ਗੁਰਵਾਕ ਹੈ—

ਸਗਲੀ ਥੀਤਿ ਪਾਸਿ ਡਾਰਿ ਰਾਖੀ ॥
ਅਸਟਮ ਥੀਤਿ ਗੋਬਿੰਦ ਜਨਮਾਨੀ ॥
ਭਰਮਿ ਭੂਲੇ ਨਰ ਕਰਤ ਕਚਰਾਇਣ ॥
ਜਨਮ ਮਰਣ ਤੇ ਰਹਤ ਨਾਰਾਇਣ ॥

(ਪੰਨਾ ੧੧੩੬)

ਸਗਲ ਪਰਾਧ ਦੇਹਿ ਲੋਰੋਨੀ ॥
ਸੋ ਮੁਖੁ ਜਲਉ ਕਹਹਿ ਠਾਕੁਰ ਜੋਨੀ ॥
ਜਨਮਿ ਨ ਮਰੈ ਨ ਆਵੈ ਨਾ ਜਾਇ ॥
ਨਾਨਕ ਕਾ ਪ੍ਰਭੁ ਰਹਿਓ ਸਮਾਇ ॥

(ਪੰਨਾ ੧੧੩੬)



Digitized by Panjab Digital Library | www.panjabdigilib.org

ਗੁਰੂ ਗੋਬਿੰਦ ਸਿੰਘ ਜੀ ਅਵਤਾਰਵਾਦ ਦਾ ਖੰਡਨ ਬੜੇ ਕਠੋਰ ਸ਼ਬਦਾਂ ਵਿਚ ਕਰਦੇ ਹਨ। ਕ੍ਰਿਸ਼ਨ ਦਾ ਜ਼ਿਕਰ ਕਰਦਿਆਂ ਹੋਇਆਂ ਆਪ ਜੀ ਕਹਿੰਦੇ ਹਨ :—

ਕਯੋ ਕਹੋ ਕ੍ਰਿਸਨ ਕ੍ਰਿਪਾ ਨਿਧਾਨ ਹੈ
ਕਿਹ ਕਾਜ ਨੇ ਬਧਕ ਬਾਣ ਲਗਾਯੋ ॥
ਅਉਰ ਕੁਲੀਨ ਉਧਾਰਹਿ
ਜੋ ਕਿਹ ਤੇ ਅਪਨੋ ਕੁਲ ਨਾਸ ਕਰਾਯੋ ॥
ਆਦਿ ਅਜੋਨਿ ਕਹਾਇ ਕਹੋ
ਕਿਮ ਦੇਵਕਿ ਕੇ ਜਨਨਤਰ ਆਯੋ ॥
ਤਾਤ ਨ ਮਾਤ ਕਹੈ
ਜਿਹ ਕੋ ਕਿਯੋ ਬਸਦੇਵਹਿ ਬਾਪ ਕਹਾਯੋ ॥

(੩੩ ਸਵਾਈਏ)

ਅਜੂਨੀ ਵਾਹਿਗੁਰੂ ਸ਼ਰੀਰ ਨਹੀਂ ਧਾਰਦਾ ਕਿਉਂਕਿ ਉਹ ਆਵਾਗਉਣ ਵਿਚ ਨਹੀਂ। ਉਹ ਨਾ ਆਂਦਾ ਹੈ ਨਾ ਜਾਂਦਾ ਹੈ। ਗੁਰਵਾਕ ਹੈ—

ਆਇ ਨ ਜਾਈ ਰਹਿਆ ਸਮਾਈ ॥
ਨਾਨਕ ਦਾਸ ਹਰਿ ਕੀ ਸਰਣਾਈ ॥

ਪੰਨਾ ੧੧੩੮)

ਸਚ ਹੁਕਮੁ ਤੁਮਾਰਾ ਤਖਤਿ ਨਿਵਾਸੀ ॥
ਆਇ ਨ ਜਾਵੈ ਮੇਰਾ ਪ੍ਰਭੁ ਅਬਿਨਾਸੀ ॥

(ਪੰਨਾ ੫੬੨)

ਵਾਹਿਗੁਰੂ ਨਾਸ਼ ਰਹਿਤ ਹੈ, ਜਨਮ ਰਹਿਤ ਹੈ।

ਮਨੁਖ ਵੀ ਇਸੇ ਵਾਹਿਗੁਰੂ ਦੀ ਸੰਤਾਨ ਹੈ। ਉਹ ਸਾਡਾ ਮਾਤਾ ਪਿਤਾ ਹੈ। ਅਸੀਂ ਉਸ ਦੀ ਸੰਤ੍ਹਾਨ ਹਾਂ—

ਤੁਮ ਮਾਤ ਪਿਤਾ ਹਮ ਬਾਰਿਕ ਤੇਰੇ ॥
ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ ॥

(ਪੰਨਾ ੨੬੮)



Digitized by Panjab Digital Library | www.panjabdigilib.org

ਤੁਮਹਿ ਪਿਤਾ ਤੁਮਹੀ ਫੁਨਿ ਮਾਤਾ
ਤੁਮਹਿ ਮੀਤ ਹਿਤ ਭ੍ਰਾਤਾ ॥
ਤੁਮ ਪਰਵਾਰ ਤੁਮਹਿ ਆਧਾਰਾ
ਤੁਮਹਿ ਜੀਅ ਪ੍ਰਾਨ ਦਾਤਾ ॥

(ਪੰਨਾ ੧੨੧੫)

ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ
ਤੂੰ ਮੇਰਾ ਬੰਧੁ ਤੂੰ ਮੇਰਾ ਭ੍ਰਾਤਾ ॥
ਤੂੰ ਮੇਰਾ ਰਾਖਾ ਸਭਨੀ ਥਾਈ
ਤਾ ਭਉ ਕੇਹਾ ਕਾੜਾ ਜੀਉ ॥

(ਪੰਨਾ ੧੦੩)

ਜੇ ਵਾਹਿਗੁਰੂ ਸਾਡਾ ਮਾਤਾ ਪਿਤਾ ਹੈ ਤਾਂ ਸਾਡੇ ਵਿਚ ਪੈਤ੍ਰਿਕ ਗੁਣ ਆਣੇ ਹੀ ਚਾਹਦੇ ਹਨ। ਜੇ ਵਾਹਿਗੂਰੂ ਅਜੂਨੀ ਤਾਂ ਅਸੀਂ ਵੀ ਅਜੂਨੀ ਹੀ ਹਾਂ। ਅਸੀਂ ਵੀ ਜਨਮ ਮਰਨ ਦੇ ਚੱਕਰ ਵਿਚ ਨਹੀਂ। ਇਸ ਵਿਚਾਰ ਦੀ ਪੁਸ਼ਟੀ ਗੁਰੂ ਜ਼ੀ ਕਰਦੇ ਕਿ ਮਨੁਖ ਵੀ ਆਵਣ-ਜਾਣ ਤੋਂ ਪਰੇ ਹੈ ਅਤੇ ਉਥੇ ਵਸਦਾ ਹੈ ਜਿਥੇ ਨਿਰੰਕਾਰ ਦਾ ਆਪਣਾ ਟਿਕਾਣਾ ਹੈ। ਗੁਰਵਾਕ ਹੈ—

ਬੂਝੀ ਤ੍ਰਿਸਨਾ ਸਹਜਿ ਸੁਹੇਲਾ
ਕਾਮ ਕਰੋਧ ਬਿਖ ਜਾਰੋ ॥
ਆਇ ਨ ਜਾਇ ਬਸੈ
ਇਹ ਠਾਹਰ ਜਹ ਆਸੁਨ ਨਿਰੰਕਾਰੋ ॥

(ਪੰਨਾ ੧੨੧੫)

ਆਇ ਨ ਜਾਇ ਰਹਿਆ ਸਮਾਈ ॥
ਨਾਨਕ ਦਾਸ ਹਰਿ ਕੀ ਸਰਣਾਈ ॥

(ਪੰਨਾ ੧੧੩੮)



Digitized by Panjab Digital Library | www.panjabdigilib.org

ਆਇ ਨ ਜਾਵੈ ਨਾ ਦੁਖੁ ਪਾਵੈ
ਨਾ ਦੁਖੁ ਦਰਦੁ ਸਰੀਰੇ ॥
ਨਾਨਕ ਪ੍ਰਭ ਤੇ ਸਹਜ ਸੁਹੇਲੀ
ਪ੍ਰਭ ਦੇਖਤ ਹੀ ਮਨੁ ਧੀਰੇ ॥

(ਪੰਨਾ ੧੧੯੭)

ਆਇ ਨ ਜਾਇ ਬਸੇ ਨਿਜ ਆਸਨਿ
ਊਂਧ ਕਮਲ ਬਿਗਸਰੋ ।

(ਪੰਨਾ ੧੩੦੬)

ਮਨੁਖ ਨਾ ਕਿਤੇ ਆਂਦਾ ਹੈ ਨਾ ਜਾਂਦਾ ਹੈ । ਉਹ ਅਜੂਨੀ ਹੈ । ਉਸ ਨੂੰ ਹੋਣਾ ਹੀ ਚਾਹੀਦਾ ਚਾਹੀਦਾ ਹੈ ਕਿਉਂਕਿ ਉਸ ਨੇ ਅੰਦਰ ਵਾਹਿਗੁਰੂ ਨੇ ਆਪਣੀ ਜੋਤ ਰਖੀ ਤਾਂ ਹੀ ਉਹ ਸੰਸਾਰ ਵਿਚ ਆਇਆ । ਸਾਰੇ ਪਸਾਰੇ ਵਿਚ ਉਸਦੀ ਹੀ ਜੋਤ ਹੈ—

ਕਹੁ ਰੇ ਗਿਆਨੀ ਬ੍ਰਹਮ ਬੀਚਾਰੁ
ਜੋਤੀ ਅੰਤਿਰ ਧਰਿਆ ਪਸਾਰੁ ॥

(ਪੰਨਾ ੯੭੨)

ਜੋਤ ਦਾਤਿ ਜੇਤੀ ਸਭ ਤੇਰੀ ॥
ਤੂੰ ਕਰਤਾ ਸਭ ਠਾਈ ਹੈ ॥

(ਪੰਨਾ ੧੦੨੨)

ਸਾਡੇ ਅੰਦਰ ਉਸ ਅਜੂਨੀ ਦੀ ਜੋਤ ਹੈ ਤੇ ਅਸੀਂ ਵੀ ਅਜੂਨੀ ਹਾਂ । ਪਰ ਇਹ ਗੱਲ ਸਾਡੇ ਅਨੁਭਵ ਤੋਂ ਉਲਟ ਲਗਦੀ ਹੈ । ਅਸੀਂ ਰੋਜ਼ ਦੇਖਦੇ ਹਾਂ ਕਿ ਜੀਵ ਕਈ ਜੂਨਾਂ ਵਿਚ ਜੰਮਦੇ ਹਨ, ਮਰਦੇ ਹਨ ਤੇ ਫਿਰ ਜੰਮਦੇ ਹਨ, ਫਿਰ ਮਰਦੇ ਹਨ । ਇਹ ਜੂਨਾਂ ਦਾ ਚਕਰ ਚਲਦਾ ਹੀ ਰਹਿੰਦੇ ਹੈ ।

ਸਿਆਣਿਆਂ ਨੇ ਜੂਨਾਂ ਨੂੰ ਚਾਰ ਭਾਗਾਂ ਭਿਚ ਵੰਡਿਆ ਹੈ (੧) ਜਿਹੜੀਆਂ ਅੰਡਿਆਂ ਵਿਚ ਪੈਦਾ ਹੋਣ (ਪੰਛੀ) (੨) ਜਿਹੜੀਆਂ ਜ਼ੇਰ ਤੋਂ ਪੈਦਾ ਹੋਣ (ਪਸ਼ੂ,



Digitized by Panjab Digital Library | www.panjabdigilib.org

ਮਨੁਖ) (੩) ਜਿਹੜੀਆਂ ਪਸੀਨੇ ਤੋਂ ਪੈਦਾ ਹੋਣ (ਜੂਆਂ) (੪) ਜਿਹੜੀਆਂ ਧਰਤੀ ਤੋਂ ਪੈਦਾ ਹੋਣ (ਬਨਸਪਤੀ)। ਗੁਰਬਾਣੀ ਵਿਚ ਇਨ੍ਹਾਂ ਦਾ ਜ਼ਿਕਰ ਆਦਾ ਹੈ—

ਅੰਡਜ ਜੇਰਜ ਸੇਤਜ ਉਤਭੁਜਾਂ ਪ੍ਰਭ ਕੀ ਇਹੁ ਕਿਰਤਿ ॥

(ਪੰਨਾ ੮੧੬)

ਅੰਡਜ ਜੇਰਜ ਸੇਤਜ ਉਤਭੁਜ
ਸਭਿ ਵਰਨ ਰੂਪ ਜੀਅ ਜੰਤ ਉਪਈਆ ॥

(ਪੰਨਾ ੮੩੫)

ਅੰਡਜ ਜੇਰਜ ਸੇਤਜ ਉਤਭੁਜ ਘਟਿ ਘਟਿ ਸਮਾਣੀ ॥

(ਪੰਨਾ ੧੧੮੬)

ਸਾਇੰਸ ਦਾ ਦ੍ਰਿਸ਼ਟੀ ਕੋਣ ਹੈ ਕਿ ਹਰ ਜੀਅ ਅੰਡੇ ਤੋਂ ਹੀ ਪੈਦਾ ਹੁੰਦਾ ਹੈ ਭਾਵੇਂ ਅੰਡਾ ਵਖ-ਵਖ ਰੂਪਾਂ ਵਿਚ ਵਿਚ ਦਿਸਦਾ ਹੈ। ਪਸ਼ੂ-ਮਨੁਖੀ ਅੰਡਾ ਸ਼ਰੀਰ ਅੰਦਰ ਹੀ ਪਾਲਦਾ ਹੈ ਤੇ ਰੂਪ ਧਾਰਦਾ ਹੈ। ਪੰਖੀਆਂ ਦਾ ਅੰਡਾ ਬਾਹਰ ਆ ਕੇ ਰੂਪ ਧਾਰਦਾ ਹੈ, ਜੂੰਆਂ ਦਾ ਅੰਡਾ ਵੀ, ਜਿਹੜਾ ਨੰਗੀ ਅੱਖਾਂ ਨਾਲ ਦਿਸਦਾ ਨਹੀਂ, ਬਾਹਰ ਹੀ ਰੂਪ ਧਾਰਦਾ ਹੈ। ਤੇ ਬਨਸਪਤੀ ਦੀ ਉਪਜ ਵੀ ਸੂਖਮ ਅੰਡਿਆਂ ਰਾਹੀਂ ਹੀ ਹੁੰਦੀ ਹੈ! ਸੋ ਹਰ ਜੂਨ ਦਾ ਅਧਾਰ ਅੰਡਾ ਹੁੰਦਾ ਹੈ ਤੇ ਅੰਡੇ ਦਾ ਅਧਾਰ ਪਰੋਟੀਨ (Protien) ਹੁੰਦਾ ਹੈ। ਜੂਨਾਂ ਕਿੰਨੀਆਂ ਹੀ ਹੋਣ ਤੇ ਉਨ੍ਹਾਂ ਦਾ ਰੂਪ ਕੋਈ ਵੀ ਹੋਵੇ, ਪਰ ਉਨ੍ਹਾਂ ਸਾਰਿਆਂ ਦਾ ਅਧਾਰ ਇਕੋ ਹੀ ਹੈ।

ਭਾਰਤੀ ਧਰਮਾਂ ਅਨੁਸਾਰ ਕੋਈ ੮੪ ਲੱਖ ਜੂਨਾਂ ਹਨ ਜਿਨ੍ਹਾਂ ਵਿਚ ਜੀਵ ਜੰਮਦੇ, ਮਰਦੇ ਹਨ। ਸਾਇੰਸ ਹਲੀਂ ਤਕ ਕੋਈ ਦੋ ਲੱਖ ਜੂਨਾਂ ਦੀ ਹੀ ਗਿਣਤੀ ਕਰ ਸਕੀ ਹੈ। ਇਸ ਦਾ ਮਤਲਬ ਹੈ ਕਿ ਸਾਇੰਸ ਹਲੀਂ ਤਕ ਕੋਈ ੨ ਲੱਖ ਜੂਨਾਂ ਦੀ ਗਿਣਤੀ ਨਹੀਂ ਕਰ ਸਕੀ। ਹੋ ਸਕਦਾ ਹੈ ਕਿ ਕਈ ਜੂਨਾਂ ਅਲੋਪ ਹੋ ਗਈਆਂ ਹੋਣ। ਮਨੁਖ ਕਈ ਲੱਖ ਜੂਨਾਂ ਵਿਚੋਂ ਲੰਘ ਕੇ ਇਸ ਜਾਮੇ ਵਿਚ ਆਇਆ ਹੈ। ਇਸ ਨੇ ਪਉੜੀ ਦੇ ਇਕ਼ ਡੰਡੇ (ਜੂਨ) ਤੋਂ ਦੂਸਰੇ, ਦੂਸਰੇ ਤੋਂ ਤੀਸਰੇ, ਆਦਿ ਡੰਡਿਆਂ (ਜੂਨਾਂ) ਨੂੰ ਪਾਰ ਕੀਤਾ ਹੈ। ਪਰ ਜਦੋਂ ਡੰਡਿਆਂ ਦੀ ਤਰਤੀਬ ਜੋੜੀ ਜਾਂਦੀ ਹੈ ਤਾਂ ਕਈ ਡੰਡੇ ਨਹੀਂ ਮਿਲਦੇ। ਜਿਦਾਂ ਡੈਨਾਸੋਰ (Dinasour) ਨਾਂ ਦਾ ਜੀ ਅਜ ਨਹੀਂ ਮਿਲਦਾ ਪਰ ਉਸ ਦੀਆਂ ਪੁਰਾਣੀਆਂ ਹਡੀਆਂ ਕੋਲੇ (Fossil)



Digitized by Panjab Digital Library | www.panjabdigilib.org

ਦਸਦੇ ਹਨ ਕਿ ਉਹ ਬਹੁਤ ਲੰਬਾ ਚੌੜਾ ਹੈ ਭਾਰੀ ਭਰਕਮ ਜੀਵ ਸੀ। ਇਦਾਂ ਹੀ ਕਈ ਜੀਵਾਂ ਦੀਆਂ ਹਡੀਆਂ ਮਿਲਦੀਆਂ ਹਨ ਪਰ ਉਹ ਜੀਵ ਨਹੀਂ ਮਿਲਦੇ। ਸਾਡੇ ਦੇਸ਼ ਦੇ ਅੰਡੇਮਾਨ-ਨਿਕੋਬਾਰ ਦੇ ਇਲਾਕੇ ਦੇ ਸਰਵੇ ਰਾਹੀਂ ਪਤਾ ਲਗਾ ਹੈ ਕਿ ਉਥੇ ਕਰੀਬਨ ੫੦੦੦ ਜੂਨਾਂ ਅਲੋਪ ਹੋ ਗਈ ਹਨ। ਦਸਿਆ ਜਾਂਦਾ ਹੈ ਕਿ ਕੁਝ ਕੁ ਜੂਨਾਂ ਦੇ ਸਿਰਫ ਦੋ ਚਾਰ ਪ੍ਰਾਣੀ ਹੀ ਮਿਦੇ ਹਨ। ਉਹ ਇਕ ਕਿਸਮ ਦੇ ਦਰਖਤ ਦੇ ਪਤਿਆਂ ਤੇ ਪਲਦੇ ਸਨ। ਜੰਗਲਾਂ ਦੇ ਕਟਣ ਨਾਲ ਉਹ ਦਰਖਤ ਵੀ ਨਾਸ਼ ਹੋ ਗਏ ਤੇ ਉਨ੍ਹਾਂ ਨਾਲ ਉਨ੍ਹਾਂ ਰਾਹੀਂ ਪਲਦੀਆਂ ਇਹ ਜੂਨਾਂ ਵੀ ਅਲੋਪ ਹੋ ਗਈਆਂ। ਹਵਾਈ ਜਹਾਜ਼ ਰਾਹੀਂ ਅਸੀਂ ਜੰਗਲਾਂ ਵਿਚ ਕੀਟ-ਨਾਸ਼ ਦਵਾਈਆਂ ਦਾ ਛਿੜਕਾਉ ਕਰਦੇ ਹਾਂ। ਇਸ ਕਾਰਣ ਵੀ ਕਈ ਜੂਨਾਂ ਖਤਮ ਹੋ ਗਈਆਂ ਹਨ। ਨਾਲੇ ਸਇੰਸ ਨੂੰ ਸਾਰੀਆਂ ਜੂਨਾਂ ਦੀ ਹਲੀਂ ਖਬਰ ਨਹੀਂ। ਇਹ ਗਹਿਰੇ ਸਾਗਰ ਦੀ ਤਹਿ ਤਕ ਹਲੀਂ ਨਹੀਂ ਪਹੁੰਚੇ। ਇਹ ਘਨੇ ਜੰਗਲਾਂ ਵਿਚ ਦੀ ਹਲੀਂ ਨਹੀਂ ਵੜੇ। ਜੇ ਥੋੜੇ ਅਗੇ ਵਧੇ ਵੀ ਹਨ ਤਾਂ ਹੋਰ ਕਾਰਨਾਂ ਕਰਕੇ। ਉਨ੍ਹਾਂ ਨੇ ਉਥੇ ਦੇ ਜੀਵਾਂ ਦੀ ਗਿਣਤੀ ਜਾਂ ਸਨਾਖਤ ਨਹੀਂ ਕੀਤੀ। ਜਿਨ੍ਹਾਂ ਜੀਵਾਂ ਦਾ ਪਤਾ ਹੈ ਉਨ੍ਹਾਂ ਬਾਰੇ ਵੀ ਸਾਇੰਸ ਨੇ ਹਲੀਂ ਸਨਾਖਤ ਨਹੀਂ ਕੀਤੀ। ਨਾਲੇ ਸਾਇੰਸ ਦੀ ਗਿਣਤੀ ਵਿਚ ਬਨਸਪਤੀ ਨਹੀਂ ਆਂਦੀ ਕਿਉਂਕਿ ਉਹ ਇਸ ਨੂੰ ਜੀਵ ਨਹੀਂ ਸਮਝਦੇ। ਕੁਝ ਕੁ ਸਮਾਂ ਹੀ ਹੋਇਆ ਹੈ ਸਾਇੰਸ ਨੂੰ ਪਤਾ ਲਗਿਆ ਕਿ ਬਨਸਪਤੀ ਵੀ ਸਾਹ ਲੈਂਦੀ ਹੈ ਤ ਦੁਖ-ਸੁਖ ਮਹਿਸੂਸ ਕਰਦੀ ਹੈ। ਸੋ ਹੋ ਸਕਦਾ ਹੈ ਕਿ ਜੂਨਾਂ ੮੪ ਲਖ ਤੋਂ ਘੱਟ ਕੇ ੨ ਲੱਖ ਹੋ ਗਈਆਂ ਹੋਣ ਜਾਂ ਸਾਇੰਸ ਹਾਲੀਂ ਸਾਰੀਆਂ ਜੂਨਾਂ ਨੂੰ ਲਭ ਨ ਸਕੀ ਹੋਏ। ਕੁਝ ਵੀ ਹੋਏ, ਗੁਰਬਾਣੀ ਵਿਚ ੮੪ ਲੱਖ ਜੂਨਾਂ ਦਾ ਜਿਕਰ ਹੈ ਤੇ ੩੩ ਕਰੋੜ ਮਨੁਖਾਂ ਦਾ ਜਿਕਰ ਆਦਾ ਹੈ—

ਤੇਤੀਸ ਕਰੋੜੀ ਹੈ ਖੇਲਖਾਨਾ ॥
ਚਉਰਾਸੀ ਲਖ ਫਿਰੈ ਦਿਵਾਨਾ ॥

(ਪੰਨਾ ੧੧੬੧)

ਚਉਰਾਸੀ ਨਰਕ ਸਾਕਤ ਭੋਗਾਈਐ ॥
ਜੈਸਾ ਕੀਚੈ ਤੈਸੋ ਪਾਈਐ ॥

(ਪੰਨਾ ੧੦੨੮)



Digitized by Panjab Digital Library | www.panjabdigilib.org

ਮਾਇਆਧਾਰੀ ਨੂੰ ਚੌਰਾਸੀ ਲਖ ਨਰਕ-ਰੂਪੀ ਜੂਨਾਂ ਭੋਗਣੀਆਂ ਪੈਂਦੀਆਂ ਹਨ। ਇਸ ਬਾਰੇ ਇਕ ਵਿਚਾਰ ਹੈ ਕਿ ਮਨੁਖੀ ਜੂਨ ਵਿਚ ਆਣ ਤੋਂ ਬਾਅਦ ਮਨੁਖ ਮੁੜ ਹੇਠਲੀਆਂ ਜੂਨਾਂ ਵਿਚ ਨਹੀਂ ਪੈਂਦਾਂ ਤੇ ਆਪਣੇ ਕਰਮਾਂ ਅਨੁਸਾਰ ਮਨੁਖੀ ਜਾਮੇ ਵਿਚ ਹੀ ਬਾਰ-ਬਾਰ ਦੁਖ-ਸੁਖ ਭੋਗਦਾ ਰਹਿੰਦਾ ਹੈ। ਦੂਸਰਾ ਵਿਚਾਰ ਹੈ ਕਿ ਮਨੁਖ ਹੇਠਲੀਆਂ ਜੂਨਾਂ ਵਿਚ ਵੀ ਭੇਜਿਆ ਜਾਂਦਾ ਹੈ ਤੇ ਉਸ ਦਾ ਜ਼ਿਕਰ ਗੁਰਬਾਣੀ ਵਿਚ ਹੈ—

ਅੰਤ ਕਾਲਿ ਜੋ ਲਛਮੀ ਸਿਮਰੈ
ਐਸੀ ਚਿੰਤਾ ਮਹਿ ਜੇ ਮਰੈ ॥
ਸਰਪ ਜੋਨਿ ਵਲਿ ਵਲਿ ਅਉਤਰੈ ॥

(ਪੰਨਾ ੫੨੬)

ਇਸ ਸਬਦ ਤੋਂ ਸਪਸ਼ਟ ਹੁੰਦਾ ਹੈ ਕਿ ਮਰਣ ਸਮੇਂ ਦੇ ਵਿਚਾਰ ਅਨੁਸਾਰ ਮਨੁਖ ਹਠਲੀਆਂ ਜੂਨਾਂ ਵਿਚ ਜਾ ਸਕਦਾ ਹੈ। ਪਰ, ਇਸ ਸਬਦ ਦਾ ਇਹ ਅਰਥ ਵੀ ਕੀਤਾ ਜਾ ਸਕਦਾ ਹੈ ਕਿ ਮਨੁਖ ਹੇਠਲੀਆਂ ਜੂਨਾਂ ਵਿਚ ਨਹੀਂ ਜਾਂਦਾ ਪਰ ਮਨੁਖੀ ਜਾਮੇ ਵਿਚ ਹੁੰਦਿਆਂ ਹੋਇਆਂ ਵੀ ਉਸ ਦੇ ਸੰਸਾਰਕ ਸੁਭਾ (ਆਚਰਣ) ਹੇਠਲੀਆਂ ਜੂਨਾਂ ਦੇ ਜੀਵ ਵਰਗੇ ਹੀ ਰਹਿੰਦੇ ਹਨ। ਇਕ ਲਾਲਚੀ ਆਦਮੀ ਭਾਵੇਂ ਅਗਲੇ ਜੀਵਨ ਵਿਚ ਸਰਪ ਜੂਨ ਵਿਚ ਨਾ ਹੀ ਪਵੇ, ਤਾਂ ਵੀ ਸੁਭਾ ਕਰਕੇ ਉਹ ਧਨ ਉਤੇ ਸਪ ਵਾਂਗ ਹੀ ਪਹਿਰਾ ਦਏਗਾ। ਆਪ ਧਨ ਖਰਚ ਨਹੀਂ ਕਰੇਗਾ ਤੇ ਜੇ ਕੋਈ ਉਸ ਨੂੰ ਖਰਚ ਕਰਨ ਦਾ ਜਤਨ ਕਰੇਗਾ ਤਾਂ ਉਸ ਨੂੰ ਸਪ ਵਾਂਗ ਡੰਗ ਮਾਰ ਕੇ ਨੁਕਸਾਨ ਪਹੁੰਚਾਏਗਾ।

ਮਨੁਖ ਭਾਵੇਂ ਹੇਠਲੀਆਂ ਜੂਨਾਂ ਦੇ ਸੁਭਾ ਨਾਲ ਜੀਏਗਾ। ਪਰ ਮਨੁਖ ਨੂੰ ਜਮਣਾ-ਮਰਨਾ ਤਾਂ ਪੈਂਦਾ ਹੀ ਹੈ। ਭਾਰਤੀ ਧਰਮ ਆਵਾ-ਗਉਣ ਨੂੰ ਮੰਨਦੇ ਹਨ। ਸਿੱਖ ਧਰਮ ਵੀ ਇਸ ਵਿਚਾਰ ਨੂੰ ਅਪਨਾਂਦਾ ਹੈ। ਗੁਰਵਾਕ ਹੈ—

ਆਵਾ ਗਉਣੁ ਕੀਆ ਕਰਤਾਰਿ ॥

(ਪੰਨਾ ੮੪੨)

ਆਵਾ ਗਉਣੁ ਰਚਾਇ ਉਪਾਈ ਮੇਦਨੀ ॥

(ਪੰਨਾ ੧੨੮੩)



Digitized by Panjab Digital Library | www.panjabdigilib.org

ਏਹੁ ਜੀਉ ਬਹੁਤੇ ਜਨਮ ਭਰੰਮਿਆ
ਤਾਂ ਸਤਿਗੁਰਿ ਸਬਦੁ ਸੁਣਾਇਆ ॥

(ਪੰਨਾ ੪੬੫)

ਕਈ ਜਨਮ ਭਏ ਕੀਟ ਪਤੰਗਾ ॥
ਕਈ ਜਨਮ ਗਜ ਮੀਨ ਕੁਰੰਗਾ ॥
ਕਈ ਜਨਮ ਪੰਖੀ ਸਰਪ ਹੋਇਓ ॥
ਕਈ ਜਨਮ ਹੈਵਰ ਬ੍ਰਿਖ ਜੋਇਓ ॥

(ਪੰਨਾ ੧੭੬)

ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਆਪਣੇ ਪਿਛਲੇ ਜਨਮ ਦਾ ਜਿਕਰ ਆਪਣੀ ਕਿਰਤ 'ਬਚਿਤਰ ਨਾਟਕ' ਵਿਚ ਕੀਤਾ ਹੈ ।

ਮੁਸਲਮਾਨ ਤੇ ਇਸਾਈ ਮਤ ਆਵ-ਗਉਣ ਨੂੰ ਸਿਧਾ ਨਹੀਂ ਮੰਨਦੇ । ਭਾਰਤੀ ਧਰਮਾਂ ਅਨੁਸਾਰ ਜੀਵ ਮਰਣ ਉਪਰੰਤ ਆਪਣੇ ਕਰਮਾਂ ਅਨੁਸਾਰ ਮੁੜ ਕਿਸੀ ਜੂਨ ਵਿਚ ਆ ਜਾਂਦਾ ਹੈ । ਪਰ ਇਨ੍ਹਾਂ ਧਰਮਾਂ ਅਨੁਸਾਰ ਮਰਣ ਉਪਰੰਤ ਜੀਵ ਆਪਣੇ ਕਰਮਾਂ ਦਾ ਫੈਸਲਾ ਸੁਨਣ ਲਈ ਪਰਲੋ ਵਾਲੇ ਦਿਨ ਤਕ ਇੰਤਜਾਰ ਕਰਦਾ ਹੈ । ਤੇ ਫਿਰ ਸੁਰਗ ਜਾਂ ਨਰਕ (ਚੰਗੀ ਤਾਂ ਮੰਦੀ ਜੂਨ) ਵਿਚ ਚਲਾ ਜਾਂਦਾ । ਫਰਕ ਸਿਰਫ ਸਮੇਂ ਦਾ ਹੈ । ਸਿਧਾਤ ਦਾ ਨਹੀਂ । ਕਰਮ-ਫਲ ਤੇ ਮਰਣ-ਜਮਣ ਸਭਨਾ ਲਈ ਹੀ ਹੈ । ਕਰਮਾਂ ਦਾ ਫਲ ਸਾਰਿਆਂ ਨੂੰ ਭੁਗਤਣਾ ਹੀ ਪੈਂਦਾ ਹੈ—ਭਾਰਤੀ ਧਰਮਾਂ ਅਨੁਸਾਰ ਮਰਨ ਦੇ ਫੌਰਨ ਬਾਦ ਤੇ ਇਬਰਾਨੀ ਧਰਮਾਂ ਅਨੁਸਾਰ ਕੁਝ ਸਮੇਂ ਬਾਅਦ । ਪਰ ਇਸ ਦ੍ਰਿਸ਼ਟੀਕੋਣ ਨੂੰ ਅਪਨਾਣ ਵਾਲਿਆਂ ਦੇ ਸੁਭਾ ਵਿਚ ਬੜਾ ਅੰਤਰ ਆ ਜਾਂਦਾ ਹੈ । ਪਛਮ ਵਾਲੇ ਇਕੋ ਜੀਵਨ ਹੀ ਮੰਨਦੇ ਹਨ । ਇਸ ਲਈ ਉਹ ਆਪਣੀ ਸਾਰੀ ਸ਼ਕਤੀ ਇਸੇ ਜੀਵਨ ਨੂੰ ਸਫਲ ਬਨਾਣ ਵਿਚ ਲਾ ਦਿੰਦੇ ਹਨ । ਇਹੀ ਕਾਰਣ ਹੈ ਕਿ ਪਛਮ ਦੇ ਦੇਸ਼ ਸਾਡੇ ਨਾਲੋਂ ਬਹੁਤ ਅਗੇ ਵਧ ਗਏ ਹਨ । ਅਸੀਂ ਜਨਮ-ਮਰਣ ਵਿਚ ਅਟਲ ਵਿਸ਼ਵਾਸ ਰਖਦੇ ਹਾਂ ਇਸ ਲਈ ਸਾਡੀ ਸਾਡੀ ਜੀਵਨ ਸ਼ਕਤੀ ਵੰਡੀ ਜਾਂਦੀ ਹੈ । ਜਿਹੜਾ ਕੰਮ ਨਹੀਂ ਹੋਇਆ ਉਹ ਅਗਲੇ ਜਨਮ ਵਿਚ ਪੂਰਾ ਹੋ ਜਾਏਗਾ । ਇਸ ਲਈ ਨਾ ਸਾਡਾ ਇਹ ਜਨਮ


Digitized by Panjab Digital Library | www.panjabdigilib.org

ਸਫਲ ਹੁੰਦਾ ਹੈ ਤੇ ਨ ਅਗਲਾ। ਸਾਡੇ ਇਰਾਦੇ ਢਿਲੇ ਰਹਿੰਦੇ ਹਨ। ਅਸੀਂ ਆਪਣੇ ਮਨੋ-ਬਲ ਦਾ ਪੂਰਾ ਉਪਯੋਗ ਨਹੀਂ ਕਰਦੇ। ਸਾਡੀ ਸਫਲਤਾ ਅਧੂਰੀ ਹੁੰਦੀ ਹੈ। ਮਨੋ-ਵਿਗਿਆਨਕਾਂ ਦਾ ਮਤ ਹੈ ਕਿ ਸਾਡੀ ਅਗਲੇ ਜਨਮ ਦੀ ਧਾਰਣਾ ਨੇ ਸਾਨੂੰ ਪ੍ਰਗਤੀ ਦੀ ਦੌੜ ਵਿਚ ਪਿਛੇ ਛਡ ਦਿਤਾ ਹੈ। ਇਸ ਵਿਸ਼ਵਾਸ ਨੇ 'ਅਜ ਨਹੀਂ ਕਲ', ਕਲ ਨਹੀਂ ਪਰਸੋਂ' ਵਾਲੀ ਮਨਦਸਾ ਨੂੰ ਜਨਮ ਦਿਤਾ ਹੈ। ਪਰ ਇਹ ਇਕ ਚੰਗੇ ਸਿਧਾਂਤ ਨੂੰ ਗਲਤ ਨੂੰ ਗਲਤ ਸਮਝਣ ਦਾ ਫਲ ਹੈ। ਇਹ ਸਿਧਾਂਤ ਸਾਨੂੰ ਮੁਕਤੀ ਦੇ ਰਾਹ ਉਤੇ ਦੌੜਣ ਲਈ ਹੈ, ਪਰ ਇਸ ਦੀ ਗਲਤ ਸਮਝ ਸਾਨੂੰ ਹਥਲੇ ਤੇ ਅਗਲੇ ਦੋਵੇਂ ਸੰਸਾਰਾਂ ਵਿਚ ਵਿਫਲ ਬਣਾ ਦੇਂਦੀ ਹੈ। ਪਰ ਸਚ ਕੀ ਹੈ ? ਕੌਣ ਆਂਦਾ ਹੈ, ਕੌਣ ਜਾਂਦਾ ਹੈ ?

ਇਕ ਪਾਸੇ ਅਸੀਂ ਕਹਿੰਦੇ ਹਾਂ ਕਿ ਮਨੁਖ 'ਆਇ ਨ ਜਾਇ ਬਸੈ ਇਕ ਠਾਹਰ' ਦੇ ਗੁਣਾਂ ਦਾ ਮਾਲਕ ਹੈ ਤੇ ਦੂਜੇ ਪਾਸੇ ਅਸੀਂ ਉਸ ਦਾ ਆਣਾ-ਜਾਣਾ ਦਸਦੇ ਹਾਂ। ਇਹ ਕਿਦਾਂ ਹੋਇਆ ਕਿ ਮਨੁਖ ਆਦਾਂ-ਜਾਂਦਾ ਨਹੀਂ ਤੇ ਆਂਦਾ ਜਾਂਦਾ ਵੀ ਹੈ ? ਇਸ ਨੂੰ ਸਮਝਣ ਲਈ ਸਾਨੂੰ ਮਨੁਖ ਨੂੰ ਪੂਰਨ ਰੂਪ ਵਿਚ ਸਮਝਣਾ ਪਏਗਾ। ਮਨੁਖ ਸਰੀਰ ਹੀ ਨਹੀਂ ਹੈ। ਇਹ ਕੁਝ ਹੋਰ ਵੀ ਹੈ। ਇਹ ਸੋਚਦਾ ਹੈ, ਵਿਚਾਰਦਾ ਹੈ ਦੁਖ-ਸੁਖ ਮਹਿਸੂਸ ਕਰਦਾ ਹੈ। ਗਮ-ਗੁਸਾ, ਮਾਨ-ਅਪਮਾਨ, ਲੋਭ-ਮੋਹ, ਰਸਕ-ਪਿਆਰ ਨਾਲ ਅਨੁਭਵ ਕਰਦਾ ਹੈ। ਇਹ ਅਨੁਭਵ ਸਰੀਰ ਨਹੀਂ ਉਸ ਦਾ ਮਨ ਕਰਦਾ ਹੈ। ਫਿਰ ਮਰਨ ਮਗਰੋਂ ਸਰੀਰ ਇਥੇ ਹੀ ਰਹਿ ਜਾਂਦਾ ਹੈ ਤੇ ਕੁਝ ਉਡ ਜਾਂਦਾ ਹੈ। ਧਰਮ ਗ੍ਰੰਥਾਂ ਵਿਚ ਉਸਨੂੰ ਆਤਮਾ, ਰੂਹ, ਸੋਲ (Soul) ਆਦਿ ਨਾਵਾਂ ਨਾਲ ਲਿਖਿਆ ਗਿਆ ਹੈ। ਸੋ ਮਨੁੱਖ ਦੇ ਤਿਨ ਹਿੱਸੇ ਹਨ—ਸਰੀਰ, ਮਨ ਤੇ ਆਤਮਾ। ਮਨ ਤ੍ਰਿਸ਼ਨਾ ਪੈਦਾ ਕਰਦਾ ਹੈ। ਉਸ ਦੀ ਪੂਰਤੀ ਲਈ ਸਰੀਰ ਨੂੰ ਵਰਤਦਾ ਹੈ ਤੇ ਆਤਮਾ ਅਡੋਲ ਅਲੇਧ ਰਹਿ ਕੇ ਖੇਡ ਦੇਖਦੀ ਰਹਿੰਦੀ ਹੈ। ਅਨੰਦ ਸਾਹਿਬ ਦੀ ੩੩ਵੀਂ ਪਉੜੀ ਵਿਚ ਦਸਿਆ ਗਿਆ ਹੈ ਕਿ ਸਾਡੇ ਸਰੀਰ ਵਿਚ ਵਾਹਿਗੁਰੂ ਨੇ ਜੋਤ (ਆਤਮਾ) ਧਰੀ ਤਾਂ ਅਸੀਂ ਸੰਸਾਰ ਵਿਚ ਆਏ—

ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ
ਤਾ ਤੂ ਜਗ ਮਹਿ ਆਇਆ ॥

(ਪੰਨਾਂ ੯੨੧)



Digitized by Panjab Digital Library | www.panjabdigilib.org

ਇਸ ਤੋਂ ਪਹਿਲੀ ਪਉੜੀ ੩੨ਵੀਂ ਵਿਚ ਸੰਸਾਰ ਵਿਚ ਆਣ ਦਾ ਕਾਰਣ ਦਸਿਆ ਹੈ ਤ੍ਰਿਸਨਾ ਨੂੰ ਵਾਹਿਗੁਰੂ ਨੂੰ ਛਡ ਕੇ ਹੋਰ ਰਸਾਂ ਵਿਚ ਠਸਣ ਨੂੰ। ਗੁਰਵਾਕ ਹੈ—

ਏ ਰਸਨਾ ਤੂੰ ਅਨਰਸਿ ਰਾਚਿ ਰਹੀ
ਤੇਰੀ ਪਿਆਸ ਨਾ ਜਾਇ ॥
ਪਿਆਸ ਨ ਜਾਇ ਹੋਰਤੁ ਕਿਤੈ
ਜਿਚੁਰ ਹਰਿ ਰਸ ਪਲੈ ਨਾ ਪਾਇ ॥
ਹਰਿ ਰਸੁ ਪਾਇ ਪਲੈ ਹਰਿ ਰਸੁ
ਬਹੁੜਿ ਨ ਤ੍ਰਿਸਨਾ ਲਾਗੈ ਆਇ ॥

(ਪੰਨਾਂ ੯੨੧)

ਆਤਮਾ ਦੀ ਦ੍ਰਿਸ਼ਟੀ ਤੋਂ ਦੇਖੀਏ ਤਾਂ ਇਹ ਪ੍ਰਮਜੋਤ ਦਾ ਅੰਸ਼ ਹੈ। ਨਾ ਪ੍ਰਮਾਤਮਾ ਆਂਦਾ ਜਾਂਦਾ ਹੈ, ਨਾ ਆਤਮਾ ਆਂਦੀ-ਜਾਂਦੀ ਹੈ। ਦੋਵੇਂ ਅਜੂਨੀ ਹਨ। ਅਸਲ ਵਿਚ ਆਤਮਾ ਪ੍ਰਮਾਤਮਾ ਨਾਲੋਂ ਅਡ ਹੈ ਹੀ ਨਹੀਂ। ਇਹ ਤਾਂ ਜੋਤ ਸਰੂਪ ਹੈ। ਅਸੀਂ ਅਣ-ਜਾਣੇ ਵਿਚ ਆਤਮਾ ਨੂੰ ਆਵਾ-ਗਉਣ ਦਾ ਹਿੱਸਾ ਸਮਝ ਲੈਂਦੇ ਹਾਂ। ਪਰ ਸਾਡੀ ਗਲਤ ਸਮਝ ਨਾਲ ਸਤਿ ਤਾਂ ਗਲਤ ਨਹੀਂ ਹੋ ਸਕਦਾ। ਜੇ ਕਿਸੇ ਸਰਾਬੀ ਨੂੰ ਨਸ਼ੇ ਵਿਚ ਬੂਹਾ ਨਾ ਦਿਸੇ ਤਾਂ ਇਸ ਨਾਲ ਬੂਹੇ ਦੀ ਹੋਂਦ ਤਾਂ ਖਤਮ ਨਹੀਂ ਹੋ ਜਾਂਦੀ। ਜੇ ਉਸ ਨੂੰ ਨਸ਼ੇ ਵਿਚ ਕੁਰਸੀ ਘੁਮਦੀ ਹੋਈ ਦਿਸੇ ਤਾਂ ਇਸ ਨਾਲ ਕੁਰਸੀ ਘੁੰਮਣ ਥੋੜੇ ਹੀ ਲਗ ਜਾਂਦੀ ਹੈ। ਇਦਾਂ ਹੀ ਸਾਡੀ ਨਸ਼ਈ ਸਮਝ ਨਾਲ ਆਤਮਾ ਥੋੜੇ ਹੀ ਘੁੰਮਣ ਲਗ ਪਏਗੀ ਜਾਂ ਆਵਾ-ਗਉਣ ਵਿਚ ਪੈ ਜਾਏਗੀ। ਆਤਮਾ ਅਮਰ ਹੈ, ਅਜੂਨੀ ਹੈ। ਆਵਾ-ਗਉਣ ਵਿਚ ਸਿਰਫ ਮਨ ਹੈ। ਮਨ ਹੀ ਆਂਦਾ-ਜਾਂਦਾ ਹੈ, ਜੰਮਦਾ-ਮਰਦਾ ਹੈ। ਮਨ ਸਾਡੀ ਇਛਾ, ਕਾਮਨਾ, ਚਾਹ, ਤ੍ਰਿਸ਼ਨਾ, ਮੋਹ, ਲੋਭ ਦਾ ਜੋੜ ਹੈ। ਮਨ ਸਾਡੀ ਅਪੂਰਣ ਇਛਾਵਾਂ ਦਾ ਪ੍ਰਤੀਬਿੰਬ ਹੈ। ਮਨ ਨੂੰ ਆਪਣਣੀ ਅਧੂਰੀ ਇਛਾਵਾਂ ਨੂੰ ਪੂਰਨ ਕਰਨ ਲਈ ਮਾਧਿਮ ਚਾਹੀਦਾ ਹੈ। ਉਹ ਮਾਧਿਮ ਸਰੀਰ ਹੈ। ਮਨ ਨੂੰ ਅਧੂਰੀ ਇਛਾਵਾਂ ਦੀ ਪੂਰਤੀ ਲਈ ਸਮੇਂ ਚਾਹੀਦਾ ਹੈ। ਮੌਤ ਸਮੇਂ ਕਟ ਦੇਂਦੀ ਹੈ, ਪਰ ਵਾਸਨਾ ਬਚੀ ਰਹਿੰਦੀ


Digitized by Panjab Digital Library | www.panjabdigilib.org

ਹੈ। ਉਨ੍ਹਾਂ ਵਾਸ਼ਨਾਵਾਂ ਦੀ ਪੂਰਤੀ ਲਈ ਮਨ ਨਵੇਂ ਸਰੀਰ ਦੀ ਚੋਣ ਨਵੇਂ ਜਨਮ ਵਿਚ ਕਰਦਾ ਹੈ। ਇਸ ਤ੍ਰਿਸ਼ਣਾ ਦੇ ਕਾਰਣ ਉਹ ਜਨਮ ਮਰਣ ਵਿਚ ਪੈ ਕੇ ਖੁਆਰ ਹੁੰਦਾ ਹੈ। ਗੁਰਵਾਕ ਹੈ—

ਕਿਆ ਗਭਰੂ ਕਿਆ ਬਿਰਧਿ ਹੈ
ਮਨਮੁਖ ਤ੍ਰਿਸਨਾ ਭੁਖ ਨ ਜਾਇ ॥

(ਪੰਨਾ ੬੪੯)

ਤ੍ਰਿਸਨਾ ਕਦੇ ਨ ਬੁਝਈ ਦੁਖਿਧਾ ਹੋਇ ਖੁਆਰੁ ॥
ਮੁਹ ਕਾਲੇ ਤਿੰਨਾ ਨਿੰਦਕਾ ਤਿਤੁ ਸਚੈ ਦਰਬਾਰਿ ॥

(ਪੰਨਾ ੬੪੯)

ਇਹ ਭੁਖ ਮਿਟਦੀ ਨਹੀਂ ਤੇ ਇਸ ਭੁਖ ਨੂੰ ਮਿਟਾਣ ਲਈ ਸਾਨੂੰ ਮਰਣ ਬਾਅਦ ਨਵੇਂ ਸਰੀਰ ਦੀ ਲੋੜ ਰਹਿੰਦੀ ਹੈ। ਇਹ ਸਰੀਰ ਸਾਨੂੰ ਮਾਂ-ਪਿਉ ਰਾਹੀਂ ਉਪਲਬਧ ਹੁੰਦਾ ਹੈ। ਸਰੀਰ ਇਕ ਮਸ਼ੀਨ ਤੋਂ ਵਧ ਕੁਝ ਨਹੀਂ। ਇਕ ਕਾਰ ਹੈ। ਉਸ ਸਰੀਰ ਰੂਪੀ ਕਾਰ ਨੂੰ ਵਰਤਣ ਵਾਲਾ ਮਨ-ਰੂਪੀ ਡਰਾਈਵਰ ਹੈ। ਮਨ ਸਰੀਰ ਨੂੰ ਆਪਣੀ ਕਾਮਨਾਵਾਂ ਦੀ ਪੂਰਤੀ ਲਈ ਚਲਾਂਦਾ ਹੈ, ਜਿਦਾਂ ਡਰਾਈਵਰ ਕਾਰ ਨੂੰ ਆਪਣੀ ਯਾਤਰਾ ਦੀ ਪੂਰਤੀ ਲਈ ਚਲਾਂਦਾ ਹੈ। ਪਰ ਸਰੀਰ ਆਂਦਾ-ਜਾਂਦਾ ਨਹੀਂ। ਮਰਣ ਤੇ ਸਰੀਰ ਨਸ਼ਟ ਹੋ ਜਾਂਦਾ ਹੈ। ਇਸ ਨੂੰ ਭਾਵੇਂ ਸਾੜੋ, ਭਾਵੇਂ ਦਬੋ, ਭਾਵੇਂ ਡੋਬੋ, ਭਾਵੇਂ ਹਸਪਤਾਲ ਨੂੰ ਕਟਣ-ਵਢਣ ਲਈ ਦਾਨ ਕਰ ਦਿਉ। ਮਨ ਤੇ ਆਤਮਾ ਦੇ ਜਾਂਦਿਆਂ ਹੀ ਸਰੀਰ ਮਿਟ ਜਾਂਦਾ ਹੈ। ਤੇ ਇਕ ਹੋਰ ਨਵਾਂ ਸਰੀਰ ਮਿਲ ਜਾਂਦਾ ਹੈ। ਸਰੀਰ ਬਣਦਾ ਹੈ, ਮਿਟਦਾ ਹੈ, ਆਂਦਾ-ਜਾਂਦਾ ਨਹੀਂ।

ਇਦਾਂ ਸਮਝੋ ਕਿ ਆਤਮਾ ਬਿਜਲੀ ਦੀ ਸ਼ਕਤੀ ਵਾਂਗ ਸਰਵ-ਵਿਆਪੀ ਹੈ। ਇਹ ਸ਼ਕਤੀ ਸਾਰੇ ਬ੍ਰਹਮੰਡ ਵਿਚ ਵਿਆਪਕ ਹੈ। ਮਨੁਖ ਦੀ ਪੈਦਾ ਕੀਤੀ ਹੋਈ ਬਿਜਲੀ ਉਸ ਕੌਸ ਮੌਸ ਇਨਰਜੀ (Cosmos Energy) ਦਾ ਇਕ ਹਿੱਸਾ ਹੈ। ਹੁਣੇ ਹੀ ਸਾਇੰਸ ਨੂੰ ਪਤਾ ਚਲਿਆ ਹੈ ਕਿ ਸਾਡੀ ਧਰਤੀ ਕੋਲ ਨਾ-ਮੁਕਣ ਵਾਲੀ ਥਰਮਲ ਸ਼ਕਤੀ ਹੈ। ਜੇ ਇਸ ਤੇ ਕਾਬੂ ਆ ਜਾਏ ਤਾਂ ਸਾਡੀਆਂ ਸਾਰੀਆਂ ਤੇਲ,



Digitized by Panjab Digital Library | www.panjabdigilib.org

ਪਟਰੋਲ ਦੀਆਂ ਲੋੜਾਂ ਪੂਰੀਆਂ ਹੋ ਜਾਣ। ਜਿਦਾਂ ਸਾਡੀ ਬਣਾਈ ਸ਼ਕਤੀ ਪ੍ਰਮ-ਸ਼ਕਤੀ ਦਾ ਹਿੱਸਾ ਹੈ, ਇਦਾਂ ਹੀ ਸਾਡੀ ਆਤਮਾ ਉਸ ਪ੍ਰਮਾਤਮਾ ਦਾ ਹਿੱਸਾ ਹੈ। ਸਾਡਾ ਮਨ ਉਸ ਸ਼ਕਤੀ ਨੂੰ ਖਿਚਣ ਵਾਲੀਆਂ ਤਾਰਾਂ ਹਨ ਤੇ ਸਾਡਾ ਸਰੀਰ ਬਿਜਲੀ ਦੇ ਬਲਬ ਪੱਖੇ, ਫਰਿਜ਼, ਟੀ. ਵੀ. ਆਦਿ, ਵਾਂਗ ਹੈ। ਜਿਦਾਂ ਤਾਰਾਂ ਨਾਲ ਬਲਬ ਜੋੜਣ ਨਾਲ ਚਾਨਣ ਹੋ ਜਾਂਦਾ ਹੈ ਉਦਾਂ ਹੀ ਮਨ ਨੂੰ ਸਰੀਰ ਨਾਲ ਜੁੜਣ ਨਾਲ ਸਾਡੀਆਂ ਕਾਮਨਾਵਾਂ ਦੀ ਪੂਰਤੀ ਹੁੰਦੀ ਹੈ। ਤੇ ਜਦੋਂ ਆਤਮਾ ਨਾਲ ਜੁੜ ਜਾਂਦਾ ਹੈ ਉਸ ਦਾ ਸਰੀਰ ਨਾਲ ਸਬੰਧ ਟੁਟ ਜਾਂਦਾ ਹੈ ਤੇ ਉਹ ਆਪਣੇ ਮੂਲ ਨਾਲ ਜਾ ਰਲਦਾ ਹੈ। ਇਹ ਸਾਡੇ ਤੇ ਨਿਰਭਰ ਕਰਦਾ ਹੈ ਕਿ ਆਪਣੇ ਮਨ ਨੂੰ ਸਰੀਰ ਨਾਲ ਜੋੜ ਕੇ ਆਵਾ-ਗਉਣ ਦੇ ਚਕੱਰ ਵਿਚ ਪਾਈਏ ਜਾਂ ਆਤਮਾ ਵੱਲ ਮੋੜ ਕੇ ਜੋਤੀ ਨਾਲ ਜੋਤੀ ਮਿਲਾ ਲਈਏ। ਸਰੀਰ ਵਲ ਜਾਵਾਂਗੇ ਤਾਂ ਆਣਾ-ਜਾਣਾ ਬਣਿਆ ਰਹੇਗਾ। ਆਤਮਾ ਵਲ ਜਾਵਾਂਗੇ ਤਾਂ 'ਆਇ ਨ ਜਾਇ' ਵਾਲੀ ਪਦਵੀ ਪਾਵਾਂਗੇ।

ਅਸਲ ਵਿਚ ਆਤਮਾ ਨ ਆਂਦੀ ਹੈ ਨ ਜਾਂਦੀ ਹੈ। ਸਰੀਰ ਨ ਆਂਦਾ ਹੈ ਨ ਜਾਂਦਾ ਹੈ। ਸਿਰਫ ਮਨ ਹੀ ਆਂਦਾ-ਜਾਂਦਾ ਹੈ। ਇਹ ਹੀ ਚਕਰ ਵਿਚ ਹੈ। ਇਹ ਹੀ ਜੰਮਦਾ-ਮਰਦਾ ਹੈ। ਪਰ ਸਾਨੂੰ ਨ ਜਮਣ ਦੀ ਖਬਰ ਹੈ ਨ ਮਰਨ ਦੀ। ਅਸੀਂ ਬੇਹੋਸੀ ਵਿਚ ਜੰਮਦੇ ਹਾਂ, ਬੇਹੋਸੀ ਵਿਚ ਮਰਦੇ ਹਾਂ। ਗਰਭ ਵਿਚ ਨ ਸਾਡਾ ਦਿਮਾਗ ਕੰਮ ਕਰਦਾ ਹੈ ਨ ਫੇਫੜੇ। ਅਸੀਂ ਸਿਰਫ ਅਹਿਸਾਸ ਲੈਂਦੇ ਹਾਂ। ਸਾਨੂੰ ਜਮਣ ਦਾ ਕੋਈ ਜਾਤੀ ਗਿਆਨ ਨਹੀਂ। ਇਦਾਂ ਹੀ ਸਾਨੂੰ ਮਰਣ ਦਾ ਵੀ ਕੋਈ ਗਿਆਨ ਨਹੀਂ। ਕਿਸੇ ਨੇ ਵੀ ਆਪਣੀ ਮੌਤ ਦਾ ਜ਼ਿਕਰ ਨਹੀਂ ਕੀਤਾ। ਮੌਤ ਵੇਲੇ ਕੀ ਹੁੰਦਾ ਹੈ ਕੋਈ ਨਹੀਂ ਜਾਣਦਾ। ਜਿਸ ਤੇ ਬੀਤਦੀ ਹੈ ਉਹ ਮੌਤ ਨਾਲ ਹੀ ਟੁਰ ਜਾਂਦਾ ਹੈ। ਉਹ ਆ ਕੇ ਨਹੀਂ ਦਸਦਾ ਕਿ ਮੌਤ ਕੀ ਹੁੰਦੀ ਹੈ। ਮੌਤ ਵੇਲੇ ਕੀ ਬੀਤਦੀ ਹੈ। ਦੂਸਰੇ, ਜਿਹੜੇ ਦੇਖਦੇ ਹਨ, ਉਹ ਸਿਰਫ ਅੰਦਾਜ਼ਾ ਲਾ ਸਕਦੇ ਹਨ ਕਿ ਮੌਤ ਵੇਲੇ ਕੀ ਹੋਇਆ ਹੋਣਾ ਹੈ। ਉਹਨਾਂ ਦਾ ਇੰਦਾਜ਼ਾ ਵੀ ਸਿਰਫ਼ ਸਰੀਰਕ ਤਲ ਤੇ ਹੀ ਹੋ ਸਕਦਾ ਹੈ। ਅਸੀਂ ਦੇਖ ਸਕਦੇ ਹਾਂ ਕਿ ਮੌਤ ਵੇਲੇ ਸਰੀਰ ਦੀ ਕੀ ਹਾਲਤ ਹੁੰਦੀ ਹੈ। ਅਸੀਂ ਜਾਣ ਸਕਦੇ ਹਾਂ ਕਿ ਨਬਜ ਹੌਲੀ ਹੋ ਜਾਂਦੀ ਹੈ, ਦਿਲ ਦੀ ਧੜਕਣ ਕਮਜੋਰ ਹੁੰਦੀ ਜਾਂਦੀ ਹੈ, ਦਿਮਾਗ ਦੀ ਗਤੀ ਮਧਮ ਪੈਂਦੀ ਜਾਂਦੀ ਹੈ, ਰੰਗ ਪੀਲਾ ਹੁੰਦਾ ਜਾਂਦਾ ਹੈ, ਸਰੀਰ ਠੰਡਾ ਹੁੰਦਾ ਜਾਂਦਾ ਹੈ। ਪਰ ਮਨ ਨਾਲ (ਜਿਹੜਾ ਅਸਲ ਵਿਚ ਜਾਂਦਾ ਹੈ ਤੇ ਜਿਸ ਨੇ ਮੁੜ ਕੇ ਦੂਸਰੇ



Digitized by Panjab Digital Library | www.panjabdigilib.org

ਸਰੀਰ ਵਿਚ ਵਾਪਸ ਆਣਾ ਹੈ) ਕੀ ਬੀਤਦੀ ਹੈ, ਅਸੀਂ ਨਹੀਂ ਜਾਣਦੇ। ਤੁਸੀਂ ਮਰਣ ਵਾਲੇ ਦਾ ਨਾ ਮਨ ਦੇਖ ਸਕਦੇ ਹੋ, ਨਾ ਪੜ੍ਹ ਸਕਦੇ ਹੋ। ਸਰੀਰਕ ਮੌਤ ਇਕ ਭਾਂਡੇ ਦੇ ਟੁਕੜੇ ਤੋਂ ਜ਼ਿਆਦਾ ਨਹੀਂ। ਇਹ ਮੌਤ ਦਾ ਗਿਆਨ ਥੋਥਾ ਹੈ। ਇਹ ਸਰੀਰ ਇਥੇ ਹੀ ਰਹਿ ਜਾਂਦਾ ਹੈ। ਜਿਹੜਾ ਆਵਾ-ਗਉਣ ਵਿਚ ਹੈ, ਆਣ-ਜਾਣ ਵਿਚ ਹੈ, ਉਸ ਬਾਰੇ ਸਾਨੂੰ ਕੋਈ ਖਬਰ ਨਹੀਂ।

Digitized by Panjab Digital Library | www.panjabdigilib.org

## ੨. ਅਜੂਨੀ ਅਕਾਰਣ ਹੈ ?

ਜੂਨ ਦਾ ਅਰਥ ਕਾਰਣ ਵੀ ਹੈ। ਵਾਹਿਗੁਰੂ ਅਜੂਨੀ ਹੈ ਯਾਨੀ ਬਿਨਾ ਕਾਰਣ ਦੇ ਹੈ। ਉਸ ਦੇ ਜਨਮ ਦਾ ਕੋਈ ਕਾਰਣ ਨਹੀਂ। ਉਹ ਸਿਰਫ ਹੈ। ਕਿਉਂ ਹੈ ? ਕਿਸ ਕਾਰਣ ਹੈ ? ਇਸ ਦਾ ਪਤਾ ਨਹੀਂ। ਜਿਸ ਦਾ ਕਾਰਣ ਨਹੀਂ ਉਸ ਦਾ ਕਰਮ ਵੀ ਨਹੀਂ। ਕਾਰਣ ਕਰਕੇ ਕਰਮ ਹੈ ਤੇ ਹਰ ਕਰਮ ਦਾ ਕਾਰਣ ਹੈ। ਤੁਸੀਂ ਰੋਜ਼ਗਾਰ-ਨੌਕਰੀ ਦਾ ਕਰਮ ਕਰਦੇ ਹੋ ਕਿਉਂਕਿ ਇਸ ਪਿਛੇ ਅਪਣਾ ਤੇ ਆਪਣੇ ਟਬੱਰ ਦੇ ਪਾਲਣ ਦਾ ਕਾਰਣ ਹੈ। ਪਰ ਵਾਹਿਗੁਰੂ ਅਕਾਰਣ ਹੈ। ਇਸ ਲਈ ਆਕਰਮ ਹੈ। ਉਹ ਕਾਰਣ ਤੇ ਕਰਮ ਦੋਨਾਂ ਦਾ ਮਾਲਕ ਹੈ। ਗੁਰਵਾਕ ਹੈ—

ਤੁਮ ਸਮਰਥ ਕਾਰਨ ਕਰਨਾ ॥

(ਪੰਨਾ ੧੨੧੭)

ਕਰਣ ਕਾਰਨ ਏਕੁ ਓਹੀ ਜਿਨਿ ਕੀਆ ਆਕਾਰੁ ॥

(ਪੰਨਾ ੫੧)

ਕਰਣ ਕਾਰਣ ਸਮਰੱਥ ਹੈ ਕਹੁ ਨਾਨਕ ਬੀਚਾਰਿ।

(ਪੰਨਾ ੧੩੪੩)

ਅਸੀਂ ਮਨ ਕਰਕੇ ਅਜੂਨੀ ਨਹੀਂ। ਅਸੀਂ ਅਕਾਰਣ ਨਹੀਂ। ਸਾਡਾ ਕਾਰਣ ਹੈ। ਇਸ ਲਈ ਸਾਡਾ ਕਰਮ ਹੈ। ਸਾਡਾ ਕਾਰਣ ਸਾਡੀਆਂ ਵਾਸਨਾਵਾਂ ਹਨ ਜਿਸ ਕਰਕੇ ਅਸੀਂ ਜਨਮ-ਮਰਣ ਦੇ ਕਰਮ ਵਿਚ ਹਾਂ। ਅਸੀਂ ਇਛਾਵਾਂ ਕਰਕੇ ਜਨਮ ਲੈਂਦੇ ਹਾਂ ਤਾਂ ਉਹਨਾਂ ਦੀ ਪੂਰਤੀ ਲਈ ਸਰੀਰ ਧਾਰਦੇ ਹਾਂ। ਸਾਡੀਆਂ ਇਛਾਵਾਂ, ਕਾਮਨਾਵਾਂ, ਤ੍ਰਿਸ਼ਨਾ, ਸਾਡੇ ਮਰਣ ਸਮੇਂ ਅਧੂਰੀਆਂ ਰਹਿ ਜਾਂਦੀਆਂ ਹਨ। ਉਹਨਾਂ



Digitized by Panjab Digital Library | www.panjabdigilib.org

ਨੂੰ ਪ੍ਰਵਾਨ ਚੜ੍ਹਾਣ ਲਈ ਸਾਨੂੰ ਅਗਲਾ ਜਨਮ ਲੈਣਾ ਪੈਂਦਾ ਹੈ। ਮੱਛੀ ਪਾਣੀ ਨਾਲ ਪਿਆਰ ਪਾ ਲੈਂਦੀ ਹੈ। ਪਾਣੀ ਦੇ ਬਗੈਰ ਮਰ ਜਾਂਦੀ ਹੈ, ਪਰ ਪਾਣੀ ਨਾਲ ਮੋਹ ਬਣਿਆ ਰਹਿੰਦਾ ਹੈ। ਇਸੇ ਲਈ ਫਿਰ ਜਨਮ ਲੈਂਦੀ ਹੈ। ਭੌਂਰਾ ਫੁੱਲ ਨਾਲ ਪਿਆਰ ਕਰਕੇ ਉਸ ਨਾਲ ਲਿਪਟ ਜਾਂਦਾ ਹੈ। ਪਰ ਜਦੋਂ ਫੁਲ ਆਪਣੀਆਂ ਪੰਖੜੀਆਂ ਬੰਦ ਕਰ ਲੈਂਦਾ ਹੈ ਤਾਂ ਭੌਂਰਾ ਵੀ ਅੰਦਰ ਹੀ ਬੰਦ ਹੋ ਜਾਂਦਾ ਹੈ ਤੇ ਬਾਹਰ ਨਿਕਲਣ ਦਾ ਰਾਹ ਨ ਮਿਲਣ ਕਰਕੇ ਮਰ ਜਾਂਦਾ ਹੈ। ਪਰ ਫੁਲ ਨਾਲ ਫਿਰ ਲਿਪਟਣ ਦੀ ਵਾਸਨਾ ਨਹੀਂ ਮਕਦੀ। ਇਸ ਲਈ ਫਿਰ ਜਮਦਾ-ਮਰਦਾ ਹੈ। ਗੁਰਵਾਕ ਹੈ—

ਬਿਨੁ ਜਲ ਪ੍ਰਾਨ ਤਜੇ ਹੈ
ਮੀਨਾ ਜਿਨਿ ਜਲ ਸਿਉ ਹੇਤੁ ਬਢਾਇਓ ॥
ਕਮਲ ਹੇਤਿ ਬਿਨਸਿਓ
ਹੈ ਭਵਰਾ ਉਨਿ ਮਾਰਗੁ ਨਿਕਸਿ ਨ ਪਾਇਓ ॥੧॥
ਅਬ ਮਨ ਏਕਸ ਸਿਉ ਮੋਹੁ ਕੀਨਾ ॥
ਮਰੈ ਨ ਜਾਵੈ ਸਦ ਹੀ ਸੰਗੇ ਸਤਿਗੁਰੂ ਸਬਦੀ ਚੀਨਾ ॥

(ਪੰਨਾ ੬੭੦)

ਮਨੁਖ ਦੀ ਹਾਲਤ ਪਸ਼ੂਆਂ ਨਾਲੋਂ ਚੰਗੀ ਨਹੀਂ। ਨਾ ਇਹ ਪਸ਼ੂਆਂ ਕੋਲੋਂ ਸਿਖਦਾ ਹੈ, ਨ ਆਪਣੇ ਜੀਵਨ ਤੋਂ, ਨ ਗਰਬਾਣੀ ਤੋਂ। ਪਿਛਲੇ ਜਨਮ ਦੀਆਂ ਅਧੂਰੀਆਂ ਵਾਸ਼ਨਾਵਾਂ ਲੈ ਕੇ ਜਨਮ ਲੈਂਦਾ ਹੈ ਤੇ ਇਸ ਜਨਮ ਵਿਚ ਹੋਰ ਜੋੜ ਲੈਂਦਾ ਹੈ। ਮਨੁਖ ਦੀਆਂ ਕਾਮਨਾਵਾਂ ਘਟਦੀਆਂ ਨਹੀਂ, ਵਧਦੀਆਂ ਹੀ ਜਾਂਦੀਆਂ ਹਨ। ਇਸ ਨੇ ਕਈ ਜਨਮਾਂ ਵਿਚ ਧਨ-ਦੌਲਤ ਕਮਾਣ ਲਈ ਅਪਰਾਲੇ ਕੀਤੇ, ਕੁਕਰਮ ਕੀਤੇ, ਤੇ ਮਰਣ ਵੇਲੇ ਸਭ ਪਿਛੇ ਰਹਿ ਗਿਆ। ਇਸਨੇ ਕਈ ਜਨਮਾਂ ਵਿਚ ਵਸਤੂਆਂ ਨਾਲ ਪਿਆਰ ਪਾਇਆ ਜਿਹੜਾ ਅਧੂਰਾ ਹੀ ਰਹਿ ਗਿਆ। ਇਸ ਨੇ ਕਈ ਜਨਮਾਂ ਵਿਚ ਕਈ ਪ੍ਰਾਣੀਆਂ ਨਾਲ ਵਹੁਟੀ-ਧੀ-ਪੁੱਤਰ ਦੇ ਰਿਸ਼ਤੇ-ਨਾਤੇ ਕਾ ਮੋਹ ਪਾਇਆ', ਪਰ ਕੋਈ ਸੰਗ ਨਹੀਂ ਗਿਆ। ਕਈ ਜਨਮਾਂ ਤੋਂ ਮਨੁਖ ਕਾਮ ਕਰ ਰਿਹਾ ਹੈ, ਕਰੋਧ ਕਰ ਰਿਹਾ ਹੈ, ਲੋਭ ਕਰ ਰਿਹਾ ਹੈ, ਮੋਹ ਕਰ ਰਿਹਾ ਹੈ, ਪਰ ਹਥ ਕੀ ਆ ਰਿਹਾ ਹੈ ? ਅੰਤ ਵੇਲੇ ਦੁਖ ਹੀ ਹਥ ਆਂਦਾ ਹੈ। ਲਭਦਾ


Digitized by Panjab Digital Library | www.panjabdigilib.org

ਸੁਖ ਹੀ ਹੈ, ਪਰ ਮਿਲਦਾ ਨਹੀਂ। ਰੇਤ ਦੀ ਕਚੀ ਕੰਧ ਵਾਂਗ ਸੁਖ ਟਿਕਦਾ ਨਹੀਂ। ਪਰ ਮਨੁਖ ਇਸ ਅਸਥਾਈ ਸੁਖ ਲਈ ਮੂਰਖ ਹੋਇਆ ਫਿਰਦਾ ਹੈ। ਗੁਰਵਾਕ ਹੈ—

ਬਾਰੂ ਭੀਤਿ ਬਨਾਈ ਰਚਿ ਪਚਿ ਰਹਿਤ ਨਹੀ ਦਿਨ ਚਾਰਿ ॥
ਤੈਸੇ ਹੀ ਏ ਸੁਖ ਮਾਇਆ ਕੇ ਉਰਝਿਓ ਕਹਾ ਗਵਾਰ ॥

(ਪੰਨਾ ੬੩੩)

ਪਰ ਮਨੁਖ ਦਾ ਮਨ ਇਸੇ ਪਾਸੇ ਦੌੜਦਾ ਹੈ ਤੇ ਵਸ ਨਹੀਂ ਆਂਦਾ। ਗੁਰਵਾਕ ਹੈ—

ਮਾਈ ਮਨੁ ਮੇਰੋ ਬਸਿ ਨਾਹਿ ॥
ਨਿਸਿ ਬਾਸੁਰ ਬਿਖਿਅਨ ਕਉ ਧਾਵਤੁ
ਕਿਹ ਬਿਧਿ ਰੋਕਉ ਤਾਹਿ ॥

(ਪੰਨਾ ੬੩੨)

ਇਸ ਦੇ ਦੌੜ ਦੀ ਦਿਸ਼ਾ ਗਲਤ ਹੈ। ਮਾਇਆ ਮਗਰ ਲਗ ਕੇ ਮਾਇਆ ਦੀ ਪੂਰਤੀ ਕਦੇ ਵੀ ਨਹੀਂ ਹੋ ਸਕਦੀ। ਮਾਇਆ ਉਸ ਭਾਂਡੇ ਵਾਂਗ ਹੈ ਜਿਸ ਦਾ ਤਲਾ ਨਹੀਂ। ਇਸ ਭਾਂਡੇ ਵਿਚ ਕਿੰਨਾ ਹੀ ਪਾਈ ਜਾਉ, ਉਹ ਕਦੀ ਵੀ ਭਰਣ ਵਾਲਾ ਨਹੀਂ। ਇਸ ਨੂੰ ਭਰਣ ਲਈ ਕੀਤੀ ਗਈ ਮਿਹਨਤ ਤੇ ਕੋਸ਼ਿਸ ਬੇ-ਹਾਸਲ ਹੈ। ਸਹੀ ਰਸਤਾ ਇਸ ਦੌੜ ਦੀ ਗਲਤ ਦਿਸ਼ਾ ਤੇ ਬੇ-ਅਰਥਤਾ ਨੂੰ ਸਮਝਣ ਵਿਚ ਹੈ। ਇਹ ਸਮਝਾਣ ਲਈ ਜੈਨੀਆਂ ਦਾ ਅਖੀਰਲਾ ਗੁਰੂ (ਤੀਰਥੰਕਰ) ਆਪਣੇ ਚੇਲਿਆਂ ਨੂੰ ਉਨ੍ਹਾਂ ਦੇ ਪਿਛਲੇ ਜਨਮ ਦਿਖਾਂਦਾ ਸੀ। ਉਹ ਚੇਲਿਆਂ ਨੂੰ ਸਿਮਰਨ ਕਰਨ ਉਦੋਂ ਤਕ ਨਹੀਂ ਸਿਖਾਂਦਾ ਸੀ ਜਦੋਂ ਤਕ ਕਿ ਉਨ੍ਹਾਂ ਨੂੰ ਵਾਸ਼ਨਾਵਾਂ ਦੀ, ਕਾਮਨਾਵਾ ਦੀ, ਬੇ-ਅਰਥਤਤਾ ਸਾਫ ਸਮਝ ਨਹੀਂ ਸੀ ਆ ਜਾਂਦੀ—ਕਈ ਜਨਮਾਂ ਵਿਚ ਉਹੀ ਕਾਮ, ਉਹੀ ਕਰੋਧ, ਉਹੀ ਲੋਭ, ਉਹੀ ਮੋਹ। ਕੀ ਮਿਲਿਆ, ਕੀ ਹਾਸਲ ਹੋਇਆ ? ਲੋਭ, ਮੋਹ ਦਾ ਨੰਗਾ ਰੂਪ ਦੇਖਣ ਤੇ ਸਮਝਣ ਬਾਅਦ ਹੀ ਗੁਰੂ ਚੇਲਿਆਂ ਨੂੰ ਅਗਲਾ ਸਬਕ ਦੇਂਦਾ ਸੀ। ਬੋਧੀਆਂ ਦਾ ਗੁਰੂ ਮਹਾਤਮਾ ਬੁਧ ਆਪਣੇ ਚੇਲਿਆਂ ਨੂੰ ੬ ਮਹੀਨਿਆਂ ਤਕ ਸਮਸ਼ਾਨ ਘਾਟ ਤੇ ਸੜਦੇ ਮੁਰਦਿਆਂ ਨੂੰ ਦੇਖਣ ਲਈ ਕਹਿੰਦਾ ਸੀ, ਤਾਂ ਕਿ ਉਹ ਸਰੀਰ ਤੇ ਸਬੰਧੀਆਂ ਦੇ ਮੋਹ ਦਾ ਕੱਚਾ-ਪਣ ਸਾਫ ਦੇਖ ਸਕੇ। ਇਹ ਪਕਾ ਹੋਣ ਬਾਅਦ ਹੀ ਉਹ ਸਿਮਰਨ ਸਿਖਾਂਦਾ ਸੀ। ਉਸ ਮਾਇਆ-ਮੋਹ ਦੇ



Digitized by Panjab Digital Library | www.panjabdigilib.org

ਬੰਧਨ ਬਾਰੇ ਗੁਰਵਾਕ ਹੈ—

ਦਾਰਾ ਮੀਤ ਪੂਤੁ ਰਥ ਸੰਪਤਿ ਧਨ ਪੂਰਨ ਸਭ ਮਹੀ ॥
ਅਵਰ ਸਗਲ ਮਿਥਿਆ ਜਨਹੁ ਭਜਨੁ ਰਾਮ ਕੋ ਸਹੀ ॥

(ਪੰਨਾ ੬੩੧)

ਮਨ ਰੇ ਕਉਨ ਕੁਮਤਿ ਤੈ ਲੀਨੀ ॥
ਪਰ ਦਾਰਾ ਨਿੰਦਿਆ ਰਸਿ ਰਚਿਓ
ਰਾਮ ਭਗਤਿ ਨਹਿ ਕੀਨੀ ॥

(ਪੰਨਾ ੬੩੨)

ਮੁਕਤਿ ਪੰਥ ਜਾਨਿਓ ਤੈ ਨਾਹਿਨ ਧਨ ਜੋਰਨ ਕਉ ਧਾਇਆ ॥
ਅੰਤ ਸੰਗ ਕਾਹੂ ਨਹੀਂ ਦੀਨਾ ਬਿਰਥਾ ਆਪੁ ਬੰਧਾਇਆ ॥

(ਪੰਨਾ ੬੩੨)

Digitized by Panjab Digital Library | www.panjabdigilib.org

## ੩. ਅਜੂਨੀ ਕਿਦਾਂ ਹੋਈਏ ?

ਮਨੁਖ ਬੇਕਾਰ ਹੀ ਆਪਣੇ ਆਪ ਨੂੰ ਧਨ-ਜੋਬਨ ਨਾਲ ਬੰਧਦਾ ਹੈ। ਨਾ ਮਾਇਆ ਨਾਲ ਜਾਂਦੀ ਹੈ, ਨ ਸਰੀਰ। ਪਰ ਕਾਮਨਾ ਦੇ ਇਸ ਖੇਡ ਨੂੰ ਦੇਖਣ ਲਈ ਗੁਰੂ ਜੀ ਨੇ ਸਾਨੂੰ ਪਿਛਲੇ ਜਨਮਾਂ ਵਿਚ ਝਾਕਣ ਲਈ ਨਹੀਂ ਕਿਹਾ, ਨਾ ਹੀ ਮਸਾਣ ਤੇ ਬੈਠਣ ਲਈ ਕਿਹਾ। ਉਨ੍ਹਾਂ ਸਿਰਫ ਕਿਹਾ 'ਗੁਰ ਕੀ ਮਤ ਤੂੰ ਲੈ ਇਆਣੇ।' ਗੁਰਮਤਿ ਲੈਣ ਨਾਲ, ਗੁਰਬਾਣੀ ਪੜ੍ਹਣ ਨਾਲ, ਸਹੀ ਖੇਡ ਸਮਝ ਆ ਜਾਂਦੀ ਹੈ। ਮਨੁਖ ਨੂੰ ਆਪਣਾ ਮੂਲ ਦਿਸ ਪੈਂਦਾ ਹੈ ਤੇ ਆਪਣੇ ਵਿਚਲੀ ਜੋਤ ਪ੍ਰਤੱਖ ਹੋ ਜਾਂਦੀ ਹੈ—

ਮਨ ਤੂੰ ਜੋਤਿ ਸਰੂਪ ਹੈ ਆਪਣਾ ਮੂਲ ਪਛਾਣ ॥
ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣ ॥

(ਪੰਨਾ ੪੪੧)

ਅਸਲ ਵਿਚ ਸਾਡੀਆਂ ਅਖਾਂ ਉਪਰ ਇਕ ਭਰਮ ਦਾ ਪਰਦਾ ਪਿਆ ਹੋਇਆ ਹੈ ਤੇ ਸਿਰਫ ਇਸ ਨੂੰ ਹਟਾਣ ਦੀ ਲੋੜ ਹੈ। ਸਮਝ ਕਿ ਸ਼ੇਰ ਦਾ ਇਕ ਨਿੱਕਾ ਜਿਹਾ ਬੱਚਾ ਗੁਆਚ ਕੇ ਭੇਡਾਂ ਵਿਚ ਜਾ ਰਲਿਆ ਤੇ ਉਨ੍ਹਾਂ ਨਾਲ ਹੀ ਪਲ ਕੇ ਵਡਾ ਹੋਇਆ। ਉਹ ਸ਼ੇਰ ਦਾ ਬੱਚਾ ਭੇਡਾਂ ਵਾਲੀਆਂ ਆਦਤਾਂ ਵੀ ਅਪਨਾ ਲੈਂਦਾ ਹੈ। ਉਨ੍ਹਾਂ ਵਾਂਗ ਹੀ ਮੈਂ-ਮੈਂ ਕਰਦਾ ਹੈ ਤੇ ਡਰਦਾ ਹੈ। ਇਕ ਦਿਨ ਇਕ ਸ਼ੇਰ ਆਂਦਾ ਹੈ। ਉਹ ਸ਼ੇਰ ਦੇ ਬੱਚੇ ਨੂੰ (ਜਿਹੜਾ ਹੁਣ ਵਡਾ ਹ ਗਿਆ ਸੀ) ਪਕੜਦਾ ਹੈ ਤੇ ਪਾਣੀ ਵਿਚ ਉਸ ਬੱਚੇ ਨੂੰ ਉਸ ਦਾ ਅਸਲੀ ਰੂਪ ਦਿਖਾਂਦਾ ਹੈ। ਇਸ ਰੂਪ ਦੇ ਦੇਖਦਿਆਂ ਹੀ ਸ਼ੇਰ ਦਾ ਬੱਚਾ ਸ਼ੇਰ ਹੋ ਜਾਂਦਾ ਹੈ, ਭੇਡ ਨਹੀਂ ਰਹਿਦਾ। ਅਸੀਂ ਵੀ ਵਹਿਗੁਰੂ ਦਾ ਅੰਸ਼ ਹਾਂ ਤੇ ਉਸ ਵਾਂਗ ਹੀ ਅਜੂਨੀ ਹਾਂ। ਮਨ ਦੇ ਮਗਰ ਲਗ ਕੇ ਜੂਨਾਂ ਵਿਚ ਭਟਦੇ ਫਿਰਦੇ ਹਾਂ।



Digitized by Panjab Digital Library | www.panjabdigilib.org

ਪਿਛਲੀਆਂ ਅਧੂਰੀਆਂ ਕਾਮਨਾਵਾਂ ਲੈ ਕੇ ਮਨੁੱਖ ਨਵਾਂ ਜਨਮ ਲੈਂਦਾ ਹੈ ਤੇ ਇਸ ਜਨਮ ਵਿਚ ਹੋਰ ਕਾਮਨਾਵਾਂ ਜੋੜ ਲੈਂਦਾ ਹੈ। ਕੁਝ ਜਨਮ ਨਾਲ ਮਿਲਦੀਆਂ ਹਨ, ਕੁਝ ਜੀਵਨ ਵਿਚ ਕਠੀਆਂ ਕਰ ਲੈਂਦਾ ਹੈ। ਜੀਵਨ ਭਰ ਕਾਮਨਾਵਾਂ ਦੀਆਂ ਗੰਢਾਂ ਚੁਕੀ ਫਿਰਨ ਨਾਲ ਉਹ ਇਕ ਇਜੇਹਾ ਰਸਤਾ ਬਣਾ ਲੈਂਦੀਆਂ ਹਨ ਜਿਹੜਾ ਮੁੜ ਸੰਸਾਰ ਵਲ ਜਾਂਦਾ ਹੈ। ਦੂਸਰਾ ਰਸਤਾ ਰਬ ਵਲ ਜਾਂਦਾ ਹੈ ਪਰ ਮਨੁਖ ਇਸ ਉਤੇ ਤੁਰਦਾ ਨਹੀਂ। ਇਸ ਰਾਹ ਦੀ ਲੀ ਹੀ ਨਹੀਂ ਪੈਂਦੀ। ਮਨ ਵਿਚਾਕਾਰ ਹੈ। ਇਸ ਨੂੰ ਬਾਹਰ ਵਲ ਟੋਰੋ ਤਾਂ ਅਸੀਂ ਸੱਸਾਰ ਵਿਚ ਅਪੜ ਜਾਵਾਂਗੇ ਅੰਦਰ ਵਲ ਮੋੜੋ ਤਾਂ ਆਤਮਾ ਨਾਲ ਜਾ ਰਲਾਂਗੇ। ਮੁੜ ਮੁੜ ਬਾਹਰ ਸੱਸਾਰ ਦੀਆਂ ਕਾਮਨਾਵਾਂ ਕਰਦਾ ਕਰਦਾ ਮਨ ਸੰਸਾਰ ਵਲ ਜਾਣ ਵਾਲੀ ਇਕ ਜਰਨੈਲੀ ਸੜਕ ਬਣਾ ਲੈਂਦਾ ਹੈ। ਮਰਨ ਸਮੇਂ ਮਨ ਉਸ ਰਾਹੇ ਤੁਰ ਪੈਂਦਾ ਹੈ ਜਿਧਰ ਦਾ ਉਹ ਵਾਕਫ ਹੈ। ਉਹ ਰਾਹ ਅਪਨਾ ਲੈਂਦਾ ਹੈ ਜਿਸ ਤੇ ਉਹ ਜੀਵਨ ਭਰ ਚਲਦਾ ਰਿਹਾ ਹੈ ਤੇ ਜਿਸ ਤੇ ਤੁਰਨਾ ਸੁਖਾਲਾ ਲਗਦਾ ਹੈ। ਇਹ ਰਾਹ ਸੰਸਾਰ ਵਲ ਜਾਂਦਾ ਹੈ ਤੇ ਇਸ ਵਿਚ ਸਫਰ ਕਰਨ ਲਈ ਸਾਨੂੰ ਨਵੇਂ ਸਰੀਰ ਦੀ ਲੋੜ ਪੈਂਦੀ ਹੈ। ਮਰਨ ਸਮੇਂ ਦੇ ਸੰਸਕਾਰ ਸਾਡੇ ਨਵੇਂ ਸਰੀਰ ਦਾ ਬੀਂ ਹੁੰਦੇ ਹਨ।

ਕਾਮ, ਕਰੋਧ, ਲੋਭ, ਮੋਹ, ਅਹੰਕਾਰ ਜੋ ਵੀ ਅਸੀਂ ਪਿਛਲੇ ਜਨਮਾਂ ਵਿਚ ਕਰਦੇ ਰਹੇ ਹਾਂ ਉਹ ਸੰਸਕਾਰ ਲੈ ਕੇ ਅਸੀਂ ਨਵਾਂ ਜਨਮ ਲੈਂਦੇ ਹਾਂ ਤੇ ਉਨ੍ਹਾਂ ਸੰਸਕਾਰਾਂ ਤਹਿਤ ਕਰਮ ਕਰਦੇ ਹਾਂ। ਹੁਣੇ ਸਿਉਲ ਵਿਚ ੧੯੮੭ ਦੀਆਂ ਹੋਈਆਂ ਉਲੰਪਿਕ ਖੇਡਾਂ ਵਿਚ ਅਮਰੀਕਾ ਦੇ ਦੋ ਖਿਡਾਰੀਆਂ ਨੇ ਤੈਰਾਕੀ ਵਿਚ ਨੌਂ ਮੈਡਲ ਜਿਤੇ। ਪਰ ਇਹ ਇਕ ਮਾਮੂਲੀ ਜਿਹੀ ਮੂਰਤੀ (ਜਿਸ ਦੀ ਕੀਮਤ ਤਿਨ ਹਜ਼ਾਰ ਵੀ ਨਹੀਂ ਸੀ) ਦੇ ਚੁੱਕਣ ਦੀ ਕੋਸ਼ਿਸ਼ ਵਿਚ ਪਕੜੇ ਗਏ। ਇਕ ਛੋਟੇ ਜਿਹੇ ਸੰਸਕਾਰ ਨੇ ਸਾਰੀ ਮਿਹਨਤ ਤੇ ਸਾਰੀ ਕੀਰਤੀ ਤੇ ਪਾਣੀ ਫੇਰ ਦਿਤਾ। ਉਸੇ ਖੇਡਾਂ ਵਿਚ ਕੈਨੇਡਾ ਦਾ ਬੇਨ-ਜੋਹਨਸਨ ਦੁਨੀਆਂ ਦਾ ਸਭ ਤੋਂ ਤੇਜ ਦੌੜਣ ਵਾਲਾ ਖਿਲਾੜੀ ਘੋਸ਼ਤ ਕੀਤਾ ਗਿਆ। ਪਰ ਧੋਖਾਬਾਜੀ (ਤਾਕਤ ਵਧਾਉਣ ਵਾਲੀ ਤੇ ਦਰਦ ਮਾਰਨ ਵਾਲੀ ਦਵਾਈ ਦੇ ਸੇਵਨ ਜਿਸ ਦੀ ਮਨਾਹੀ ਹੈ) ਦੇ ਕਾਰਣ ਆਪਣੀ ਬਦਨਾਮੀ ਕਰਾ ਬੈਠਾ। ਉਸ ਕੋਲੋਂ ਜਿਤ ਦਾ ਸੁਨਹਿਰੀ ਮੈਡਲ ਵਾਪਸ ਲੈ ਲਿਤਾ ਗਿਆ ਤੇ ਫੌਰਨ ਵਾਪਸ ਆਪਣੇ ਦੇਸ ਕੈਨੇਡਾ ਭੇਜ ਦਿਤਾ ਗਿਆ। ਮਨੁਖ ਇਦਾਂ ਕਿਉਂ ਕਰਦਾ ਹੈ ? ਉਹ ਆਪਣੇ ਸੰਸਕਾਰਾਂ ਤੋਂ ਮਜਬੂਰ ਹੈ। ਉਹ ਕਈ ਜਨਮਾਂ ਤੋਂ ਚੋਰੀ



Digitized by Panjab Digital Library | www.panjabdigilib.org

ਕਰਦਾ ਤੇ ਧੋਖਾ ਧੜੀ ਕਰਦਾ ਹੋਵੇਗਾ। ਉਹ ਸੰਸਕਾਰਾਂ ਤੋਂ ਮਜ਼ਬੂਰ ਹੈ, ਉਹ ਕਾਮਨਾਵਾਂ ਤੋਂ ਬੱਝਾ ਕਰਮ ਕਰਦਾ ਹੈ ਤੇ ਖੱਜਲ ਖੁਆਰ ਹੁੰਦਾ ਹੈ। ਕਾਮਨਾਵਾਂ ਬੁਧੀ ਤੋਂ ਜ਼ਿਆਦਾ ਸ਼ਕਤੀਸ਼ਾਲੀ ਹੁੰਦੀਆਂ ਹਨ। ਸਾਡੀ ਬੁਧੀ ਕੁਝ ਪਈ ਕਰੇ, ਅਸੀਂ ਕਰਦੇ ਉਹੀ ਹਾਂ ਜਿਹੜਾ ਸਾਡਾ ਸੰਸਕਾਰ ਕਹਿੰਦਾ ਹੈ, ਜੋ ਸਾਡਾ ਅਚੇਤ ਮਨ ਕਹਿੰਦਾ ਹੈ। ਕੀ ਇਹ ਖਿਡਾਰੀ ਨਹੀਂ ਸਨ ਜਾਣਦੇ ਕਿ ਉਹ ਕੀ ਕਰ ਰਹੇ ਸਨ ? ਉਹ ਕਰਮ ਵੀ ਜਾਣਦੇ ਸਨ ਤੇ ਫਲ ਤੋਂ ਵੀ ਨਾ ਵਾਕਫ ਨਹੀਂ ਸਨ। ਪਰ ਉਹ ਕਾਮਨਾ ਦੀ ਸ਼ਕਤੀ ਅਧੀਨ ਸਨ।

ਸਾਡੇ ਸਾਰਿਆਂ ਦਾ ਜੀਵਨ ਵੀ ਇਨ੍ਹਾਂ ਤੋਂ ਵਖਰਾ ਨਹੀਂ। ਇਕ ਨਾਮ-ਅਭਿਆਸੀ ਨੂੰ ਇਨ੍ਹਾਂ ਕਾਮਨਾਵਾਂ ਦੀ ਖੇਡ ਨੂੰ ਸ਼ਾਂਤ ਚਿਤ ਨਾਲ ਦੇਖਣਾ ਤੇ ਸਮਝਣਾ ਚਾਹੀਦਾ ਹੈ। ਉਸੀ ਕਰੋਧ ਨੂੰ ਬਾਰ-ਬਾਰ ਕਰੀ ਜਾਣਾ, ਉਸੇ ਲੋਭ ਵਿਚ ਜਨਮਾਂ-ਜਨਮਾਂ ਤੋ ਫਸੇ ਰਹਿਣਾ, ਉਸੀ ਮੋਹ ਨੂੰ ਘੜੀ ਮੁੜੀ ਕਰੀ ਜਾਣਾ, ਤੇ ਹਥ ਲਗਣਾ ਦੁਖ, ਸੰਤਾਪ ਤੇ ਆਵਾ-ਗਉਣ ਜੂਨਾਂ ਦਾ। ਸਿਆਣਾ ਆਦਮੀ ਇਕ ਵਾਰੀਂ ਗਲਤੀ ਕਰਕੇ ਸਮਝ ਜਾਂਦਾ ਹੈ। ਪਰ ਅਸੀਂ ਇਹੀ ਗਲਤੀਆਂ ਲਖਾਂ ਵਾਰੀ ਕਰ ਚੁਕੇ ਹਾਂ ਪਰ ਨਹੀਂ ਸਮਝਦੇ। ਅਸੀਂ ਮੌਤ ਤੇ ਅਗਿਆਨ ਦੇ ਹਨੇਰੇ ਵਿਚ ਫਸੇ ਹੋਏ ਹਾਂ। ਗੁਰਵਾਕ ਹੈ—

ਮਾਈ ਮੈ ਕਿਹ ਬਿਧਿ ਲਖਉ ਗੁਸਾਈ ॥
ਮਹਾ ਮੋਹ ਅਗਿਆਨ ਤਿਮਰ ਮੋ ਮਨ ਰਹਿਓ ਉਰਝਾਈ ॥
ਸਗਲ ਜਨਮੁ ਭ੍ਰਮ ਹੀ ਭ੍ਰਮਿ ਖੋਇਓ ਨਹ
ਅਸਥਿਰ ਮਤਿ ਪਾਈ ॥
ਬਿਖਿਆ ਸਕਤ ਰਹਿਓ ਨਿਸਿ ਬਾਸੁਰ
ਨਹ ਛੂਟੀ ਅਧਮਾਈ ॥

(ਪੰਨਾ ੬੩੨)

ਪਰ ਧਨ ਪਰ ਦਾਰਾ ਸਿਉ ਰਚਿਓ
ਬਿਰਥਾ ਜਨਮ ਸਿਰਾਵੈ ॥



Digitized by Panjab Digital Library | www.panjabdigilib.org

ਮਦਿ ਮਾਇਆ, ਕੈ ਭਇਓ ਬਾਵਰੋ
ਸੂਝਤ ਨਹ ਕਛੁ ਗਿਆਨਾ ॥

(ਪੰਨਾ ੬੩੩)

ਜਬ ਹੀ ਸਰਨਿ ਸਾਧ ਕੀ
ਆਇਓ ਦੁਰਮਤਿ ਸਗਲ ਬਿਨਾਸੀ ॥
ਤਬ ਨਾਨਕ ਚੇਤਿਓ ਚਿੰਤਾਮਨਿ ਕਾਟੀ ਜਮ ਕੀ ਫਾਸੀ ॥

(ਪੰਨਾ ੬੩੩)



Digitized by Panjab Digital Library | www.panjabdigilib.org

## ੪. ਇਸ ਹਨੇਰੇ ਚੋਂ ਕਿਦਾਂ ਨਿਕਲੀਏ ?

(੧) **ਕਾਮਨਾਵਾਂ ਦੀ ਖੇਡ ਨੂੰ ਸਮਝਣਾ**—ਪਰ ਅਸੀਂ ਮਨ ਅਧੀਨ ਹਾਂ। ਇਸ ਲਈ ਬੁਧੀ ਜਿਆਦਾ ਸਹਾਈ ਨਹੀਂ ਹੁੰਦੀ। ਬੁਧੀ ਪਈ ਕਹੇ ਕਿ ਫਲਾਂ ਕੰਮ ਗਲਤ ਹੈ (ਤੇ ਬੁਧੀ ਕਹਿੰਦੀ ਵੀ ਹੈ) ਪਰ ਮਨ ਬੁਧੀ ਦੇ ਫੈਸਲੇ ਤੇ ਹਾਵੀ ਹੋ ਜਾਂਦਾ ਹੈ ਤੇ ਮਤ ਨੂੰ ਮਾਰ ਦੇਂਦਾ ਹੈ।

(੨) **ਸਾਧ ਦੀ ਸਰਣ ਜਾਣਾ** – ਉਸ ਦਾ ਸੰਗ ਕਰਨਾ ਜਿਸਨੇ ਕਾਮਨਾਂਵਾਂ ਦੀ ਖੇਡ ਦੇਖ ਲਈ ਹੈ ਤੇ ਉਸ ਤੋਂ ਪਾਰ ਚਲਾ ਗਿਆ ਹੈ। ਮਨ ਨੂੰ ਬੁਧੀ ਅਧੀਨ ਕਰ ਲਿਆ ਹੈ। ਜਿਸ ਦਾ ਮਾਲਕ ਮਨ ਨਹੀਂ, ਵਿਵੇਕ ਹੈ। ਜਿਸ ਦਾ ਚਾਨਣ-ਮਨਾਰਾ ਦਰਮਤਿ ਨਹੀਂ ਗੁਰਮਤਿ ਹੈ। ਇਸੇ ਲਈ ਸਿਖੀ ਵਿਚ ਸਾਧ-ਸੰਗਤ ਦੀ ਮਹਾਨਤਾ ਹੈ। ਉਨ੍ਹਾਂ ਦੀ ਸੰਗਤ ਵਿਚ ਭਰਮ ਦਾ ਨਾਸ ਹੁੰਦਾ ਹੈ, ਮਾੜੇ ਸੰਸਕਾਰਾਂ ਦਾ ਨਾਸ ਹੁੰਦਾ ਹੈ ਤੇ ਅਜੂਨੀ ਤਕ ਅਪੜਣ ਦਾ ਰਾਹ ਮਿਲਦ ਹੈ—

ਸਾਧ ਸੰਗਿ ਮਿਟੇ ਭਰਮ ਅੰਧਾਰੇ ॥
ਨਾਨਕ ਮੇਲੀ ਸਿਰਜਣ ਹਾਰੇ ॥

(ਪੰਨਾ ੩੮੬)

ਸੁਖਮਨੀ ਸਹਿਬ ਦੀ ਸਤਵੀਂ ਅਸ਼ਟਪਦੀ ਵਿਚ ਸਾਧ ਦੇ ਸੰਗ ਦੀ ਅਚਰਜ ਕਥਾ ਦਾ ਜਿਕਰ ਹੈ। ਪਹਿਲੀ ਹੀ ਸਤਰ ਵਿਚ ਹੀ ਲਿਖਿਆ ਹੈ—

ਸਾਧ ਕੈ ਸੰਗਿ ਮੁਖ ਊਜਲ ਹੋਤ ॥
ਸਾਧ ਸੰਗਿ ਮਲੁ ਸਗਲੀ ਖੋਤ ॥

(ਪੰਨਾ ੨੭੧)



Digitized by Panjab Digital Library | www.panjabdigilib.org

(੩) **ਸਿਮਰਨ**—ਪਹਿਲੀਆਂ ਦੋ ਗੱਲਾਂ ਨਾਲ ਮਨ ਕਾਮਨਾਵਾਂ ਦੇ ਰਾਹ ਤੇ ਭਜਣਾ ਘਟ ਕਰ ਦੇਂਦਾ ਹੈ। ਵਰਤੋਂ ਦੇ ਘਟਣ ਨਾਲ ਇਸ ਰਾਹ ਤੇ ਘਾਸ-ਫੂਸ ਉਗ ਪੈਂਦੀ ਹੈ ਤੇ ਇਦਾਂ ਇਹ ਰਾਹ ਤਕਰੀਬਨ ਬੰਦ ਹੋ ਜਾਂਦੀ ਹੈ। ਪਰ ਇਨਾਂ ਕਾਫੀ ਨਹੀਂ। ਇਕ ਰਸਤਾ ਤਾਂ ਬੰਦ ਹੋ ਗਿਆ ਪਰ ਅਸੀਂ ਨਵਾਂ ਰਸਤਾ ਹਲੀਂ ਬਣਾਇਆ ਨਹੀਂ। ਅਜੂਨੀ ਵਲ ਜਾਣ ਵਾਲਾ ਰਾਹ ਨਹੀਂ ਬਣਾਇਆ। ਇਹ ਬਣੇਗਾ, ਨਾਮ ਸਿਮਰਨ ਰਾਹੀਂ। ਜਿੰਨੀ ਵਾਰੀਂ ਅਸੀਂ ਮਨ ਨੂੰ ਸਿਮਰਨ ਦੇ ਰਾਹ ਤੇ ਪਾਂਵਾਂਗ਼ ਜਿੰਨੀ ਦੇਰ ਤਕ ਅਸੀਂ ਸਿਮਰਨ ਰਾਹੀਂ ਇਸ ਰਾਹ ਦੀ ਪਕਿਆਈ ਕਰਾਂਗੇ ਉਨਾਂ ਹੀ ਇਹ ਰਾਹ ਸਾਫ ਸੁਧਰਾ ਤੇ ਸੁਖੈਨ ਹੋ ਜਾਏਗਾ। ਵਕਤ ਪਾ ਕੇ ਮਨ ਦੀ ਪੁਰਾਣੇ ਰਾਹ ਵਾਲੀ ਦੌੜ ਰੁਕ ਜਾਏਗੀ ਕਿਉਂਕਿ ਉਸ ਦੀ ਮਾਇਆ-ਮਮਤਾ ਫੁਟ ਜਾਂਦੀ ਹੈ, ਲੋਭ, ਮੋਹ ਦੀ ਪਕੜ ਹਟ ਜਾਂਦੀ ਹੈ। ਪੁਰਾਣੇ ਸੰਸਕਾਰ ਤੇ ਭਰਮ ਮਿਟ ਜਾਂਦੇ ਹਨ ਤੇ ਤ੍ਰਿਸ਼ਨਾ ਦਾ ਨਾਸ ਹੋ ਜਾਂਦਾ ਹੈ। ਮਨ ਨਵੇਂ ਰਾਹ ਤੇ ਦੌੜਨ ਲਗ ਪੈਂਦਾ ਹੈ ਕਿਉਂਕਿ ਸਵਛ ਗਿਆਨ ਮਿਲ ਜਾਂਦਾ ਹੈ। ਉਹ ਭਗੌਤੀ ਵਿਚ ਲੀਨ ਹੋ ਜਾਂਦਾ ਹੈ। ਉਸ ਦੇ ਹਥ ਸਿਮਰਨ ਦੀ ਕੀਮਤਿ ਵਖਰ ਲਗ਼ ਜਾਂਦੀ ਹੈ। ਉਹ ਆਪਣੇ ਅਸਲੀ ਸੁਖਦਾਈ ਘਰ ਨੂੰ ਪਾ ਲੈਂਦਾ ਹੈ। ਗੁਰੂ ਤੇਗ ਬਹਾਦਰ ਜੀ ਇਸ ਖਿਆਲ ਨੂੰ ਇਦਾਂ ਦਰਸਾਂਦੇ ਹਨ—

ਮਾਈ ਮੈ ਧਨੁ ਪਾਇਓ ਹਰਿ ਨਾਮੁ ॥
ਮਨ ਮੇਰੋ ਧਾਵਨ ਤੇ ਛੂਟਿਓ
ਕਰਿ ਬੈਠੋ ਬਿਸਰਾਮੁ ॥ਰਹਾਉ॥
ਮਾਇਆ ਮਮਤਾ ਤਨ ਤੇ ਭਾਗੀ
ਉਪਜਿਓ ਨਿਰਮਲ ਗਿਆਨੁ ॥
ਲੋਭ ਮੋਹੁ ਏ ਪਰਸਿ ਨ ਸਾਕਹਿ
ਗਹੀ ਭਗਤਿ ਭਗਵਾਨ ॥੧॥
ਜਨਮ ਜਨਮ ਕਾ ਸੰਸਾ ਚੂਕਾ
ਰਤਨ ਨਾਮੁ ਜਬ ਪਾਇਆ ॥



Digitized by Panjab Digital Library | www.panjabdigilib.org

ਤ੍ਰਿਸਨਾ ਸਕਲ ਬਿਨਾਸੀ ਮਨ ਤੇ
ਨਿਜ ਸੁਖ ਮਾਹਿ ਸਮਾਇਆ ॥੨॥
ਜਾ ਕਉ ਹੋਤ ਦਇਆਲ ਕਿਰਪਾ ਨਿਧਿ
ਸੋ ਗੋਬਿੰਦ ਗੁਨ ਗਾਵੈ ॥
ਕਹੁ ਨਾਨਕ ਇਹ ਬਿਧਿ ਕੀ ਸੰਪੈ
ਕਉ ਗੁਰਮੁਖਿ ਪਾਵੈ ॥੩॥

(ਪੰਨਾ ੧੧੮੬)

ਗੋਬਿੰਦ ਦੇ ਗੁਣ ਗਾਂਦੇ ਗਾਂਦੇ ਮਨ ਐਸਾ ਅਭਿਅਸਤ ਹੋ ਜਾਂਦਾ ਹੈ ਕਿ ਜਦੋਂ ਇਹ ਸਰੀਰ ਤਿਆਗਦਾ ਹੈ ਤਾਂ ਸਿਧਾ ਜਾਣੇ ਪਛਾਣੇ ਅਜੂਨੀ ਵਾਲੇ ਰਾਹੇ ਹੀ ਤੁਰ ਪੈਂਦਾ ਹੈ । ਤੇ ਅਜੂਨੀ ਨਾਲ ਮਿਲ ਆਪ ਵੀ ਅਜੂਨੀ ਹੋ ਜਾਂਦਾ ਹੈ ।



Digitized by Panjab Digital Library | www.panjabdigilib.org

[੯]

# ਸੈਭੰ

ਆਪੇ ਆਪਿ ਨਿਰੰਜਨ ਸੋਇ ॥

## ੧. ਸੈਭੰ ਦਾ ਅਰਥ ਕੀ ਹੈ ?

ਸੈਭੰ ਬਣਿਆ ਹੈ ਸੈ+ਭੰ ਤੋਂ । 'ਸੈ' ਨਿਕਲਿਆ ਹੈ ਸੰਸਕ੍ਰਿਤ ਦੇ 'ਸ੍ਵੈ' ਤੋਂ ਜਿਸ ਦਾ ਅਰਥ ਹੈ 'ਆਪ', 'ਆਪਣੇ ਆਪ' । 'ਭੰ' ਦਾ ਜਨਮ ਕੋਈ ਸੰਸਕ੍ਰਿਤ ਦੇ 'ਭਾ' ਤੋਂ ਮੰਨਦੇ ਹਨ ਤੇ ਕੋਈ 'ਭਵ' ਤੋਂ । 'ਭਾ' ਦਾ ਅਰਥ ਹੈ 'ਚਾਨਣ, ਪ੍ਰਕਾਸ਼' ਤੇ 'ਭਵ' (ਪੰਜਾਬੀ ਵਿਚ ਭਉ) ਦਾ ਅਰਥ ਹੈ 'ਹੋਣਾ' । ਆਪਣੇ ਆਪ ਤੋਂ ਹੋਂਦ ਵਿਚ ਆਇਆ । ਗੁਰਬਾਣੀ ਵਿਚ ਤਾਂ ਸੈਭੰ ਸਬਦ ਤਾਂ ਕਿਸੇ ਥਾਂਈ ਵਰਤਿਆ ਨਹੀਂ ਮਿਲਦਾ, ਪਰ ਸੈ ਭਉ ਨਾਲ ਮਿਲਦਾ ਜੁਲਦਾ ਰੂਪ ਕਈ ਥਾਈਂ ਮਿਲਦਾ ਹੈ, ਜਿਵੇਂ ਅਜੂਨੀ ਸੰਭਵਿਉ, ਅਜੂਨੀ ਸੰਭਉ, ਅਜੂਨੀ ਸੰਭੋ, ਆਦਿ । ਅਸੀਂ ਸੈਭੰ ਦੇ ਦੋਵੇਂ ਅਰਥ ਆਪਣੇ ਆਪ ਤੋਂ ਪ੍ਰਕਾਸ਼ਤ ਤੇ ਆਪਣੇ ਆਪ ਤੋਂ ਹੋਇਆ ਤੇ ਵਿਚਾਰ ਕਰਦੇ ਹਾਂ ।

## ੨. ਸੈਭੰ ਆਦਿ-ਅੰਤ ਤੋਂ ਪਰੇ ਹੈ ?

ਸਾਡਾ ਮਨ ਹਮੇਸ਼ਾ ਆਦਿ-ਅੰਤ ਵਿਚ ਸੋਚਦਾ ਹੈ । ਕੋਈ ਕਰਮ ਹੋਇਆ ਹੈ ਤਾਂ ਇਸ ਦਾ ਆਦਿ (ਸ਼ੁਰੂ) ਜ਼ਰੂਰ ਹੋਣਾ ਹੀ ਚਾਹੀਦਾ ਹੈ । ਆਦਿ ਬਗੈਰ ਅਸੀਂ



Digitized by Panjab Digital Library | www.panjabdigilib.org

ਕਰਮ ਦੇ ਹੋਣ ਦੀ ਕਲਪਣਾ ਨਹੀਂ ਕਰ ਸਕਦੇ। ਧੂੰਆਂ ਹੈ ਤਾਂ ਜ਼ਰੂਰ ਅੱਗ ਹੋਵੇਗੀ। ਜੇ ਮਨੁਖ ਜੰਮਿਆ ਹੈ ਤਾਂ ਇਸ ਦਾ ਆਦਿ, ਇਸ ਦਾ ਮਾ-ਪਿਉ ਹੋਣਾ ਹੀ ਚਾਹੀਦਾ ਹੈ। ਜੇ ਦਰਖਤ ਉਗਿਆ ਹੈ ਤਾਂ ਬੀਜ ਉਸ ਦਾ ਆਦਿ ਹੈ। ਜੇ ਰਬ ਦੀ ਹਸਤੀ ਹੈ ਤਾਂ ਜ਼ਰੂਰ ਉਸ ਦਾ ਆਦਿ ਹੋਵੇਗਾ। ਕਿਤੋਂ ਆਇਆ ਹੋਵੇਗਾ। ਜੇ ਉਹ ਆਇਆ ਨਹੀਂ, ਤਾਂ ਹੈ ਕਿਸ ਤਰ੍ਹਾਂ। ਅਸੀਂ ਆਮ ਤਰੀਕੇ ਰਾਹੀਂ ਸੋਚਦੇ ਹਾਂ। ਗੱਡੀ ਸਟੇਸ਼ਨ ਤੇ ਆਂਦੀ ਹੈ ਤਾਂ ਕਿਤੋਂ ਸ਼ੁਰੂ ਹੋਈ ਹੋਵੇਗੀ—ਪਿਛਲੇ ਸਟੇਸ਼ਨ, ਵਰਕਸ਼ਾਪ, ਫੈਕਟਰੀ, ਆਦਿ। ਆਈ ਹੈ ਤਾਂ ਆਣ ਦਾ ਸਰੋਤਰ ਹੋਣਾ ਚਾਹੀਦਾ ਹੈ। ਪਰ ਰਬ ਬਾਰੇ ਗੁਰੂ ਜੀ ਕਹਿੰਦੇ ਹਨ ਕਿ ਉਹ ਅਜੂਨੀ ਹੈ। ਉਹ ਜੰਮਿਆ ਨਹੀਂ, ਉਸ ਦਾ ਆਦਿ ਨਹੀਂ।

ਫਿਰ ਅਸੀਂ ਸੋਚਦੇ ਹਾਂ ਕਿ ਚਲੋ ਕਿਤੋਂ ਨਹੀਂ ਆਇਆ, ਪਰ ਅੰਤ ਤਾਂ ਹੋਵੇਗਾ, ਕਿਤੇ ਤਾਂ ਜਾਏਗਾ, ਕਦੀਂ ਤਾਂ ਨਸ਼ਟ ਹੋਏਗੀ। ਅਸੀਂ ਨਹੀਂ ਮੰਨ ਸਕਦੇ ਕਿ ਬੀਜ ਹੋਂਦ ਵਿਚ ਆਏ ਤੇ ਮਰੇ ਨਾ, ਨਾਸ ਨ ਹੋਏ। ਸਾਡੇ ਸੋਚਣ ਮੁਤਾਬਕ ਉਸ ਦਾ ਅੰਤ ਹੋਣਾ ਵੀ ਚਾਹੀਦਾ ਹੈ। ਉਸ ਨੂੰ ਭਵਿੱਖ ਦੇ ਦਾਮਨ ਵਿਚ ਅਲੋਪ ਹੋਣਾ ਹੀ ਚਾਹੀਦਾ ਹੈ। ਪਰ ਗੁਰੂ ਜੀ ਕਹਿੰਦੇ ਹਨ ਕਿ ਉਹ ਅਕਾਲ ਮੂਰਤ ਹੈ, ਉਹ ਮੌਤ ਤੋਂ ਪਰੇ ਹੈ, ਉਹ ਨਾਸ਼ ਰਹਿਤ ਹੈ, ਉਹ ਸਮੇਂ ਤੋਂ ਪਾਰ ਹੈ।

ਅਸੀਂ ਇਹ ਵੀ ਵਿਚਾਰਦੇ ਹਾਂ ਕਿ ਜਿਹੜੀ ਹਸਤੀ ਜਮਦੀ ਨਹੀਂ ਤੇ ਮਰਦੀ ਨਹੀਂ, ਉਹ ਹੋ ਵੀ ਕਿਦਾਂ ਸਕਦੀ ਹੈ। ਸਾਡੇ ਨਾਸਤਕ ਹੋਣ ਜਾਂ ਨਾਮ ਧਰੀਕ ਗੁਰਸਿੱਖ ਹੋਣ ਦਾ ਇਹੀ ਕਾਰਣ ਹੈ। ਉਪਰੋਂ ਉਪਰੋਂ ਕਰਮ ਕਾਂਡ ਕਰੀ ਜਾਂਦੇ ਹਾਂ ਪਰ ਸਾਡੀ ਬੁਧੀ ਸ਼ਕ ਬਣਾਈ ਰਖਦੀ ਹੈ—ਸ਼ਾਇਦ ਨਹੀਂ ਹੈ। ਬੁਧੀ ਨਹੀਂ ਮੰਨਦੀ ਕਿ ਜਿਸ ਦਾ ਆਦਿ ਨਹੀਂ, ਅੰਤ ਨਹੀਂ, ਉਹ ਕੁਝ ਹੋ ਸਕਦੀ ਹੈ। ਪਰ ਗੁਰੂ ਜੀ ਕਹਿੰਦੇ ਹਨ ਕਿ ਉਹ ਹਸਤੀ ਜਮਦੀ ਨਹੀਂ, ਮਰਦੀ ਨਹੀਂ, ਪਰ ਹੈ ਤੇ ਆਪਣੇ ਆਪ ਤੋਂ ਹੈ।

ਅਕਾਲ ਮੂਰਤ ਅਜੂਨੀ ਸੈਭੰ। ਜਦੋਂ ਕੁਝ ਜੰਮਿਆ ਨਹੀਂ ਸੀ, ਉਸ ਵੇਲੇ ਜੋ ਹਸਤੀ ਸੀ ਉਸ ਦਾ ਨਾਂ ਰਬ ਹੈ। ਇਸੇ ਲਈ ਜਪਜੀ ਸਾਹਿਬ ਦੀ ਪਹਿਲੀ ਸਤਰ ਵਿਚ ਆਂਦਾ ਹੈ—

ਆਦਿ ਸਚੁ ਜੁਗਾਦਿ ਸਚੁ ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥

(ਪਨਾ ੧)



Digitized by Panjab Digital Library | www.panjabdigilib.org

ਉਸ ਦੇ ਹੋਣ ਦਾ ਕੋਈ ਕਾਰਣ ਨਹੀਂ, ਉਹ ਆਪਣੇ ਆਪ ਤੋਂ ਹੈ 'ਥਾਪਿਆ ਨ ਜਾਇ ਕੀਤਾ ਹੋਇ। ਆਪੇ ਆਪਿ ਨਿਰੰਜਨੁ ਸੋਇ।'

## ੩. ਸੈਭੰ ਅਕਰਮ ਹੈ ?

ਸਾਡੇ ਮਨ ਦਾ ਦੂਸਰਾ ਭੁਲੇਖਾ ਹੈ ਕਿ ਕੁਝ ਹੋਂਦ ਵਿਚ ਲਿਆਣ ਲਈ ਕੁਝ ਕਰਮ ਕਰਨਾ ਪੈਂਦਾ ਹੈ। ਮਨ ਲਉ ਤੁਸੀਂ ਚਾਹ ਬਣਾਣੀ ਹੈ ਜਾਂ ਚਾਹ ਨੂੰ ਹੋਂਦ ਵਿਚ ਲਿਆਣਾ ਹੈ। ਇਸ ਲਈ ਤੁਹਾਨੂੰ ਕਰਮ ਕਰਨਾ ਪਏਗਾ। ਚਾਹ ਦੀ ਪਤੀ, ਦੁਧ ਤੇ ਚੀਨੀ ਲਿਆਣੀ ਪਏਗੀ ਤੇ ਇਨ੍ਹਾਂ ਨੂੰ ਉਬਲਦੇ ਪਾਣੀ ਵਿਚ ਪਾਣ ਦਾ ਕਰਮ ਕਰਨਾ ਪਏਗਾ। ਜੇ ਇਹ ਕਰਮ ਨਾ ਕਰੀਏ ਤਾਂ ਚਾਹ ਨਹੀਂ ਬਣ ਸਕਦੀ। ਫਸਲ ਉਗਾਣ ਲਈ ਬੀਜ ਬੀਜਣਾ ਤੇ ਹੋਰ ਤਿਆਰੀ ਕਰਨੀ ਪੈਂਦੀ ਹੈ। ਕਾਰਖਾਨੇ ਵਿਚ ਕੋਈ ਪੁਰਜ਼ਾ ਬਨਾਣ ਲਈ ਕਈ ਪ੍ਰਕਾਰ ਦੇ ਕਰਮ ਕਰਨੇ ਪੈਂਦੇ ਹਨ। ਤਾਂ ਕਿਤੇ ਜਾ ਕੇ ਇਕ ਨਿਕਾ ਜਿਹਾ ਕੰਮ ਸਰਦਾ ਹੈ। ਹਰ ਕੰਮ ਬਾਰੇ ਸਾਡਾ ਮਨ ਇਨਾਂ ਲੀਕਾਂ ਤੇ ਹੀ ਸੋਚਦਾ ਹੈ। ਸਾਡੀ ਸਮਝੇ ਕੁਝ ਆਪਣੇ ਆਪ ਨਹੀਂ ਹੋ ਸਕਦਾ। ਇਸ ਲਈ ਅਸੀਂ ਸਮਝ ਨਹੀਂ ਸਕਦੇ ਕ੍ਰਿ ਰਬ ਆਪਣੇ ਆਪ ਕਿਦਾਂ ਹੋ ਸਕਦਾ ਹੈ।

ਪਰ ਸਾਇੰਸ ਹੁਣ ਮੰਨਦੀ ਹੈ ਕਿ ਕਈ ਕੰਮ ਬਿਨਾਂ ਕੁਝ ਕੀਤਿਆਂ ਹੋ ਸਕਦੇ ਹਨ। ਮਨੋ-ਵਿਗਿਆਨ (HYP NO TISM) ਵਾਲੇ ਕੁਝ ਕੰਮ ਨਹੀਂ ਕਰਦੇ ਤੇ ਸਰੀਰ ਮਨ ਦੀ ਸ਼ਕਤੀ ਰਾਹੀਂ ਕੰਮ ਕਰਵਾ ਲੈਂਦੇ ਹਨ। ਇਸ ਲਈ ਸਰੀਰ ਦੀ ਵਰਤੋਂ ਨਹੀਂ ਕਰਦੇ। ਇਕ ਮਨੋਵਿਗਿਆਨਕ ਤੁਹਾਡੇ ਮਨ ਨੂੰ ਸੁਝਾਉ ਦੇਏਗਾ ਕਿ ਬੜੀ ਸੁਰੀਲੀ ਧੁਨ ਵਜ ਰਹੀ ਹੈ, ਤੁਸੀਂ ਨਚੋ। ਤੁਸੀਂ ਨਚਣਾ ਸ਼ੁਰੂ ਕਰ ਦੇਉਗੇ ਹਾਲਾਂਕਿ ਕੋਈ ਵਾਜਾ ਨਹੀਂ ਵਜ ਰਿਹਾ, ਕੋਈ ਸੰਗੀਤ ਨਹੀਂ ਚਲ ਰਿਹਾ। ਸੰਗੀਤ ਨਹੀਂ ਹੈ ਪਰ ਤੁਹਾਨੂੰ ਸੁਣੇਗਾ। ਜ਼ਾਹਰ ਹੈ ਕਿ ਸੰਗੀਤ ਤੇ ਵਾਜ਼ੇ ਦਾ ਬੰਦੋਬਸਤ ਹੋਏ ਬਿਨਾ ਕੁਝ ਹੋ ਗਿਆ। ਮਨੋਵਿਗਿਆਨਕ ਸੁਝਾ ਦੇਏਗਾ ਕਿ ਘੜੀ ਤੇ ੮ ਵਜੇ ਹਨ। ਤੁਹਾਨੂੰ ੮ ਹੀ ਦਿਸਣਗੇ ਭਾਵੇਂ ਕੁਝ ਵੀ ਵਜਿਆ ਹੋਵੇ, ਭਾਵੇਂ ਘੜੀ ਦੀ



Digitized by Panjab Digital Library | www.panjabdigilib.org

ਸੂਈ ੧੦ ਤੇ ਹੋਏ। ਮਨੋਵਿਗਿਆਨਕ ਨੇ ਬਿਨਾ ਕੁਝ ਕੀਤੇ ਘੜੀ ਨੂੰ ਦੋ ਘੰਟੇ ਪਿਛੇ ਲੈ ਆਂਦਾ। ਮਨ ਦੀ ਸ਼ਕਤੀ ਰਾਹੀਂ ਸਰੀਰਕ ਤਬਦੀਲੀਆਂ ਵੀ ਲਿਆਂਦੀਆਂ ਜਾ ਸਕਦੀਆ ਹਨ। ਤੁਹਾਨੂੰ ਸੁਝਾਉ ਦਿਤਾ ਜਾ ਸਕਦਾ ਹੈ ਕਿ ਤੁਸੀਂ ਗਲਤੀ ਨਾਲ ਕੁਰਸੀ ਸਮਝ ਕੇ ਗਰਮ ਪਰੈਸ (ਕਪੜੇ ਪਰੈਸ ਕਰਨ ਵਾਲੀ) ਤੇ ਬੈਠ ਗਏ ਹੋ। ਤੁਸੀਂ ਨਾ ਸਿਰਫ਼ ਤਰਕ ਕੇ ਉਠ ਬੈਠੋਗੇ ਬਲਕਿ ਤੁਹਾਡੇ ਸਰੀਰ ਤੇ ਲਾਲ ਨਿਸ਼ਾਨ ਤੇ ਛਾਲੇ ਵੀ ਪੈ ਜਾਣਗੇ। ਇਸੇ ਮਨੋ-ਸ਼ਕਤੀ ਰਾਹੀਂ ਲੋਕੀਂ ਗਰਮ ਕੋਲਿਆਂ ਤੇ ਤੁਰ ਲੈਂਦੇ ਹਨ ਪੈਰ ਨਹੀਂ ਸੜਦੇ। ਮੇਰੇ ਕਹਿਣ ਦਾ ਭਾਵ ਇਹ ਹੈ ਕਿ ਮਨ ਦੀ ਸ਼ਕਤੀ ਰਾਹੀਂ ਅਸੀਂ ਕਈ ਗੱਲਾ ਬਿਨਾ ਕੁਝ ਕੀਤੇ ਕਰਵਾ ਸਕਦੇ ਹਾਂ। ਕਿਸੇ ਨੂੰ ਮਨ ਦੀ ਸ਼ਕਤੀ ਰਾਹੀਂ ਬੀਮਾਰ ਕਰ ਸਕਦੇ ਹਾਂ (ਇਹ ਮਨ ਦੀ ਬੁਰੀ ਵਰਤੋਂ) ਹੈ। ਤੇ ਕਿਸੇ ਨੂੰ ਇਸੇ ਸ਼ਕਤੀ ਰਾਹੀਂ ਬੀਮਾਰੀ ਤੋਂ ਠੀਕ ਵੀ ਕਰ ਸਕਦੇ ਹਾਂ। (ਇਹ ਮਨ ਦੀ ਚੰਗੀ ਵਰਤੋਂ ਹੈ) ਸੰਤਾਂ ਦਾ ਅਸ਼ੀਰਵਾਦ ਇਸੇ ਸ਼ਕਤੀ ਦਾ ਅਮਲੀ ਨਮੂਨਾ ਹੈ। ਗੁਰੂ ਨਾਨਕ ਦੇਵ ਜੀ ਦੇ ਜੀਵਨ ਵਿਚ ਕੋਈ ਇਜੇਹੀਆਂ ਘਟਨਾਵਾਂ ਦਾ ਜ਼ਿਕਰ ਆਂਦਾ ਹੈ। ਕੋਚੀਨ ਤੋਂ ਆਂਧਰਾ ਪ੍ਰਦੇਸ਼ ਦੇ ਰਸਤੇ ਵਿਚ ਗੁਰੂ ਜੀ ਨੂੰ ਕੌਡਾ ਰਾਖਸ ਮਿਲਿਆ ਜਿਹੜਾ ਮਨੁਖਾਂ ਦੇ ਮਾਸ ਦਾ ਆਹਰ ਕਰਦਾ ਸੀ। ਗੁਰੂ ਜੀ ਨੂੰ ਦੇਖ ਕੇ ਉਹ ਸ਼ਾਂਤ ਹੋ ਗਿਆ। ਉਸ ਦੀ ਹਿੰਸਕ ਸ਼ਕਤੀ ਰੁਕ ਗਈ। ਗੁਰੂ ਜੀ ਨੇ ਸਰੀਰਕ ਤੌਰ ਤੇ ਕੁਝ ਨਹੀਂ ਕੀਤਾ। ਉਹ ਨਾਲ ਕੋਈ ਹਥੋ-ਪਾਈ ਨਹੀਂ ਕੀਤੀ। ਪਰ ਕਰਮ ਹੋ ਗਿਆ।

ਨਾਨਕ ਝੇਰਾ ਵਿਚ ਦੋ ਮੁਸਲਮਾਨਾਂ (ਸੁਯਦ ਯਕੂਬ ਤੇ ਜਲਾਲਉਦੀਨ) ਨੇ ਕਿਲ੍ਹੇ ਦੇ ਅੰਦਰ ਪੀਣ ਵਾਲੇ ਪਾਣੀ ਦੇ ਚਸ਼ਮੇ ਤੇ ਕਬਜ਼ਾ ਕੀਤਾ ਹੋਇਆ ਸੀ ਤੇ ਗੈਰ ਮੁਸਲਮਾਨਾਂ ਨੂੰ ਪਾਣੀ ਨਹੀਂ ਸਨ ਦੇਂਦੇ। ਗੁਰੂ ਜੀ ਨੇ ਕਿਲ੍ਹੇ ਦੇ ਬਾਹਰ ਡੇਰਾ ਲਾਇਆ ਤੇ ਪਾਣੀ ਚਸ਼ਮੇ ਤੋਂ ਬਾਹਰ ਵਗ ਕੇ ਉਸ ਸਥਾਨ ਤੇ ਆ ਗਿਆ ਜਿਥੇ ਗੁਰੂ ਜੀ ਵਿਰਾਜੇ ਸਨ। ਇਸ ਸਥਾਨ ਤੇ ਹੁਣ ਗੁਰਦੁਆਰਾ ਨਾਨਕ ਝੇਰਾ ਬਣਿਆ ਹੋਇਆ ਹੈ। ਪਾਣੀ ਨਾਲ ਭਰਿਆ ਉਹ ਚਸ਼ਮਾ ਹੁਣ ਵੀ ਵਗਦਾ ਹੈ। ਗੁਰੂ ਜੀ ਨੇ ਪਾਣੀ ਖਿਚਣ ਲਈ ਸਰੀਰਕ ਤਲ ਤੇ ਕੁਝ ਨਹੀਂ ਕੀਤਾ ਲਦਾਖ (ਕਸ਼ਮੀਰ) ਦੀ ਰਾਜਧਾਨੀ ਲਿਹ ਦੇ ਕੋਲ ਇਕ ਪੱਥਰ ਦੀ ਚਟਾਨ ਹੈ। ਕਹਿੰਦੇ ਹਨ ਕਿ ਸਿਧਾਂ ਨੇ ਗੁਸੇ ਵਿਚ ਆ ਕੇ ਉਹ ਚਟਾਨ ਗੁਰੂ ਜੀ ਉਪਰ ਸੁਟ ਦਿਤੀ ਸੀ· ਪਰ ਉਹ ਥੱਲੇ ਆਂਦਿਆਂ ਸਾਰ ਮੋਮ ਵਾਂਗ ਨਰਮ ਹੋ ਗਈ ਤੇ ਉਸ ਉਤੇ ਗੁਰੂ ਜੀ ਮੂਰਤੀ·



Digitized by Panjab Digital Library | www.panjabdigilib.org

ਅੰਕਿਤ ਹੋ ਗਈ। ਗੁਰੂ ਜੀ ਨੇ ਕੀ ਕੀਤਾ ? ਮੱਕੇ ਤੋਂ ਵਾਪਸ ਆਂਦਿਆਂ ਗੁਰੂ ਜੀ ਪੰਜਾ ਸਾਹਿਬ (ਪੁਰਾਣਾ ਨਾਂ ਹਸਨ ਅਬਦਲ) ਠਹਿਰੇ। ਕੰਧਾਰੀ ਨਾਮ ਦੇ ਵੱਲੀ ਨੇ ਪਾਣੀ ਦੇਣਿਉ ਨਾ ਕੀਤੀ ਤੇ ਇਕ ਭਾਰੀ ਚਟਾਨ ਗੁਰੂ ਜੀ ਉਤੇ ਰੇੜ ਦਿਤੀ। ਗੁਰੂ ਜੀ ਨੇ ਹੱਥ ਉਚਾ ਕੀਤਾ ਤੇ ਉਸ ਨਾਲ ਨਾ ਸਿਰਫ ਭਾਰੀ ਚਟਾਨ ਹੀ ਰੁਕ ਗਈ ਬਲਕਿ ਉਸ ਚਟਾਨ ਉਪਰ ਗੁਰੂ ਜੀ ਦੇ ਪੰਜੇ ਦਾ ਨਿਸ਼ਾਨ ਵੀ ਉਕਰ ਗਿਆ। ਇਸੇ ਲਈ ਇਸ ਸਥਾਨ ਤੇ ਬਣੇ ਗੁਰਦੁਆਰੇ ਨੂੰ 'ਪੰਜਾ ਸਾਹਿਬ' ਕਹਿੰਦੇ ਹਨ।

ਹੋਰਨਾਂ ਗੁਰੂਆਂ ਦੇ ਜੀਵਨ ਵਿਚੋਂ ਵੀ ਇਸ ਪ੍ਰਕਾਰ ਦੀਆਂ ਘਟਨਾਵਾਂ ਮਿਲਦੀਆਂ ਹਨ। ਤੁਸੀਂ ਜ਼ਰੂਰ ਜਾਣਦੇ ਹੋਉਗੇ। ਭਗਤਾਂ ਦੇ ਜੀਵਨ ਵਿਚ ਵੀ ਇਸ ਪ੍ਰਕਾਰ ਦੀਆਂ ਘਟਨਾਵਾਂ ਆਉਂਦੀਆਂ ਰਹਿੰਦੀਆਂ ਹਨ। ਭਗਤ ਪ੍ਰਲਾਹਦ ਨੇ ਗਰਮ ਤਪਦੇ ਥੰਮ ਨੂੰ ਜੱਫੀ ਮਾਰ ਲਈ ਪਰ ਉਸ ਦੇ ਸਰੀਰ ਨੂੰ ਤੇ ਕੋਈ ਅਸਰ ਨਹੀਂ ਹੋਇਆ। ਆਸਾ ਦੀ ਵਾਰ ਵਿਚ ਇਸ ਦਾ ਜ਼ਿਕਰ ਆਉਂਦਾ ਹੈ, 'ਹਰਨਖਸੁ ਦੁਸਟੁ ਮਾਰਿਆ ਪ੍ਰਹਲਾਦ ਤਰਾਇਆ'। ਭਗਤ ਨਾਮਦੇਵ ਨੂੰ ਮੰਦਰ ਵਿਚ ਨਹੀਂ ਜਾਣ ਦਿਤਾ ਗਿਆ। ਉਨ੍ਹਾਂ ਨੇ ਮੰਦਰ ਦੇ ਪਿਛਲੇ ਪਾਸੇ ਜਾ ਕੇ ਪੂਜਾ ਕੀਤੀ ਤੇ ਮੂਰਤੀ ਦਾ ਮੂੰਹ ਬੂਹੇ ਵਲੋਂ ਹਟ ਕੇ ਪਿਛਲੇ ਪਾਸੇ (ਜਿਧਰ ਨਾਮਦੇਵ ਬੈਠਾ ਸੀ) ਹੋ ਗਿਆ। ਇਸ ਬਾਰੇ ਵੀ ਗੁਰਬਾਣੀ ਵਿਚ ਆਂਦਾ ਹੈ, 'ਜਿਉ ਜਿਉ ਨਾਮਾ ਹਰਿਗੁਣ ਉਚਾਰੈ। ਭਗਤ ਜਨਾਂ ਕਉ ਦੇਹੁਰਾ ਫਿਰੈ।'

ਪਤਾਂਜਲੀ ਆਪਣੇ ਯੋਗ ਸ਼ਾਸਤਰ ਵਿਚ ਲਿਖਦਾ ਹੈ ਕਿ ਮਨ ਦੀ ਸ਼ਕਤੀ ਤੇ ਕਾਬੂ ਪਾਣ ਨਾਲ ਸਾਧਕ ਬੀਤੇ ਕਲ ਤੇ ਆਣ ਵਾਲੇ ਕਲ ਬਾਰੇ ਜਾਣ ਸਕਦਾ ਹੈ, ਪਿਛਲੇ ਜਨਮ ਬਾਰੇ ਜਾਣ ਸਕਦਾ ਹੈ, ਦੂਸਰੇ ਦੇ ਮਨ ਨੂੰ ਪੜ੍ਹ ਸਕਦਾ ਹੈ, ਆਪਣੇ ਸਰੀਰ ਨੂੰ ਗਾਇਬ ਕਰ ਸਕਦਾ ਹੈ, ਹਾਥੀ ਵਰਗੀ ਸਰੀਰਕ ਸ਼ਕਤੀ ਦਾ ਮਾਲਕ ਹੋ ਸਕਦਾ ਹੈ, ਦੂਰ ਦੀਆਂ ਚੀਜ਼ਾਂ ਦੇਖ ਸਕਦਾ ਹੈ।" ਪਰ ਪਤਾਂਜਲੀ ਖਬਰਦਾਰ ਕਰਦਾ ਹੈ ਕਿ ਇਹ ਸ਼ਕਤੀਆਂ ਰਾਹ ਦੇ ਬੰਧਨ ਹਨ ਤੇ ਜਿਹੜਾ ਇਨਾਂ ਵਿਚ ਉਲਝ ਜਾਂਦਾ ਹੈ ਉਹ ਆਤਮਾ ਤੇ ਪਰਮਾਤਮਾ ਨਾਲ ਮਿਲਾਨ ਵਿਚ ਸਫਲ ਨਹੀਂ ਹੋ ਸਕਦਾ। ਮੁਕਤੀ ਦਾ ਅਭਿਲਾਸ਼ੀ ਇਨਾਂ ਸ਼ਕਤੀਆਂ ਨੂੰ ਛਡ ਕੇ ਹੀ ਅਗੇ ਲੰਘ ਸਕਦਾ ਹੈ। ਇਸ ਬੰਧਨ ਵਿਚ ਗੁਰੂ ਜੀ ਕਹਿੰਦੇ ਹਨ ਕਿ ਇਹ ਸ਼ਕਤੀਆਂ ਹਨ ਜ਼ਰੂਰ ਪਰ ਇਨ੍ਹਾਂ ਦੀ ਵਰਤੋਂ ਕੁ-ਕਾਜ ਤੋਂ ਤੇ ਭਗਤਾਂ ਨੂੰ ਇਨ੍ਹਾਂ ਵਿਚ ਉਲਝਦਿਆਂ



Digitized by Panjab Digital Library | www.panjabdigilib.org

ਸ਼ਰਮ ਆਂਦੀ ਹੈ—

ਜੋ ਮਾਗਹਿ ਠਾਕੁਰ ਅਪਨੇ ਤੇ ਸੋਈ ਸੋਈ ਦੇਵੈ ॥
ਨਾਨਕ ਦਾਸੁ ਮੁਖ ਤੇ ਜੋ ਬੋਲੈ ਈਹਾ ਊਹਾ ਸਚੁ ਹੋਵੈ ॥
ਨਾਟਕ ਚੇਟਕ ਕਰਤ ਕੁਕਾਜਾ
ਪ੍ਰਭ ਲੋਗਨ ਕੋ ਆਵਤ ਲਾਜਾ ॥

(ਪੰਨਾ ੬੮੧)

ਮੈਂ ਮਨ ਦੀ ਸ਼ਕਤੀ ਦਾ ਹੋਰ ਜ਼ਿਕਰ ਕਰਕੇ ਲੰਬਾ ਨਹੀਂ ਕਰਨਾ ਚਾਹੁੰਦਾ। ਮੈਂ ਇਹੀ ਕਹਿਣਾ ਚਾਹੁੰਦਾ ਹਾਂ ਕਿ ਕਈ ਕੰਮ ਸਰੀਰ ਦੀ ਵਰਤੋਂ ਬਿਨਾ ਸਿਰਫ ਮਨ ਦੀ ਸ਼ਕਤੀ ਨਾਲ ਹੋ ਜਾਂਦ ਹਨ।

ਤੁਸੀਂ ਇਦਾਂ ਨਹੀਂ ਕਰ ਸਕਦੇ ਕਿਉਂਕਿ ਤੁਸੀਂ ਮਨ ਦੀ ਸ਼ਕਤੀ ਦੇ ਮਾਲਕ ਨਹੀਂ ਹੋ। ਮਨੋਵਿਗਿਆਨਕ ਕੁਝ ਕਰ ਸਕਦਾ ਹੈ ਕਿਉਂਕਿ ਉਸ ਨੂੰ ਇਸ ਸ਼ਕਤੀ ਦਾ ਥੋੜਾ ਅਨੁਭਵ ਹੈ। ਸੰਤ, ਮਹਾਤਮਾ, ਗੁਰੂ, ਬਹੁਤ ਕੁਝ ਕਰ ਸਕਦੇ ਹਨ ਕਿਉਂਕਿ ਸਿਮਰਨ ਰਾਹੀਂ ਉਨ੍ਹਾਂ ਨੇ ਮਨ ਦੀ ਸ਼ਕਤੀ ਤੇ ਕਾਬੂ ਪਾ ਲਿਆ ਹੈ। ਜਿਨੀ ਜਿਆਦਾ ਕਿਸੇ ਦੀ ਸ਼ਕਤੀ ਹੋਏਗੀ ਉਨਾਂ ਹੀ ਜਿਆਦਾ ਕੰਮ ਉਹ ਬਿਨਾ ਕਰਮ ਕੀਤੇ ਕਰ ਸਕੇਗਾ। ਤੇ ਰਬ ਦੀ ਸ਼ਕਤੀ ? ਉਹ ਤਾਂ ਸਮੁੱਚੀ ਸ਼ਕਤੀ ਦਾ ਮਾਲਕ ਹੈ। ਇਸ ਲਈ ਉਸ ਨੂੰ ਕੁਝ ਵੀ ਬਨਾਣ ਲਈ ਕੁਝ ਵੀ ਨਹੀਂ ਕਰਨਾ ਪੈਂਦਾ। ਉਹ ਜਿਦਾਂ ਸੋਚਦਾ ਹੈ, ਉਦਾਂ ਹੋਇਆ ਜਾਂਦਾ ਹੈ। ਉਸ ਨੇ ਚਾਹਿਆ ਤੇ ਉਹ ਆਪੇ ਹੀ ਪ੍ਰਕਾਸ਼ਮਾਨ ਹੋ ਗਿਆ, ਉਹ ਸੈਭੰ ਹੋ ਗਿਆ। ਇਸ ਲਈ ਨਾ ਉਸ ਨੂੰ ਕੁਝ ਕਰਨਾ ਪਿਆ, ਨਾ ਕਿਸੇ ਦੂਜੇ ਦੀ ਸਹਾਇਤਾ ਲੈਣੀ ਪਈ। ਪਰ ਇਹ ਪ੍ਰਕਾਸ਼ ਕੀ ਹੈ ?

ਪਹਿਲਾ ਅਸੀਂ ਬਹਾਰਲੇ ਪ੍ਰਕਾਸ਼ ਦੀ ਗੱਲ ਕਰਦੇ ਹਾਂ। ਮੋਟੇ ਤੌਰ ਤੇ ਪ੍ਰਕਾਸ਼ ਦੋ ਤਰ੍ਹਾਂ ਦਾ ਹੁੰਦਾ ਹੈ। ਰਬੀ ਪ੍ਰਕਾਸ਼ ਜਿਦਾਂ ਸੂਰਜ ਤੇ ਤਾਰੇ (ਚੰਨ ਵਿਚ ਆਪਣਾ ਕੋਈ ਪ੍ਰਕਾਸ਼ ਨਹੀਂ) ਤੇ ਮਨੁਖੀ ਪ੍ਰਕਾਸ਼ ਜਿਦਾਂ ਮੋਮਬੱਤੀ,ਤੇਲ ਦਾ ਦੀਵਾ, ਲਾਲਟੈਨ, ਬਿਜਲੀ ਦਾ ਬਲਬ ਆਦਿ। ਸਾਇੰਸ ਦਾ ਮਤ ਹੈ ਹਰ ਚੀਜ ਦੇ ਅਣੂ ਹਨ ਤੇ ਜਦੋਂ ਇਹ ਆਪਣੀ ਥਾਂ ਛਡ ਕੇ ਭਜਦੇ ਹਨ ਤਾਂ ਇਸ ਭਜ-ਨਠ ਨਾਲ ਗਰਮੀ ਪੈਦਾ ਹੁੰਦੀ ਹੈ ਤੇ ਇਸ ਭਖਦੀ ਗਰਮੀ ਦੇ ਚਾਨਣ ਨੂੰ ਅਸੀਂ ਪ੍ਰਕਾਸ਼ ਕਹਿੰਦੇ ਹਾਂ।



Digitized by Panjab Digital Library | www.panjabdigilib.org

ਇਦਾਂ ਸਮਝੋ ਲੋਹਾ ਗਰਮ ਹੋ ਕੇ ਲਾਲ ਤੇ ਫਿਰ ਚਿਟਾ ਜਿਹਾ ਹੋ ਜਾਂਦਾ ਹੈ ਤੇ ਰੋਸ਼ਨੀ ਦਿੰਦਾ ਹੈ। ਇਦਾਂ ਹੀ ਹੋਰ ਚੀਜ਼ਾਂ ਰੋਸ਼ਨੀ ਦੇਂਦੀਆਂ ਹਨ। ਤੇਲ, ਮੋਮ, ਪੈਟਰੋਲ ਦੇ ਐਟਮ ਭਜਦੇ ਹਨ, ਗਰਮ ਹੁੰਦੇ ਹਨ ਤੇ ਪ੍ਰਕਾਸ਼ ਦੇਂਦੇ ਹਨ। ਇਦਾਂ ਹੀ ਬਿਜਲੀ ਦੀ ਤਾਰਾਂ ਦੇ ਐਟਮ ਤੇ ਸੂਰਜ ਵਿਚ ਬਲਦੀਆਂ ਗੈਸਾਂ ਦੇ ਐਟਮ ਰੋਸ਼ਨੀ ਦੇਂਦੇ ਹਨ। ਯਾਨੀ ਪ੍ਰਕਾਸ਼ ਭਾਵੇਂ ਅਸੀਂ ਬਣਾਈਏ ਭਾਵੇਂ ਸੂਰਜ ਕੋਲੋਂ ਲਈਏ, ਉਨ੍ਹਾਂ ਦੇ ਬਨਣ ਦਾ ਤਰੀਕਾ ਇਕੋ ਹੈ—ਐਟਮਾਂ ਦਾ ਭਜਣਾ, ਗਰਮ ਹੋਣਾ ਤੇ ਗਰਮ ਹੋ ਕੇ ਚਾਨਣ ਦੇਣਾ।

ਰੋਸ਼ਨੀ ਪਾਣੀ ਦੀ ਲਹਿਰਾਂ ਵਾਂਗ ਚਲਦੀ ਹੈ ਪਰ ਹਰ ਇਕ ਲਹਿਰ ਵਿਚ ਕਈ ਸ਼ਾਰ ਨਿਕੀਆਂ ਨਿਕੀਆਂ ਲਹਿਰਾਂ ਹੁੰਦੀਆਂ ਹਨ। ਇਨ੍ਹਾਂ ਲਹਿਰਾਂ ਦੀ ਲੰਬਾਈ ਇਕ ਐਟਮ (ਇਹ ਅਖਾਂ ਰਾਹੀਂ ਨਹੀਂ ਦਿਸਦਾ) ਦੇ ੩੦ਵੇਂ ਹਿੱਸੇ ਤੋਂ ਲੈ ਕੇ ੨੦,੦੦੦ ਮੀਲ ਤਕ ਹੋ ਸਕਦੀ ਹੈ ਪਰ ਇਸ ਪ੍ਰਕਾਸ਼ੀ ਲਹਿਰ ਲਹਿਰ ਦੀ ਸਪੀਡ (ਗਤੀ) ੧,੮੬,੦੦ ਮੀਲ ਪ੍ਰਤੀ ਸੈਕਿੰਡ ਹੀ ਰਹਿੰਦੀ ਹੈ। ਅਸੀਂ ਪ੍ਰਕਾਸ਼ ਨਹੀਂ ਦੇਖ ਸਕਦੇ, ਅਸੀਂ ਪ੍ਰਕਾਸ਼ ਰਾਹੀਂ ਪ੍ਰਕਾਸ਼ਿਤ ਹਈਆਂ ਚੀਜ਼ਾ ਦੀ ਦੇਖ ਸਕਦੇ ਹਾਂ। ਅਸੀਂ ਚੰਨ ਨਹੀਂ ਦੇਖ ਸਕਦੇ (ਜਿਦਾਂ ਮਸਿਆ ਵਾਲੇ ਦਿਨ)। ਜਦੋਂ ਸੂਰਜ ਦਾ ਪ੍ਰਕਾਸ਼ ਜਮੀਨ ਰਾਹੀਂ ਚੰਨ ਤੇ ਪੈਂਦਾ ਹੈ ਤਾਂ ਹੀ ਸਾਨੂੰ ਚੰਨ ਦਿਸਦਾ ਹੈ। ਇਹੀ ਹਾਲ ਸੰਸਾਰ ਦੀਆਂ ਚੀਜ਼ਾਂ ਦਾ ਹੈ। ਜਦੋਂ ਕਿਸੇ ਚੀਜ਼ ਉਤੇ ਪ੍ਰਕਾਸ਼ ਪੈਂਦਾ ਹੈ ਤੇ ਪ੍ਰਕਾਸ਼ ਦਾ ਕੁਝ ਹਿੱਸਾ ਉਸ ਚੀਜ਼ ਵਿਚੋਂ ਲੰਘ ਜਾਂਦਾ ਹੈ (ਜਿਦਾਂ ਸ਼ੀਸ਼ੇ ਵਿਚੋਂ) ਤੇ ਕੁਝ ਉਸ ਵਿਚ ਰਹਿ ਜਾਂਦਾ ਹੈ (ਜਿਦਾਂ ਲਕੜ ਵਿਚ) ਤੇ ਕੁਝ ਸਿਧਾ ਸਾਡੀ ਅਖਾਂ ਤੇ ਪੈਂਦਾ ਹੈ ਤੇ ਅਖਾਂ ਨੂੰ ਚੁੰਦਿਆ ਦੇਂਦਾ ਹੈ। ਪ੍ਰਕਾਸ਼ ਦੇ ਇਨ੍ਹਾਂ ਹਿਸਿਆਂ ਰਾਹੀਂ ਅਸਾਂ ਕੁਝ ਨਹੀਂ ਦੇਖ ਸਕਦੇ। ਪ੍ਰਕਾਸ਼ ਦਾ ਇਕ ਹੋਰ ਹਿਸਾ ਚੀਜ਼ ਤੇ ਪੈ ਕੇ ਸਾਡੇ ਵਲ ਫਲਾਵ (Difeused) ਦੇ ਰੂਪ ਵਿਚ ਆਂਦਾ ਹੈ। ਇਹੀ ਹਿਸਾ ਸਾਨੂੰ ਚੀਜ਼ਾ ਦਿਖਾਂਦਾ ਹੈ। ਇਹੀ ਬਾਹਰਲਾ ਪ੍ਰਕਾਸ਼ ਹੈ।



Digitized by Panjab Digital Library | www.panjabdigilib.org

## ੪. ਸੈਭੰ ਸਾਡੇ ਵਿਚ ਵੀ ਹੈ ?

ਦੂਸਰਾ ਪ੍ਰਕਾਸ਼ ਹੈ ਅੰਦਰਲਾ। ਜਿਦਾਂ ਬਾਹਰਲਾ ਪ੍ਰਕਾਸ਼ ਦਿਸਦਾ ਨਹੀਂ, ਸਿਰਫ ਇਸ ਰਾਹੀਂ ਪ੍ਰਕਾਸ਼ਤ ਚੀਜ਼ਾਂ ਹੀ ਦਿਸਦੀਆਂ ਹਨ, ਇਦਾਂ ਹੀ ਰਬ ਨਹੀਂ ਦਿਸਦਾ ਪਰ ਉਹ ਰਾਹੀਂ ਪ੍ਰਕਾਸ਼ਤ ਸੰਸਾਰ ਤੇ ਸੰਸਾਰ ਦੀਆਂ ਚੀਜ਼ਾਂ ਹੀ ਦਿਸਦੀਆਂ ਹਨ। ਬਾਹਰ ਦਾ ਪ੍ਰਕਾਸ ਸੀਮਤ ਹੈ। ਇਹ ਅਜ ਨਹੀਂ ਕਲ ਮੁਕ ਜਾਏਗਾ, ਸਾਡੀ ਬਿਜਲੀ ਖਤਮ ਹੋ ਜਾਏਗੀ, ਦੀਵੇ ਦਾ ਤੇਲ ਮੁਕ ਜਾਏਗਾ। ਪਰ ਅੰਦਰਲਾ ਪ੍ਰਕਾਸ਼ ਅਸੀਮ ਹੈ। ਉਸ ਦੀ ਕੋਈ ਸੀਮਾ ਨਹੀਂ ਕਿਉਂਕਿ ਉਹ ਅਸੀਮ ਦਾ ਹਿਸਾ ਹੈ। ਉਹ ਆਪ ਹੀ ਪ੍ਰਕਾਸ਼ ਹੈ, ਆਪ ਹੀ ਪ੍ਰਕਾਸ਼ਦਾਤਾ ਹੈ। ਜਦੋਂ ਸੰਸਾਰ ਦਾ ਨਾਸ਼ ਹੋ ਜਾਏਗਾ [ਪ੍ਰਲੋ ਵਾਲੇ ਦਿਨ) ਤੇ ਇਸ ਦਾ ਬਾਹਰਲਾ ਪ੍ਰਕਾਸ਼ ਵੀ ਬੰਦ ਹੋ ਜਾਏਗਾ, ਤਾਂ ਵੀ ਅੰਦਰਲਾ ਪ੍ਰਕਾਸ਼ ਕਾਇਮ ਰਹੇਗਾ ਕਿਉਂਕਿ ਉਹ ਆਪਣੇ ਆਪ ਤੋਂ ਹੀ ਹੈ। ਉਸ ਦੇ ਤੇਜ਼ ਦਾ ਸੋਮਾ ਬਾਹਰ ਨਹੀਂ, ਅੰਦਰ ਹੈ।

ਬਾਹਰ ਦੇਖਣ ਲਈ ਅਖਾਂ ਚਾਹੀਦੀਆਂ ਹਨ, ਵਸਤੂ ਚਾਹੀਦੀ ਹੈ ਤੇ ਪ੍ਰਕਾਸ਼ ਚਾਹੀਦਾ ਹੈ। ਜੇ ਪ੍ਰਕਾਸ਼ ਨਹੀਂ ਤਾਂ ਅਸੀਂ ਦੇਖ ਨਹੀਂ ਸਕਦੇ। ਇਸੇ ਲਈ ਅਖਾਂ ਹੋਂਦਿਆਂ ਵੀ ਸਾਨੂੰ ਰਾਤ ਨੂੰ ਨਹੀਂ ਦਿਸਦਾ। ਪਰ ਜੇ ਅਖ ਨਹੀਂ, ਤਾਂ ਪ੍ਰਕਾਸ਼ ਹੋਂਦਿਆਂ ਵੀ ਅਸੀਂ ਨਹੀਂ ਦੇਖ ਸਕਦੇ ਕਿਉਂਕਿ ਦੇਖਣ ਲਈ ਅਖ ਚਾਹੀਦੀ ਹੈ। ਪਰ ਅੰਦਰ ਦੇ ਪ੍ਰਕਾਸ਼ ਨੂੰ ਦੇਖਣ ਲਈ ਨਾ ਬਾਹਰ ਦੇ ਪ੍ਰਕਾਸ਼ ਦੀ ਲੋੜ ਹੈ ਤੇ ਨਾ ਬਾਹਰ ਦੀਆਂ ਅਖਾਂ ਦੀ। ਉਸ ਨੂੰ ਉਹੀ ਦੇਖ ਸਕਦਾਂ ਹੈ ਕਿਉਂਕਿ ਉਹੀ ਪ੍ਰਕਾਸ਼ ਹੈ ਤੇ ਉਹੀ ਦੇਖਣ ਵਾਲਾ ਹੈ।

ਜਿਦਾਂ ਅਸੀਂ ਬਾਹਰ ਦੇ ਪ੍ਰਕਾਸ਼ ਰਾਹੀਂ ਬਾਹਰਲੀਆਂ ਵਸਤੂਆਂ ਦੇਖ ਸਕਦੇ ਹਾਂ, ਇਦਾਂ ਹੀ ਅਸੀਂ ਅੰਦਰ ਦੇ ਪ੍ਰਕਾਸ਼ ਰਾਹੀਂ ਅੰਦਰ ਦੀਆਂ ਹਰਕਤਾਂ, ਤਰੰਗਾਂ,



Digitized by Panjab Digital Library | www.panjabdigilib.org

ਆਦਿ ਦੇਖ ਸਕਦੇ ਹਾਂ । ਮੇਰਾ ਮਤਲਬ ਇਸ ਦੀ ਧੜਕਣ ਜਾਂ ਇਸ ਦੀ ਬਿਜਲੀ-ਤਰੰਗਾਂ ਦਾ ਨਹੀਂ । ਮੇਰਾ ਮਤਲਬ ਹੈ ਕਿ ਅਸੀਂ ਆਪਣੇ ਮਨ ਨੂੰ ਦੇਖ ਸਕਦੇ ਹਾਂ, ਆਪਣੇ ਵਿਚਾਰਾਂ ਦੀ ਦੌੜ ਨੂੰ ਦੇਖ ਸਕਦੇ ਹਾਂ, ਆਪਣੇ ਕਾਮ, ਕਰੋਧ, ਮੋਹ, ਲੋਭ, ਅਹੰਕਾਰ ਨੂੰ ਦੇਖ ਸਕਦੇ ਹਾਂ । ਪਰ ਆਪਣੇ ਪ੍ਰਕਾਸ਼ ਦੇ ਸੋਮੇ ਨੂੰ ਨਹੀਂ ਦੇਖ ਸਕਦੇ ਕਿਉਂਕਿ ਅਸੀਂ ਹੀ ਦੇਖਣ ਵਾਲੇ ਹਾਂ ਤੇ ਦੇਖਣ ਵਾਲਾ ਆਪਣੇ ਆਪ ਨੂੰ ਨਹੀਂ ਦੇਖ ਸਕਦਾ । ਤੁਸੀਂ ਆਪਣਾ ਬਾਹਰਲਾ ਸਰੂਪ ਹੀ ਨਹੀਂ ਦੇਖ ਸਕਦੇ, ਅੰਦਰ ਦਾ ਪ੍ਰਕਾਸ਼ ਕੀ ਦੇਖਣਾ ਹੈ । ਤੁਸੀਂ ਜਿਆਦਾ ਤੋਂ ਜਿਆਦਾ ਆਪਣੀ ਛਾਇਆ ਸ਼ੀਸ਼ੇ ਵਿਚ ਦੇਖ ਸਕਦੇ ਹੋ । ਤੁਸੀਂ ਆਪਣੇ ਅੰਦਰਲੇ ਪ੍ਰਕਾਸ਼ ਨੂੰ ਵੀ ਨਹੀਂ ਦੇਖ ਸਕਦੇ ਕਿਉਂਕਿ ਜੋ ਵੀ ਦਿਸੇਗਾ ਉਹ ਅਸਲੀ ਪ੍ਰਕਾਸ਼ ਦਾ ਅਕੱਸ ਹੀ ਹੋਏਗਾ । ਤੁਸੀਂ ਪ੍ਰਕਾਸ਼ ਨੂੰ ਨਹੀਂ ਦੇਖ ਸਕਦੇ ਕਿਉਂਕਿ ਤੁਸੀਂ ਆਪ ਹੀ ਪ੍ਰਕਾਸ਼ ਹੋ ।

ਜਿਨ੍ਹਾਂ ਤੇ ਸਿਮਰਨ ਰਾਹੀਂ ਅੰਦਰ ਝਾਤੀ ਮਾਰੀ ਹੈ ਉਨ੍ਹਾਂ ਨੇ ਉਸ ਪ੍ਰਕਾਸ਼ ਦੀ ਝਲਕ ਦਾ ਜਾਂ ਛਾਂਈ ਦਾ ਅਨੁਭਵ ਕੀਤਾ ਹੈ । ਉਨ੍ਹਾਂ ਨੇ ਉਸ ਪ੍ਰਕਾਸ਼-ਮਈ ਅਵਸਥਾ ਦਾ ਜ਼ਿਕਰ ਕੀਤਾ ਹੈ । ਉਨ੍ਹਾਂ ਦੇ ਉਸ ਪ੍ਰਕਾਸ਼ ਨੂੰ 'ਨੂਰ' ਕਿਹਾ ਹੈ, 'ਜੋਤੀ' ਕਿਹਾ ਹੈ । ਗੁਰਬਾਣੀ ਵਿਚ ਆਂਦਾ ਹੈ—

ਮਨ ਤੂ ਜੋਤਿ ਸਰੂਪ ਹੈ ਆਪਣਾ ਮੂਲ ਪਛਾਣੁ ।

(ਪੰਨਾ ੪੪੧)

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥

(ਪੰਨਾ ੧੨੪੯)

ਉਹੀ ਪ੍ਰਕਾਸ਼ ਹੈ । ਉਹੀ ਨੂਰ ਸਭ ਵਿਚ ਹੈ । ਗੁਰਬਾਣੀ ਵਿਚ ਆਂਦਾ ਹੈ—

ਲੋਗਾ ਭਰਮਿ ਨ ਭੂਲਹੁ ਭਾਈ ॥
ਖਾਲਿਕੁ ਖਲਕ ਖਲਕ ਮਹਿ ਖਾਲਕੁ
ਪੂਰਿ ਰਹਿਓ ਸ੍ਰਬ ਠਾਂਈ ॥

(ਪੰਨਾ ੧੩੪੯)



Digitized by Panjab Digital Library | www.panjabdigilib.org

ਅਗਨਿ ਪਾਣੀ ਜੀਉ ਜੋਤਿ ਤੁਮਾਰੀ
ਸੁੰਨੇ ਕਲਾ ਰਹਾਇਦਾ ॥

(ਪੰਨਾ ੧੦੩੭)

ਸੁਨਹੁ ਚੰਦੁ ਸੂਰ ਰੈਣਾਰੇ,
ਤਿਸ ਕੀ ਜੋਤਿ ਤ੍ਰਿਭਵਣ ਸਾਰੇ ॥

(ਪੰਨਾ ੧੦੩੭)

ਕਵਨ ਮੂਲੁ ਪ੍ਰਾਨੀ ਕਾ ਕਹੀਐ
ਕਵਨ ਰੂਪੁ ਦ੍ਰਿਸਟਾਇਓ ॥

(ਪੰਨਾ ੧੦੩੭)

ਜੋਤਿ ਪ੍ਰਗਾਸ ਭਈ ਮਾਟੀ ਸੰਗਿ
ਦੁਲਭ ਦੇਹ ਬਖਾਨਿਓ ॥

(ਪੰਨਾ ੧੨੧੬)



Digitized by Panjab Digital Library | www.panjabdigilib.org

## ੫. ਉਸ ਪ੍ਰਕਾਸ਼ ਨੂੰ ਕਿਦਾਂ ਵੇਖੀਏ ?

ਅਸਲ ਵਿਚ ਸਾਡਾ ਬਾਹਰਲਾ ਤੇ ਅੰਦਰਲਾ ਵੇਖਣਾ ਸਰਸਰੀ ਹੈ। ਅਸੀਂ ਸਭ ਵੇਖਦੇ ਹਾਂ ਪਰ ਇਹ ਵੇਖਣਾ ਉਪਰ-ਉਪਰ ਦਾ ਹੈ। ਇਸ ਰਾਹੀਂ ਅਸੀਂ ਮਨੁਖ ਤੇ ਵਸਤੂ ਦੀ ਬਾਹਰਲੀ ਪਰਤ ਹੀ ਵੇਖਦੇ ਹਾਂ। ਇਸ ਪ੍ਰਕਾਸ਼ ਵਿਚ ਮਨੁਖ ਦਾ ਬਾਹਰਲਾ ਢਾਂਚਾ (ਸਰੀਰ) ਹੀ ਦਿਸਦਾ ਹੈ। ਉਸ ਦੇ ਅੰਦਰ ਦਾ ਭਾਗ ਨਹੀਂ ਦਿਸਦਾ। ਉਸਦੇ ਅੰਦਰ ਕੀ ਹੈ, ਸਾਨੂੰ ਪਤਾ ਨਹੀਂ। ਇਦਾਂ ਹੀ ਵਸਤੂ ਦਾ ਬਾਹਰਲਾ ਆਕਾਰ ਦਿਸਦਾ ਹੈ ਪਰ ਇਸ ਦੇ ਅੰਦਰ ਐਟਮਾਂ ਦੇ ਸਮੂਹ ਦੀ (ਜਿਸ ਨਾਲ ਉਹ ਬਣਿਆ ਹੈ) ਦੌੜ ਨਹੀਂ ਦਿਸਦੀ। ਐਟਮ ਅੰਦਰ ਛੁਪੀ ਅਪਾਰ ਸ਼ਕਤੀ ਨਹੀਂ ਦਿਸਦੀ। ਇਦਾਂ ਹੀ ਮਨ ਦੇ ਅੰਦਰ ਛਿਪੀ ਅਪਾਰ ਸ਼ਕਤੀ ਇਸ ਨੂੰ ਨਹੀਂ ਦਿਸਦੀ।

ਪਰ ਉਹ ਸ਼ਕਤੀ ਸਾਡੇ ਅੰਦਰ ਨਿਸਚੇ ਹੀ ਹੈ। ਜਿਦਾਂ ਬਾਹਰਲੇ ਪ੍ਰਕਾਸ਼ ਦਾ ਕੁਝ ਹਿਸਾ ਵਸਤੂਆਂ ਨੂੰ ਛੂ ਕੇ ਵਾਪਸ ਪਰਤ ਆਂਦਾ ਹੈ ਤੇ ਕੁਝ ਹਿਸਾ ਵਸਤੂਆਂ ਆਪਣੇ ਅੰਦਰ ਚੂਸ ਲੈਂਦੀਆਂ ਹਨ, ਇਦਾਂ ਹੀ ਰਬੀ ਨੂਰ ਦਾ ਕੁਝ ਹਿਸਾ ਸਾਡੇ ਅੰਤਰ ਵਸਿਆ ਰਹਿੰਦਾ ਹੈ—

ਸਭ ਮਹਿ ਜੋਤਿ ਜੋਤਿ ਹੈ ਸੋਇ ॥
ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥

(ਪੰਨਾ ੧੦)

ਅਗਮ ਦ੍ਰੁਗਮ ਗੜਿ ਰਚਿਓ ਬਾਸ
ਜਾ ਮਹਿ ਜੋਤਿ ਕਰੇ ਪਰਗਾਸ ॥

(ਪੰਨਾ ੧੧੬੨)



Digitized by Panjab Digital Library | www.panjabdigilib.org

ਉਸ ਜੋਤ ਨੂੰ ਦੇਖਣਾ, ਸਮਝਣਾ, ਪਛਾਨਣਾ, ਹਰ ਗੁਰਸਿਖ ਦਾ ਫਰਜ ਹੈ। ਉਹ ਜੋਤ ਸਾਨੂੰ ਦਿਸਦੀ ਨਹੀਂ ਕਿਉਂਕਿ ਉਸ ਉਤੇ ਅਸੀਂ ਹਉਮੈਂ ਦੀ ਪਰਛਾਂਈ ਪਾਈ ਹੋਈ ਹੈ, ਨਹੀਂ ਤਾਂ ਉਹ ਜੋਤ ਹੈ ਤਾ ਸਰਬ-ਵਿਆਪਕ ਹੀ। ਇਦਾਂ ਸਮਝੋ। ਤੁਸੀਂ ਟੀ ਵੀ ਚਲਾਇਆ। ਸਾਰੇ ਸਕਰੀਨ ਤੇ ਹਲਕਾ ਜਿਹਾ ਪ੍ਰਕਾਸ਼ ਫੈਲ ਗਿਆ। ਫਿਰ ਤੁਸੀਂ ਕੋਈ ਚੈਨਲ ਸੈਟ ਕੀਤੀ ਤਾਂ ਚਾਨਣ ਗੁੰਮ ਹੋ ਗਿਆ ਤੇ ਤਾਰੇ ਤਾਰੇ ਜਿਹੇ ਝਿਲਮਿਲਾਣ ਲਗ ਪਏ। ਫਿਰ ਤੁਸੀਂ ਪ੍ਰੋਗਰਾਮ ਲਾਇਆ ਤਾਂ ਉਹ ਤਾਰੇ ਵੀ ਗੁੰਮ ਹੋ ਗਏ ਤੇ ਕੁਝ ਪਰਛਾਈ ਸਕਰੀਨ ਉਤੇ ਦੌੜਨ ਲਗ ਪਈ। ਇਦਾਂ ਹੀ ਸਾਡੇ ਸਾਰਿਆਂ ਦੀ ਆਤਮਾ ਪਿਛੇ ਪ੍ਰਮਾਤਮਾ ਦਾ ਪ੍ਰਕਾਸ਼ ਹੈ। ਪਰ ਅਸੀਂ 'ਕੂੜ ਦੀ ਪਾਲ' ਖੜੀ ਕਰ ਦਿਤੀ ਹੈ ਜਿਸ ਕਾਰਣ ਪ੍ਰਕਾਸ਼ ਗੁਮ ਗਿਆ ਹੈ ਤੇ ਝਿਲਮਿਲਾਏ ਤਾਰੇ ਰਹਿ ਗਏ ਹਨ। ਫਿਰ ਅਸੀ ਕਾਮਨਾਵਾਂ ਦੀ ਦੌੜ ਸ਼ੁਰੂ ਕਰ ਦਿਤੀ ਹੈ ਜਿਸ ਨਾਲ ਸਾਰਾ ਸਕਰੀਨ ਭਰ ਗਿਆ ਹੈ। ਕਾਮਨਾਵਾਂ ਘਟਾਉਗੇ ਤਾਂ ਪਰਦੇ ਤੋਂ ਪਰਛਾਈ ਹਟ ਜਾਏਗੀ ਤੇ ਹਉਮੈਂ ਦੇ ਗਿਰਦਿਆਂ ਹੀ ਮਨ ਦੇ ਸਕਰੀਨ ਤੋਂ ਤਾਰੇ ਵੀ ਹਟ ਜਾਣਗੇ ਤੇ ਸਾਡੀ ਆਤਮਾ ਨੂੰ ਪ੍ਰਮਾਤਮਾ ਦੇ ਦਰਸ਼ਨ ਹੋਣਗੇ। ਸਿਮਰਨ ਦੇ ਮੰਤਰ ਰਾਹੀਂ ਮਨ ਦੀ ਦੌੜ ਬੰਦ ਹੋ ਜਾਂਦੀ ਹੈ ਤੇ ਇਸ ਥਿਰਤਾ ਵਿਚ ਪ੍ਰਮਜੋਤ ਦੇ ਦਰਸ਼ਨ ਹੁੰਦੇ ਹਨ।

ਜੋਤਿ ਮੰਤ੍ਰਿ ਮਨਿ ਅਸਥਿਰੁ ਕਰੈ ॥
ਕਹਿ ਕਬੀਰ ਸੋ ਪ੍ਰਾਨੀ ਤਰੈ ॥

(ਪੰਨਾ ੧੧੬੨)

ਪ੍ਰਗਟੀ ਜੋਤਿ ਮਿਟਿਆ ਅੰਧਿਆਰਾ ॥
ਰਾਮ ਰਤਨੁ ਪਾਇਆ ਕਰਤ ਬਿਚਾਰਾ ॥

(ਪੰਨਾ ੧੩੪੯)

ਇਸ ਜੋਤ ਦੇ ਪ੍ਰਗਟ ਹੋਣ ਨਾਲ ਸੁਖ, ਸੋਭਾ ਤੇ ਅਨੰਦ ਪ੍ਰਾਪਤ ਹੁੰਦੇ ਹਨ —

ਪ੍ਰਗਟਿਓ ਜੋਤਿ ਸਹਜ ਸੁਖ ਸੋਭਾ
ਬਾਜੇ ਅਨਹਤ ਬਾਨੀ ॥
ਕਹੁ ਨਾਨਕ ਨਿਹਚਲ ਘਰੁ ਬਾਧਿਓ
ਗੁਰ ਕੀਓ ਬੰਧਾਨੀ ॥

(ਪੰਨਾ ੬੭੨)



Digitized by Panjab Digital Library | www.panjabdigilib.org

ਹਲੀਂ ਤਕ ਬਣਾਏ ਗਏ ਘਰ ਕਾਮਨਾਵਾਂ ਦੇ ਘਰ ਹਨ। ਉਹ ਚਲਾਏਮਾਨ ਹਨ। ਆਪਣੇ ਅਸਲੀ ਰੂਪ ਨੂੰ ਪਛਾਨਣ ਮਗਰੋਂ ਉਹ ਘਰ ਪ੍ਰਾਪਤ ਹੋ ਜਾਂਦਾ ਹੈ ਜਿਹੜਾ ਨਾਸ਼-ਰਹਿਤ ਹੈ। ਜਿਹੜਾ ਅਸਲੀ ਘਰ ਹੈ, ਜਿਹੜਾ ਆਪਣੇ ਆਪ ਤੋਂ ਹੈ, ਜਿਸਨੂੰ ਬਨਾਣ ਦੀ ਲੋੜ ਨਹੀਂ। ਉਹ ਹੈ ਹੀ ਸੀ।

ਸਾਡੀ ਮੁਸ਼ਕਲ ਸ਼ੁਰੂ ਹੁੰਦੀ ਹੈ ਜਦੋਂ ਅਸੀਂ ਹਉਮੈਂ ਦੇ ਬਣਾਏ ਮੈਂ ਨੂੰ ਆਪਣਾ ਅਸਲਾ ਸਮਝ ਲੈਂਦੇ ਹਾਂ। ਅਸੀਂ ਸਮਝਦੇ ਹਾਂ ਕਿ ਇਹ ਹਉਮੈਂ ਦਾ ਪੁਤਲਾ ਹੀ ਸਭ ਕੁਝ ਹੈ। ਇਸ ਤੋਂ ਪਾਰ ਕੁਝ ਨਹੀਂ। ਇਸ ਦੀਆ ਕਾਮਨਾਵਾ, ਇਸ ਦੀਆਂ ਇਛਾਵਾਂ, ਇਸ ਦੀ ਮੈਂ/ਮੇਰੀ, ਇਸ ਦਾ ਸੰਸਾਰ, ਹੀ ਸਭ ਕੁਝ ਹੈ। ਇਨ੍ਹਾਂ ਨਾਲ ਬਣਿਆ ਮਨੁਖ ਨਾ ਆਪਣੇ ਨੂੰ ਅਕਾਲ ਸਮਝਦਾ ਹੈ, ਨਾ ਅਜੂਨੀ, ਨਾ ਸੈਭੰ। ਉਹ ਘਰ ਦੀਆਂ ਪ੍ਰਕਾਸ਼ਿਤ ਵਸਤੂਆਂ ਹੀ ਵੇਖਦਾ ਰਹਿੰਦਾ ਹੈ। ਉਹ ਅੰਦਰ ਝਾਤੀ ਨਹੀ ਮਾਰਦਾ। ਉਹ ਨਹੀਂ ਜਾਣਦਾ ਕਿ ਉਸ ਪ੍ਰਕਾਸ਼ ਦਾ ਇਕ ਹਿਸਾ ਅੰਦਰ ਵੀ ਹੈ। ਜਦੋਂ ਤਕ ਮਨੁਖ ਬਾਹਰ ਦੇਖਦਾ ਹੈ ਅੰਦਰ ਨਹੀਂ ਦੇਖ ਸਕਦਾ। ਅੰਦਰ ਦੇਖਣਾ ਸ਼ੁਰੂ ਕਰੋਗੇ ਤਾਂ ਬਾਹਰ ਦੇ ਪ੍ਰਕਾਸ਼ ਵਿਚ ਰੁਚੀ ਆਪ ਹੀ ਘਟ ਜਾਏਗੀ।

ਹਰ ਪ੍ਰਾਣੀ ਦੇ ਅੰਦਰ ਰੱਬੀ ਪ੍ਰਕਾਸ਼ ਹੈ। ਪਰ ਉਸ ਨੂੰ ਇਹ ਨਿਜੀ ਪ੍ਰਕਾਸ਼ ਦਿਸਦਾ ਨਹੀਂ। ਹਾਂ, ਉਹ ਮਹਾਂ-ਪੁਰਖਾਂ ਦਾ ਅੰਦਰਲਾ ਪ੍ਰਕਾਸ਼ ਦੇਖ ਸਕਦਾ ਹੈ। ਉਨ੍ਹਾਂ ਦੇ ਸਿਰ ਦੇ ਆਲੇ-ਦੁਆਲੇ ਇਕ ਸ਼ਾਂਤਮਈ ਪ੍ਰਕਾਸ਼ ਹੁੰਦਾ ਹੈ। ਗੁਰੂਆਂ ਦੀਆਂ ਫੋਟੋਆਂ ਵਿਚ ਉਨ੍ਹਾਂ ਦੇ ਸਿਰ ਦੇ ਦੁਆਲੇ ਇਸ ਪ੍ਰਕਾਸ਼ ਨੂੰ ਇਕ ਚਕਰ ਦੇ ਰੂਪ ਵਿਚ ਦਰਸਾਇਆ ਜਾਂਦਾ ਹੈ। ਇਹ ਪ੍ਰਕਾਸ਼ ਦਸਮ ਦੁਆਰ (ਮੂਲ) ਵਿਚ ਸਥਿਰ ਰਹਿੰਦਾ ਹੈ। ਤੇ ਜਿਉਂ-ਜਿਉਂ ਸਿਮਰਨ ਵਧਦਾ ਜਾਂਦਾ ਹੈ, ਪ੍ਰਕਾਸ਼ ਵਡਾ ਤੇਜਵੰਤ ਹੁੰਦਾ ਜਾਦਾ ਹੈ। ਇਥੇ ਹੀ ਰਬ ਦਾ ਵਾਸਾ ਹੈ। ਇਥੇ ਹੀ ਮੂਲ (ਰਬ) ਵਸਦਾ ਹੈ। ਭਗਤ ਬੈਣੀ ਜੀ ਕਹਿੰਦੇ ਹਨ –

ਦਸਮ ਦੁਆਰਾ ਅਗਮ ਅਪਾਰਾ ਪਰਮ ਪੁਰਖ ਕੀ ਘਾਟੀ ॥
ਊਪਰਿ ਹਾਟੁ ਹਾਟ ਪਰਿ ਆਲਾ ਆਲੇ ਭੀਤਰਿ ਥਾਤੀ ॥

(ਪੰਨਾ ੬੭੪)

ਚਉਮੁਖ ਦੀਵਾ ਜੋਤਿ ਦੁਆਰ ॥
ਪਲੂ ਅਨਤ ਮੂਲੁ ਬਿਚਕਾਰਿ ॥

(ਪੰਨਾ ੬੭੪)



Digitized by Panjab Digital Library | www.panjabdigilib.org

ਸਾਡੇ ਅੰਦਰ ਚਉਮੁਖ ਦੀਵਾ ਬਲ ਰਿਹਾ ਹੈ। ਬਾਹਰ ਦੇ ਦੀਵਿਆਂ ਨਾਲ ਆਰਤੀ ਇਕ ਇਸ਼ਾਰਾ ਹੈ ਕਿ ਅਸੀਂ ਅੰਦਰ ਝਾਤੀ ਮਾਰੀਏ ਤੇ ਉਸ ਪ੍ਰੇਮ-ਜੋਤ ਜਿਹੜੀ ਆਪਣੇ ਆਪ ਤੋਂ ਹੈ ਤ ਜਿਸ ਦਾ ਅਸੀਂ ਰੂਪ ਹਾਂ, ਨਾਲ ਇਕ ਮਿਨ ਹੋ ਜਾਈਏ, ਜੋ ਨਾਮਵੰਤ ਹੈ ਉਹ ਇਥੇ ਹੀ ਮਿਟ ਜਾਏਗਾ ਤੇ ਜਿਹੜਾ ਆਪਣੇ ਆਪ ਤੋਂ ਹੈ ਉਸ ਨੂੰ ਸੈਭੰ ਦੇ ਦਰਸ਼ਨ ਹੋ ਜਾਣਗੇ। ਗੁਰਵਾਕ ਹੈ—

ਪਵਨੈ ਮਹਿ ਪਵਨੁ ਸਮਾਇਆ ॥
ਜੋਤੀ ਮਹਿ ਜੋਤਿ ਰਲ ਜਾਇਆ ॥
ਮਾਟੀ ਮਾਟੀ ਹੋਇ ਏਕ ॥
ਰੋਵਨ ਹਾਰੇ ਕੀ ਕਵਨ ਟੇਕ ॥

(ਪੰਨਾ ੮੮੫)



Digitized by Panjab Digital Library | www.panjabdigilib.org

[੧੦]

# ਗੁਰ ਪ੍ਰਸਾਦਿ

ਗੁਰ ਜੇਵਡ ਦਾਤਾ ਕੋ ਨਹੀ ॥

## ੧. ਗਰ ਪ੍ਰਸਾਦਿ ਦੇ ਅਰਥ :

ਸ਼ਬਦ 'ਗੁਰ ਪ੍ਰਸਾਦਿ' ਦੇ ਅਰਥ ਬਾਰੇ ਦੋ ਵਿਚਾਰ ਹਨ। ਇਕ ਵਿਚਾਰ ਹੈ ਕਿ ਇਹ ਮੂਲ ਮੰਤਰ ਵਿਚ ਆਏ ਹੋਰ ਸ਼ਬਦਾਂ ਵਾਂਗ ਵਾਹਿਗੁਰੂ ਦੇ ਦੋ ਗੁਣ ਦਰਸਾਂਦਾਂ ਹੈ। ਜਿਦਾਂ ਵਾਹਿਗੁਰੂ ਸਤਿ ਹੈ, ਕਰਤਾ ਹੈ, ਨਿਰਭਉ ਹੈ, ਅਕਾਲ ਹੈ, ਆਪਣੇ ਆਪ ਤੋਂ ਹੈ, ਉਦਾਂ ਹੀ ਉਹ ਗੁਰੂ ਹੈ ਤੇ ਪ੍ਰਸਾਦਿ ਹੈ। ਇਸ ਦੇ ਬਾਰੇ ਮੈਂ ਹੁਣੇ ਗੱਲ਼ ਕਰਾਂਗਾ। ਦੂਸਰਾ ਅਰਥ ਹੈ ਕਿ ਸ਼ਬਦ ਗੁਰਪ੍ਰਸਾਦਿ ਵਾਹਿਗੁਰੂ ਦੇ ਗੁਣ ਨਹੀਂ ਦਰਸਾਂਦਾ ਬਲਕਿ ਦਸਦਾ ਹੈ ਕਿ ਵਾਹਿਗੁਰੂ ਦੇ ਮੂਲ ਮੰਤਰ ਵਿਚ ਦਰਸਾਏ ਗੁਣ ਗੁਰੂ ਦੇ ਪ੍ਰਸਾਦਿ, ਗੁਰੂ ਦੀ ਕਿਰਪਾ, ਰਾਹੀਂ ਉਪਲਬਧ ਹੁੰਦੇ ਹਨ।

## ੨. ਗੁਰ ਪ੍ਰਸਾਦਿ ਅਰਥਾਤ ਸ਼ਰੇਸ਼ਟ :

ਗੁਰੂ ਦਾ ਸੰਸਕ੍ਰਿਤ ਧਾਤੂ 'ਸ੍ਰੀ' ਹੈ ਜਿਸ ਦੇ ਅਰਥ ਹਨ 'ਉਭਰਿਆ ਹੋਇਆ, ਚੁਕਿਆ ਹੋਇਆ, ਵੱਡਾ, ਸਰੇਸ਼ਟ, ਉਤਮ, ਪੂਰਣ ਧਰਮ ਗਰੰਥਾਂ ਵਿਚ ਵੀ ਗੁਰੂ ਦਾ ਅਰਥ ਵੱਡਾ, ਉਚਾ, ਸ਼ਕਤੀਸ਼ਾਲੀ, ਲੰਬਾ, ਚੌੜਾ, ਆਦਿ ਕੀਤਾ ਗਿਆ ਹੈ।



Digitized by Panjab Digital Library | www.panjabdigilib.org

ਗੁਰਬਾਣੀ ਵਿਚ ਵੀ ਗੁਰੂ (ਵਾਹਿਗੁਰੂ) 'ਉਚੇ ਤੇ ਊਚਾ ਦਰਬਾਰਾ' ਵਾਲਾ ਕਿਹਾ ਗਿਆ ਹੈ। ਲਿਖਿਆ ਗਿਆ ਹੈ ਕਿ ਉਸ ਜਿਹਾ ਦਾਤਾ ਕੋਈ ਨਹੀਂ ਜਿਸਨੂੰ ਸਾਨੂੰ ਆਤਮਾ ਦਾ ਦਾਨ ਦਿਤਾ ਹੈ, ਜੀਅ ਪ੍ਰਾਨ ਦਿਤੇ ਹਨ, ਜਿਹੜਾ ਆਪ ਪ੍ਰਮੇਸ਼ਰ ਹੈ, ਸ਼ਕਤੀਮਾਨ ਹੈ, ਪਹੁੰਚ ਤੋਂ ਪਰੇ ਹੈ, ਮੈਲ-ਰਹਿਤ ਹੈ, ਸਰੀਰ-ਰਹਿਤ ਹੈ, ਕਰਤਾ ਹੈ ਤੇ ਜੋ ਚਾਹੇ ਕਰ ਸਕਦਾ ਹੈ। ਗੁਰਵਾਕ ਹੈ—

ਗੁਰ ਜੇਵਡੁ ਦਾਤਾ ਕੋ ਨਹੀ ਜਿਨਿ ਦਿਤਾ ਆਤਮ ਦਾਨੁ ॥
(ਪੰਨਾ ੫੨)

ਗੁਰੁ ਪਰਮੇਸੁਰੁ ਪੂਜੀਐ ਮਨਿ ਤਨਿ ਲਾਇ ਪਿਆਰ ॥
ਸਤਿਗੁਰੁ ਦਾਤਾ ਜੀਅ ਕਾ ਸਭਸੈ ਦੇਇ ਅਧਾਰ ॥
(ਪੰਨਾ ੫੨)

ਗੁਰੁ ਸਮਰਥੁ ਅਪਾਰੁ ਗੁਰੁ ਵਡਭਾਗੀ ਦਰਸਨੁ ਹੋਇ ॥
ਗੁਰੁ ਅਗੋਚਰੁ ਨਿਰਮਲਾ ਗੁਰ ਜੇਵਡੁ ਅਵਰੁ ਨ ਕੋਇ ॥
ਗੁਰੁ ਕਰਤਾ ਗੁਰੁ ਕਰਣਹਾਰੁ ਗੁਰਮੁਖਿ ਸਚੀ ਸੋਇ ॥
ਗੁਰੁ ਤੇ ਬਾਹਰਿ ਕਿਛੁ ਨਹੀ ਗੁਰੁ ਕੀਤਾ ਲੋੜੇ ਸੁ ਹੋਇ ॥
(ਪੰਨਾ ੫੨)

ਗੁਰੁ ਕੀ ਮਹਿਮਾ ਅਗਮ ਹੈ ਕਿਆ ਕਥੇ ਕਥਨਹਾਰੁ ॥੩॥
(ਪੰਨਾ ੫੨)

ਗੁਰੁ ਸਮਰਥੁ ਗੁਰੁ ਨਿਰੰਕਾਰੁ ਗੁਰੁ ਊਚਾ ਅਗਮ ਅਪਾਰੁ ॥
(ਪੰਨਾ ੫੨)

ਸਤਿਗੁਰੁ ਸਰਵ ਆਇਆਂ ਬਹੁੜਿ ਨਹੀਂ ਬਿਨਾਸੁ ॥
ਹਰਿ ਨਾਨਕ ਕਦੇ ਨਾ ਵਿਸਰਉ ਏਹੁ ਜੀਉ ਪਿੰਡੁ ਤੇਰਾ ਸਾਸੁ ॥
ਪੰਨਾ ੩੮)


Digitized by Panjab Digital Library | www.panjabdigilib.org

### ੩. ਪ੍ਰਸਾਦਿ ਅਰਥਾਤ ਆਨਦ :

ਸ਼ਬਦ ਪ੍ਰਸਾਦਿ ਬਣਿਆ ਹੈ ਪ੍ਰ+ਸਦ ਤੋਂ, ਜਿਸ ਦੇ ਅਰਥ ਹਨ ਉਹ ਜਿਹੜਾ ਖੁਸ਼ ਹੈ, ਸ਼ਾਂਤ ਹੈ, ਨਿਰਮਲ ਹੈ, ਪ੍ਰਸਨ ਹੈ, ਅਨੰਦ ਹੈ। ਯਾਨੀ ਰਬ ਵਡੇ (ਗੁਰ) ਹੋਣ ਤੋਂ ਇਲਾਵਾ ਅਨੰਦਮਈ (ਪ੍ਰਸਾਦਿ) ਵੀ ਹੈ। ਇਸੇ ਲਈ ਅਸੀਂ ਅਨੰਦ ਸਾਹਿਬ ਵਿਚ ਰੋਜ ਪੜਦੇ ਹਾਂ ਕਿ ਉਸ ਅਨੰਦ-ਰੂਪੀ ਵਾਹਿਗੁਰੂ ਦੇ ਮਿਲਣ ਨਾਲ ਅਨੰਦ ਮਿਲਦਾ ਹੈ ਤੇ ਸਾਰੇ ਦੁਖ ਸੰਸ਼ੇ ਉਤਰ ਜਾਂਦੇ ਹਨ। ਇਸ ਬਾਣੀ ਦਾ ਨਾ ਸਿਰਫ ਨਾਂ ਹੀ ਅਨੰਦ ਹੈ ਬਲਕਿ ਇਸ ਦੀ ਪਹਿਲੀ ਸਤਰ ਵਿਚ ਅਨੰਦ ਤੇ ਆਖੀਰਲੀ ਸਤਰ ਵਿਚ ਵੀ ਅਨੰਦ ਦਾ ਹੀ ਜ਼ਿਕਰ ਹੈ। ਗੁਰਵਾਕ ਹੈ—

ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥
ਸਤਿਗੁਰੁ ਤ ਪਾਇਆ ਸਹਜ ਸੇਤੀ
ਮਨਿ ਵਜੀਆ ਵਧਾਈਆ ॥

(ਪੰਨਾ ੧੯੭)

ਅਨੰਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ ॥
ਪਾਰਬ੍ਰਹਮੁ ਪ੍ਰਭੁ ਪਾਇਆ ਉਤਰੇ ਸਗਲ ਵਸੂਰੇ ॥

(ਪੰਨਾ ੯੨੨)

ਭਾਰਤੀ ਧਰਮ ਗਰੰਥਾਂ ਵਿਚ ਵਾਹਿਗੁਰੂ ਦੇ ਤਿੰਨ ਵਡੇ ਗੁਣ ਦਸੇ ਗਏ ਹਨ। ਉਹ ਹਨ—ਸਤਿਮ, ਸ਼ਿਵਮ, ਸੁੰਦਰਮ। ਉਹ ਸਤਿ (ਸਤਿਮ) ਹੈ, ਉਹ ਵਡਾ (ਸ਼ਿਵਮ) ਹੈ ਤੇ ਉਹ ਅਨੰਦ (ਸੁੰਦਰਮ) ਹੈ। ਸਾਡੇ ਮੂਲ ਮੰਤਰ ਵਿਚ ਵੀ ਇਹੋ ਤਿੰਨ ਗੁਣ ਆਂਦੇ ਹਨ—ਉਹ ਸਤਿ (ਸਤਨਾਮ) ਹੈ, ਉਹ ਵਡਾ (ਗੁਰ) ਹੈ ਤੇ ਉਹ ਅਨੰਦ (ਪ੍ਰਸਾਦਿ) ਹੈ। ਕਈ ਗਰੰਥਾਂ ਵਿਚ ਰਬ ਸਚਿ, ਚਿਤ, ਅਨੰਦ ਜਾਂ ਸਚਿਦਾਨੰਦ ਕਿਹਾ ਗਿਆ ਹੈ। ਇਹ ਗੁਣ ਵੀ ਸਾਡੇ ਮੂਲ ਮੰਤਰ ਵਿਚ ਮਿਲ ਜਾਂਦੇ ਹਨ। ਜਿਥੇ ਲਿਖਿਆ ਹੈ ਕਿ ਉਹ ਸਤਿ (ਸਤਿਨਾਮ) ਹੈ ਉਹ ਚਿਤ (ਚੇਤਨਾ ਪੁਰਖ,



Digitized by Panjab Digital Library | www.panjabdigilib.org

ਕਰਤਾ ਪੁਰਖ) ਹੈ, ਤੇ ਉਹ ਅਨੰਦ (ਪ੍ਰਸਾਦਿ) ਹੈ। ਇਸ ਹਿਸਾਬ ਨਾਲ ਗੁਰ-ਪ੍ਰਸਾਦਿ ਦੇ ਅਰਥ ਵਡਾ ਤੇ ਆਨੰਦਮਈ ਕਰਣਾ ਪੁਰਾਣੀ ਵਿਚਾਰਧਾਰਾ ਨਾਲ ਮੇਲ ਖਾਂਦਾ ਹੈ। ਗੁਰੂ ਗਰੰਥ ਸਾਹਿਬ ਜੀ ਵਿਚ ਵੀ ਕਈ ਲਾਈਨਾਂ ਜਾਂ ਰਾਗਾਂ ਦੇ ਸ਼ੁਰੂ ਵਿਚ '੧ਓ ਸਤਿਗੁਰ ਪ੍ਰਸਾਦਿ' ਆਂਦਾ ਹੈ (ਦੇਖੋ ਪੰਨਾ ੮, ੧੦, ੧੨, ੧੪ ਆਦਿ) ਅਸੀਂ ਵੀ ਕਿਸੀ ਚਿੱਠੀ ਪੱਤਰ ਆਦਿ ਦੇ ਸ਼ੁਰੂ ਕਰਨ ਤੋਂ ਪਹਿਲਾਂ '੧ਓ ਸਤਿਗੁਰ ਪ੍ਰਸਾਦਿ' ਲਿਖਦੇ ਹਾਂ। ਇਹ ਕਿਉਂ ? ਕਿਉਂਕਿ ਇਹ ਬ੍ਰਹਮਾ ਦੇ ਤਿੰਨ ਪੁਰਾਤਨ ਦਰਸਾਏ ਗੁਣਾਂ ਦਾ ਜਿਕਰ ਕਰਦਾ ਹੈ—ਬ੍ਰਹਮ (੧ਓ) ਸਤਿਮ (ਸਤਿਨਾਮ) ਹੈ, ਸਿਵਮ (ਗੁਰ) ਹੈ, ਸੁੰਦਰਮ (ਪ੍ਰਸਾਦਿ) ਹੈ। ਬ੍ਰਹਮ ਸਤਿਮ, ਸਿਵਮ, ਸੁੰਦਰਮ, ੧ਓ, ਸਤਿਗੁਰ, ਪ੍ਰਸਾਦਿ। ਵਕਤ ਦੀ ਲੋੜ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਵਾਹਿਗੁਰੂ (੧ਓ) ਦੇ ਉਨ੍ਹਾਂ ਗੁਣਾਂ ਦਾ ਹੀ ਜ਼ਿਕਰ ਕੀਤਾ ਹੈ ਜਿਹੜੇ ਕਿ ਗੁਰਸਿਖ ਨੇ ਆਪਣੇ ਜੀਵਨ ਵਿਚ ਆਪਨਾਣੇ ਹਨ। ਜਿਦਾਂ ਨਿਰਭਉਨਿਰਵੈਰ ਆਦਿ।



Digitized by Panjab Digital Library | www.panjabdigilib.org

## ੪. ਗੁਰੂ ਪ੍ਰਸਾਦਿ ਅਰਥਾਤ ਗੁਰੂ ਕੀ ਕਿਰਪਾ :

ਗੁਰ ਪ੍ਰਸਾਦਿ ਦਾ ਦੂਸਰਾ ਅਰਥ ਹੈ ਗਰੂ ਕੀ ਕਿਰਪਾ। ਪਰ ਗੁਰੂ ਦੀ ਕਿਰਪਾ ਦਾ ਕੋਈ ਅਰਥ ਨਹੀਂ ਨਿਕਲਦਾ। ਕਿਰਪਾ ਦੁਆਰਾ ਕੀ ? ਸੋ ਸਮਝਣ ਲਈ ਕਹਿਣਾ ਪੈਂਦਾ ਹੈ ਤੇ ਅਰਥ ਕਰਨੇ ਪੈਂਦੇ ਹਨ ? ਗੁਰੂ ਦੀ ਕਿਰਪਾ ਦੁਆਰਾ ੧ਓ (ਵਾਹਿਗੁਰੂ) ਮਿਲਦਾ ਹੈ ਜਾਂ ਮਿਲਣ ਦਾ ਰਾਹ ਮਿਲਦੀ ਹੈ। ਯਾਨੀ. ਗੁਰ-ਪ੍ਰਸਾਦਿ ਦੇ ਅਰਥ ਆਪਣੇ ਆਪ ਵਿਚ ਪੂਰਨ ਨਹੀਂ ਪਰ ਗਰਾਮਰ (ਵਿਆਕਰਣ) ਦੀ ਸਮਝੇ ਇਹ ਅਰਥ ਠੀਕ ਲਗਦਾ ਹੈ। ਗੁਰਬਾਣੀ ਵਿਆਕਰਣ ਅਨਸਾਰ ਜਿਸ ਸ਼ਬਦ ਦੇ ਮਗਰ ਔਂਕੜ ( ੁ ) ਜਾ ਸਿਹਾਰੀ ( ਿ ) ਨਹੀਂ ਲਗੀ ਹੋਈ ਉਸ ਸ਼ਬਦ ਦੇ ਅਰਥ ਨਾਲ ਦਾ, ਦੇ, ਦੀ ਜੋੜਨਾ ਪੈਂਦਾ ਹੈ। ਜੇ ਔਂਕੜ ਲਗਾ ਹੋਏ ਤਾਂ ਅਰਥ ਕਰਨ ਵੇਲੇ 'ਦਾ, ਦੇ, ਦੀ' ਨਹੀਂ ਲਾਇਆ ਜਾਂਦਾ। ਜਿਦਾਂ 'ਗੁਰ ਪ੍ਰਸਾਦਿ ਕਰ ਨਾਮ ਦੇਵੈ' ਦਾ ਅਰਥ ਹਏਗਾ 'ਗੁਰੂ ਕਿਰਪਾ ਕਰੇ ਤੇ ਨਾਮ ਦੇਵੇ।' ਇਸ ਦਾ ਅਰਥ 'ਗੁਰੂ ਦੀ ਕਿਰਪਾ' ਨਹੀਂ ਹੋ ਸਕਦਾ ਕਿਉਂਕਿ ਗੁਰ ਦੇ ਥਲੇ ਔਂਕੜ ( ੁ ) ਲਗ ਜਾਂਦਾ ਹੈ। ਪਰ 'ਗੁਰ ਪ੍ਰਸਾਦਿ ਕਰੇ ਬੀਚਾਰ' ਦਾ ਅਰਥ ਹੋਏਗਾ : ਗੁਰੂ ਦੀ ਕਿਰਪਾ ਨਾਲ ਵਿਚਾਰ ਕਰੇ, ਕਿਉਂਕਿ ਗੁਰ ਦੇ ਥਲੇ ਔਂਕੜ ਨਹੀਂ। ਇਦਾਂ ਹੀ 'ਗੁਰ ਸਾਗਰੁ ਅਮ੍ਰਿਤ ਸਰ' ਦਾ ਅਰਥ 'ਗੁਰੂ ਦਾ ਸਾਗਰ, ਅਮ੍ਰਿਤ ਦਾ ਸਰੋਵਰ ਹੈ' ਕਰਨਾ ਪਏਗਾ। ਪਰ 'ਗੁਰੂ ਸਾਗਰ ਰਤਨੀ ਭਰਪੂਰੇ' ਦਾ ਅਰਥ ਹੋਏਗਾ ਕਿ ਗੁਰੂ ਸਾਗਰ ਹੈ, ਚੰਗਿਆਈਆਂ ਨਾਲ ਭਰਿਆ ਹੋਇਆ ਹੈ। ਪਰੰਪਰਾ ਅਨੁਸਾਰ ਵੀ ਗੁਰੂ ਦਾ ਅਰਥ ਗੁਰੂ ਦੀ ਕਿਰਪਾ ਹੀ ਕੀਤਾ ਜਾਂਦਾ ਹੈ। ਪਰ ਗੁਰੂ ਤੋਂ ਮੁਰਾਦ ਕਿਹੜਾ ਗੁਰੂ ਹੈ ?



Digitized by Panjab Digital Library | www.panjabdigilib.org

## ੫. ਵਾਹਿਗੁਰੂ ਹੀ ਗੁਰੂ ਹੈ :

ਵਾਹਿਗੁਰੂ ਹੀ ਗੁਰੂ ਹੈ ਤੇ ਦਸ ਗੁਰੂ ਸਾਹਿਬਾਨ ਤੇ ਗੁਰੂ ਗਰੰਥ ਸਾਹਿਬ ਵੀ ਗੁਰੂ ਹਨ। ਕਿਸ ਗੁਰੂ ਦੀ ਕਿਰਪਾ, ਕਿਸ ਗੁਰੂ ਦਾ ਪ੍ਰਮਾਦਿ ? ਵਾਹਿਗੁਰੂ ਦੀ ਕਿਰਪਾ ਨਾਲ ਵਾਹਿਗਰੂ (ਰਬ) ਮਿਲਦਾ ਹੈ ਜਾਂ ਗੁਰੂ ਸਾਹਿਬਾਨ ਤੇ ਗੁਰੂ ਗਰੰਥ ਦੀ ਕਿਰਪਾ ਨਾਲ ਵਾਹਿਗੁਰੂ ਮਿਲਦਾ ਹੈ ? ਮੈਨੂੰ ਦੋਵੇਂ ਹੀ ਅਰਥ ਠੀਕ ਲਗਦੇ ਹਨ। ਵਾਹਿਗੁਰੂ ਦੀ ਕਿਰਪਾ ਨਾਲ ਵੀ ਵਾਹਿਗੁਰੂ ਮਿਲਦਾ ਹੈ। ਗੁਰੂ ਨਾਨਕ ਦੇਵ ਜੀ ਦਾ ਕੌਣ ਗੁਰੂ ਸੀ ? ਉਨ੍ਹਾਂ ਨੇ ਕਿਸ ਕੋਲੋਂ ਨਾਮ ਲਿਆ ? ਕਿਸ ਬਾਣੀ ਦਾ ਜਾਪ ਕੀਤਾ ? ਕਿਸ ਨਾਲ ਸੁਰਤ ਜੋੜੀ ? ਇਹ ਸਵਾਲ ਗੁਰੂ ਜੀ ਕੋਲੋਂ ਸਿਧਾਂ ਨੇ ਪੁਛਿਆ ਸੀ "ਤੇਰਾ ਗੁਰੂ ਕੌਣ ਹੈ ? ਤੂੰ ਕਿਸ ਦਾ ਚੇਲਾ ਹੈਂ ?" ਤੇ ਗੁਰੂ ਜੀ ਨੇ ਕਿਹਾ ਸੀ "ਵਾਹਿਗੁਰੂ ਸ਼ਬਦ ਹੀ ਉਸ ਦਾ ਗੁਰੂ ਸੀ ਤੇ ਉਸ ਸ਼ਬਦ ਦੀ ਧੁਨ ਉਸ ਦੀ ਸ਼ਕਤੀ (ਚੇਲਾ-ਪਣ) ਹੈ। ਗੁਰਵਾਕ ਹੈ—

ਤੇਰਾ ਕਉਣ ਗੁਰੂ ਜਿਸ ਕਾ ਤੂ ਚੇਲਾ ॥
ਸਬਦਿ ਗੁਰੂ ਸੁਰਤਿ ਧੁਨਿ ਚੇਲਾ ॥

(ਪੰਨਾ ੯੪੩)

ਗੁਰੂ ਅਰਜਨ ਦੇਵ ਜੀ ਸੁਖਮਨੀ ਸਾਹਿਬ ਦੇ ਮੰਗਲਾਚਰਣ ਵਿਚ ਕਿਸ ਗੁਰੂ ਨੂੰ ਨਮਸਕਾਰ ਕਰਦੇ ਹਨ ? ਉਸ ਗੁਰੂ ਨੂੰ ਜਿਹੜਾ ਸੰਸਾਰ ਦੇ ਹੋਣ ਤੋਂ ਪਹਿਲਾਂ ਵੀ ਸੀ, ਜੁਗਾਂ ਜੁਗਾਂ ਵਿਚ ਵੀ ਹੈ, ਤੇ ਰਹੇਗਾ।

ਆਦਿ ਗੁਰਏ ਨਮਹ ॥ ਜੁਗਾਦਿ ਗੁਰਏ ਨਮਹ ॥
ਸਤਿਗੁਰਏ ਨਮਹ ॥ ਸ੍ਰੀ ਗੁਰਦੇਵਏ ਨਮਹ ॥

(ਪੰਨਾ ੨੬੨)



Digitized by Panjab Digital Library | www.panjabdigilib.org

ਗੁਰੂ ਗੋਬਿੰਦ ਸਿੰਘ ਜੀ ਕਿਸ ਨੂੰ ਆਪਣਾ ਗੁਰੂ ਸਮਝਦੇ ਹਨ ? ਉਹ ਕਾਲ (ਵਾਹਿਗੁਰੂ) ਨੂੰ, ਜਿਸਨੇ ਸਾਰਾ ਜਗਤ ਬਣਾਇਆ, ਦੇਵਤੇ, ਰਾਖਸ ਬਣਾਏ ਤੇ ਜਿਹੜਾ ਸ੍ਰਿਸ਼ਟੀ ਦੇ ਆਦਿ ਵਿਚ ਸੀ ਤੇ ਅੰਤ ਦੇ ਬਾਅਦ ਵੀ ਰਹੇਗਾ। ਗੁਰੂ ਜੀ ਕਹਿੰਦੇ ਹਨ—

ਜਵਨ ਕਾਲ ਸਭ ਜਗਤ ਬਨਾਯੋ ॥
ਦੇਵ ਦੈਤ ਜਛਨ ਉਪਜਾਯੋ ॥
ਆਦਿ ਅੰਤਿ ਏਕੋ ਅਵਤਾਰਾ ॥
ਸੋਈ ਗੁਰੂ ਸਮਝਿਯਹੁ ਹਮਾਰਾ ॥

ਸੋ ਵਾਹਿਗੁਰੂ ਦੀ ਕਿਰਪਾ ਦ੍ਰਿਸ਼ਟੀ ਪਾਈ ਜਾ ਸਕਦੀ ਹੈ ਪਰ ਮੁਸ਼ਕਲ ਇਹ ਹੈ ਕਿ ਤੁਸੀਂ ਵਾਹਿਗੁਰੂ ਨੂੰ ਮਿਲੋਗੇ ਕਿਦਾਂ ? ਜੇ ਤੁਹਾਡੇ ਸਾਹਮਣੇ ਵੀ ਆ ਜਾਏ ਤਾਂ ਪਛਾਣੋਗੇ ਕਿਦਾਂ ? ਤੁਸੀਂ ਉਸ ਨੂੰ ਪਹਿਲਾਂ ਦੇਖਿਆ ਨਹੀਂ। ਇਸ ਲਈ ਤੁਸੀਂ ਆਪ ਉਸ ਦੀ ਸ਼ਨਾਖਤ ਕਿਦਾਂ ਕਰੋਗੇ। ਤੁਹਾਨੂੰ ਕਿਦਾਂ ਭਰੋਸਾ ਆਏਗਾ ਕਿ ਤੁਸੀਂ ਜੋ ਲਭ ਲਿਆ ਹੈ ਉਹ ਰਬ ਹੀ ਹੈ ਕੁਝ ਹੋਰ ਨਹੀਂ। ਅਣਜਾਣ ਰਾਹਾਂ ਤੇ ਚਲਿਆਂ ਮੰਜ਼ਲ ਤਕ ਕਿਦਾਂ ਪਹੁੰਚੋਗੇ। ਇਕ ਪਾਸੇ ਸੰਸਾਰ ਦੀ ਖਿਚ ਹੈ ਜਿਸ ਤੋਂ ਪਿਛਾ ਛੁਡਾਣਾ ਮੁਸ਼ਕਲ ਹੈ। ਦੂਸਰੇ ਪਾਸੇ ਹਨੇਰੀ ਅਣਜਾਣ ਖਾਈ ਹੈ ਜਿਸ ਦਲ ਵਧਣਾ ਔਖਾ ਹੈ। ਸੰਸਾਰ ਕੋਲੋਂ ਹੱਥ ਛੁਡਾ ਕੇ ਅੱਗੇ ਵਧਣ ਦੀ ਹਿਮਤ ਨਹੀਂ ਪੈਂਦੀ। ਗੁਰੂ ਇਹੀ ਹਿਮਤ ਦੁਆਂਦਾ ਹੈ। ਉਹ ਯਕੀਨ ਦੁਆਂਦਾ ਹੈ ਕਿ ਮੈਂ ਮਿਲ ਆਇਆ ਹਾਂ ਤੇ ਤੂੰ ਵੀ ਮਿਲ ਸਕਦਾ ਹੈਂ। ਮੈਂ ਰਾਹ ਦਾ ਜਾਣੂ ਹਾਂ, ਤੁਹਾਨੂੰ ਜਾਣਕਾਰ ਦੇਵਾਂਗਾ। ਤੈਨੂੰ ਖਤਰਿਆਂ ਤੋਂ ਬਚਾਈ ਰਖਾਂਗਾ। ਗੁਰੂ ਜੀ ਦੀ ਮੌਜੂਦਗੀ ਹਿਮਤ ਦੁਆਂਦੀ ਹੈ। ਉਸ ਦੀ ਬਾਂਹ ਪਕੜਿਆਂ ਸਹਾਰਾ ਮਿਲਦਾ ਹੈ। ਗੁਰਵਾਕ ਹੈ—

ਬਾਹ ਪਕਰਿ ਕਢਿ ਲੀਨੇ ਅਪੁਨੇ ਅੰਧ ਰੂਪ ਤੇ ਮਾਇਆ ॥
(ਪੰਨਾ ੧੨੧੮)

ਕਰਮੁ ਧਰਮੁ ਮੇਰਾ ਕਛੁ ਨ ਬਿਚਾਰਿਓ ॥
ਬਾਹ ਪਕਰਿ ਭਵਜਲੁ ਨਿਸਤਾਰਿਓ ॥
(ਪੰਨਾ ੧੧੮੫)



Digitized by Panjab Digital Library | www.panjabdigilib.org

ਬਾਹ ਪਕੜਿ ਗੁਰਿ ਕਾਢਿਆ ਸੋਈ ਉਤਰਿਆ ਪਾਰਿ ॥
(ਪੰਨਾ ੪੪)

ਬਾਹ ਪਕੜਿ ਤਮ ਤੇ ਕਢਿਆ ਕਰਿ ਅਪਨਾ ਲੀਨਾ ਰਾਮ ॥
(ਪੰਨਾ ੮੪੮)

ਬਾਹ ਪਕੜਿ ਪ੍ਰਭਿ ਕਾਢਿਆ ਕੀਨਾ ਅਪਨਾਇਆ ॥
(ਪੰਨਾ ੮੧੭)



Digitized by Panjab Digital Library | www.panjabdigilib.org

## ੬. ਗੁਰੂ ਗਰੰਥ ਤੇ ਦਸੋ ਗੁਰੂ ਹੀ ਗੁਰੂ ਹਨ :

ਸੋ ਸਾਨੂੰ ਲੋੜ ਹੈ ਉਨ੍ਹਾਂ ਦੀ, ਉਨ੍ਹਾਂ ਦੇ ਭਰੋਸੇ ਦੀ, ਜਿਹੜੇ ਇਸ ਔਖੀ ਰਾਹ ਤੇ ਚਲ ਕੇ ਮੰਜ਼ਲ ਤਕ ਅਪੜ ਗਏ ਹਨ। ਪਰ ਜੇ ਅਸੀਂ ਵਾਹਿਗੁਰੂ ਦੀ ਪਛਾਣ ਨਹੀਂ ਕਰ ਸਕਦੇ ਤਾਂ ਅਸੀਂ ਉਸ ਦੀ ਪਛਾਣ ਵੀ ਨਹੀਂ ਕਰ ਸਕਦੇ ਜਿਸ ਨੇ ਰਬ ਨੂੰ ਪਛਾਣਿਆ ਹੈ। ਕਿਦਾਂ ਪਛਾਣ ਕਰੋਗੇ ? ਕਿਦਾਂ ਸਮਝੋਗੇ ਕਿ ਕਿਹੜਾ ਗੁਰੂ ਸਚਾ ਤੇ ਕਿਹੜਾ ਡਿੰਭੀ ? ਕਿਹੜਾ ਜਾਣਦਾ ਹੈ ਤੇ ਕਹਿੰਦਾ ਰਹਿੰਦਾ ਹੈ ਕਿ ਮੈਂ ਜਾਣਦਾ ਹਾਂ। ਜਾਨਣ ਤੇ ਕਹਿਣ ਵਿਚ ਬਹੁਤ ਫਰਕ ਹੈ। ਸਾਡੀ ਇਸ ਨਾ ਸਮਝੀ ਕਾਰਣ ਹੀ ਕਈ ਆਪਣੇ ਆਪ ਨੂੰ ਗੁਰੂ ਕਹਾਣ ਵਿਚ ਸਫਲ ਹੋ ਜਾਂਦੇ ਹਨ ਤੇ ਅਸੀਂ ਗੁਮਰਾਹ ਹੋ ਜਾਂਦੇ ਹਾਂ। ਮੈਂ ਕਈਆਂ ਨੂੰ ਜਾਣਦਾ ਹਾਂ ਜਿਹੜੇ ਇਕ ਗੁਰੂ ਮਗਰ ਭਜਦੇ ਹਨ, ਫਿਰ ਦੂਸਰੇ ਵਲ, ਫਿਰ ਤੀਜੇ ਵਲ। ਤੁਸੀਂ ਤੇ ਕਰ ਹੀ ਨਹੀਂ ਸਕਦੇ ਕਿ ਕੌਣ ਸਹੀ ਹੈ ਤੇ ਜਾਣਦਾ ਹੈ। ਤੁਸੀਂ ਇਧਰੋਂ ਉਧਰ ਤੇ ਉਧਰੋਂ ਇਧਰ ਭਜ ਸਕਦੇ ਹੋ। ਇਸੀ ਅਵਸਥਾ ਬਾਰੇ ਕਿਸੇ ਕਿਹਾ ਸੀ—

ਅੰਧੀ ਨੂੰ ਬੋਲਾ ਅੜੀਸੇ ॥
ਨਾ ਉਹ ਸੁਣ ਨਾ ਉਸਨੂੰ ਦੀਸੈ ॥

ਅੰਨ੍ਹੇ ਨੂੰ ਦਿਸਦਾ ਨਹੀਂ, ਬੋਲੇ ਨੂੰ ਸੁਣਦਾ ਨਹੀਂ। ਹੁਣ ਮੱਖਣ ਸ਼ਾਹ ਜਿਹੇ ਸਿਦਕ ਰਹੇ ਨਹੀਂ ਜਿਹੜੇ ਗੁਰੂ ਜੀ ਜੀ ਪ੍ਰੀਖਿਆ ਲੈ ਸਕਣ ਤੇ ਗੁਰੂ ਕਹਿ ਦੇਏ, "ਕਿਉਂ ਨ ਦੇਤ ਸੋ ਕੀਆ ਮਨ ਹੇਰੀ"। ਹੁਣ ਤਾਂ ਪੈਸਿਆਂ ਲਈ ਗੁਰੂ ਕਈ ਪ੍ਰਕਾਰ ਦੇ ਕੀਰਤਨ, ਲੈਕਚਰ, ਮੰਤਰ, ਅਸ਼ੀਰਵਾਦ ਦੇਂਦੇ ਫਿਰਦੇ ਹਨ। ਦਿਲੀ ਦੇ ਕੋਲ ਇਕ ਵਡਾ ਮਨਿਆ ਗੁਰੂ ਪਕੜਿਆ ਗਿਆ ਜਿਹੜਾ ਕਿ ਅਸਲ ਵਿਚ ਸਮਗਲਿੰਗ ਦਾ ਗੁਰੂ ਸੀ। ਆਸਾ ਦੀ ਵਾਰ ਵਿਚ ਅਸੀਂ ਪੜ੍ਹਦੇ ਹਾਂ—

ਵਾਇਨਿ ਚੇਲੇ ਨਚਨਿ ਗੁਰ ॥
ਪੈਰ ਹਲਾਇਨਿ ਫੇਰਨਿ ਸਿਰ ॥



Digitized by Panjab Digital Library | www.panjabdigilib.org

ਉਡਿ ਉਡਿ ਰਾਵਾ ਝਾਟੈ ਪਾਇ ॥
ਵੇਖੈ ਲੋਕੁ ਹਸੈ ਘਰਿ ਜਾਇ ॥
ਰੋਟੀਆ ਕਾਰਣਿ ਪੂਰਹਿ ਤਾਲ ॥
ਆਪੁ ਪਛਾੜਹਿ ਧਰਤੀ ਨਾਲਿ ॥

(ਪੰਨਾ ੪੬੫)

ਸੋ ਅਸੀਂ ਜੋ ਵੀ ਗੁਰੂ ਬਣਾਵਾਂਗੇ ਉਹ ਗਲਤ ਹੀ ਹੋਵੇਗਾ ਕਿਉਂਕਿ ਨਿਰਣੈ ਤਾਂ ਅਸੀਂ ਹੀ ਕਰਾਂਗੇ। ਨਿਰਣਾ ਇਕ ਉਹ ਹੋਏਗਾ। ਜਿਹੜਾ ਅੰਨ੍ਹਾ ਹੈ, ਜਿਸ ਨੂੰ ਰਬ ਬਾਰੇ ਜਾਂ ਗੁਰੂ ਬਾਰੇ ਕੋਈ ਗਿਆਨ ਨਹੀਂ। ਇਕ ਆਦਮੀ ਨੇ ਨੌਂ ਵਿਆਹ ਕੀਤੇ ਤੇ ਹਰ ਵਾਰੀਂ ਵਹੁਟੀ ਦੀ ਚੋਣ ਗਲਤ ਨਿਕਲੀ। ਇਹ ਹੋਣਾ ਹੀ ਸੀ ਕਿਉਂਕਿ ਉਹ ਸਹੀ ਵੀ ਕਿਦਾ ਹੋ ਸਕਦਾ ਸੀ। (ਸ਼ਾਇਦ ਇਸੇ ਲਈ ਸਾਡੇ ਦੇਸ਼ ਵਿਚ ਵਿਆਹ ਦੀ ਜੁਮੇਵਾਰੀ ਅਨੁਭਵੀ ਮਾਂ-ਪਿਉ ਦੇ ਸਿਰ ਰਖੀ ਗਈ ਸੀ ਤੇ ਬਚਿਆਂ ਦੇ ਸਿਰ ਨਹੀਂ)। ਫਿਰ ਸੱਹੀ ਚੋਣ ਕੌਣ ਕਰੇਗਾ ਤੇ ਕਿਦਾਂ? ਇਸ ਦਾ ਹਲ ਗੁਰੂ ਜੀ ਆਸਾ ਦੀ ਵਾਰ ਦੀ ਇਸੀ ਪਉੜੀ ਵਿਚ ਦਸਦੇ ਹਨ। ਆਪ ਜੀ ਕਹਿੰਦੇ ਹਨ—

ਸਿਖੀ ਸਿਖਿਆ ਗੁਰ ਵੀਚਾਰਿ ॥
ਨਦਰੀ ਕਰਮਿ ਲੰਘਾਵੇ ਪਾਰਿ ॥

(ਪੰਨਾ ੪੬੫)

ਗੁਰੂ ਦੇ ਬਚਨਾ ਦਾ ਵਿਚਾਰ ਕਰਨਾ ਹੀ ਸਿਖ ਲਈ ਸੱਚੀ ਸਿਖਿਆ ਹੈ, ਤੇ ਉਹ ਬਚਣ ਲਭਣ ਲਈ ਕਿਸੇ ਹੋਰ ਗਰੂ ਕੋਲ ਜਾਣ ਦੀ ਲੋੜ ਨਹੀਂ। ਉਹ ਬਚਨ ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਹਨ। ਉਹੀ ਗੁਰੂ ਹੈ। ਉਹੀ ਗੁਰੂ ਦੇ ਬਚਨ ਹਨ ਤੇ ਉਨ੍ਹਾਂ ਬਚਨਾਂ ਦਾ ਵਿਚਾਰ ਕਰਨਾ ਹੀ ਸਿਖੀ ਦਾ ਮਾਰਗ ਹੈ।


Digitized by Panjab Digital Library | www.panjabdigilib.org

## ੭. ਗੁਰੂ ਹੀ ਸਿਖ ਨੂੰ ਲਭਦਾ ਹੈ :

ਮੈਂ ਹੁਣੇ ਦਸਿਆ ਨਾ ਕਿ ਅਸੀਂ ਨ ਵਾਹਿਗੁਰੂ ਨੂੰ ਲਭ ਸਕਦੇ ਹਾਂ ਨ ਗੁਰੂ ਨੂੰ ਕਿਉਂਕਿ ਸਾਨੂੰ ਰਸਤੇ ਦਾ ਪਤਾ ਨਹੀਂ ਤੇ ਗੁਰੂ ਦੀ ਪਛਾਣ ਨਹੀਂ। ਇਸੇ ਲਈ ਹਮੇਸ਼ਾ ਗੁਰੂ ਹੀ ਸਿਖ ਨੂੰ ਲੱਭਦਾ, ਸਿਖ ਕਦੇ ਗੁਰੂ ਨੂੰ ਨਹੀਂ ਲਭ ਸਕਦਾ। ਸਿਖ ਦੀ ਤਲਾਸ਼ ਹਮੇਸ਼ਾ ਹੀ ਗਲਤ ਹੋਏਗੀ। ਉਹ ਸਿਰਫ ਮਿਲਣ ਦੀ ਪਿਆਸ ਜਗਾ ਸਕਦਾ ਹੈ, ਉਹ ਸਿਰਫ ਮਿਲਣ ਦੀ ਤਾਂਗ ਜਗਾ ਸਕਦਾ ਹੈ, ਉਹ ਜੁਦਾਈ ਵਿਚ ਵਿਆਕੁਲ ਹੋ ਸਕਦਾ ਹੈ, ਦੁਖੀ ਹੋ ਸਕਦਾ ਹੈ, ਬੇਬਸ ਹੋ ਸਕਦਾ ਹੈ, ਅਰਦਾਸ ਕਰ ਸਕਦਾ ਹੈ। ਇਸੇ ਭਾਵ ਨੂੰ ਗੁਰੂ ਰਾਮ ਦਾਸ ਜੀ (ਗੁਰੂ ਬਣਨ ਤੋਂ ਪਹਿਲਾਂ) ਸਬਦ ਹਜ਼ਾਰੇ ਵਿਚ ਦਰਸਾਂਦੇ ਹਨ—

ਮੇਰਾ ਮਨੁ ਲੋਚੈ ਗੁਰ ਦਰਸਨ ਤਾਈ ॥
ਬਿਲਪ ਕਰੇ ਚਾਤ੍ਰਿਕ ਕੀ ਨਿਆਈ ॥
ਤ੍ਰਿਖਾ ਨ ਉਤਰੈ ਸਾਂਤਿ ਨ ਆਵੈ ॥
ਬਿਨੁ ਦਰਸਨ ਸੰਤ ਪਿਆਰੇ ਜੀਉ ॥

(ਪੰਨਾ ੯੬)

ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ ॥
ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ ॥
ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ ॥
ਬਿਨੁ ਦੇਖੇ ਗੁਰ ਦਰਬਾਰੇ ਜੀਉ ॥

(ਪੰਨਾ ੯੬)



Digitized by Panjab Digital Library | www.panjabdigilib.org

ਇਸ ਬਾਣੀ ਨੂੰ ਇਸੇ ਕਰਕੇ ਰੱਜ ਪੜ੍ਹਣ ਲਈ ਕਿਹਾ ਗਿਆ ਹੈ ਕਿ ਸ਼ਾਇਦ ਕਦੀ ਸਾਡੇ ਅੰਦਰ ਵੀ ਇਸ ਪ੍ਰਕਾਰ ਦੀ ਪੁਕਾਰ ਉਠ ਪਏ। ਅਸੀਂ ਉਸ ਪਿਆਰੇ ਦੀ ਤਲਾਸ਼ ਵਿਚ ਨਿਕਲ ਪਈਏ। ਤੇ ਜਦੋਂ ਅਸੀਂ ਤੁਰ ਪਵਾਂਗੇ ਤਾਂ ਉਹ ਆਪੇ ਹੀ ਅਗੇ ਹੋਕੇ ਬਾਂਹ ਪਕੜ ਲਏਗਾ। ਭਾਈ ਗੁਰਦਾਸ ਜੀ ਆਪਣੀ ਕਬਿਤ ਵਿਚ ਕਹਿੰਦੇ ਹਨ ਕਿ ਜੇ ਅਸੀਂ ਗੁਰੂ ਵਲ ਇਕ ਕਦਮ ਪੁਟੀਏ, ਇਕ ਵਾਰ ਦਿਲੋਂ ਸਿਮਰਨ ਕਰੀਏ, ਕੌਡੀ ਜ਼ਿਨੀ ਭਗਤੀ-ਭਾਵਨਾ ਰਖੀਏ, ਤਾਂ ਉਹ ਗੁਰੂ ਆਪੇ ਹੀ ਸਾਨੂੰ ਅਗੋਂ ਹੋ ਕੇ ਮਿਲਦਾ ਹੈ ਤੇ ਰਬ ਤਕ ਪਹੁੰਚਾ ਦੇਂਦਾ ਹੈ। ਆਪ ਲਿਖਦੇ ਹਨ—

ਚਰਨ ਸਰਨ ਗੁਰੂ ਏਕ ਪੈਂਡਾ ਜਾਇ ਚਲ ॥
ਸਤਿਗੁਰ ਕੋਟਿ ਪੈਡਾਂ ਆਗੇ ਹੋਇ ਲੇਤ ਹੈ ॥
ਏਕ ਬਾਰ ਸਤਿਗੁਰੁ ਮੰਤ੍ਰ ਸਿਮਰਨ
ਮੰਤ੍ਰ ਸਿਮਰਨ ਤਾਹਿ ਬਾਰੰਬਾਰ ਗੁਰ ਹੇਤ ਹੈ ॥
ਭਾਵਨੀ ਭਗਤਿ ਭਾਇ ਕੌਡੀ ਅਗ੍ਰਭਾਗ ਰਾਖ ॥
ਤਾਹਿ ਗੁਰ ਸਰਬ ਨਿਧਾਨ ਦਾਨ ਦੇਤ ॥

ਸਾਡੇ ਅਵਾਜ ਮਾਰਨ ਤੇ ਥੋੜਾ ਜਿਨਾ ਪਿਆਰ ਦਿਖਾਣ ਤੇ, ਗੁਰੂ ਕਿਉਂ ਦੌੜਾ ਆਂਦਾ ਹੈ ? ਉਹ ਕਿਉਂ ਸਾਡੀ ਤਲਾਸ਼ ਕਰਦਾ ਹੈ ? ਕਿਉਂਕਿ ਉਹ ਪਿਆਰ ਨਾਲ ਭਰਿਆ ਪਿਆ ਹੈ। ਉਹ ਹਰ ਕਿਸੇ ਨੂੰ ਪਿਆਰ ਵੰਡਦਾ ਫਿਰਦਾ ਹੈ। ਪਿਆਰ ਵੰਡਣਾ, ਪਿਆਰ ਦਾ ਅੰਮ੍ਰਿਤ ਪਿਲਾਣਾ ਜਿਗਿਆਸੂ ਨੂੰ ਰਾਹੇ ਪਾਣਾ, ਗੁਰੂ ਦਾ ਸੁਭਾ ਹੈ। ਬਦਲ ਜਦੋਂ ਪਾਣੀ ਨਾਲ ਭਰ ਜਾਂਦੇ ਹਨ ਤਾਂ ਉਹ ਬਰਖਾ ਦਾਨ ਕਰਦੇ ਹਨ। ਜਦੋਂ ਫੁਲ ਸੁਗੰਧ ਨਾਲ ਭਰ ਜਾਂਦਾ ਹੈ ਤਾਂ ਉਹ ਖੁਸ਼ਬੋ ਵੰਡਦਾ ਹੈ। ਉਹ ਸਭ ਨੂੰ ਵੰਡਦਾ ਹੈ। ਪਾਤਰ ਕੁਪਾਤਰ ਦੇਖੇ ਬਿਨਾ। ਸਾਨੂੰ ਸਿਰਫ ਫੁਲ ਦੇ ਕੋਲ ਹੋਣਾ ਲੋੜੀਂਦਾ ਹੈ, ਗੁਰੂ ਦੀ ਕਿਰਪਾ ਚਾਹੀਦੀ ਹੈ।



Digitized by Panjab Digital Library | www.panjabdigilib.org

## ੯. ਕਿਰਪਾ ਦੀ ਲੋੜ ਨਹੀਂ ?

ਕਈਆਂ ਦਾ ਮਤ ਹੈ ਕਿ ਜੇ ਰਬ ਦੀ ਕਿਰਪਾ ਸਭ ਲਈ ਬਰਾਬਰ ਨਹੀਂ ਹੈ ਤਾਂ ਉਹ ਇਨਸਾਫ ਤੇ ਆਧਾਰਤ ਨਹੀਂ ਹੈ। ਇਕ ਮਿਹਨਤ ਕਰਦਾ ਹੈ ਦੂਸਰਾ ਕੁਝ ਨਹੀਂ ਕਰਦਾ। ਹੁਣ ਜੇ ਵਾਹਿਗੁਰੂ ਦੋਨਾਂ ਤੇ ਇਕੋ ਜਿਹਾ ਮਿਹਰਬਾਨ ਹੋਏ ਤਾਂ ਇਹ ਇਨਸਾਫ ਨਹੀਂ ਕਰ ਰਿਹਾ। ਇਨਾਮ ਤਾਂ ਮਿਹਨਤ ਮੁਤਾਬਕ ਹੀ ਮਿਲਣਾ ਚਾਹੀਦਾ ਹੈ। ਸਾਡੀ ਸਮਝ ਵੀ ਇਹੀ ਕਹਿੰਦੀ ਹੈ ਕਿ ਮਿਹਨਤਾਨਾ ਮਿਹਨਤ ਮੁਤਾਬਕ ਹੋਣਾ ਚਾਹੀਦਾ ਹੈ। ਜੇ ਘਟ ਮਿਹਨਤ ਕਰਨ ਵਾਲੇ ਨੂੰ ਵੀ ਉਹੀ ਮਜਦੂਰੀ ਮਿਲਣੀ ਹੈ ਜਿਹੜੀ ਜਿਆਦਾ ਮਿਹਨਤ ਵਾਲੇ ਨੂੰ ਤਾਂ ਉਹ ਇਨਸਾਫ਼ ਦ ਅਧਾਰਤ ਨਹੀਂ ਹੋ ਸਕਦੀ। ਜੇ ਮਿਹਨਤ ਦਾ ਮਜਦੂਰੀ ਨਾਲ ਕੋਈ ਸਬੰਧ ਨਹੀਂ ਤਾਂ ਆਦਮੀ ਮਿਹਨਤ ਕਿਉਂ ਕਰੇ ? ਜ ਯੋਗਤਾ ਦਾ ਸਵਾਲ ਹੀ ਨਹੀਂ, ਤਾਂ ਕੋਈ ਯੋਗ ਬਨਣ ਦੀ ਕੋਸ਼ਿਸ਼ ਕਿਉਂ ਕਰੇ ? ਉਨ੍ਹਾ ਦਾ ਵਿਚਾਰ ਹੈ ਕਿ ਰਬ ਇਦਾਂ ਨਹੀਂ ਕਰ ਸਕਦਾ ਕਿਉਂਕਿ ਇਦਾਂ ਕਰਨਾ ਸਹੀ ਨਹੀਂ। ਉਹ ਕਹਿੰਦੇ ਹਨ ਕਿ ਰਬ ਮਿਹਨਤ ਮੁਤਾਬਕ ਹੀਂ ਦੇਂਦਾ। ਜਿਨਾ ਪਿਆਰ ਉਹਨਾਂ ਦੁਲਾਰ ਜੇ ਮੁਆਵਜਾ ਮਿਹਨਤ ਮਤਾਬਕ ਹੀ ਮਿਲਣਾ ਹੈ ਤਾਂ ਫਿਰ ਕਿਰਪਾ ਦਾ ਸਵਾਲ ਹੀ ਕਿਥ ਉਠਦਾ ਹੈ ਕਿਰਪਾ ਸਬਦ ਦਾ ਅਰਥ ਹੀ ਬੇ-ਇਨਸਾਫੀ ਹੈ ਕਿਉਂਕਿ ਜੇ ਵੰਡ ਕਿਸੇ ਅਸੂਲ ਤੇ, ਕਿਸੇ ਧਰਮ ਤੇ ਅਧਾਰਤ ਹੈ ਤਾਂ ਫਿਰ ਕਿਰਪਾ ਦੀ ਲੋੜ ਨਹੀਂ। ਇਸੇ ਕਰਕੇ ਭਾਰਤ ਦੇ ਦੋ ਵਡੇ ਧਰਮ, ਜੈਨ ਤੇ ਬੁਧ ਧਰਮ, ਇਸ ਅਸੂਲ ਨੂੰ ਮੰਨਦੇ ਹਨ, ਹਨ ਕਿਰਪਾ ਨੂੰ ਨਹੀਂ। ਉਨ੍ਹਾਂ ਮੁਤਾਬਕ ਜਿਨਾ ਕੋਈ ਧਰਮ ਨੂੰ ਪਾਲੇਗਾ ਉਨਾ ਉਸ ਨੂੰ ਫਲ ਮਿਲੇਗਾ। ਇਸ ਖਿਆਲ ਵਿਚ ਕਿਰਪਾ ਦੀ ਗੁੰਜਾਇਸ਼ ਨਹੀਂ।

ਇਨ੍ਹਾਂ ਧਰਮਾਂ ਅਨੁਸਾਰ ਕੁਦਰਤ (ਰਬ) ਨੇ ਕੁਝ ਨੀਅਮ ਨਿਰਧਾਰਤ ਕੀਤੇ



Digitized by Panjab Digital Library | www.panjabdigilib.org

ਹਨ, ਸਾਡੇ ਮਨ ਦੀ ਸ਼ੁਧੀ ਲਈ। ਜਿਨੀ ਮਿਹਨਤ ਕੋਈ ਕਰੇਗਾ ਉਨਾਂ ਹੀ ਮਨ ਸਾਫ ਹੋਏਗਾ ਤੇ ਜਦੋਂ ਮਨ ਨਿਰਮਲ ਹੋ ਜਾਏਗਾ ਤਾਂ ਤੁਸੀਂ ਆਪ ਭਗਵਾਨ ਜਾਂ ਭਗਵਾਨ ਰੂਪ ਹੋ ਜਾਉਗੇ। ਇਸ ਸੋਚਣੀ ਅਨੁਸਾਰ ਪਰਮਾਤਮਾ ਦੀ ਵੀ ਕੋਈ ਲੋੜ ਨਹੀਂ। ਆਤਮਾ ਤੇ ਸੁਧੀ ਦੇ ਨੀਅਮ ਹੀ ਕਾਫੀ ਹਨ। ਇਸ ਆਤਮਾ ਦੀ ਨਿਰਮਲਤਾ ਹੀ ਇਸ ਨੂੰ ਪ੍ਰਮਾਤਮਾ ਬਣਾ ਦੇਂਦੀ ਹੈ, ਕਿਸੇ ਅਲੱਗ ਪ੍ਰਮਾਤਮਾ ਦੀ ਲੋੜ ਨਹੀਂ ਜੈਨੀ ਤੇ ਬੋਧੀ ਆਤਮਾ ਨੂੰ ਮੰਨਦੇ ਹਨ ਪ੍ਰਮਾਤਮਾ ਨਹੀਂ ਤੇ ਕਿਉਂਕਿ ਪ੍ਰਮਾਤਮਾ ਹੈ ਹੀ ਨਹੀਂ, ਇਸ ਲਈ ਜੋ ਕੁਝ ਵੀ ਹ ਤੁਸੀਂ ਆਪ ਹੀ ਹੋ। ਇਸ ਲਈ ਕਿਸੇ ਦੂਸਰੇ ਦੀ ਕਿਰਪਾ ਦੀ ਲੜ ਹੀ ਨਹੀਂ।



Digitized by Panjab Digital Library | www.panjabdigilib.org

## ੧੦. ਕਿਰਪਾ ਦੀ ਲੋੜ ਹੈ ?

ਰਬ ਤਕ ਪਹੁੰਚਣ ਦੇ ਦੋ ਹੀ ਰਾਹ ਹਨ—ਸੰਕਲਪ ਦਾ ਤੇ ਸਮੱਰਪਣ ਦਾ। ਜੈਨੀ ਤੇ ਬੋਧੀ ਸੰਕਲਪ ਦੇ ਰਾਹੀ ਹਨ। ਆਪਣੀ ਮਿਹਨਤ, ਆਪਣਾ ਫਲ, ਕੋਈ ਕ੍ਰਿਪਾ ਨਹੀਂ। ਆਪਣੇ ਸੰਕਲਪ ਨੂੰ ਐਨਾ ਪੱਕਾ ਕਰੋ, ਆਪਣੇ ਮਨ ਨੂੰ ਐਨਾ ਸਾਫ ਕਰੋ, ਕਿ ਇਹ ਮਨ ਜਿਧਰ ਵੀ ਦੇਖੇ ਆਪਣਾ ਅਕਸ ਹੀ ਨਜ਼ਰ ਆਏ—ਮੈਂ ਹੀ ਮੈਂ ਹੂੰ ਇਸ ਜਹਾਂ ਮੇ ਦੂਸਰਾ ਕੋਈ ਨਹੀਂ। ਜੇ ਸਭ ਵਿਚ ਤੁਸੀਂ ਹੀ ਹੋ ਤਾਂ ਫਿਰ ਗੁਸਾ ਕਿਸ ਤੇ ਕਰੋਗੇ, ਵੈਰ ਕਿਸ ਨਾਲ ਪਾਉਗੇ। ਤੁਸੀਂ ਆਪੇ ਹੀ ਅਕਾਲ ਹੋ ਜਾਉਗੇ ਕਿਉਂਕਿ ਤੁਸੀਂ ਮਰੋਗੇ ਕਿਦਾਂ। ਤੁਸੀਂ ਆਪ ਮਰ ਵੀ ਜਾਉਗੇ ਤਾਂ ਵੀ ਦੂਸਰੇ ਵਿਚ ਜੀਉਂਦੇ ਰਹੋਗੇ ਕਿਉਂਕਿ ਦੂਸਰੇ ਵਿਚ ਵੀ ਤੁਸੀਂ ਹੋ। ਤੁਸੀਂ ਸਤਿਨਾਮ ਹੋ ਜਾਉਗੇ ਕਿਉਂ ਤੁਹਾਡੀ ਹਸਤੀ ਸਤਿ ਤੋਂ ਇਲਾਵਾ ਕੁਝ ਨਹੀਂ ਰਹੇਗੀ। ਇਸ ਸੰਕਲਪ ਦੇ ਰਾਹ ਵਿਚ ਕੋਈ ਖਾਮੀ ਨਹੀਂ ਤੇ ਕਈ ਇਸੇ ਰਾਹ ਤੇ ਚਲ ਕੇ ਪਹੁੰਚ ਗਏ ਹਨ। ਉਨ੍ਹਾਂ ਕਿਹਾ, 'ਅਹਮ ਬ੍ਰਹਮ ਅਸਮੀਂ'—ਮੈਂ ਹੀ ਬ੍ਰਹਮ ਹਾਂ। ਇਸ ਰਾਹ ਤੇ ਚਲਣ ਲਈ ਚਲੀ ਜਾਣਾ ਬਹੁਤ ਜ਼ਰੂਰੀ ਹੈ। ਮਿਹਨਤ ਕਰੀ ਜਾਉ ਜਦੋਂ ਤਕ ਕਿ ਮਨ ਬਿਲਕੁਲ ਸਾਫ ਨਹੀਂ ਹੋ ਜਾਂਦਾ। ਜਦੋਂ ਤਕ ਕਿ ਦੂਸਰਾ ਮੁਕ ਨਹੀਂ ਜਾਂਦਾ, ਸਿਰਫ ਤੁਸੀਂ ਹੀ ਰਹਿ ਜਾਂਦੇ ਹੋ। ਸਿਰਫ ਤੁਸੀਂ ਹੀ ਸਭ ਵਿਚ ਦਿਸਦੇ ਹੋ। ਜੇ ਰਾਹ ਵਿਚ ਹੀ ਰੁਕ ਜਾਉ, ਅਧੇ ਸਾਫ ਤੇ ਅਧੇ ਮੈਲੇ ਮਨ ਤੇ ਰੁਕ ਜਾਉ, ਤਾਂ ਹਾਲਤ ਬੜੀ ਖਤਰਨਾਕ ਹੋ ਸਕਦੀ ਹੈ। ਉਸ ਹਾਲਤ ਵਿਚ ਤੁਸੀਂ ਵੀ ਰਹਿੰਦੇ ਹੋ (ਜਿਹੜਾ ਮੈਂ ਨਾਲ ਭਰਿਆ ਪਿਆ ਹੈ) ਤੇ ਦੂਸਰਾ ਵੀ ਹੈ (ਜਿਸ ਨੂੰ ਤੁਹਾਡੀ ਮੈ ਕੁਝ ਨਹੀਂ ਸਮਝਦੀ। ਤੁਹਾਡਾ ਅਹੰਕਾਰ ਦੂਸਰੇ ਨੂੰ ਹੀਨ ਦੇਖਦਾ ਹੈ—ਤੁਸੀਂ ਕੁਝ ਹੋ, ਦੂਸਰਾ ਕੁਝ ਨਹੀਂ। ਇਸ ਹਾਲਤ ਵਿਚ



Digitized by Panjab Digital Library | www.panjabdigilib.org

ਤੁਸੀਂ ਫਿਰ ਕਾਮ ਕਰਧ ਵਿਚ ਡਿਗ ਜਾਂਦੇ ਹ ਤੇ ਅਗੇ ਨਾਲੋਂ ਵੀ ਭੈੜੇ ਮਨੁਖ ਬਣ ਜਾਂਦੇ ਹੋ। ਇਸੇ ਅਹੰਕਾਰ ਦਾ ਸਿਟਾ ਹੈ ਕਿ ਇਨ੍ਹਾਂ ਧਰਮਾਂ ਗੁਰ/ਸੰਤ ਕਿਸੇ ਅਗੇ ਝੁਕਦੇ ਨਹੀਂ, ਕਿਸੇ ਨੂੰ ਨਮਸਕਾਰ ਨਹੀਂ ਕਰਦੇ। ਅਹੰਕਾਰ ਰਾਹ ਦਾ ਰੋੜਾ ਬਣ ਜਾਂਦਾ ਹੈ ਕਿ ਮੈਂ ਸ਼ਕਤੀਸ਼ਾਲੀ, ਸਕੰਲਪਵਾਨ ਤੇ ਕਿਸੇ ਅੱਗੇ ਝੁਕਾਂ। ਸਕੰਲਪ ਵਾਲੇ ਮਾਰਗ ਤੇ ਪਹੁੰਚ ਜਾਉ ਤਾਂ ਠੀਕ ਹੈ ਪਰ ਜੇ ਸਕੰਲਪ ਵਿਦਾ ਹੋ ਜਾਏ, ਰਾਹ ਵਿਚ ਰੁਕ ਜਾਉ, ਤਾਂ ਅਸੀਂ ਮਾੜੇ ਮਨੁਖ, ਭੈੜੇ ਸੰਤ, ਕਾਮ ਗ੍ਰਸਤ ਪ੍ਰਾਣੀ ਰਹਿ ਜਾਂਦੇ ਹਾਂ। ਇਸ ਲਈ ਇਹ ਮਾਰਗ ਸਿਖੀ ਦਾ ਮਾਰਗ ਨਹੀਂ।

ਸਿਖੀ ਦਾ ਮਾਰਗ ਦੂਸਰਾ ਮਾਰਗ ਹੈ—ਸਮਰਪਣ ਦਾ। ਪਹਿਲੇ ਮਾਰਗ ਵਿਚ ਆਪਣੀ 'ਮੈਂ' ਨੂੰ ਐਨਾ ਵਡਾ ਕਰਨਾ ਪੈਂਦਾ ਹੈ ਕਿ 'ਮੈਂ' ਹੀ ਰਹਿ ਜਾਵਾਂ ਦੂਸਰਾ ਨ ਬਚੇ। ਸਿਖੀ ਦੇ ਮਾਰਗ ਤੇ ਮੈਂ ਨੂੰ ਐਨਾ ਮਿਟਾਣਾ ਪੈਂਦਾ ਹੈ ਕਿ ਤੂੰ ਹੀ ਬਚੇਂ ਮੈਂ ਦਾ ਨਾਮੋ-ਨਿਸ਼ਾਨ ਹੀ ਨਾ ਰਹੇ। ਗੁਰੂ ਨਾਨਕ ਦੇਵ ਜੀ ਵਾਂਗੂ ਹਰ ਹਸਤੀ ਵਿਚ ਉਸ ਦੀ ਹਸਤੀ ਹੀ ਨਜ਼ਰ ਆਏ। ਜੇ ਕਿਤੇ ਗਿਣਤੀ 'ਤੇਰਾ' ਦਾ ਅੰਕੜਾ ਆ ਜਾਏ ਤਾਂ ਸੁਰਤੀ 'ਤੇਰਾ-ਤੇਰਾ' ਦੇ ਮੰਡਲ ਵਿਚ ਪਹੁੰਚ ਜਾਏ। ਹਰ ਵਿਚਾਰ, ਹਰ ਕਰਣੀ, ਹਰ ਕਰਮ, ਵਿਚ ਤੂੰ ਰਹਿ ਜਾਏ, ਮੈਂ ਮੁਕ ਜਾਏ। ਰਬ ਤਕ ਪਹੁੰਚਣਾ ਸਾਡਾ ਨਸੀਬ ਹੈ, ਸਾਡੀ ਮੰਜ਼ਲ ਹੈ, ਦੇਰ ਸਵੇਰ ਅਸੀਂ ਉਥੇ ਹੀ ਪਹੁੰਚਣਾ ਹੈ। ਰਾਹ ਦੀ ਚੋਣ ਸਾਡੀ ਹੈ। ਨਦੀ ਦਾ ਪਾਣੀ ਤਪ (ਤਪਸਿਆ ਸ਼ਬਦ ਇਸ ਤੋਂ ਹੀ ਬਣਿਆ ਹੈ) ਕੇ ਭਾਪ ਬਣ ਕੇ, ਸਾਗਰ ਤਕ ਪਹੁੰਚ ਜਾਂਦਾ ਹੈ। ਪਰ ਬੜੀ ਸੰਭਾਵਨਾ ਹੈ ਕਿ ਉਹ ਸਾਗਰ ਤਕ ਪਹੁੰਚਣ ਤੋਂ ਪਹਿਲਾਂ ਮੁੜ ਧਰਤੀ ਤੇ ਡਿਗ ਪਏ। ਪਰ ਨਦੀ ਹੌਲੀ ਹੌਲੀ ਚਲਦੀ ਸਾਗਰ ਤਕ ਪਹੁੰਚ ਹੀ ਜਾਂਦੀ ਹੈ। ਕੋਈ ਨਦੀ ਸਾਗਰ ਤਕ ਪਹੁੰਚਣੋਂ ਨਹੀਂ ਰਹਿੰਦੀ। ਬਦਲ ਸ਼ਾਇਦ ਧਰਤੀ ਉਤੇ ਹੀ ਰੁਕ ਜਾਣ, ਪਰ ਨਦੀ ਨਹੀਂ ਰੁਕਦੀ। ਇਹ ਪਹੁੰਚ ਹੀ ਜਾਂਦੀ ਹੈ। ਇਸ ਪਿਛੇ ਸਮਰਪਣ ਹੈ। ਤੁਹਾਨੂੰ ਪਤਾ ਹੈ ਕਿ ਨਦੀ ਹਮੇਸ਼ਾ ਢਲਾਣ ਵਲ ਜਾਂਦੀ ਹੈ, ਨੀਵੇਂ ਵਲ ਵਹਿੰਦੀ ਹੈ। ਸਾਗਰ ਦੀ ਸਤਹ ਹੀ ਧਰਤੀ ਉਤੇ ਨੀਵੀਂ ਤੋਂ ਨੀਵੇਂ ਥਾਂ ਹੈ। ਜਿੰਨੀ ਸਾਗਰ ਤਟ ਦੀ ਅਸਲੀ ਲੈਵਲ ਹੈ, ਉਹੀ ਹੀ ਸਾਡੀ ਅਸਲੀ ਲੈਵਲ ਹੈ ਅਹੰਕਾਰ ਕਰਕੇ ਅਸੀਂ ਆਪਣੇ ਆਪ ਨੂੰ ਆਪਣੀ ਅਸਲੀ ਲੈਵਲ ਨਾਲੋਂ ਉਪਰ ਮੰਨੀ ਬੈਠ ਹਾਂ। ਥੋੜਾ ਥਲੇ ਉਤਰੋ, ਆਪਣੇ ਅਹੰਕਾਰ ਨੂੰ ਥੋੜਾ ਨੀਵੇਂ ਵਲ ਵਗਣ ਦੇਉ, ਤੁਸੀਂ ਆਪੇ ਸਾਗਰ ਤਕ ਪਹੁੰਚ ਜਾਉਗੇ, ਤੁਹਾਨੂੰ



Digitized by Panjab Digital Library | www.panjabdigilib.org

ਹੋਰ ਕੁਝ ਕਰਨ ਦੀ ਲੋੜ ਨਹੀਂ ਸਿਰਫ ਆਪਣੇ ਅਹੰਕਾਰ ਨੂੰ ਡੈਮ ਨ ਬਣਾਉ। ਕਚੇ ਸਿੰਘਾਸਨ ਤੋਂ ਉਤਰੋ। ਨਦੀ ਹਜਾਰਾਂ ਮੀਟਰ ਦੀ ਉਚਾਈ ਤੋਂ ਉਤਰ ਕੇ (ਨਦੀ ਦਾ ਸਰੋਤ ਪਹਾੜ ਹੀ ਹੁੰਦਾ ਹੈ) ਤੇ ਹਜ਼ਾਰਾਂ ਮੀਲ ਦਾ ਸਫਰ ਕਰਕੇ ਸਾਗਰ ਨੂੰ ਜਾ ਮਿਲਦੀ ਹੈ। ਤੁਸੀਂ ਵੀ ਮਿਲ ਜਾਉਗੇ ਪਹਿਲਾਂ ਸਰਨਾਗਤ ਹੋਉ।

ਪਰ ਸਰਣਾਗਤ ਹੋਏਗਾ ਕੌਣ ? ਸਰਣ ਜਾਣ ਦਾ ਫੈਸਲਾ ਤਾਂ ਤੁਸੀਂ ਹੀ ਕਰੋਗੇ। ਜੇ ਸਰਣ ਜਾਣ ਦਾ ਫੈਸਲਾ ਤੁਹਾਡਾ ਹੈ, ਤਾਂ ਤੁਸੀਂ ਫੈਸਲਾ ਬਦਲ ਵੀ ਸਕਦੇ ਹੋ। ਅੱਜ ਗੁਰੂ ਗਰੰਥ ਦੀ ਸਰਣ ਆਏ ਹੋ, ਕਲ ਕਿਸੇ ਹੋਰ ਦੀ ਸਰਣ ਚਲੇ ਜਾਉਗੇ। ਤੁਸੀਂ ਗੁਰੂ ਦੇ ਹੁਕਮ ਦਾ ਅਰਥ ਆਪਣੀ ਸੁਵਿਧਾ ਅਨੁਸਾਰ ਕਢੋਗੇ। ਤੁਸੀਂ ਉਪਰੋਂ ਪਾਠ ਕਰੀ ਜਾਉਗੇ ਪਰ ਅੰਦਰੋਂ ਹੋਰ ਅਰਥ ਕਢੀ ਜਾਉਗੇ, ਉਚੀ-ਉਚੀ ਧਰਮ ਗਰੰਥ ਵੀ ਪੜ੍ਹੀ ਜਾਉਗੇ, ਲੋਕਾਂ ਨੂੰ ਅਰਥ ਵੀ ਦਸਦੇ ਰਹੋਗੇ ਤੇ ਜੀਵਨ ਮਾਇਆ-ਮਾਰਿਆ ਬਣਾਈ ਰਖੋਗੇ। ਗੁਰਵਾਕ ਹੈ—

ਸੁਾਸਤ ਬੇਦੁ ਬਕੈ ਬਕੋ ਭਾਈ ਕਰਮ ਕਰਹੁ ਸੰਸਾਰੀ ॥
ਪਾਖੰਡਿ ਮੈਲ ਨ ਚੂਕਈ ਭਾਈ ਅੰਤਰਿ ਮੈਲ ਵਿਕਾਰੀ ॥
ਇਨ ਬਿਧਿ ਡੂਬੀ ਮਾਕੁਰੀ ਭਾਈ ਊਡੀ ਸਿਰ ਕੈ ਧਾਰੀ ॥

(ਪੰਨਾ ੧੩੫)

ਇਹ ਸਰਣ ਆਣ ਦਾ ਕੋਈ ਤਰੀਕਾ ਨਹੀਂ। ਗੁਰੂ ਦੀ ਸਰਣ ਆ ਗਏ ਤਾਂ ਫਿਰ ਆ ਹੀ ਗਏ। ਫਿਰ ਪੰਚ ਪਿਆਰਿਆਂ ਵਾਂਗ ਸੀਸ ਭੇਟਾ ਕਰਨ ਵਿਚ ਵੀ ਸੰਕੋਚ ਨਹੀਂ। ਧਰਮ ਦੇ ਰਾਹ ਤੇ ਜਿੰਨੀ ਦੇਰ ਬੁਧੀ ਦੀ ਮਦਾਖਲਤ ਹੈ ਉਨੀ ਦੇਰ ਧਰਮ ਸਮਝ ਨਹੀਂ ਆਂਦਾ। ਇਥੇ ਤਾਂ 'ਜੋ ਤੁਮ ਕਰਹੁ ਸੋਈ ਮਹਿ ਕਰਨਾ' ਵਾਲੀ ਮਨੋਦਸ਼ਾ ਚਾਹੀਦੀ ਹੈ। ਵਾਹਿਗੁਰੂ ਰਾਹੇ ਪਾਣ ਦੀ ਕੋਸ਼ਿਸ਼ ਤਾਂ ਕਰਦਾ ਹੈ ਪਰ ਸਾਡੀ ਬਧੀ ਸਹੀ ਆਦੇਸ਼ ਸਮਝਣ ਜਾਂ ਪਾਲਣ ਨਹੀਂ ਦੇਂਦੀ। ਮੋਟੀ ਗਲ ਚੇਤੇ ਰਖੋ—ਬੁੱਧੀ ਦੇ ਨਿਰਣੈ ਵਿਚ ਸਮੇਸ਼ਾ ਵਿਕਲਪ ਬਣਿਆ ਰਹਿੰਦਾ ਹੈ। ਤੁਸੀਂ ਕੁਝ ਵੀ ਨਿਰਣੈ ਲਉ, ਮਨ ਦਾ ਇਕ ਹਿੱਸਾ ਕਹਿੰਦਾ ਰਹੇਗਾ ਕਿ ਨਿਰਣੈ ਸ਼ਾਇਦ ਗਲਤ ਹੈ। ਬੁਧੀ ਦੇ ਫੈਸਲੇ ਵਿਚ ਹਮੇਸ਼ਾ ਸ਼ਾਇਦ ਜੁੜਿਆ ਰਹਿੰਦਾ ਹੈ। ਤੁਹਾਡੇ ਫੈਸਲੇ ਦਾ ਦੂਸਰਾ ਰੂਪ ਹਮੇਸ਼ਾ ਦੁਖੀ ਕਰਦਾ ਤੇ ਡਰਾਂਦਾ ਰਹਿੰਦਾ ਹੈ। ਪਰ ਸਰਣ ਗਏ ਦੇ ਫੈਸਲੇ ਵਿਚ ਦੂਸਰਾ ਰੂਪ ਰਹਿੰਦਾ ਹੀ ਨਹੀਂ। ਗੁਰੂ ਆਦੇਸ਼



Digitized by Panjab Digital Library | www.panjabdigilib.org

ਦ ਫੈਸਲੇ ਨੂੰ ਮੰਨਣ ਨਾਲ ਪ੍ਰਮ-ਸ਼ਾਂਤੀ ਮਿਲਦੀ ਹੈ। ਦੁਬਿਧਾ ਨਹੀਂ ਰਹਿੰਦੀ। ਬੁਧੀ ਦੇ ਫੈਸਲੇ ਵਿਚ ਹਮੇਸ਼ਾ ਦੁਬਿਧਾ ਤੇ ਅਸ਼ਾਂਤੀ ਰਹਿੰਦੀ ਹੈ। ਤੁਸੀਂ ਅਜਮਾ ਕੇ ਦੇਖੋ, ਤਹਾਨੂੰ ਆਪੇ ਹੀ ਪਤਾ ਲਗ ਜਾਏਗਾ ਕਿ ਤਹਾਡਾ ਨਿਰਣੈ ਸ਼ਰਧਾ ਅਧਾਰਤ ਹੈ ਕਿ ਬੁਧੀ-ਅਧਾਰਤ।

ਸ਼ਰਧਾ ਦਿਸਦੀ ਨਹੀਂ ਪਰ ਉਸਦੇ ਪ੍ਰਣਾਮ ਦਿਸਦੇ ਹਨ। ਜਦੋਂ ਭਾਈ ਅਮਰਦਾਸ (ਗੁਰੂ ਬਨਣ ਤੋਂ ਪਹਿਲਾਂ) ਦੂਸਰੀ ਪਾਤਸ਼ਾਹੀ ਦੇ ਦਰਸ਼ਨ ਲਈ ਗਏ ਤਾਂ ਲੰਗਰ ਵਿਚ ਮਹਾਂ ਪ੍ਰਸ਼ਾਦਿ (ਮਾਸ, ਮੀਟ) ਵਰਤ ਰਿਹਾ ਸੀ। ਉਹ ਵੈਸ਼ਨੂੰ ਸਨ। ਉਨ੍ਹਾਂ ਦਿਲ ਵਿਚ ਕਿਹਾ "ਮੈਂ ਗੁਰੂ ਦੀ ਸਰਣ ਆਇਆ ਹਾਂ ਉਹ ਕਿਰਪਾ ਕਰਨ ਤੇ ਮਾਸ ਖਾਣ ਨੂੰ ਨਾ ਦੇਣ "ਮਹਿਮਾਂ ਪ੍ਰਕਾਸ਼" ਵਿਚ ਲਿਖਿਆ ਹੈ—

"ਦੇਖ ਮਾਸ ਕੀਨਾ ਬਿਸਵਾਸ,
ਜੋ ਸਤਗੁਰੂ ਦਿਆਲ ਨ ਦੇਵੇ ਮਾਸ।"

ਜਾਣੀਜਾਣ ਗੁਰੂ ਜੀ ਨੇ ਵਰਤਾਵੇ ਨੂੰ ਭਾਈ ਅਮਰਦਾਸ ਜੀ ਨੂੰ ਮਾਸ ਪਰੋਸਣ ਤੋਂ ਮਨਾ ਕਰ ਦਿਤਾ। ਉਸ ਦਿਨ ਤੋਂ ਸ਼ਰਧਾ ਪ੍ਰਮਾਣ ਐਨਾ ਮਿੱਠਾ ਲਗਿਆ ਕਿ ਭਾਈ ਜੀ ਉਥੇ ਹੀ ਰਹਿ ਗਏ। ਪਰ ਉਸ ਸੁਆਗਤ ਦਾ ਇਕ ਹੋਰ ਪ੍ਰਣਾਮ ਨਿਕਲਿਆ। ਭਾਈ ਜੀ ਨੂੰ ਖਿਆਲ ਆਇਆ ਕਿ ਜੇ ਗੁਰੂ ਜੀ ਮਾਸ ਖਾ ਸਕਦੇ ਹਨ ਤਾਂ ਗੁਰਸਿੱਖ ਕਿਉਂ ਨਹੀਂ। ਇਸ ਘਟਨਾ ਦਾ ਜਿਕਰ ਮੈਂ ਸ਼ਰਧਾ ਨੂੰ ਸਮਝਾਣ ਲਈ ਕਰ ਰਿਹਾਂ ਹਾਂ, ਇਸ ਦੀ ਸਚਾਈ ਜਾਂ ਮਾਸ ਖਾਣ ਨ ਖਾਣ ਬਾਰੇ ਜੋਰ ਨਹੀਂ। ਸਵਾਲ ਸੁਰਣਾਗਤ ਹੋਣ ਦਾ ਸੀ, ਸਿਖ ਤੇ ਗੁਰੂ ਦੇ ਵਿਚ ਵਿਤਕਰਾ ਮਿਟਾਣ ਦਾ ਸੀ ਕਿਉਂਕਿ—

"ਜਬ ਸਿਖ ਸਤਿਗੁਰ ਸੋ ਅੰਤਰ ਕਰੇ॥
ਤਾਂ ਕਾ ਕਾਜ ਨ ਕਬਹੂ ਸਰੇ॥"

ਸਵਾਲ ਅੰਤਰ ਮਿਟਾਣ ਦਾ ਸੀ, ਮਾਸ ਖਾਣ ਜਾਂ ਛਡਣ ਦਾ ਨਹੀਂ ਸੀ। ਸਵਾਲ ਬੁਧੀ ਨੂੰ ਗੁਰੂ ਅਧੀਨ ਕਰਨ ਦਾ ਸੀ। ਅਸੀਂ ਪੈਰੀਂ ਪੈਂਦੇ ਹਾਂ। ਸਿਰ ਨੂੰ ਆਪਣੇ ਤੋਂ ਵਡੇ ਅਗੇ ਝੁਕਾਂਦੇ ਹਾਂ, ਜਾਂ ਗੁਰ ਨੂੰ ਮਥਾ ਟੇਕਦੇ ਹਾਂ। ਇਸ ਦਾ ਅਰਥ ਸਿਰਫ ਆਪਣੀ ਬੁਧੀ ਨੂੰ ਵਡੇ ਦੇ ਪੈਰ ਤੇ ਰਖਣਾ ਹੈ, ਆਪਣੀ ਸਿਆਪ ਨੂੰ ਗੁਰੂ ਦੇ ਚਰਨਾਂ



Digitized by Panjab Digital Library | www.panjabdigilib.org

ਤੇ ਭੇਟ ਕਰਨਾ ਹੈ। ਇਹ ਤੁਸੀਂ ਕਿਨਾ ਕੁ ਕਰਦੇ ਹੋ, ਤੁਸੀਂ ਜਾਣੋ, ਪਰ ਮਥਾ ਟੇਕਣ ਦਾ ਅਰਥ ਇਹੀ ਹੈ। ਗੁਰੂ ਤੇ ਪੂਰਨ ਭਰੋਸਾ ਹੀ ਸਰਣ ਆਨਾ ਹੈ ਕਿਉਂਕਿ ਜਦੋਂ ਤਕ ਬੁਧੀ ਦਾ ਉਪਯੋਗ ਰਹੇ ਹਾਂ ਤੁਹਾਡਾ ਸਰਣ ਆਨਾ ਕੱਚਾ ਹੋਏਗਾ। ਅਜ ਬੁਧੀ ਦੇ ਮਗਰ ਲਗ ਕੇ ਸਰਣ ਆਏ ਹੋ, ਕਲ ਬੁਧੀ ਦੇ ਮਗਰ ਲਗ ਕੇ ਕਿਸੇ ਹੋਰ ਦੀ ਸਰਣ ਚਲੇ ਜਾਉਗੇ। ਇਸੇ ਲਈ ਭਾਰਤੀ ਧਰਮ ਧਰਮ-ਬਦਲਣ ਵਿਚ ਯਕੀਨ ਨਹੀਂ ਰਖਦੇ, ਕਿਉਂਕਿ ਧਰਮ ਬਦਲਣ ਨਾਲ ਕੋਈ ਧਾਰਮਕ ਨਹੀਂ ਹੋ ਸਕਦਾ। ਸਾਰੇ ਧਰਮ ਹੀ ਸਤਿ ਹਨ। ਖਰਾਬੀ ਧਰਮਾਂ ਵਿਚ ਨਹੀਂ, ਸਾਡੇ ਵਿਚ ਹੈ, ਸਾਡੇ ਬੁਧੀ ਮਗਰ ਲਗ ਕੇ ਧਰਮ ਬਦਲਣ ਵਿਚ ਹੈ। ਜਿਹੜਾ ਆਪਣੇ ਧਰਮ ਵਿਚ ਪੱਕਾ ਨਹੀਂ ਉਹ ਨਵੇਂ ਧਰਮ ਵਿਚ ਕਿਦਾਂ ਪੱਕਾ ਹੋ ਜਾਏਗਾ। ਉਸ ਦੀ ਬੁਧੀ ਉਸ ਨੂੰ ਨਵੇਂ ਧਰਮ ਵਿਚ ਕਮਜ਼ੋਰੀਆਂ (ਹੋਣ ਜਾਂ ਨ ਹੋਣ) ਦਰਸਾਈ ਜਾਏਗੀ। ਜਿਹੜਾ ਪਕਾ ਹਿੰਦੂ ਨਹੀਂ, ਉਹ ਪਕਾ ਮੁਸਲਮਾਨ ਵੀ ਕਦੇ ਨਹੀਂ ਹੋ ਸਕਦਾ। ਜਿਹੜਾ ਪੂਰਾ ਸਿਖ ਨਹੀਂ ਉਹ ਪੂਰਾ ਇਸਾਈ ਵੀ ਨਹੀਂ ਰਹਿ ਸਕੇਗਾ। ਕਿਉਂਕਿ ਉਸ ਦਾ ਭਰੋਸਾ ਧਰਮ ਤੇ ਨਹੀਂ ਆਪਣੀ ਬੁਧੀ ਤੇ ਹੈ।

ਅਜ ਵਿਵਾਹਤ ਜੀਵਨ ਵਿਚ ਅਸ਼ਾਂਤੀ ਵਧ ਰਹੀ ਹੈ ਤੇ ਇਸ ਦਾ ਮੂਲ ਕਾਰਣ ਭਰੋਸੇ ਦੀ ਕਮੀ ਹੈ। ਬਾਹਰਲੇ ਦਸਾਂ ਵਿਚ ਪਤੀ-ਪਤਨੀ ਵਿਚ ਰੋਸਾ ਛਿੜ ਜਾਂਦਾ ਹੈ ਤਾਂ ਉਹ ਮਨੋਵਿਗਿਆਨ ਕੋਲ ਜਾਂਦੇ ਹਨ। ਉਹ ਡਾਕਟਰ ਪਤੀ ਦੀਆਂ ਅੱਖਾਂ ਵਿਚ ਪੱਟੀ ਬੰਨ ਦੇਂਦਾ ਹੈ ਤੇ ਪਤਨੀ ਦੇ ਮਗਰ ਚਲਣ ਲਈ ਕਹਿੰਦਾ ਹੈ। ਫਿਰ ਉਹ ਪਤਨੀ ਦੀ ਅਖਾਂ ਤੇ ਪੱਟੀ ਬੰਨ ਦੇਂਦਾ ਹੈ ਤੇ ਪਤੀ ਦੇ ਮਗਰ ਮਗਰ ਚਲਣ ਲਈ ਕਹਿੰਦਾ ਹੈ। ਇਸ ਅਭਿਆਸ ਰਾਹੀਂ ਪਤੀ-ਪਤਨੀ ਦਾ ਆਪਸ ਵਿਚ ਮੁੜ ਭਰੋਸਾ ਦੁਆਣ ਦਾ ਯਤਨ ਕੀਤਾ ਜਾਂਦਾ ਹੈ। ਇਸ ਆਪਸੀ ਭਰਸੇ ਦੇ ਮੁੜ ਆਣ ਨਾਲ ਆਪਸੀ ਸੰਬੰਧ ਵੀ ਸੁਧਰ ਜਾਂਦੇ ਹਨ। ਸ਼ਾਇਦ ਇਸੇ ਕਾਰਣ ਸਾਡੇ ਦੇਸ ਵਿਚ ਪਤਨੀਆਂ ਘੁੰਡ ਕਢਦੀਆਂ ਤੇ ਪਤੀ ਦੇ ਮਗਰ ਮਗਰ ਚਲਦੀਆਂ ਹਨ—ਭਰੋਸਾ ਬਨਾਣ। ਪਰ ਇਸ ਰੀਤੀ ਦੇ ਦੁਸ਼-ਪ੍ਰਣਾਮ ਵੀ ਬਹੁਤ ਨਿਕਲੇ ਹਨ। ਖੈਰ, ਰਬ ਦੀ ਰਾਹ ਤੇ ਤਾਂ ਭਰੋਸੇ ਬਿਨਾ ਸਫਰ ਹੀ ਨਹੀਂ ਕੀਤਾ ਜਾ ਸਕਦਾ ਤੇ ਸਰਣ ਆਏ ਬਿਨਾ ਛੁਟਕਾਰਾ ਨਹੀਂ—

ਗੁਰ ਸਰਣਾਈ ਛੁਟੀਐ ਮਨਮੁਖ ਖੋਟੀ ਰਾਸਿ ॥

(ਪੰਨਾ ੬੧)



Digitized by Panjab Digital Library | www.panjabdigilib.org

## ਜੰਮਣੁ ਮਰਣੁ ਨ ਚੁਕਈ ਹਉਮੈ ਕਰਮ ਕਮਾਇ ॥

(ਪੰਨਾ ੧੪੨੪)

ਉਹ ਵਾਹਿਗੁਰੂ ਤਾਂ ਸਾਨੂੰ ਆਪਣੇ ਵਲ ਖਿਚਦਾ ਹੈ, ਪਰ ਅਸੀਂ ਹੀ ਆਪਣੇ ਅਹੰਕਾਰ ਵਸ ਆਪਣੇ ਆਪ ਨੂੰ ਉਲਟੇ ਪਾਸੇ ਖਿਚੀ ਜਾਂਦੇ ਹਾਂ। ਮਿਕਨਾਤੀਸ ਤਾਂ ਲੋਹੇ ਨੂੰ ਆਪਣੇ ਵਲ ਹੀ ਖਿਚਦਾ ਹੈ ਫੇਰ ਲੋਹੇ ਨੂੰ ਵੀ ਤਾਂ ਉਸ ਦੇ ਨੇੜੇ ਹੋਣਾ ਪੈਂਦਾ ਹੈ। ਨਾਲੇ ਜੇ ਅਸੀਂ ਲੋਹੇ ਤੇ ਮਿਕਨਾਤੀਸ ਵਿਚਕਾਰ ਰੁਕਾਵਟ ਖੜੀ ਕਰ ਦੇਈਏ ਤਾਂ ਵੀ ਲੋਹਾ ਨਹੀਂ ਖਿਚਿਆ ਜਾ ਸਕਦਾ। ਇਦਾਂ ਹੀ ਜੇ ਅਸੀਂ ਆਪਣੇ ਤੇ ਪ੍ਰਮਾਤਮਾ ਦੇ ਵਿਚਚਾਰ ਅਵਿਸ਼ਵਾਸ਼ ਦੀ ਕੰਧ ਖੜੀ ਕਰ ਦੇਈਏ ਤਾਂ ਉਸ ਦੀ ਖਿਚ ਅਸਰ ਨਹੀਂ ਕਰ ਸਕਦੀ। ਸੰਸਾਰ ਦੀ ਹਰ ਚੀਜ਼ ਇਕ ਦੂਸਰੇ ਦੀ ਖਿਚ ਦੇ ਆਸਰੇ ਟਿਕੀ ਹੋਈ ਹੈ। ਸਾਡੇ ਸੂਰਜ ਦੇ ਆਲੇ ਦੁਆਲੇ ਜਿਨੇ ਵੀ ਗ੍ਰਹ (Planets) ਹਨ, ਉਹ ਸੂਰਜ ਦੀ ਸਮਾਂਤਰ ਖਿਚ ਕਰਕੇ ਹੀ ਇਕ ਮਿਥੇ ਰਾਹ ਤੇ ਟਿਕੇ ਹੋਏ ਹਨ ਤੇ ਆਪਸ ਵਿਚ ਨਹੀਂ ਟਕਰਾਂਦੇ। ਪਰ ਮਨੁੱਖ ਆਪਣੀ ਬੁਧੀ ਕਰਕੇ, ਆਪਣੇ ਅਹੰਕਾਰ ਕਰ ਕੇ, ਉਸ ਵਾਹਿਗੁਰੂ ਦੀ ਕਿਰਪਾ ਨੂੰ ਸਫਲ ਨਹੀਂ ਹੋਣ ਦੇਂਦਾ। ਉਸ ਦੇ ਪ੍ਰਸਾਦਿ ਦੀ ਵਰਖਾ ਹੋ ਰਹੀ ਹੈ, ਪਰ ਅਸੀਂ ਹਠ ਕਰਕੇ ਆਪਣਾ ਘੜਾ ਮੂੰਧਾ ਕੀਤਾ ਹੋਇਆ ਹੈ। ਉਹ ਘੜਾ ਅੰਮ੍ਰਿਤ ਨਾਲ ਨਹੀਂ ਭਰ ਸਕਦਾ ਕਿਉਂਕਿ ਅਸੀਂ ਉਸ ਨੂੰ ਉਲਟਾ ਰਖਿਆ ਹੋਇਆ ਹੈ। ਗੁਰਮੁਖ ਬਣੋਂ ਵਾਹਿਗੁਰੂ ਦੀ ਸਰਣ ਆਉ, ਕਿਉਂਕਿ ਸਿਖੀ ਦਾ ਮਾਰਗ ਸਮਰਪਣ ਦਾ ਮਾਰਗ ਹੈ।

ਪਰ ਸਰਣ ਆਣ ਲਈ ਬਧੀ ਨੂੰ ਵਖ ਰਖਣਾ ਪੈਂਦਾ ਹੈ ਤੇ ਸਾਨੂੰ ਬੁਧੀ ਨੂੰ ਵਖ ਰਖਣਾ ਨਹੀਂ ਆਂਦਾ। ਇਹ ਹੁੰਦਾ ਹੈ ਸਮਰਪਣ ਰਾਹੀਂ ਸਰਣ ਪੈਣਾ ਸਮਰਪਣ ਨਹੀਂ, ਸਿਮਰਪਣ ਦੀ ਪਟਛਾਈ ਹੈ। ਸਿਮਰਨ ਪਕੇਗਾ ਤਾਂ ਸਰਣ ਜਾਣ ਦੀ ਸ਼ਕਤੀ ਵਧੇਗੀ। ਜਿਧਾ ਸਰਣ ਜਾਣ ਦਾ ਕਈ ਰਾਹ ਨਹੀਂ। ਜੇ ਚਲੇ ਵੀ ਜਾਉ ਤਾਂ ਵੀ ਕਦੀਂ ਨ ਕਦੀਂ ਬੁਧੀ ਵਾਪਸ ਬੁਲਾ ਲਏਗੀ। ਸਚਾ ਸਮਰਪਣ ਸਿਮਰਨ ਰਾਹੀਂ ਹੀ ਹੁੰਦਾ ਹੈ ਇਹ ਇਕ ਦੂਜੇ ਨੂੰ ਖਿਚਦੇ ਹਨ। ਸਰੀਰ ਦੇ ਤਲ ਤੇ ਮਾਦਾ ਨਰ ਨੂੰ ਖਿਚਦੀ ਹੈ, ਤੇ ਮਨ ਦੇ ਤਲ ਤੇ ਬੁਧੀ ਵਿਚਾਰਾਂ ਨੂੰ ਖਿਚਦੀ ਹੈ ਤੇ ਆਤਮਾ ਦੇ ਤਲ ਤੇ ਸਿਮਰਨ ਸਮਰਪਣ ਵਲ ਖਿਚਦਾ ਹੈ। ਇਸ ਲਈ ਸਿਖ ਨਾਮ ਦਾ ਦਾਨ



Digitized by Panjab Digital Library | www.panjabdigilib.org

ਮੰਗਦਾ ਹੈ। ਉਹ ਰਬ ਨੂੰ ਕਹਿੰਦਾ ਹੈ ਕਿ ਮੈਨੂੰ ਨਾਮ ਦਾ ਪ੍ਰਸਾਦਿ ਦੇ—

ਗੁਰ ਪਰਸਾਦੁ ਕਰੇ ਨਾਮੁ ਦੇਵੈ ਨਾਮੇ ਨਾਮਿ ਸਮਾਵਣਿਆ ॥

(ਪੰਨਾ ੧੩੦)

ਨਾਮ ਸਿਮਰਨ ਨਾਲ ਸਰਣ ਆਣਾ ਮਿਲੇਗਾ, ਸਰਣ ਆਣ ਨਾਲ ਗੁਰੂ ਦਾ ਪ੍ਰਸ਼ਾਦਿ ਮਿਲੇਗਾ, ਤੇ ਗੁਰ ਪ੍ਰਸਾਦਿ ਮਿਲਣ ਨਾਲ ਵਾਹਿਗੁਰੂ ਮਿਲੇਗਾ। ਗੁਰੂਵਾਕ ਹੈ—

ਗੁਰ ਪਰਸਾਦੀ ਉਬਰੇ ਸਚਾ ਨਾਮੁ ਸਮਾਲਿ ॥

(ਪੰਨਾ ੧੦੦੯)



Digitized by Panjab Digital Library | www.panjabdigilib.org

[੧੧]

# ਮੂਲ ਮੰਤਰ ਜਾਪ ਵਿਧੀ

ਦੂਖ ਨਾਠੇ ਸੁਖ ਸਹਿਜ ਸਮਾਏ ॥

**ਸਵਾਲ** —ਸਾਧ ਜੀ, ਮੂਲ ਮੰਤਰ ਦਾ ਸਿਮਰਨ ਕਿਦਾ ਕਰਨਾ ਚਾਹੀਦਾ ਹੈ ?

**ਜਵਾਬ** — ਆਮ ਕਰਕੇ ਮੰਤਰ ਦੋ ਪ੍ਰਕਾਰ ਦੇ ਹੁੰਦੇ ਹਨ। ਪਹਿਲੇ ਕਿਸਮ ਦੇ ਮੰਤਰ ਸਿਰਫ ਰਬ ਦਾ ਨਾਂ ਦਰਸਾਦੇ ਹਨ ਜਿਦਾ ੧ਓ, ਵਾਹਿਗੁਰੂ, ਹਰੇ ਰਾਮ, ਹਰੇ ਕਰਿਸ਼ਨਾ, ਸਿਵਾਏ ਨਮਹ, ਅਲਾਹ, ਹੋਲੀਕਰਾਇਸਟ, ਆਦਿ। ਦੂਸਰੇ ਕਿਸਮ ਦੇ ਮੰਤਰ ਰਬ ਦੇ ਗੁਣ ਦਰਸਾਂਦੇ ਹਨ ਜਿਦਾਂ ਉਹ ਦਿਆਲ ਹੈ, ਕਿਰਪਾਲੂ ਹੈ, ਰਹੀਮ ਹੈ, ਕਰੀਮ ਹੈਨਾਦਿ ਹੈ, ਅਨੰਤ ਹੈ, ਅਕਾਲ ਹੈ, ਨਿਰਭਉ ਹੈ, ਆਦਿ। ਦੂਸਰੀ ਸ਼ਰੇਣੀ ਵਿਚ ਸਿੱਖਾਂ ਦਾ ਮੂਲ ਮੰਤਰ ਹੈ, ਹਿੰਦੂਵਾਂ ਦਾ ਗਾਇਤਰੀ ਮੰਤਰ ਹੈ, ਮੁਸਲਮਾਨਾਂ ਦਾ ਕਲਮਾ ਹੈ, ਇਸਾਈਆਂ ਦੀ ਪਰੇਅਰ ਹੈ, ਆਦਿ। ਦੋਨੋ ਕਿਸਮਾਂ ਮੰਤਰਾਂ ਦੀ ਸਿਮਰਨ ਵਿਧੀ ਵਖ ਵਖ ਹੈ। ਇਕੋ ਵਿਧੀ ਰਾਹੀਂ ਦੋਨਾਂ ਕਿਸਮਾਂ ਦੇ ਮੰਤਰਾਂ ਦਾ ਪਾਨ ਨਹੀਂ ਹੋ ਸਕਦਾ। ਇਹ ਨਹੀਂ ਕਿ ਇਦਾਂ ਤੁਸੀਂ ਸਿਮਰਨ ਨਹੀਂ ਕਰ ਸਕਦੇ। ਤੁਸੀਂ ਸਿਮਰਨ ਤਾਂ ਕਰ ਸਕਦੇ ਹੋ ਪਰ ਪੂਰਾ ਲਾਭ ਨਹੀਂ ਲੈ ਸਕਦੇ। ਕਿਉਂ ?

ਇਸ ਦੇ ਕਈ ਕਾਰਣ ਹਨ। **ਪਹਿਲਾ**, ਇਕ ਅਖੱਰੀ (ਜਾਂ ਦੋ ਅਖੱਰੀ) ਮੰਤਰ ਦਾ ਸਿਮਰਨ ਆਮ ਕਰਕੇ ਸਾਹ ਨਾਲ ਜੋੜਿਆ ਜਾਂਦਾ ਹੈ। ਸਾਹ ਅੰਦਰ



Digitized by Panjab Digital Library | www.panjabdigilib.org

ਜਾਏ ਤਾਂ ਐਨੀ ਵਾਰੀ ੧ਓ (ਜਾਂ ਵਾਹਿਗੁਰੂ, ਓਮ ਹਰੇ ਰਾਮ, ਹਰੇ ਕ੍ਰਿਸ਼ਨ, ਆਦਿ) ਦਾ ਸਿਮਰਨ ਕਰੋ। ਸਾਹ ਬਾਹਰ ਜਾਏ ਤਾਂ ਐਨੀ ਵਾਰੀਂ ਇਸ ਮੰਤਰ ਦਾ ਪਾਠ ਕਰੋ। ਲੰਬੇ ਮੰਤਰ ਦਾ ਸਿਮਰਨ ਇਦਾਂ ਨਹੀਂ ਹੋ ਸਕਦਾ ਕਿਉਂਕਿ ਮੰਤਰ ਲੰਬਾ ਹੋਣ ਕਰਕੇ ਕਈ ਵਾਰੀਂ ਇਕ ਸਾਹ ਵਿਚ ਪੂਰਾ ਨਹੀਂ ਹੁੰਦਾ। ਅਸਲ ਵਿਚ ਸਾਰੇ ਮੂਲ ਮੰਤਰ ਨੂੰ ਅਸੀਂ ਧਿਆਨ ਪੂਰਵਕ ਇਕ ਸਾਹ ਵਿਚ ਨਹੀਂ ਕਰ ਸਕਦੇ। ਨਠ-ਭਜ ਕੇ ਸ਼ਾਇਦ ਤੁਸੀਂ ਮੂਲ-ਮੰਤਰ ਨੂੰ ਇਕ ਸਾਹ ਵਿਚ ਪੂਰਾ ਕਰ ਵੀ ਲਉ, ਪਰ ਇਹ ਸਹੀ ਸਿਮਰਨ ਨਹੀਂ ਹੋਏਗਾ। ਵਿਚਾਰ ਨਾਲ, ਧਿਆਨ ਨਾਲ ਤੁਸੀਂ ਮੂਲ-ਮਤਰ (ਜਾਂ ਹੋਰ ਕਿਸ ਲੰਬੇ ਮੰਤਰ) ਨੂੰ ਇਕ ਸਾਹ ਵਿਚ ਨਹੀਂ ਸਿਮਰ ਸਕਦੇ। ਇਸ ਲਈ ਮੂਲ ਮੰਤਰ ਨੂੰ ੧ਓ ਦੀ ਸਿਮਰਨ ਵਿਧਿ ਵਾਂਗ ਨਹੀਂ ਸਿਮਰ ਸਕਦੇ।

**ਦੂਸਰੇ**, ੧ਓ ਦੇ ਸਿਮਰਨ ਦੀ ਚਾਲ ਤੁਹਾਡੀ ਨਬਜ਼ ਦੀ ਚਾਲ ਨਾਲ ਜੋੜੀ ਜਾਂਦੀ ਹੈ। (ਦੇਖੋ ਮੇਰੀ ਪੁਸਤਕ 'ਸਿਮਰਨ ਕਿਦਾਂ ਕਰੀਏ')। ਨਬਜ ਦੀ ਹਰ ਧੜਕਣ ਨਾਲ ੧ਓ ਦੀ ਧੜਕਣ ਜੁੜੀ ਹੁੰਦੀ ਹੈ। ਇਸ ਲਈ ਇਕ ਵਾਰੀਂ ੧ਓ ਕਹਿਣ ਤੇ ਦੂਸਰੀ ਵਾਰੀ ੧ਓ ਕਹਿਣ ਵਿਚ ਅੰਤਰਕਾਲ (ਵਕਫਾ) ਨਹੀਂ ਹੁੰਦਾ। ਸਿਮਰਨ ਵਿਚ ਇਕ ਚਾਲ ਤੇ ਇਕ ਲੈ ਬਣੀ ਰਹਿੰਦੀ ਹੈ। ਇਹ ਚਾਲ ਤੇ ਲੈ ਮੂਲ-ਮੰਤਰ ਵਰਗੇ ਲੰਮੇ ਉਚਾਰਣ ਵਿਚ ਕਾਇਮ ਨਹੀਂ ਰਖੀ ਜਾ ਸਕਦੀ।

**ਤੀਸਰੇ**, ੧ਓ ਛੋਟਾ ਹੋਣ ਕਰਕੇ ਮਨ ਦੀ ਇਕਾਗਰਤਾ ਵਿਚ ਸਹਾਈ ਹੁੰਦਾ ਹੈ। ਲੰਬੇ ਮੂਲ-ਮੰਤਰ ਦੇ ਸਿਮਰਨ ਵੇਲੇ ਇਹ ਇਕਾਗਰਤਾ ਕਾਇਮ ਰਖਣੀ ਮੁਸ਼ਕਲ ਹੋ ਜਾਂਦੀ ਹੈ। ਮੈਂ ਨਹੀਂ ਕਹਿ ਰਿਹਾ ਕਿ ਇਕਾਗਰਤਾ ਹੋ ਨਹੀਂ ਸਕਦੀ। ਸਿਰਫ ੧ਓ ਦੇ ਸਿਮਰਨ ਦੀ ਨਿਸਬਤ ਮੁਸ਼ਕਿਲ ਹੁੰਦੀ ਹੈ।

**ਚੌਥੇ**, ੧ਓ ਦਾ ਅਪਣਾ ਕੋਈ ਸਾਧਾਰਣ ਅਰਥ ਨਹੀਂ। ਗਹਿਰੇ ਅਰਥ ਹਨ ਕਿਉਂਕਿ ਰਬ ੧ਓ ਤਾ ਸਾਰ ਗੁਣਾਂ ਦਾ ਮਾਲਕ ਹੈ। ਪਰ ਸਾਧਾਰਣ-ਪਣ ੧ਓ ਸਿਰਫ ਰਬ ਦਾ ਹੈ। ਪਰ ਮੂਲ-ਮੰਤਰ ਦੇ ਹਰ ਸ਼ਬਦ (ਸਤਿਨਾਮ, ਅਕਾਲ ਮੂਰਤ, ਆਦਿ) ਦਾ ਆਪਣਾ ਵਖਰਾ ਅਰਥ ਹੈ। ੧ਓ ਦਾ ਆਪਣਾ ਕੋਈ ਅਰਥ ਨ ਹੋਣ ਕਰਕੇ ਇਸ ਦਾ ਆਪਣਾ ਕੋਈ ਵਿਚਾਰ ਨਹੀਂ। ਪਰ ਮੂਲ-ਮੰਤਰ ਵਿਚ ਦਰਸਾਏ ਗੁਣ ਸਿਮਰਨ ਵੇਲੇ ਵਿਚਾਰ ਦਾ ਰੂਪ ਧਾਰਣ ਕਰ ਲੈਂਦੇ ਹਨ ਤੇ ਮਨ ਨੂੰ ਆਪਣੇ ਵਲ ਖਿਚ ਲੈਂਦੇ ਹਨ। ਜਦੋਂ ਅਸੀਂ ੧ਓ ਦਾ ਸਿਮਰਨ ਕਰਦੇ ਹਾਂ



Digitized by Panjab Digital Library | www.panjabdigilib.org

ਤਾਂ ੧ਓ ਮਨ ਵਿਚ ਕੋਈ ਵਿਚਾਰ ਪੈਦਾ ਨਹੀਂ ਕਰਦਾ ਪਰ ਜਦੋਂ ਅਸੀਂ ਮੂਲ-ਮੰਤਰ ਦੇ ਨਿਰਭਉ, ਨਿਰਵੈਰ ਸਬਦ ਦਾ ਸਿਮਰਨ ਕਰਦੇ ਹਾਂ ਤਾਂ ਵਿਚਾਰ ਸੁਭਾਵਕ ਹੀ ਇਨਾਂ ਗੁਣਾਂ ਵਲ ਚਲਾ ਜਾਂਦਾ ਹੈ ਤੇ ਇਕਾਗਰਤਾ ਟੁਟ ਜਾਂਦੀ ਹੈ। ਇਸ ਮੂਲ ਮੰਤਰ ਕੇ ਵਿਚਾਰਾਂ ਨਾਲ ਹਰ ਬਾਹਰਲੇ ਦੂਸਰੇ ਵਿਚਾਰ ਆ ਰਲਦੇ ਹਨ। ਘਰ-ਗ੍ਰਿਹਸਤੀ ਦੇ, ਦੁਕਾਨ-ਦਫਤਰ ਦੇ ਫਲਸਰੂਪ ਮਨ ਨੂੰ ਇਕਾਗਰ ਕਰਨ ਦਾ ਕੰਮ ਬਹੁਤ ਕਠਨ ਹੋ ਜਾਂਦਾ ਹੈ। ਇਸ ਲਈ ੧ਓ ਦੀ ਸਿਮਰਨ ਵਿਧੀ, ਜਿਹੜੀ ਮੂਲ ਰੂਪ ਵਿਚ ਮਨ ਨੂੰ ਇਕਾਗਰ ਕਰਦੀ ਹੈ, ਨਾਲ ਮੂਲ ਮੰਤਰ ਦਾ ਸਿਮਰਨ ਨਹੀਂ ਹੋ ਸਕਦਾ। ਇਹ ਵਿਧੀ ਮਨ ਨੂੰ ਕਠਾ ਕਰਦੀ ਹੈ ਇਸ ਲਈ ਇਕ-ਅੱਖਰੀ ਚੌ-ਅੱਖਰੀ ਸਬਦਾਂ ਦੇ ਸਿਮਰਨ ਲਈ ਹੀ ਲਾਭ ਵੰਦ ਹੈ। ਸੋ ਜੇ ਮਨ ਨੂੰ ਵਿਚਾਰ ਰਹਿਤ ਕਰਨਾ ਹੈ ਤਾਂ ੧ਓ ਦੀ ਵਿਧੀ ਨਾਲ ਮੂਲ ਮੰਤਰ ਨੂੰ ਨਹੀਂ ਸਿਮਰਿਆ ਜਾ ਸਕਦਾ।

**ਪੰਜਵੇਂ**, ੧ਓ ਦਾ ਸਿਮਰਨ ਸਾਨੂੰ ਅਨਹਦ ਨਾਦ ਨੂੰ ਸਮਝਣ, ਪਛਾਨਣ, ਮਹਿਸੂਸ ਕਰਨ ਵਿਚ ਸਹਾਈ ਹੁੰਦਾ ਹੈ ਕਿਉਂਕਿ ੧ਓ ਦੀ ਬਾਹਰਲੀ ਧੁਨੀ.ਅਨਹਦ ਦੀ ਅੰਦਰਲੀ ਧੁਨੀ ਨਾਲ ਰਲਦੀ ਚਲਦੀ ਹੈ। ਅਸਲ ਵਿਚ ੧ਓ ਅੰਦਰਲੇ ਅਨਹਦ ਨਾਦ ਦੀ ਪਛਾਣ ਕਰਾਂਦਾ ਹੈ। ਇਸ ਬਾਰੇ ਕੁਝ ਦਿਨ ਪਹਿਲਾਂ ਵਿਸਥਾਰ ਨਾਲ ਗਲ ਹੋ ਚੁਕੀ ਹੈ। (ਦੇਖੋ ਇਸੀ ਧੁਸਤਕ ਦਾ ੧ਓ ਵਾਲਾ ਅਧਿਆਇ)। ਪਰ ਮੂਲ ਮੰਤਰ ਰਾਹੀਂ ੧ਓ ਤਕ ਨਹੀਂ ਅਪੜਿਆ ਜਾ ਸਕੀਦਾ। ਮੂਲ ਮੰਤਰ ਦੇ ਸਿਮਰਣ ਰਾਹੀਂ ਅਨਹਦ ਨਾਦ, ਜਿਹੜਾ ਅਨੰਦਮਈ ਹੈ, ਤੇ ਜਿਸਦਾ ਜ਼ਿਕਰ ਗੁਰਬਾਣੀ ਵਿਚ ਥਾਂ ਥਾਂ ਆਂਦਾ ਹੈ, ਤਕ ਨਹੀਂ ਅਪੜ ਸਕਦੇ।

**ਛੇਵੇਂ**, ੧ਓ ਦੇ ਸਿਮਰਨ ਵਿਚ ਭਾਵਨਾ ਨੂੰ ਕੋਈ ਦਾਖਲ ਨਹੀਂ। ਇਹ ਨਿਰੋਲ ਸਿਮਰਨ ਹੈ ਤੇ ਇਸ ਨੂੰ ਭਾਵਨਾ-ਰਹਿਤ ਤਰੀਕੇ ਹੀ ਸਿਮਰਿਆ ਜਾ ਸਕੀਦਾ ਹੈ। ਪਰ ਮੂਲ ਮੰਤਰ ਦਾ ਉਚਾਰਣ ਭਾਵਨਾ ਨਾਲ ਤੇ ਕਲਪਨਾ ਨਾਲ ਕਰਨਾ ਪੈਂਦਾ ਹੈ। ਭਾਵਨਾ-ਰਹਿਤ ਤਰੀਕੇ ਨਾਲ ਮੂਲ ਮੰਤਰ ਦਾ ਸਿਮਰਨ ਕਰਨਾ ਅਕਾਰਥ ਹੈ, ਲਾ-ਹਾਸਲ ਹੈ ਬੇ-ਅਰਥ ਹੈ।

**ਸਤਵੇਂ**, ੧ਓ ਦਾ ਸਿਮਰਨ ਮਨ ਨੂੰ ਵਿਚਾਰ ਰਹਿਤ ਕਰਦਾ ਹੈ ਪਰ ਮੂਲ-ਮੰਤਰ ਦੇ ਸਿਮਰਨ ਵੇਲੇ ਉਸ ਵਿਚ ਦਰਸਾਏ ਵਿਚਾਰਾਂ ਨੂੰ ਧਿਆਨ ਵਿਚ ਰਖਣਾ ਪੈਂਦਾ ਹੈ। ਇਸ ਲਈ ਦੋਨਾਂ ਕਿਸਮਾਂ ਦੇ ਮੰਤਰਾਂ ਦੀ ਸਿਮਰਨ ਵਿਧੀ ਅਡ-ਅਡ



Digitized by Panjab Digital Library | www.panjabdigilib.org

ਹੈ। ੧੯ ਦੀ ਸਿਮਰਨ ਵਿਧੀ ਆਪਣੀ ਹੈ, ਮੂਲ ਮੰਤਰ ਦੀ ਆਪਣੀ।

ਚੇਤੇ ਰਖੋ, ਕਿ ਜਦੋਂ ਅਸੀਂ ਉਸ ਮੰਤਰ ਦਾ ਸਿਮਰਨ ਕਰਦੇ ਹਾਂ ਜਿਸ ਵਿਚ ਕੋਈ ਗੁਣ, ਕੋਈ ਭਾਵਨਾ, ਕੋਈ ਵਿਚਾਰ ਦਰਸਾਏ ਗਏ ਹੋਣ ਤਾਂ ਸਾਨੂੰ ਉਨ੍ਹਾਂ ਗੁਣਾਂ, ਭਾਵਨਾਵਾਂ, ਵਿਚਾਰਾ ਨੂੰ ਗ੍ਰਹਣ ਕਰਨ ਦੀ ਲੋੜ ਹੁੰਦੀ ਹੈ। ਜਿਦਾਂ ਜੇ ਮੂਲ ਮੰਤਰ ਵਿਚ ਨਿਰਭਉ-ਨਿਰਵੈਰ ਦਾ ਜ਼ਿਕਰ ਹੈ ਥਾਂ ਸਾਨੂੰ ਇਨ੍ਹਾਂ ਗੁਣਾਂ ਨੂੰ ਗ੍ਰਹਣ ਕਰਨ ਦਾ ਉਪਦੇਸ਼ ਹੈ। ਗੁਰੂ ਜੀ ਸਮਝਾਂਦੇ ਹੈ ਕਿ ਗੁਰਸਿਖ ਨੂੰ ਮੂਲ ਮੰਤਰ ਵਿਚ ਦਰਸਾਏ ਸਭੋ ਗੁਣਾਂ ਦਾ ਧਾਰਣੀ ਬਣੇ। ਪਰ ਕਿਦਾਂ ?

ਕਿਸੇ ਗੁਣ ਨੂੰ ਧਾਰਣ ਕਰਨ ਲਈ ਮਨੋਵਿਗਿਆਨਕ **Psychologists** ਪੰਜ ਗਲਾਂ ਦਸਦੇ ਹਨ।

(ੳ) ਕਿਸੇ ਗੁਣ ਨੂੰ ਗ੍ਰਹਿਣ ਕਰਨ ਲਈ ਉਸ ਦੇ ਅਰਥ ਚੰਗੀ ਤਰਾ ਸਮਝ ਲਉ। ਜੇ ਗੁਣ ਦੇ ਠੀਕ ਅਰਥ ਨਹੀਂ ਸਮਝੇ ਤਾਂ ਗ੍ਰਹਿਣ ਕੀ ਕਰੋਗੇ। ਜੇ ਗਲਤ ਅਰਥ ਸਮਝੋਗੇ ਤਾਂ ਗਲਤ ਗੁਣ ਹੀ ਗ੍ਰਹਿਣ ਕਰੋਗੇ। ਫਰਜ਼ ਕਰੋ ਤੁਸੀਂ ਨਿਰਭਉ ਦਾ ਗੁਣ ਲੈਣਾ ਚਾਹੁੰਦੇ ਹੋ। ਇਸ ਦਾ ਅਰਥ ਨਿਡਰਤਾ ਨਹੀਂ। ਕਿਸੇ ਦੇ ਢਿਡ ਵਿਚ ਚਾਕੂ ਮਾਰ ਕੇ ਤੁਸੀਂ ਨਿਡਰ ਤਾ ਹੋ ਸਕਦੇ ਹੋ ਨਿਰਭਉ ਨਹੀਂ। ਨਿਰਭਉ ਦੇ ਅਰਥ ਨੂੰ ਪੂਰੀ ਤਰ੍ਹਾਂ ਸਮਝਣਾ ਜ਼ਰੂਰੀ ਹੈ ਤਾਂ ਕਿ ਗਲਤ ਅਰਥ ਸਮਝਣ ਕਰਕੇ ਗਲਤ ਗੁਣ ਨਾ ਆ ਜਾਣ। ਇਦਾਂ ਹੀ ਹੋਰ ਗੁਣਾਂ ਬਾਰੇ ਵੀ ਸਮਝਣਾ ਜ਼ਰੂਰੀ ਹੈ। ਮੈਂ ਮੂਲ ਮੰਤਰ ਵਿਚ ਦਰਸਾਏ ਸਾਰੇ ਗੁਣਾਂ ਦੀ ਵਿਆਖਿਆ ਕਰ ਚੁਕਾ ਹਾਂ। ਹਰ ਗੁਣ ਨੂੰ ਹਰ ਰੰਗ ਵਿਚ ਸਮਝਾਇਆ ਹੈ। ਇਸ ਨੂੰ ਸਮਝਣ ਨਾਲ ਮੂਲ ਮੰਤਰ ਵਿਚ ਦਸੇ ਸਾਰੇ ਗੁਣਾਂ ਦਾ ਸਹੀ ਅਰਥ ਸਮਝ ਆ ਜਾਇਗਾ। ਤੁਹਾਨੂੰ ਪਤਾ ਰਹੇਗਾ ਕਿ ਸਿਮਰਨ ਰਾਹੀਂ ਮੰਤਰ ਦੇ ਗੁਣਾਂ ਦੇ ਕਿਹੜੇ ਰੂਪ ਨੂੰ ਧਾਰਨ ਕਰਨਾ ਹੈ।

(ਅ) ਗੁਣਾਂ ਰਾਹੀਂ ਮਿਲੇ ਲਾਭਾਂ ਨੂੰ ਵਿਚਾਰ ਵਿਚ ਲਿਆਉ। ਸਾਡੇ ਮਨ ਨੂੰ ਪੂਰੀ ਤਰ੍ਹਾਂ ਪਤਾ ਰਹਿਣਾ ਚਾਹੀਦਾ ਹੈ ਕਿ ਅਸੀਂ ਇਹ ਗੁਣ ਕਿਉਂ ਗ੍ਰਹਣ ਕਰਨਾ ਚਾਹੁੰਦੇ ਹਾਂ— ਨਿਰਭਉ ਜਾਂ ਨਿਰਵੈਰ ਹੋਣ ਦਾ ਕੀ ਲਾਭ ਹੈ। ਇਸ ਲਾਭ ਦਾ ਲਾਲਚ ਮਨ ਨੂੰ ਸਿਮਰਨ ਵਿਚ ਲਗਾਈ ਰਖੇਗਾ। ਮਨ ਜਾਣਦਾ ਰਹੇਗਾ ਕਿ ਇਹ ਕਿਉਂ ਮਿਹਨਤ ਕਰ ਰਿਹਾ ਹੈ।

(ੲ) ਪੂਰਨ ਭਰੋਸਾ ਹੋਣਾ ਚਾਹੀਦਾ ਹੈ ਮੈਨੂੰ ਸਿਮਰਨ ਰਾਹੀਂ ਇਹ ਗੁਣ



Digitized by Panjab Digital Library | www.panjabdigilib.org

ਜ਼ਰੂਰ ਹੀ ਹਾਸਲ ਹੋ ਜਾਣਗੇ। ਮੈਂ ਕਈਆਂ ਨੂੰ ਜਾਣਦਾ ਹਾ ਜਿਹੜੇ ਇਸ ਭਰੋਸੇ ਬਿਨਾਂ ਸਿਮਰਨ ਕਰਦੇ ਰਹਿੰਦੇ ਹਨ ਤੇ ਫਲ ਤੋਂ ਵਾਂਛਿਤ ਰਹਿ ਜਾਂਦੇ ਹਨ। ਮੂਲ ਮੰਤਰ ਦੇ ਗੁਣ ਉਨ੍ਹਾ ਦੇ ਜੀਵਨ ਵਿਚ ਨਹੀਂ ਪੁੰਗਰਦੇ ਕਿਉਂਕਿ ਸਿਮਰਨ ਦਾ ਫਲ ਵਿਸ਼ਵਾਸ਼ ਨਾਲ ਹੈ ਤੇ ਉਨ੍ਹਾਂ ਦਾ ਮਨ ਨਹੀਂ ਮੰਨਦਾ ਕਿ ਬਾਰ ਬਾਰ ਨਿਰਭਉ ਨਿਰਭਉ ਕਹਿਣ ਨਾਲ ਅਸੀਂ ਨਿਰਭਉ ਹੋ ਜਾਵਾਂਗੇ। ਇਸ ਰਾਹ ਤੇ ਚਲਣ ਵਾਲੇ ਨੂੰ ਪੂਰਨ ਭਰਸਾ ਚਾਹੀਦਾ ਹੈ ਤਾਂ ਹੀ ਮਨ ਦੀ ਸ਼ਕਤੀ ਪੂਰੀ ਤਰ੍ਹਾਂ ਕੰਮ ਕਰ ਸਕਦੀ ਹੈ। ਇਸ ਲਈ ਵਿਗਿਆਨਕ ਭਰੋਸੇ ਤੇ ਜ਼ੋਰ ਦੇਂਦੇ ਹਨ।

(ਸ) ਆਪਣੇ ਆਪ ਨੂੰ ਇਨ੍ਹਾਂ ਗੁਣਾਂ ਦੇ ਧਾਰਣੀ ਦੇ ਰੂਪ ਵਿਚ ਮਨ ਸਾਹਮਣੇ ਲਿਆ ਕੇ ਕਲਪਨਾ ਕਰੋ ਕਿ ਇਹ ਗੁਣ ਤੁਹਾਡੇ ਅੰਦਰ ਆ ਗਏ ਹਨ। ਆਪਣੀ ਨਿਰਭਉ-ਨਿਰਵੈਰ ਛਬੀ ਨੂੰ ਆਪਣੀਆਂ ਅਖਾਂ ਅਗੇ ਟਿਕਾਈ ਰਖੋ। ਮਹਿਸੂਸ ਕਰੋ ਕਿ ਇਹ ਗੁਣ ਤੁਹਾਡੇ ਵਿਚ ਹਨ। ਤੁਸੀਂ ਵਿਚਾਰੋ ਕਿ ਇਹ ਗੁਣ ਤੁਹਾਡੇ ਵਿਚ ਹਨ। ਅਸਲ ਵਿਚ ਤੁਹਾਡੇ ਅੰਦਰ ਉਹ ਅਕਾਲ ਅਜੂਨੀ ਤਾਂ ਹੈ ਹੀ। ਸਿਰਫ ਹਉਮੈਂ ਕਰਕੇ, ਅਗਿਆਨ ਕਰਕੇ, ਮਨੁਖ ਆਪਣੇ ਆਪ ਨੂੰ ਹੀਨ ਸਮਝਣ ਲਗ ਪਿਆ ਹੈ। ਇਨਾਂ ਗੁਣਾਂ ਦੀ ਕਲਪਨਾ ਕਰਨ ਨਾਲ ਅੰਦਰ ਛੁਪੇ ਗੁਣ ਉਭਰ ਕੇ ਬਾਹਰ ਆ ਜਾਂਦੇ ਹਨ। ਭਰੋਸੇ ਨਾਲ ਆਪਣੇ ਆਪ ਨੂੰ ਇਨ੍ਹਾਂ ਗੁਣਾਂ ਦਾ ਧਾਰਨੀ ਸਮਝੋ ਤੇ ਤਸੀਂ ਸਮਾਂ ਪਾ ਕੇ ਆਪੇ ਹੀ ਗੁਣਵਾਣ ਹੋਈ ਜਾਉਗੇ।

(ਹ) ਇਕ ਜਾਂ ਦੋ ਗੁਣਾਂ ਤੋਂ ਜਿਆਦਾ ਦੀ ਇਛਾ ਨ ਕਰੋ। ਦੋ ਤੋਂ ਵਧ ਗੁਣ ਮਨ ਕਬੂਲ ਨਹੀਂ ਕਰਦਾ। ਕਈ ਸਾਉ ਬਹੁਤੇ ਅਸਰ ਨਹੀਂ ਪਾਂਦੇ। ਮੂਲ ਮੰਤਰ ਵਿਚ ਸਤ ਗੁਣ ਦਰਸਾਏ ਹਨ। ਤਸੀਂ ਕੁਝ ਸਮੇਂ ਲਈ ਸਤਿਨਾਮ-ਕਰਤਾ ਪੁਰਖ ਦੇ ਗੁਣਾਂ ਦਾ ਧਿਆਨ ਕਰੋ। ਫਿਰ ਕੁਝ ਮਹੀਨਿਆਂ ਮਗਰੋਂ ਨਿਰਭਉ ਨਿਰਵੈਰ ਦਾ, ਫਿਰ ਅਕਾਲ ਮੂਰਤ ਦਾ ਤੇ ਫਿਰ ਅਜੂਨੀ ਸੈਭੰ ਦਾ।

## ਮੂਲ ਮੰਤਰ ਦੀ ਸਿਮਰਨ ਵਿਧੀ :

ਮਨ ਲਉ ਤੁਸੀਂ ਸਤਿਨਾਮ-ਕਰਤਾ ਪੁਰਖ ਦਾ ਗੁਣ ਗ੍ਰਹਿਣ ਕਰਨਾ ਹੈ। ਤੁਹਾਡੀ ਵਿਧੀ ਇਦਾਂ ਹੋਏਗੀ।

(੧) ਸਤਿਨਾਮ-ਕਰਤਾ ਪੁਰਖ ਦੇ ਅਰਥ ਚੰਗੀ ਤਰ੍ਹਾਂ ਸਮਝ ਲਉ ਇਸ ਦੇ ਸਮਝਣ ਵਿਚ ਕੋਈ ਭੁਲੇਖਾ ਨ ਰਹੇ। ਜੇ ਲੋੜ ਹੋਏ ਤਾਂ ਸਾਨੂੰ ਜਾਂ ਕਿਸੇ ਹੋਰ



Digitized by Panjab Digital Library | www.panjabdigilib.org

ਸਿਆਣੇ ਨੂੰ ਅਰਥ ਬਾਰੇ ਪੁਛ ਲਉ ।

(੨) ਮੂਲ ਮੰਤਰ ਦਾ ਪਾਠ ਸ਼ੁਰੂ ਕਰੋ । ੧ਓ ਤੋਂ ਜਦੋਂ ਸਤਿਨਾਮ, ਕਰਤਾ ਪੁਰਖ ਤੇ ਅਪੜੋ ਤਾਂ ਰੁਕ ਜਾਉ । ਇਨ੍ਹਾਂ ਗੁਣਾਂ ਨੂੰ ਮਨ ਅਗੇ ਲਿਆਉ । ਕਲਪਨਾ ਕਰੋ ਕਿ ਤੁਸੀਂ ਇਨ੍ਹਾ ਗੁਣਾਂ ਦੇ ਧਾਰਨੀ ਹੋ । ਕਲਪਨਾ ਕਰੋ ਕਿ ਤੁਸੀਂ ਆਪਣੇ ਜੀਵਨ ਵਿਚ ਇਨ੍ਹਾਂ ਗੁਣਾਂ ਨੂੰ ਵਰਤ ਰਹੇ ਹੋ । ਆਪਣੀ ਇਸ ਛਬੀ ਨੂੰ ਆਪਣੇ ਮਨ ਪਰ ਕੁਝ ਸਮੇਂ ਲਈ ਰਖੋ ।

(੩) ਬਾਰ-ਬਾਰ ਇਨ੍ਹਾਂ ਗੁਣਾਂ ਨੂੰ ਦੋਹਰਾਉ (ਸਤਿਨਾਮ-ਕਰਤਾ ਪੁਰਖ, ਸਤਿਨਾਮ-ਕਰਤਾ-ਪੁਰਖ, ਸਤਿਨਾਮ-ਕਰਤਾ ਪੁਰਖ) ਤੇ ਮਨ ਅਗੇ ਆਪਣੀ ਕਲਪਤ ਛਬੀ ਦੇਖੀ ਜਾਉ । ਆਪਣੀ ਕਿਰਤ ਵਿਚ ਸਤਿ ਦੇ ਰਲਣ ਨਾਲ ਜੋ ਲਾਭ ਹੁੰਦੇ ਹਨ ਉਨ੍ਹਾਂ ਦਾ ਧਿਆਨ ਕਰੋ । ਆਪਣੇ ਕਰਮ ਦੇ ਕਰਤਾ ਹੋਣ ਦਾ ਅਨੁਭਵ ਕਰੋ । ਮਨ ਵਿਚ ਕਿਸੀ ਪ੍ਰਕਾਰ ਦੇ ਸ਼ੰਕੇ ਨਾ ਆਣ ਦੇਉ । ਵਿਸ਼ਵਾਸ ਬਣਾਈ ਰਖੋ ਕਿ ਇਹ ਗੁਣ ਤੁਹਾਡੇ ਅੰਦਰ ਹਨ ਤੇ ਅੰਦਰੋਂ ਉਭਰ ਕੇ ਬਾਹਰ ਆ ਰਹੇ ਹਨ। ਤੁਸੀਂ ਗੁਣਵਾਨ ਹੋ ਗਏ ਹੋ, ਤੁਸੀਂ ਇਨ੍ਹਾਂ ਗੁਣਾ ਦਾ ਲਾਭ ਲੈ ਰਹੇ ਹੋ ।

(੪) ਮੰਤਰ ਦਾ ਅਗਲਾ ਹਿਸਾ ਨਿਰਭਉ-ਨਿਰਵੈਰ......ਗੁਰ ਪ੍ਰਸਾਦਿ) ਪੂਰਨ ਕਰੋ । ਫਿਰ ੧ਓ ਤੇ ਆ ਜਾਉ ਤੇ ਉਪਰ ਦਸੇ ਤਰੀਕੇ ਨਾਲ ਸਤਿਨਾਮ-ਕਰਤਾ ਪੁਰਖ ਤੇ ਰੁਕ ਕੇ ਫਿਰ ਮੂਲ ਮੰਤਰ ਨੂੰ ਪੂਰਾ ਪੜ੍ਹ ਲਉ ।

(੫) ਤਿਨਾਂ ਮਹੀਨਿਆਂ ਦੇ ਅਭਿਆਸ ਨਾਲ ਗੁਣ ਤੁਹਾਡੇ ਅੰਦਰ ਝਲਕਣ ਲਗ ਪੈਣਗੇ ।

(੬) ਇਸ ਦੇ ਬਾਦ ੧ਓ ਸਤਿਨਾਮ ਕਰਤਾ-ਪੁਰਖ ਦਾ ਸਿਮਰਨ ਸਾਧਾਰਣ ਚਾਲ ਨਾਲ ਕਰੋ ਤੇ ਨਿਰਭਉ ਵੈਰ ਦੇ ਗੁਣਾਂ ਤੇ ਉਪਰ ਦਸੇ ਤਰੀਕੇ ਨਾਲ ਰੁਕ ਮਨ ਵਿਚੋਂ ਚਿਤਰੋ ।

(੭) ਸਿਮਰਨ ਦਾ ਪ੍ਰੋਗਰਾਮ ਇਸ ਪ੍ਰਕਾਰ ਹੋਏਗਾ —

| | |
|---|---|
| ਸਤਿਨਾਮ ਕਰਤਾ ਪੁਰਖ | ੩ ਮਹੀਨੇ |
| ਨਿਰਭਉ ਨਿਰਵੈਰ | ੩ " |
| ਅਕਾਲ ਮੂਰਤ | ੩ " |
| ਅਜੂਨੀ-ਸੈਭੰ | ੩ " |
| | ੧੨ ਮਹੀਨੇ |

Digitized by Panjab Digital Library | www.panjabdigilib.org

(੮) ਸਿਮਰਨ ਵੇਲੇ ਮਨ ਵਿਚ ਖਿਆਲ ਬਣਾਈ ਰਖਣਾ ਹੈ ਕਿ ਗੁਰੂ ਦੀ ਕਿਰਪਾ ਤੁਹਾਡੇ ਉਪਰ ਹੋ ਰਹੀ ਹੈ। ਗੁਰੂ ਮਿਹਰਬਾਨ ਹੈ ਤੇ ਉਹ ਆਪਣੇ ਪ੍ਰਸਾਦਿ ਰਾਹੀਂ ਇਹ ਗੁਣ ਤੁਹਾਡੇ ਅੰਦਰ ਉਭਾਰ ਰਿਹਾ ਹੈ। ਸਾਲ ਭਰ ਦੇ ਸਿਮਰਨ ਤੇ ਗੁਰੂ ਦੇ ਪ੍ਰਸਾਦ ਦੁਆਰਾ ਤੁਸੀਂ ਵੀ ਉਹ ਨਹੀਂ ਰਹੋਗੇ ਜੋ ਤੁਸੀਂ ਅਜ ਤੋਂ ਪਹਿਲਾਂ ਸੋ। ਤੁਸੀਂ ਮੂਲ ਮੰਤਰ ਦਾ ਜਿਉਂਦਾ-ਜਾਗਦਾ ਰੂਪ ਹੋ ਜਾਉਗੇ। ਤੁਹਾਡੇ ਜੀਵਨ ਵਿਚ ਮੂਲ-ਮੰਤਰ ਵਸ ਜਾਏਗਾ।

ਮਨੋਵਿਗਿਆਨਿਕਾਂ ਦਾ ਮਤ ਹੈ ਕਿ ਅਚੇਤ ਮਨ ਨੂੰ ਜਿਹੜੀ ਗਲ ਬਾਰ-ਬਾਰ ਕਹੀ ਜਾਏ, ਪੂਰੇ ਭਰੋਸੇ ਨਾਲ ਕਹੀ ਜਾਏ, ਉਹ ਗਲ ਮਨ ਕਬੂਲ ਕਰ ਲੈਂਦਾ ਹੈ। ਇਸਨੂੰ ਇਹ ਸਮਝ ਨਹੀਂ ਕਿ ਗਲ ਚੰਗੀ ਹੈ ਕਿ ਮੰਦੀ। ਇਸ ਨੂੰ ਜੋ ਘੜੀ ਮੁੜੀ ਕਹੋਗੇ ਇਹ ਉਸੀ ਅਨੁਸਾਰ ਟੁਰ ਪਏਗਾ। ਬਾਰ-ਬਾਰ ਘੰਟਿਆਂ ਬਧੀ, ਮਹੀਨਿਆਂ ਬਧੀ, ਇਕੋ ਗਲ ਬਾਰ-ਬਾਰ ਦਸਣ ਨਾਲ ਕਿ ਉਹ ਨਿਰਭਉ ਹੈ, ਨਿਰਭਉ ਹੈ। ਨਿਰਭਉ ਹੈ, ਅਚੇਤ ਮਨ ਉਸ ਨੂੰ ਕਬੂਲ ਕਰ ਲੈਂਦਾ ਹੈ ਤੇ ਸਚੇਤ ਮਨ ਨੂੰ ਉਸੇ ਗੁਣਾਂ ਮੁਤਾਬਕ ਕੰਮ ਕਰਨ ਨੂੰ ਕਹਿੰਦਾ ਹੈ। ਸਚੇਤ ਮਨ ਅਚੇਤ ਮਨ ਦਾ ਕਹਿਣਾ ਸਦਾ ਮਨਦਾ ਹੈ। ਇਹੀ ਗੁਣ ਸਾਡੇ ਸਚਣ, ਕਹਿਣ ਤੇ ਕਰਣ ਵਿਚ ਆ ਰਲਦੇ ਹਨ। ਫਿਰ ਅਸੀਂ ਜੋ ਵੀ ਸੋਚਾਂਗੇ, ਕਹਾਗੇ ਮਨ, ਕਰਾਂਗੇ ਉਹ ਦਰਸਾਏ ਸੁਝਾਉ ਅਨੁਸਾਰ ਹੀ ਹੋਵੇਗਾ।

ਜੋ ਵਿਧਿ ਮੈਂ ਦਸੀ ਹੈ ਉਸ ਦੀ ਵਰਤੋਂ ਮਨੋਵਿਗਿਆਨਕ ਤੇ ਮਨਮੋਹਨ ਕਰਤਾ ਆਮ ਕਰਦੇ ਹਨ। ਕਿਸੇ ਕੋਲੋਂ ਸ਼ਰਾਬ ਛੁਡਾਣੀ ਹੋਏ, ਨਸ਼ਾ ਛੁਡਾਣਾ ਹੋਏ, ਤਬਾਕੂ ਛੁਡਾਣਾ ਹੋਏ, ਗੁੱਸਾ ਹਟਾਣਾ ਹੋਏ, ਜਾਂ ਕੋਈ ਵੀ ਭੈੜੀ ਆਦਤ ਛੁਡਾਣੀ ਜਾਂ ਚੰਗੀ ਆਦਤ ਪਾਣੀ ਹੋਏ ਤਾਂ ਡਾਕਟਰ ਲੋਗ ਇਸੀ ਵਿਧੀ ਦਾ ਪ੍ਰਯੋਗ ਕਰਦੇ ਹਨ। ਸਿਰਫ ਇਸ ਵਿਧੀ ਦਾ ਉਪਯੋਗ ਧਰਮ ਦੇ ਖੇਤਰ ਵਿਚ ਨਹੀਂ ਹੋਇਆ ਮੂਲ ਮੰਤਰ ਵਿਚ ਦਰਸਾਏ ਗੁਣਾਂ ਨੂੰ ਧਾਰਨ ਕਰਨ ਲਈ ਇਸੀ ਵਿਧੀ ਦੀ ਵਰਤੋਂ ਕਰਨੀ ਚਾਹੀਦੀ ਹੈ। ਅਸੀਂ ਆਮ ਸਿਮਰਨ ਵਾਂਗ ਮੂਲ-ਮੰਤਰ ਦਾ ਵੀ ਸਿਮਰਨ ਕਰ ਛਡਦੇ ਹਾਂ। ਜੇ ਇਦਾਂ ਕਰਨ ਨਾਲ ਤੁਹਾਨੂੰ ਲਾਭ ਹੋਇਆ ਹੈ ਤਾਂ ਤੁਸੀਂ ਧਨ ਭਾਗੀ ਹੋ—ਸਿਮਰਨ ਜਾਰੀ ਰਖੋ ਜੇ ਲਾਭ ਨਹੀਂ ਹੋਇਆ ਤਾਂ ਮੇਰੀ ਦੱਸੀ ਮਨੋਵਿਗਿਆਨਕ ਵਿਧਿ ਰਾਹੀਂ ਸਿਮਰਨ ਕਰਕੇ ਦੇਖੋ। ਤੁਹਾਨੂੰ ਯਕੀਨਨ ਲਾਭ ਹੋਏਗਾ। ਮੈਨੂੰ ਇਸ ਬਾਰੇ ਕੋਈ ਸ਼ੰਕਾ ਨਹੀਂ। ਤੁਹਾਨੂੰ ਵੀ ਕੋਈ ਸ਼ੰਕਾ ਨਹੀ ਰਹੇਗੀ। ਤੁਸੀਂ ਵੀ ਕਹਿ ਉਠੋਗੇ—

ਦੂਖ ਨ ਠ ਸੂਖ ਸਹਿਜ ਸਮਾਏ
ਅਨੰਦ-ਅਨੰਦ ਗੁਣ ਗਾਇਆ ॥

(ਪੰਨਾ ੧੨੮)


Digitized by Panjab Digital Library | www.panjabdigilib.org

B-0848

Digitized by Panjab Digital Library | www.panjabdigilib.org

ਇਸੇ ਪੁਸਤਕ ਵਿਚੋਂ—

ਇਸ ਨਿਰਵਿਚਾਰ ਅਵਸਥਾ ਵਿਚ ਨੌਵੇਂ ਗਿਆਨ ਇੰਦਰੀਆਂ ਕੰਮ ਨਹੀਂ ਕਰਦੀਆਂ। ਉਦੋਂ ਕੁਝ ਮਹਿਸੂਸ ਹੁੰਦਾ ਹੈ ਜਿਸਨੂੰ ਅਨਹਦ ਨਾਦ (ਧੁਨੀ) ਕਹਿੰਦੇ ਹਨ।

ਨਉ ਸਰ ਸੁਭਰ ਦਸਵੈ ਪੂਰੇ ॥
ਅਨਹਦ ਸੁੰਨ ਵਜਾਵਹਿ ਤੂਰੇ ॥

(ਪੰਨਾ ੯੪੩)

ਉਦੋਂ ਜੋ ਸੁਣਦਾ ਉਸ ਨੂੰ ਸ਼ਬਦਾਂ ਰਾਹੀਂ ਨਹੀਂ ਦਸਿਆ ਜਾ ਸਕਦਾ। ਉਹ ਸਿਰਫ ਮਹਿਸੂਸ ਹੀ ਕੀਤਾ ਜਾ ਸਕਦਾ ਹੈ। ਉਹ ਸੁਣਿਆ ਨਹੀਂ ਜਾ ਸਕਦਾ ਕਿਉਂਕਿ ਸੁਨਣਾ ਗਿਆਨ ਇੰਦਰੀ (ਕੰਨਾਂ) ਦਾ ਕੰਮ ਹੈ। ਇਸ ਮਹਿਸੂਸ ਜਾਂ ਸੁਨਣ ਨੂੰ ਜਦੋਂ ਅਸੀਂ ਜਬਾਨ ਰਾਹੀਂ ਦਸਣਾ ਚਾਹੁੰਦੇ ਹਾਂ ਤਾਂ ਉਸ ਦੀ ਧੁਨੀ ਓਅੰ ਵਾਂਗ ਹੀ ਨਿਕਲਦੀ ਹੈ। ਬੋਲਣ ਵਿਚ ਓਮ ਕਹੋ, ਓਅੰਮ ਕਹੋ, ਓਅੰਕਾਰ ਕਹੋ, ਓਪਨ ਕਹੋ, ਇਹ ਧੁਨ ਅਸਤਿਵ ਦੀ ਧੁਨੀ ਹੈ। ਇਹ ਧੁਨੀ ਪੂਰਨ ਸਤਿਗੁਰੂ ਵਾਹਿਗੁਰੂ ਦੀ ਪ੍ਰਤੀਕ ਹੈ। ਇਹਧੁਨੀ ਉਦੋਂ ਪ੍ਰਗਟ ਹੁੰਦੀ ਹੈ, ਜਦੋਂ ਵਾਹਿਗੁਰੂ ਨਿਰੰਕਾਰ ਤੋਂ ਆਕਾਰ ਰੂਪ ਧਾਰਣ ਕਰਦਾ ਹੈ। ਗੁਰਵਾਕ ਹੈ—

ਓਅੰ ਸਾਧ ਸਤਿਗੁਰ ਨਮਸਕਾਰੰ ॥
ਆਦਿ ਮਧਿ ਅੰਤਿ ਨਿਰੰਕਾਰੰ ॥

(ਪੰਨਾ ੨੫੦)

ਓਅੰ ਗੁਰਮੁਖਿ ਕੀਓ ਆਕਾਰਾ ॥
ਏਕਹਿ ਸੂਤਿ ਪਰੋਵਨ ਹਾਰਾ ॥

(ਪੰਨਾ ੨੫੦)

ਜਦੋਂ ਵਾਹਿਗੁਰੂ ਦੀ ਸੁਤੀ ਸ਼ਕਤੀ ਵਿਚਾਰ ਦਾ ਰੂਪ ਧਾਰਦੀ ਹੈ ਤਾਂ ਇਸ ਰਾਹੀਂ ਤਰੰਗਾਂ ਨਿਕਲਦੀਆਂ ਹਨ। ਇਹ ਵਿਚਾਰ ਦੀਆਂ ਤਰੰਗਾ ਇਕ ਧੁਨੀ ਪ੍ਰਗਟ ਕਰਦੀਆਂ ਹਨ ਜਿਸ ਦਾ ਨਾਂ ਓਅੰਕਾਰ ਹੈ। ਹਰ ਸਿਮਰਨ ਅਭਿਆਸੀ ਦੀ ਚਾਹ ਹੁੰਦੀ ਹੈ ਕਿ ਉਸ ਇਸ ਧੁਨੀ (ਅਨਹਦ ਨਾਦ ਨੂੰ) ਮਹਿਸੂਸ ਕਰੇ ਕਿਉਂਕਿ ਇਸ ਰਾਹੀਂ ਅਨੰਦ ਦੀ ਝਲਕ ਮਿਲਦੀ ਹੈ। ਇਸ ੧ਓ ਦਾ ਸਥੂਲ ਰੂਪ ਥੋੜਾ ਅਭਿਆਸ ਨਾਲ ਪ੍ਰਗਟ ਹੋ ਜਾਂਦਾ ਹੈ। ਪਰ ਪਰਮ ਆਨੰਦ ਦੀ ਅਵਸਥਾ ਉਦੋਂ ਹੀ ਪ੍ਰਾਪਤ ਹੁੰਦੀ ਹੈ ਜਦੋਂ ਇਹ ਧੁਨੀ ਸੂਖਮ ਹੁੰਦੀ ਜਾਂਦੀ ਹੈ ਤੇ ਸਥਿਰ ਹੋ ਜਾਂਦੀ ਹੈ। ਅਭਿਆਸ ਕਰੋ ਤੇ ਆਨੰਦ ਮਾਣੋ।

Digitized by Panjab Digital Library | www.panjabdigilib.org